**Reo-Bankowned Properties**
From San Jose to Sacramento
JASSI GILL *Broker/Owner*
Ph:510-304-9292
**Refinance Now**
@ZERO COST
Call Sukhi Gill:510-207-9067
*Jassi Gill*
CA DRE Lic.#01180969 CA DRE# 00966763

**Ad Space Available**
**Call: 847-359-0746**

ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
$25 2500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrictions & Additional Fees Apply.
800-914-1013 408-659-9400

Fifteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 15, Issue 40, October 4, 2014 20451 N Plum Grove Rd., Palatine, IL 60074 Ph:847-359-0746, Fax:847-705-9388

# ਅਮਰੀਕਾ ਦੀ ਸ਼ਹਿ 'ਤੇ ਛਾਇਆ ਮੋਦੀ

## ਅਮਰੀਕੀ ਮੀਡੀਆ ਨੇ ਵੀ ਪਲਕਾਂ ਵਿਛਾਈਆਂ



*ਨਿਊਯਾਰਕ ਦੇ ਮੈਡੀਸਨ ਸਕੁਏਅਰ ਗਾਰਡਨ ਵਿਚ ਨਰੇਂਦਰ ਮੋਦੀ।*

**ਵਾਸ਼ਿੰਗਟਨ (ਪੰਜਾਬ ਟਾਈਮਜ਼ ਬਿਊਰੋ):** ਅਮਰੀਕੀ ਦੌਰੇ ਦੌਰਾਨ ਭਾਰਤੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸੰਸਾਰ ਭਰ ਵਿਚ ਛਾ ਗਏ। ਉਨ੍ਹਾਂ ਸੰਯੁਕਤ ਰਾਸ਼ਟਰ ਮਹਾਂ ਸਭਾ ਨੂੰ ਹਿੰਦੀ ਵਿਚ ਸੰਬੋਧਨ ਕਰ ਕੇ ਸਭ ਦਾ ਧਿਆਨ ਖਿੱਚਿਆ। ਅਮਰੀਕੀ ਮੀਡੀਆ ਨੇ ਤਾਂ ਉਨ੍ਹਾਂ ਨੂੰ 'ਰਾਕ ਸਟਾਰ' ਤੱਕ ਦਾ ਖ਼ਿਤਾਬ ਦੇ ਦਿੱਤਾ ਅਤੇ ਮੈਡੀਸਨ ਸਕੁਏਅਰ ਗਾਰਡਨ ਵਿਚਲੇ ਉਨ੍ਹਾਂ ਦੇ ਸਮਾਗਮ ਦੀ ਭਰਵੀਂ ਕਵਰੇਜ ਕੀਤੀ। ਭਾਰਤੀ ਮੀਡੀਆ ਨੇ ਵੀ ਮੋਦੀ ਦੀ ਅਮਰੀਕੀ ਫੇਰੀ ਨੂੰ ਸਫਲ ਕਰਾਰ ਦਿੱਤਾ ਹੈ। ਇਸੇ ਦੌਰਾਨ ਕਈ ਟੀ.ਵੀ. ਚੈਨਲਾਂ ਨੇ ਨਿਊਯਾਰਕ ਵਿਚ ਉਨ੍ਹਾਂ ਵਿਰੁੱਧ ਹੋਏ ਰੋਸ ਪ੍ਰਦਰਸ਼ਨ ਵੀ ਦਿਖਾਏ।

ਸ੍ਰੀ ਆਪਣੀ ਇਸ ਫੇਰੀ ਦੌਰਾਨ ਅਮਰੀਕਾ ਵਿਚ ਰਹਿੰਦੇ ਭਾਰਤੀਆਂ ਨੂੰ ਖੁੱਲ੍ਹ ਕੇ ਮਿਲੇ। ਉਨ੍ਹਾਂ ਪਰਵਾਸੀ ਸਿੱਖਾਂ ਦੀਆਂ ਸਮੱਸਿਆਵਾਂ ਹੱਲ ਕਰਨ ਦਾ ਭਰੋਸਾ ਵੀ ਦਿੱਤਾ ਅਤੇ ਪਰਵਾਸੀ ਭਾਰਤੀਆਂ ਤੇ ਅਮਰੀਕੀ ਕਾਰੋਬਾਰੀਆਂ ਨੂੰ ਭਾਰਤ ਵਿਚ ਨਿਵੇਸ਼ ਲਈ ਪ੍ਰੇਰਿਆ। ਉਨ੍ਹਾਂ ਸੰਯੁਕਤ ਰਾਸ਼ਟਰ ਦੇ ਮੰਚ 'ਤੇ ਵੀ ਅਤੇ ਫਿਰ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨਾਲ ਮੀਟਿੰਗ ਦੌਰਾਨ ਵੀ ਅਤਿਵਾਦ ਦਾ ਮੁੱਦਾ ਉਭਾਰਿਆ। ਮਗਰੋਂ ਵ੍ਹਾਈਟ ਹਾਊਸ ਵਿਚ ਗੱਲਬਾਤ ਤੋਂ ਬਾਅਦ ਦੋਵਾਂ ਨੇਤਾਵਾਂ ਨੇ ਮੀਡੀਆ ਲਈ ਜਾਰੀ ਸਾਂਝੇ ਬਿਆਨ ਵਿਚ ਕਿਹਾ ਕਿ ਦੋਵੇਂ ਦੇਸ਼ ਇਕ-ਦੂਜੇ ਦੇ ਹਿੱਤਾਂ ਦੀ ਕਦਰ ਕਰਨਗੇ ਅਤੇ ਸਾਂਝੇ ਹਿੱਤਾਂ ਉਪਰ ਡਟ ਕੇ ਪਹਿਰਾ ਦੇਣਗੇ। ਗੱਲਬਾਤ ਦੌਰਾਨ ਆਰਥਿਕ ਸਹਿਯੋਗ, ਵਪਾਰ ਤੇ ਨਿਵੇਸ਼ ਵਰਗੇ ਮੁੱਦੇ ਵਿਚਾਰੇ ਗਏ। ਦੋਵਾਂ ਦੇਸ਼ਾਂ ਨੇ ਸੁਰੱਖਿਆ ਦੇ ਖੇਤਰ ਵਿਚ ਸਹਿਯੋਗ 10 ਸਾਲਾਂ ਲਈ ਵਧਾਉਣ ਦੇ ਸਮਝੌਤੇ 'ਤੇ ਵੀ ਸਹੀ ਪਾਈ ਜਦੋਂਕਿ ਪ੍ਰਧਾਨ ਮੰਤਰੀ ਮੋਦੀ ਨੇ ਅਮਰੀਕੀ ਕੰਪਨੀਆਂ ਨੂੰ ਭਾਰਤ ਵਿਚ ਫੌਜੀ ਸਾਜ਼ੋ-ਸਾਮਾਨ ਤਿਆਰ ਕਰਨ ਦੀਆਂ ਇਕਾਈਆਂ ਸਥਾਪਤ ਕਰਨ ਦਾ ਸੱਦਾ ਦਿੱਤਾ।

ਸ੍ਰੀ ਓਬਾਮਾ ਨੇ ਸ੍ਰੀ ਮੋਦੀ ਨੂੰ ਭਰੋਸਾ ਦਿਵਾਇਆ ਕਿ ਸੰਯੁਕਤ ਰਾਸ਼ਟਰ ਵਿਚ ਸੁਰੱਖਿਆ ਪ੍ਰੀਸ਼ਦ ਦੇ ਸਥਾਈ ਮੈਂਬਰ ਵਜੋਂ ਭਾਰਤ ਦੇ ਦਾਅਵੇ ਦਾ ਅਮਰੀਕਾ ਸਮਰਥਨ ਕਰਦਾ ਹੈ। ਓਬਾਮਾ ਨੇ ਭਾਰਤ ਦੇ ਮਿਜ਼ਾਇਲ ਟੈਕਨਾਲੋਜੀ ਕੰਟਰੋਲ ਸ਼ਾਸਨ (ਐਮ.ਟੀ.ਸੀ.ਆਰ.) ਦੀਆਂ ਸ਼ਰਤਾਂ ਨੂੰ ਪੂਰਾ ਕਰਨ ਕਰਕੇ ਇਸ ਨੂੰ ਨਿਊਕਲੀਅਰ ਸਪਲਾਇਰ ਗਰੁੱਪ (ਐਨ.ਐਸ.ਜੀ.) ਵਿਚ ਸ਼ਾਮਲ ਕਰਨ ਦਾ ਵੀ ਸਮਰਥਨ ਕੀਤਾ।ਦੋਹਾਂ ਆਗੂਆਂ ਵਿਚਾਲੇ ਵ੍ਹਾਈਟ ਹਾਊਸ ਵਿਚ ਬੈਠਕ ਹੋਈ ਜਿਸ ਵਿਚ ਦੋਵਾਂ ਦੇਸ਼ਾਂ ਨੇ ਦੁਵੱਲੇ ਸਬੰਧਾਂ ਨੂੰ ਨਵੀਆਂ ਉਚਾਈਆਂ 'ਤੇ ਲਿਜਾਣ, ਸਿਵਲ ਪਰਮਾਣੂ ਸਮਝੌਤੇ ਨੂੰ ਲਾਗੂ ਕਰਨ ਵਿਚ ਆ ਰਹੀਆਂ ਮੁਸ਼ਕਿਲਾਂ ਦੂਰ ਕਰਨ ਤੇ ਅਤਿਵਾਦ ਨਾਲ ਲੜਨ ਲਈ ਆਪਸੀ ਸਹਿਯੋਗ ਵਧਾਉਣ ਦੀ ਪ੍ਰਤੀਬੱਧਤਾ ਪ੍ਰਗਟਾਈ।

ਦੋਹਾਂ ਆਗੂਆਂ ਨੇ ਅਤਿਵਾਦ ਲਈ ਸੁਰੱਖਿਅਤ ਪਨਾਹਗਾਹ ਤੇ ਅਤਿਵਾਦੀ ਸੰਗਠਨਾਂ ਲਸ਼ਕਰ-ਏ-ਤਾਇਬਾ, ਜੈਸ਼-ਏ-ਮੁਹੰਮਦ, ਡੀ ਕੰਪਨੀ, ਅਲ-ਕਾਇਦਾ ਤੇ ਹੱਕਾਨੀ ਨੈਟਵਰਕ ਨੂੰ ਖਤਮ ਕਰਨ ਲਈ ਸਾਂਝੀਆਂ ਤੇ ਸੰਗਠਿਤ ਕੋਸ਼ਿਸ਼ਾਂ ਕਰਨ ਲਈ ਸਮਝੌਤਾ ਕੀਤਾ ਹੈ।

ਇਨਾਂ ਅਤਿਵਾਦੀ ਸੰਗਠਨਾਂ ਨੂੰ ਵਿੱਤੀ ਸਹਾਇਤਾ ਮੁਹੱਈਆ ਕਰਵਾਉਣ ਵਾਲਿਆਂ ਖਿਲਾਫ ਠੋਸ ਕਦਮ ਚੁੱਕਣ ਲਈ ਸਹਿਮਤੀ ਬਣੀ। ਮੀਟਿੰਗ ਤੋਂ ਬਾਅਦ ਅਧਿਕਾਰੀਆਂ ਨੇ ਸਪਸ਼ਟ ਕੀਤਾ ਕਿ ਭਾਰਤ-ਅਮਰੀਕਾ ਵਿਚਾਲੇ ਸਮਝੌਤੇ

*(ਬਾਕੀ ਸਫਾ 6 'ਤੇ)*

## ਸਿੱਖਾਂ ਤੇ ਕਸ਼ਮੀਰੀਆਂ ਵੱਲੋਂ ਰੋਸ ਮੁਜ਼ਾਹਰਾ




*ਮੈਡੀਸਨ ਸਕੁਏਅਰ ਗਾਰਡਨ ਦੇ ਬਾਹਰ ਰੋਸ ਵਿਖਾਵਾ ਕਰ ਰਹੇ ਸਿੱਖ।*

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਦਿੱਤੇ ਰਾਤਰੀ ਭੋਜ ਦੇ ਪ੍ਰੋਗਰਾਮ ਵਿਚ ਸ਼ਿਰਕਤ ਕਰਨ ਲਈ ਜਦੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵ੍ਹਾਈਟ ਹਾਊਸ ਪੁੱਜੇ ਤਾਂ ਉਨ੍ਹਾਂ ਵਿਰੁੱਧ ਰੋਸ ਪ੍ਰਦਰਸ਼ਨ ਹੋਇਆ। ਅਮਰੀਕੀ ਰਾਸ਼ਟਰਪਤੀ ਦੇ ਘਰ ਕੋਲ ਸਿੱਖ ਅਤੇ ਕਸ਼ਮੀਰੀ ਸੰਗਠਨਾਂ ਨਾਲ ਜੁੜੇ ਲੋਕਾਂ ਨੇ ਮੋਦੀ ਵਿਰੁੱਧ ਨਾਅਰੇ ਲਾਏ। ਇਸ ਮੌਕੇ ਮੋਦੀ ਦੇ ਹਮਾਇਤੀ ਵੀ ਕਾਫ਼ੀ ਗਿਣਤੀ ਵਿਚ ਹਾਜ਼ਰ ਸਨ। ਦੋਵੇਂ ਧਿਰਾਂ ਆਹਮੋ-ਸਾਹਮਣੇ ਵੀ ਆ ਗਈਆਂ ਸਨ, ਪਰ ਪੁਲਿਸ ਨੇ ਦੋਹਾਂ ਵਿਚਕਾਰ ਪੈ ਕੇ ਮਾਮਲੇ ਨੂੰ ਸ਼ਾਂਤ ਕਰਵਾਇਆ।

ਇਸ ਤੋਂ ਪਹਿਲਾਂ ਮੈਡੀਸਨ ਸੁਕੇਅਰ ਗਾਰਡਨ ਕੋਲ ਵੀ ਮੋਦੀ ਦਾ ਜ਼ਬਰਦਸਤ ਵਿਰੋਧ ਹੋਇਆ ਅਤੇ ਪੋਸਟਰਾਂ ਵਿਚ ਉਨ੍ਹਾਂ ਨੂੰ ਕਾਤਲ ਦੱਸਿਆ ਗਿਆ ਸੀ। ਮੋਦੀ ਜਦੋਂ ਵ੍ਹਾਈਟ ਹਾਊਸ ਪੁੱਜਣ ਵਾਲੇ ਸਨ ਤਾਂ ਕਸ਼ਮੀਰੀ ਅਤੇ ਸਿੱਖ ਉਨ੍ਹਾਂ ਵਿਰੁੱਧ ਪ੍ਰਦਰਸ਼ਨ ਕਰ ਰਹੇ ਸਨ। ਗੁਜਰਾਤ ਦੰਗਿਆਂ ਕਾਰਨ ਮੋਦੀ ਦਾ ਵਿਰੋਧ ਕਰ ਰਹੇ ਇਨ੍ਹਾਂ ਲੋਕਾਂ ਨੇ ਹੱਥਾਂ ਵਿਚ ਪੋਸਟਰ ਫਵੇ ਹੋਏ ਸਨ। ਉਹ ਮੋਦੀ ਵਿਰੋਧੀ ਨਾਅਰੇ ਵੀ ਲਾ ਰਹੇ ਸਨ।

**REAL ESTATE & HOME LOANS**
Low Interest Rate
3.5% Down Payment
Free Credit Report
Free Pre-Approval
ਸਾਡੀ ਆਪਣੀ ਮਾਰਗੇਜ ਕੰਪਨੀ ਹੈ!
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21
209.918.6464
ahundal@c21mm.com

Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja SWEETS & CATERING
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
*Attorny At Law*
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

STATEN SOLAR
AFFORDABLE ENERGY FOR EVERYONE

ਸੋਲਰ ਸਿਸਟਮ ਲਗਵਾਓ ਅਤੇ ਪੈਸੇ ਬਚਾਓ

Commercial, Agricultural and Residential

Choose between $0 Down Lease or Lowest Cash Price

ਅਪਣੇ ਸਟੋਰ, ਫਾਰਮ ਅਤੇ ਘਰ ਫਰੀ ਸੋਲਰ ਸਿਸਟਮ ਲਗਵਾਓ। ਬਿਜਲੀ ਦੇ ਬਿੱਲ ਤੋਂ ਸਦਾ ਲਈ ਛੁਟਕਾਰਾ ਪਾਓ ਅਤੇ ਪੈਸੇ ਬਚਾਓ





Simran Deol
(Solar Engineer)
661-412-4728

ਕੀ ਤੁਸੀਂ ਅਪਣੇ ਸਟੋਰ, ਬਿਜ਼ਨਿਸ, ਫਾਰਮ ਜਾਂ ਘਰ ਸੋਲਰ ਸਿਸਟਮ ਕਿਸੇ ਤਜ਼ਰਬੇਕਾਰ ਇੰਜੀਨੀਅਰ ਦੀ ਸਲਾਹ ਨਾਲ ਲਗਵਾਉਣਾ ਚਾਹੋਗੇ ਜਾਂ ਕਿਸੇ ਸੇਲਜ਼ਮੈਨ ਦੀ ਸਲਾਹ ਨਾਲ? ਤਕਨੀਕੀ ਗੱਲਾਂ ਨੂੰ ਨਜ਼ਰਅੰਦਾਜ਼ ਨਾ ਕਰੋ, ਜੋ ਤੁਹਾਨੂੰ ਇਕ ਇੰਜੀਨੀਅਰ ਹੀ ਦੱਸ ਸਕਦਾ ਹੈ

ਫਰੀ, ਮਾਹਿਰਾਨਾ ਅਤੇ ਸਹੀ ਸਲਾਹ

7 ਸਾਲ ਤੋਂ ਵੀ ਵੱਧ ਸੋਲਰ ਇੰਜੀਨੀਅਰ ਵਜੋਂ ਤਜ਼ਰਬਾ

20 ਸਾਲ ਬਿਲਕੁਲ ਫਰੀ ਮੇਂਟੇਨੈਂਸ ਦੀ ਗਾਰੰਟੀ। ਹਰ ਤਰ੍ਹਾਂ ਦੀ ਦੇਖ ਭਾਲ ਅਤੇ ਇੰਸ਼ੋਰੈਂਸ ਦੀ ਜ਼ਿੰਮੇਵਾਰੀ ਵੀ ਕੰਪਨੀ ਦੀ।

- $ 0 down Worry Free Lease
- Fixed Monthly Bill, No Increase
- Guaranteed Lowest Monthly Bill
- Or Buy the System for Lowest Price
- Top Quality Product
- 20 Year Performance Guarantee
- 25 Year Guarantee for Panels
- FREE Maintenance for 20 years
- No Need to Worry About Increasing Cost of Utility
- Professional Installation
- 24/7 Monitoring

Receive $500 By Referring Friends.
www.Statensolar.com

No One Can Beat Our Price Guaranteed!



COMING SOON

NEW LOCATION


GILL EXPRESS

MEMPHIS


Hwy I-40 Exit 280 Hwy I-55 Exit 4

Next To Pilot Truck Stop


REPAIR



TIRES



WASH



ਪੰਜਾਬੀ ਢਾਬਾ



@ 3657 Southland Dr. W. Memphis, AR-72301 Tel : 661-203-0433

# ਗੁਰਦੁਆਰਾ ਫਰੀਮਾਂਟ ਦੇ ਪ੍ਰਬੰਧਕਾਂ ਦੀ ਕਥਿਤ ਧੱਕੇ ਸ਼ਾਹੀ

## ਅਕਾਊਂਟ ਦੀ ਆਡਿਟ ਰਿਪੋਰਟ ਦੇਣ ਤੋਂ ਆਨਾ-ਕਾਨੀ



ਗੁਰੂ ਪਿਆਰੀ ਸਾਧ ਸੰਗਤ ਜੀ,
ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਿਹ॥

ਆਪ ਜੀ ਨੂੰ ਯਾਦ ਹੋਵੇਗਾ ਕਿ ਗੁਰਦੁਆਰਾ ਫਰੀਮਾਂਟ ਦੀਆਂ ਸੁਪਰੀਮ ਕੌਂਸਲ ਦੀਆਂ ਪਿਛਲੀਆਂ ਚੋਣਾਂ ਦੌਰਾਨ ਬੇਅ ਏਰੀਆ ਸਿੱਖ ਅਲਾਇੰਸ ਆਰਗੇਨਾਈਜੇਸ਼ਨ ਦੇ ਨੁਮਾਇੰਦਿਆਂ ਨੇ ਸੰਗਤਾਂ ਦੇ ਧਿਆਨ ਵਿਚ ਲਿਆਂਦਾ ਸੀ ਕਿ ਪ੍ਰਬੰਧਕਾਂ ਵਲੋਂ ਗੁਰਦੁਆਰਾ ਸਾਹਿਬ ਦੇ ਅਕਾਊਂਟ ਬਾਰੇ ਇੰਟਰਨੈਟ ਰਾਹੀਂ ਜਾਰੀ ਕੀਤੀਆਂ ਰਿਪੋਰਟਾਂ ਵਿਚ ਆਮਦਨ ਅਤੇ ਖਰਚਾ ਮੇਲ ਨਹੀਂ ਖਾਂਦਾ; ਅਤੇ ਲਗਦਾ ਹੈ ਕਾਫੀ ਕੁਝ ਛੁਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਉਦੋਂ ਤੋਂ ਹੀ ਬੇਅ ਏਰੀਆ ਸਿੱਖ ਅਲਾਇੰਸ ਪ੍ਰਬੰਧਕਾਂ ਤੋਂ ਮੰਗ ਕਰਦੀ ਆ ਰਹੀ ਹੈ ਕਿ ਗੁਰਦੁਆਰਾ ਸਾਹਿਬ ਦੇ ਬਾਈਲਾਅਜ਼ ਮੁਤਾਬਕ ਅਕਾਊਂਟ ਆਡਿਟ ਕਰਵਾ ਕੇ ਰਿਪੋਰਟ ਸੰਗਤਾਂ ਨੂੰ ਦਿਤੀ ਜਾਵੇ।

ਅਸੀਂ ਗੁਰੂ ਪਿਆਰੀ ਸੰਗਤ ਨੂੰ ਦੱਸਣਾ ਜਰੂਰੀ ਸਮਝਦੇ ਹਾਂ ਕਿ ਮੌਜੂਦਾ ਪ੍ਰਬੰਧਕਾਂ ਨੇ ਆਪਣੇ ਚੋਣ ਮਨੋਰਥ ਪੱਤਰ ਵਿਚ ਅਤੇ ਗੁਰਦੁਆਰਾ ਸਾਹਿਬ ਦੀ ਸਟੇਜ ਤੋਂ ਇਹ ਐਲਾਨ ਕੀਤਾ ਸੀ ਕਿ ਉਹ ਅਕਾਊਂਟ ਆਡਿਟ ਕਰਵਾਉਣ ਲਈ ਵਚਨਬੱਧ ਹਨ। ਇਨ੍ਹਾਂ ਸੱਜਣਾਂ ਨੂੰ ਕਈ ਵਾਰ ਜ਼ਾਤੀ ਤੌਰ 'ਤੇ ਮਿਲ ਕੇ ਕਹਿ ਚੁਕੇ ਹਾਂ ਅਤੇ ਕਈ ਵਾਰ ਲਿਖਤੀ ਤੌਰ 'ਤੇ ਵੀ ਆਡਿਟ ਕਰਵਾਉਣ ਲਈ ਬੇਨਤੀ ਕਰ ਚੁਕੇ ਹਾਂ ਪਰੰਤੂ ਇਨ੍ਹਾਂ ਦੇ ਕੰਨ 'ਤੇ ਜੂੰ ਨਹੀਂ ਸਰਕਦੀ ਅਤੇ ਸਾਡੀਆਂ ਸਾਰੀਆਂ ਕੋਸ਼ਿਸ਼ਾਂ ਪ੍ਰਬੰਧਕਾਂ ਨੇ ਨਕਾਰ ਦਿਤੀਆਂ ਹਨ।

ਸੋ, ਗੁਰਦੁਆਰਾ ਪ੍ਰਬੰਧਕਾਂ ਦੇ ਆਨਾ-ਕਾਨੀ ਵਾਲੇ ਰਵੱਈਏ ਤੋਂ ਲਗਦਾ ਹੈ ਕਿ ਉਨ੍ਹਾਂ ਦੇ ਇਰਾਦੇ ਕੁਝ ਹੋਰ ਹਨ। ਮੌਜੂਦਾ ਪ੍ਰਬੰਧਕ ਸਾਨੂੰ ਮਜਬੂਰ ਕਰ ਰਹੇ ਹਨ ਕਿ ਅਸੀਂ ਅਦਾਲਤ ਵਿਚ ਜਾਈਏ। ਅਸੀਂ ਸੰਗਤ ਨੂੰ ਦੱਸਣਾ ਚਾਹੁੰਦੇ ਹਾਂ ਕਿ ਅਸੀਂ ਨਹੀਂ ਚਾਹੁੰਦੇ ਕਿ ਸੰਗਤ ਦਾ ਪੈਸਾ ਅਜਾਈਂ ਅਦਾਲਤਾਂ ਵਿਚ ਖਰਾਬ ਕੀਤਾ ਜਾਵੇ ਪਰੰਤੂ ਜੇਕਰ ਸਾਨੂੰ ਆਡਿਟ ਕਰਵਾਉਣ ਲਈ ਅਦਾਲਤ ਵਿਚ ਜਾਣਾ ਪਿਆ ਤਾਂ ਜਰੂਰ ਜਾਵਾਂਗੇ।

## ਅਪੀਲ

ਬੇਅ ਏਰੀਏ ਦੀਆਂ ਸੰਗਤਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਅਪੀਲ ਹੈ ਕਿ ਉਹ ਗੁਰਦੁਆਰਾ ਫਰੀਮਾਂਟ ਦੇ ਮੌਜੂਦਾ ਪ੍ਰਬੰਧਕਾਂ ਨੂੰ ਗੁਰਦੁਆਰਾ ਸਾਹਿਬ ਦਾ ਅਕਾਊਂਟ ਆਡਿਟ ਕਰਵਾਉਣ ਲਈ ਕਹਿਣ ਤਾਂ ਕਿ ਸੰਗਤ ਦਾ ਪੈਸਾ ਬਰਬਾਦ ਨਾ ਹੋਵੇ।

**ਜੇਕਰ ਅਗਲੇ 15 ਦਿਨਾਂ ਤੱਕ ਪ੍ਰਬੰਧਕਾਂ ਵਲੋਂ ਇਸ ਮਸਲੇ ਵੱਲ ਕੋਈ ਸਾਰਥਕ ਕਦਮ ਨਾ ਚੁਕਿਆ ਗਿਆ ਤਾਂ ਅਸੀਂ ਕੋਰਟ ਵਿਚ ਜਾਣ ਲਈ ਮਜਬੂਰ ਹੋਵਾਂਗੇ ਅਤੇ ਇਸ ਲਈ ਜ਼ਿੰਮੇਵਾਰ ਮੌਜੂਦਾ ਪ੍ਰਬੰਧਕ ਹੋਣਗੇ।**

**ਜਾਰੀ ਕਰਤਾ: ਬੇਅ ਏਰੀਆ ਸਿੱਖ ਅਲਾਇੰਸ ਆਰਗੇਨਾਈਜ਼ੇਸ਼ਨ**

Advt.

# ਪੰਜਾਬ ਕਾਂਗਰਸ ਵਿਚ ਮੁੜ ਹਾਵੀ ਹੋਈ ਧੜੇਬੰਦੀ

**ਚੰਡੀਗੜ੍ਹ:** ਪੰਜਾਬ ਦੇ ਕਾਂਗਰਸੀਆਂ ਵਿਚ ਧੜੇਬੰਦੀ ਮੁੜ ਹਾਵੀ ਹੋਣ ਲੱਗੀ ਹੈ। ਖਾਸਕਰ ਸੂਬਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦਾ ਵਿਰੋਧੀ ਧੜਾ ਹਾਈਕਮਾਨ ਕੋਲ ਬਾਜਵਾ ਦੀ ਸ਼ਿਕਾਇਤ ਲਾਉਣ ਲਈ ਕਾਹਲਾ ਪਿਆ ਹੋਇਆ ਪਰ ਗੁਆਂਢੀ ਸੂਬਾ ਹਰਿਆਣਾ ਵਿਚ ਵਿਧਾਨ ਸਭਾ ਚੋਣਾਂ ਨੂੰ ਦੇਖਦੇ ਹੋਏ ਇਹ ਮਾਮਲਾ ਅੱਗੇ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕਈ ਕਾਂਗਰਸੀ ਵਿਧਾਇਕਾਂ ਨੇ ਗਿਲਾ ਕੀਤਾ ਹੈ ਕਿ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਉਨ੍ਹਾਂ ਨੂੰ ਕਈ ਮਾਮਲਿਆਂ ਵਿਚ ਭਰੋਸੇ ਵਿਚ ਨਹੀਂ ਲੈਂਦੇ ਤੇ ਆਪਣੀ ਮਰਜ਼ੀ ਨਾਲ ਹੀ ਕਈ ਲੋਕਾਂ ਨੂੰ ਸਕੱਤਰ ਨਿਯੁਕਤ ਕਰੀ ਜਾਂਦੇ ਹਨ। ਪਿੱਛੇ ਜਿਹੇ ਕਾਂਗਰਸ ਵਿਧਾਇਕ ਦਲ ਦੀ ਜੋ ਮੀਟਿੰਗ ਰਾਜ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਦੀ ਪ੍ਰਧਾਨਗੀ ਹੇਠ ਹੋਈ, ਉਸ ਵਿਚ ਕਾਫ਼ੀ ਗਿਣਤੀ ਵਿਚ ਮੌਜੂਦ ਵਿਧਾਇਕਾਂ ਨੇ ਵਿਚਾਰ ਪ੍ਰਗਟ ਕੀਤਾ ਕਿ ਸ. ਬਾਜਵਾ ਦੀ ਤਾਨਾਸ਼ਾਹੀ ਵਿਰੁਧ ਕਾਂਗਰਸ ਹਾਈਕਮਾਨ ਨੂੰ ਮਿਲ ਕੇ ਸਾਰਾ ਮਾਮਲਾ ਉਸ ਦੇ ਧਿਆਨ ਵਿਚ ਲਿਆਂਦਾ ਜਾਵੇ ਪਰ ਸ੍ਰੀ ਜਾਖੜ ਨੇ ਉਨ੍ਹਾਂ ਨੂੰ ਇਹ ਕਹਿ ਕੇ ਚੁੱਪ ਕਰਵਾ ਦਿੱਤਾ ਕਿ ਹੁਣ ਜਦੋਂਕਿ ਕਈ ਸੂਬਿਆਂ ਵਿਸ਼ੇਸ਼ ਤੌਰ 'ਤੇ ਗੁਆਂਢੀ ਰਾਜ ਹਰਿਆਣਾ 'ਚ ਵਿਧਾਨ ਸਭਾ ਦੀਆਂ ਚੋਣਾਂ ਸਿਰ 'ਤੇ ਹਨ, ਇਸ ਮੌਕੇ ਸ. ਬਾਜਵਾ ਵਿਰੁਧ ਸ਼ਿਕਾਇਤ ਕਰਨਾ ਉਚਿਤ ਨਹੀਂ ਹੋਵੇਗਾ।

ਕਈ ਕਾਂਗਰਸੀ ਵਿਧਾਇਕਾਂ ਨੇ ਨਿੱਜੀ ਗੱਲਬਾਤ ਵਿਚ ਕਿਹਾ ਕਿ 15 ਅਕਤੂਬਰ ਨੂੰ ਹੋਣ ਵਾਲੀਆਂ ਚੋਣਾਂ ਤੋਂ ਬਾਅਦ ਹਾਈ ਕਮਾਨ ਨੂੰ ਮਿਲਿਆ ਜਾਵੇ ਤੇ ਪ੍ਰਦੇਸ਼ ਕਾਂਗਰਸ ਦੇ ਸਾਰੇ ਹਾਲਾਤ ਬਾਰੇ ਉਸ ਨੂੰ ਜਾਣਕਾਰੀ ਦਿੱਤੀ ਜਾਵੇ। ਯਾਦ ਰਹੇ ਕਿ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਨੂੰ ਸਾਹਮਣੇ ਰੱਖ ਕੇ ਪੰਜਾਬ ਦੇ ਕਈ ਕਾਂਗਰਸੀ ਨੇਤਾਵਾਂ ਦੀਆਂ ਡਿਊਟੀਆਂ ਲੱਗੀਆਂ ਹਨ ਕਿ ਉਹ ਹਰਿਆਣਾ ਜਾ ਕੇ ਕਾਂਗਰਸੀ ਉਮੀਦਵਾਰਾਂ ਲਈ ਕੰਮ ਕਰਨ। ਦਿਲਚਸਪ ਤੇ ਵਰਨਣਯੋਗ ਗੱਲ ਇਹ ਹੈ ਕਿ ਸ. ਬਾਜਵਾ ਵਿਰੁੱਧ ਬੋਲਣ ਵਾਲਿਆਂ ਵਿਚ ਮਾਝੇ ਦੇ ਕਈ ਕਾਂਗਰਸੀ ਸਭ ਤੋਂ ਅੱਗੇ ਸਨ।

ਇਸ ਮੌਕੇ ਸ੍ਰੀ ਜਾਖੜ ਨੇ ਕਿਹਾ ਕਿ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਨੇ ਉਨ੍ਹਾਂ ਨੂੰ ਵਿਧਾਇਕ ਦਲ ਦਾ ਨੇਤਾ ਬਣਾਇਆ ਹੈ ਤੇ ਉਹ ਆਪਣੇ ਸਮੂਹ ਵਿਧਾਇਕਾਂ ਦੀਆਂ ਭਾਵਨਾਵਾਂ ਹਾਈਕਮਾਨ ਕੋਲ ਪਹੁੰਚਾਉਣ ਲਈ ਪਾਬੰਦ ਹਨ।

ਦਰਅਸਲ ਪਿਛਲੇ ਦਿਨਾਂ ਦੌਰਾਨ ਸ. ਬਾਜਵਾ ਵੱਲੋਂ ਪਾਰਟੀ ਵਿਚ ਤਕਰੀਬਨ ਪੰਜ ਦਰਜਨ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ। ਉਨ੍ਹਾਂ ਪਾਰਟੀ ਦੇ 23 ਵੱਖ-ਵੱਖ ਸੈੱਲਾਂ ਦੇ ਇੰਚਾਰਜ ਨਿਯੁਕਤ ਕਰਨ ਤੋਂ ਇਲਾਵਾ ਪਾਰਟੀ ਦੇ 25 ਜ਼ਿਲ੍ਹਿਆਂ ਲਈ ਇੰਚਾਰਜ ਨਿਯੁਕਤ ਕੀਤੇ ਹਨ। ਉਨ੍ਹਾਂ ਦੋ ਆਫਿਸ ਕੋਆਰਡੀਨੇਟਰ ਵੀ ਨਾਮਜ਼ਦ ਕੀਤੇ ਹਨ। ਪਹਿਲਾਂ ਸ. ਬਾਜਵਾ ਕਿਸਾਨ ਤੇ ਖੇਤ ਮਜ਼ਦੂਰ ਸੈੱਲ ਸਮੇਤ ਹੋਰ ਸੈੱਲਾਂ ਦੇ ਚੇਅਰਮੈਨ ਆਦਿ ਨਿਯੁਕਤ ਕਰ ਚੁੱਕੇ ਹਨ। ਕੈਪਟਨ ਖੇਮੇ ਨਾਲ ਸਬੰਧਤ ਵਿਧਾਇਕ ਤੇ ਹੋਰ ਆਗੂ ਇਨ੍ਹਾਂ ਨਿਯੁਕਤੀਆਂ ਨੂੰ ਸ. ਬਾਜਵਾ ਵੱਲੋਂ ਉਨ੍ਹਾਂ ਖ਼ਿਲਾਫ਼ ਖੜ੍ਹੀ ਕੀਤੀ ਜਾ ਰਹੀ ਨਵੀਂ ਚੁਣੌਤੀ ਵਜੋਂ ਲੈ ਰਹੇ ਹਨ।

## ਬਾਜਵਾ ਖਿਲਾਫ ਲਾਮਬੰਦੀ ਨੇ ਫੜਿਆ ਜ਼ੋਰ



ਕਾਂਗਰਸ ਦੀ ਨਵੀਂ ਚੁਣੀ ਵਿਧਾਇਕਾ ਪ੍ਰਨੀਤ ਕੌਰ (ਐਨ ਖੱਬੇ) ਨੂੰ ਸਹੁੰ ਚੁਕਾਉਂਦੇ ਹੋਏ ਵਿਧਾਨ ਸਭਾ ਸਪੀਕਰ ਚਰਨਜੀਤ ਸਿੰਘ ਅਟਵਾਲ।

## ਕੈਪਟਨ ਧੜੇ ਵੱਲੋਂ ਬਾਜਵਾ ਨੂੰ ਸਿੱਧੀ ਚੁਣੌਤੀ



**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਕੈਪਟਨ ਖੇਮੇ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਸਿੱਧੀ ਚੁਣੌਤੀ ਦੇ ਦਿੱਤੀ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਥੇ ਆਪਣੇ ਖੇਮੇ ਦੇ ਵਿਧਾਇਕਾਂ ਤੇ ਸਮਰਥਕਾਂ ਨਾਲ ਲੰਚ ਡਿਪਲੋਮੇਸੀ ਦੌਰਾਨ ਕਿਹਾ ਕਿ ਸ. ਬਾਜਵਾ ਨਾ ਤਾਂ ਉਨ੍ਹਾਂ ਦੇ ਦੋਸਤ ਹਨ ਤੇ ਨਾ ਹੀ ਉਨ੍ਹਾਂ ਦੇ ਸਮਰਥਕ। ਇਸ ਮੌਕੇ ਉਨ੍ਹਾਂ ਬੇਬਾਕੀ ਨਾਲ ਕਿਹਾ ਕਿ ਉਹ ਪਹਿਲਾਂ ਹੀ ਪਾਰਟੀ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਤੇ ਮੀਤ ਪ੍ਰਧਾਨ ਰਾਹੁਲ ਗਾਂਧੀ ਕੋਲੋਂ ਮੰਗ ਕਰ ਚੁੱਕੇ ਹਨ ਕਿ ਸ. ਬਾਜਵਾ ਨੂੰ ਚੱਲਦਾ ਕੀਤਾ ਜਾਵੇ। ਸ. ਬਾਜਵਾ ਪਾਰਟੀ ਦੇ ਸੰਵਿਧਾਨ ਦੀ ਉਲੰਘਣਾ ਕਰ ਕੇ ਬਲਾਕ ਪ੍ਰਧਾਨਾਂ ਦੀ ਅਦਲਾ-ਬਦਲੀ ਕਰ ਰਹੇ ਹਨ। ਕਈ ਵਿਧਾਇਕਾਂ ਨੇ ਉਨ੍ਹਾਂ ਨੂੰ ਇਸ ਦੀ ਸ਼ਿਕਾਇਤ ਕੀਤੀ ਹੈ। ਕੈਪਟਨ ਅਮਰਿੰਦਰ ਸਿੰਘ ਕਾਂਗਰਸ ਵਿਧਾਇਕ ਦਲ ਦੇ ਆਗੂ ਸੁਨੀਲ ਜਾਖੜ ਵੱਲੋਂ ਪਟਿਆਲੇ ਤੋਂ ਨਵੀਂ ਚੁਣੀ ਵਿਧਾਇਕਾ ਪ੍ਰਨੀਤ ਕੌਰ ਵੱਲੋਂ ਵਿਧਾਨ ਸਭਾ ਵਿਚ ਅਹੁਦੇ ਦੀ ਸਹੁੰ ਚੁੱਕਣ ਤੋਂ ਪਹਿਲਾਂ ਇਥੇ ਇਕ ਪੰਜ ਤਾਰਾ ਹੋਟਲ ਵਿਖੇ ਸਮੂਹ ਕਾਂਗਰਸੀ ਵਿਧਾਇਕਾਂ ਲਈ ਰੱਖੇ ਲੰਚ ਵਿਚ ਸ਼ਾਮਲ ਹੋਣ ਲਈ ਆਏ ਸਨ।

### ਰੌਲੇ ਵਾਲੀ ਕੋਈ ਗੱਲ ਨਹੀਂ: ਬਾਜਵਾ

ਸੂਬਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦਾ ਕਹਿਣਾ ਹੈ ਕਿ ਪਿਛਲੇ ਦਿਨੀਂ ਕਾਂਗਰਸ ਵਿਧਾਇਕ ਦਲ ਦੀ ਹੋਈ ਮੀਟਿੰਗ ਦੌਰਾਨ ਕੁਝ ਵਿਧਾਇਕਾਂ ਵੱਲੋਂ ਉਨ੍ਹਾਂ ਵਿਰੁੱਧ ਉਠਾਈ ਆਵਾਜ਼ ਮਹਿਜ਼ ਛੋਟੇ-ਮੋਟੇ ਗਿਲੇ-ਸ਼ਿਕਵੇ ਹੀ ਹਨ ਤੇ ਇਸ ਵਿਚ ਰੌਲੇ ਵਾਲੀ ਕੋਈ ਗੱਲ ਨਹੀਂ ਹੈ। ਉਨ੍ਹਾਂ ਦੱਸਿਆ ਕਿ ਸੁਲਤਾਨਪੁਰ ਲੋਧੀ ਦੇ ਵਿਧਾਇਕ ਨਵਤੇਜ ਸਿੰਘ ਨੇ ਇਤਰਾਜ਼ ਕੀਤਾ ਸੀ ਕਿ ਕਿਸਾਨ ਤੇ ਮਜ਼ਦੂਰ ਸੈੱਲ ਦੇ ਚੇਅਰਮੈਨ ਇੰਦਰਜੀਤ ਸਿੰਘ ਜ਼ੀਰਾ ਨੇ ਉਨ੍ਹਾਂ ਦੀ ਮਰਜ਼ੀ ਤੋਂ ਬਿਨਾਂ ਹਲਕੇ ਵਿਚ ਇਕ ਆਗੂ ਨੂੰ ਸੈੱਲ ਦੀ ਅਹੁਦੇਦਾਰੀ ਦਿੱਤੀ ਹੈ।

ਇਸ ਬਾਰੇ ਸ੍ਰੀ ਜ਼ੀਰਾ ਨੇ ਵਿਧਾਇਕ ਨੂੰ ਮਿਲ ਕੇ ਗੁੱਸਾ-ਗਿਲਾ ਦੂਰ ਕਰ ਲਿਆ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਕਾਂਗਰਸ ਵਿਧਾਇਕ ਦਲ ਪਾਰਟੀ ਤੋਂ ਵੱਖਰਾ ਨਹੀਂ ਹੈ, ਸਗੋਂ ਉਹ ਵੀ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਇਕ ਹਿੱਸਾ ਹੀ ਹੈ।

ਸ੍ਰੀ ਜਾਖੜ ਨੇ ਉਨ੍ਹਾਂ ਵੱਲੋਂ ਅਚਨਚੇਤ 29 ਸਤੰਬਰ ਨੂੰ ਧਰਨਾ ਦੇਣ ਦੇ ਕੀਤੇ ਐਲਾਨ ਤੋਂ ਪਹਿਲਾਂ ਹੀ ਵਿਧਾਇਕ ਪ੍ਰਨੀਤ ਕੌਰ ਤੇ ਹੋਰ ਵਿਧਾਇਕਾਂ ਲਈ ਲੰਚ ਦਾ ਪ੍ਰੋਗਰਾਮ ਰੱਖਿਆ ਸੀ ਤੇ ਇਸ ਵਿਚ ਕੋਈ ਮੱਤਭੇਦ ਨਹੀਂ ਹੈ।

# ਕੁਲਬੀਰ ਸਿੰਘ ਬੜਾਪਿੰਡ ਬਰੀ

**ਜਲੰਧਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਕੁਲਬੀਰ ਸਿੰਘ ਬੜਾਪਿੰਡ ਨੂੰ ਅਦਾਲਤ ਨੇ ਬਰੀ ਕਰ ਦਿੱਤਾ। ਬੜਾਪਿੰਡ 'ਤੇ ਜਲੰਧਰ ਦਿਹਾਤੀ ਪੁਲਿਸ ਨੇ ਸਾਲ 2012 ਵਿਚ ਸੂਬੇ ਵਿਚ ਅਤਿਵਾਦੀ ਗਤੀਵਿਧੀਆਂ ਨੂੰ ਸ਼ਹਿ ਦੇਣ ਦੇ ਦੋਸ਼ ਲਾਏ ਸਨ। ਪੁਲਿਸ ਕੁਲਬੀਰ ਸਿੰਘ 'ਤੇ ਲਾਏ ਇਨ੍ਹਾਂ ਦੋਸ਼ਾਂ ਨੂੰ ਸਾਬਤ ਕਰਨ ਵਿਚ ਨਾਕਾਮ ਰਹੀ ਅਤੇ ਜ਼ਿਲ੍ਹਾ ਸੈਸ਼ਨ ਜੱਜ ਮਨਦੀਪ ਸਿੰਘ ਢਿੱਲੋਂ ਦੀ ਅਦਾਲਤ ਨੇ ਡੇਢ ਸਾਲ ਟਰਾਇਲ ਚੱਲਣ ਤੋਂ ਬਾਅਦ ਉਸ ਨੂੰ ਬਰੀ ਕਰ ਦਿੱਤਾ। ਨਵਾਂਸ਼ਹਿਰ ਦੀ ਪੁਲਿਸ ਨੇ 20 ਸਤੰਬਰ 2012 ਨੂੰ ਭਾਜਪਾ ਵੱਲੋਂ ਦਿੱਤੇ ਗਏ ਭਾਰਤ ਬੰਦ ਦੇ ਸੱਦੇ ਦੌਰਾਨ ਕੁਲਬੀਰ ਸਿੰਘ ਨੂੰ ਉਸ ਦੇ ਘਰੋਂ ਗ੍ਰਿਫ਼ਤਾਰ ਕੀਤਾ ਸੀ। ਪੁਲਿਸ ਨੂੰ ਡਰ ਸੀ ਕਿ ਭਾਰਤ ਬੰਦ ਦੇ ਦੌਰਾਨ ਬੜਾਪਿੰਡ ਕੋਈ ਭੜਕਾਊ ਕਾਰਵਾਈ ਕਰ ਸਕਦਾ ਹੈ। ਉਸ ਤੋਂ ਅਗਲੇ ਦਿਨ ਜਲੰਧਰ ਦਿਹਾਤੀ ਪੁਲਿਸ ਨੇ ਬੜਾਪਿੰਡ ਦੇ ਘਰੋਂ ਇੱਕ ਪਿਸਤੌਲ, 6 ਕਾਰਤੂਸ, ਬੁਲਿਟ ਪਰੂਫ ਜੈਕਟਾਂ, ਰਾਤ ਨੂੰ ਦੇਖਣ ਵਾਲੀਆਂ ਦੂਰਬੀਨਾਂ ਅਤੇ ਖਾਲਿਸਤਾਨ ਪੱਖੀ ਰਸਾਲੇ, ਕਲੰਡਰ ਅਤੇ ਹੋਰ ਸਮੱਗਰੀ ਬਰਾਮਦ ਕਰਨ ਦਾ ਦਾਅਵਾ ਕੀਤਾ ਸੀ।

ਪੁਲਿਸ ਨੇ ਕੁਲਬੀਰ ਸਿੰਘ ਬੜਾਪਿੰਡ 'ਤੇ ਆਈ.ਪੀ.ਸੀ. ਦੀ ਧਾਰਾ 121, 120 ਬੀ, 3, 4, 5 ਅਤੇ ਅਸਲਾ ਐਕਟ 25 ਦੇ ਤਹਿਤ ਕੇਸ ਦਰਜ ਕੀਤੇ ਸਨ। ਇਸ ਤੋਂ ਬਾਅਦ ਪੁਲਿਸ ਨੇ ਉਸ ਦਾ ਨਾਂ ਉਸ ਵੇਲੇ ਦੇ 4 ਮਹੀਨੇ ਪੁਰਾਣੇ ਇੱਕ ਮਾਮਲੇ ਨਾਲ ਵੀ ਜੋੜਿਆ ਗਿਆ ਸੀ, ਜਿਸ ਵਿਚ ਨਵਾਂਸ਼ਹਿਰ ਪੁਲਿਸ ਨੇ 2.7 ਕਿਲੋ ਆਰ.ਡੀ.ਐਕਸ. ਬਰਾਮਦ ਕੀਤਾ ਸੀ। ਆਪਣੇ 'ਤੇ ਲੱਗੇ ਦੋਸ਼ਾਂ ਖ਼ਿਲਾਫ਼ ਬੜਾਪਿੰਡ ਨੇ ਡੇਢ ਸਾਲ ਪਹਿਲਾਂ ਹਾਈਕੋਰਟ ਵਿਚ ਜ਼ਮਾਨਤ ਲਈ ਅਰਜ਼ੀ ਵੀ ਦਿੱਤੀ ਸੀ ਜੋ ਅਜੇ ਵੀ ਵਿਚਾਰ ਅਧੀਨ ਹੈ। ਬਰੀ ਹੋਣ ਤੋਂ ਬਾਅਦ ਕੁਲਬੀਰ ਸਿੰਘ ਬੜਾਪਿੰਡ ਨੇ ਆਖਿਆ ਕਿ ਪੰਜਾਬ ਸਰਕਾਰ ਤੇ ਕੇਂਦਰ ਦੀਆਂ ਏਜੰਸੀਆਂ ਵੱਲੋਂ ਉਸ ਨੂੰ ਝੂਠੇ ਦੋਸ਼ ਲਾ ਕੇ ਫਸਾਇਆ ਜਾ ਰਿਹਾ ਸੀ ਪਰ ਅਦਾਲਤ ਨੇ ਸਭ ਸਾਫ਼ ਕਰ ਦਿੱਤਾ। ਉਸ ਨੇ ਆਖਿਆ ਕਿ ਉਨ੍ਹਾਂ ਨੇ ਆਜ਼ਾਦ ਉਮੀਦਵਾਰ ਵਜੋਂ ਖੜ੍ਹੇ ਹੋ ਕੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਦੀ ਚੋਣ ਜਿੱਤੀ ਹੈ ਜਿਸ ਕਾਰਨ ਉਹ ਸੱਤਾਧਾਰੀ ਅਕਾਲੀ ਦਲ ਦੀ ਅੱਖ ਵਿਚ ਰੜਕ ਰਹੇ ਹਨ। ਇਸੇ ਲਈ ਸਰਕਾਰ ਨੇ ਉਸ ਨੂੰ ਸਿਆਸੀ ਤੌਰ 'ਤੇ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਸੀ। ਜ਼ਿਕਰਯੋਗ ਹੈ ਕਿ 2006 ਵਿਚ ਅਮਰੀਕਾ ਪੁਲਿਸ ਨੇ ਬੜਾਪਿੰਡ ਨੂੰ ਪੰਜਾਬ ਪੁਲਿਸ ਦੇ ਹਵਾਲੇ ਕੀਤਾ ਸੀ। ਉਸ ਸਮੇਂ ਬੜਾਪਿੰਡ ਪੰਜਾਬ ਪੁਲਿਸ ਨੂੰ 30 ਮਾਮਲਿਆਂ ਵਿਚ ਲੋੜੀਂਦਾ ਸੀ ਜਿਸ ਵਿਚ ਸਭ ਤੋਂ ਚਰਚਿਤ ਮਾਮਲਾ ਸਾਬਕਾ



ਮੈਂਬਰ ਪਾਰਲੀਮੈਂਟ ਮਹਿੰਦਰ ਸਿੰਘ ਕੇ.ਪੀ ਦੇ ਪਿਤਾ ਦਰਸ਼ਨ ਸਿੰਘ ਦੀ ਹੱਤਿਆ ਦਾ ਸੀ। ਇਸ ਤੋਂ ਇਲਾਵਾ ਬੜਾਪਿੰਡ 'ਤੇ ਧਾਰਾ 302, 307, ਅਸਲਾ ਐਕਟ ਅਤੇ ਟਾਡਾ ਦੇ ਅਧੀਨ 1991 ਤੋਂ 1993 ਦੇ ਦੌਰਾਨ ਕਈ ਮਾਮਲੇ ਦਰਜ ਸਨ ਪਰ ਬਾਅਦ ਵਿਚ ਕੁਲਬੀਰ ਸਿੰਘ ਬੜਾਪਿੰਡ ਇਨ੍ਹਾਂ ਸਾਰੇ ਮਾਮਲਿਆਂ ਵਿਚੋਂ ਬਰੀ ਹੋ ਗਿਆ ਸੀ।

## ਭਾਰਤ-ਚੀਨ ਸਰਹੱਦੀ ਵਿਵਾਦ ਖ਼ਤਮ?

**ਨਵੀਂ ਦਿੱਲੀ:** ਭਾਰਤ ਤੇ ਚੀਨ ਨੇ ਕਿਹਾ ਹੈ ਕਿ ਦੋਵਾਂ ਧਿਰਾਂ ਦਾ ਲੱਦਾਖ ਖੇਤਰ ਵਿਚ ਬਣਿਆ ਤਣਾਅ ਹੱਲ ਹੋ ਗਿਆ ਹੈ ਕਿਉਂਕਿ ਦੋਵੇਂ ਧਿਰਾਂ ਨੇ ਇੱਕੋ ਵੇਲੇ ਆਪਣੀਆਂ ਫੌਜਾਂ ਮੁਕੰਮਲ ਤੌਰ 'ਤੇ ਪਿੱਛੇ ਹਟਾ ਲਈਆਂ ਹਨ। ਚੀਨ ਨੇ ਨਾਲ ਦੀ ਨਾਲ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਹੈ ਕਿ ਦੋਵੇਂ ਮੁਲਕਾਂ ਵਿਚ ਸਰਹੱਦੀ ਖੇਤਰਾਂ ਵਿਚ ਅਮਨ ਤੇ ਸਥਿਰਤਾ ਬਣਾ ਕੇ ਰੱਖਣ ਦੀ ਸਮਰੱਥਾ ਤੇ ਦ੍ਰਿੜਤਾ ਹੈ। ਦੋਵੇਂ ਧਿਰਾਂ 16-17 ਅਕਤੂਬਰ ਨੂੰ ਸਾਂਝੀ ਮੀਟਿੰਗ ਲਈ ਵੀ ਸਹਿਮਤ ਹੋਈਆਂ ਹਨ। ਭਾਰਤ ਤੇ ਚੀਨ ਦੇ ਵਿਦੇਸ਼ ਮੰਤਰਾਲਿਆਂ ਵੱਲੋਂ ਜਾਰੀ ਪ੍ਰੈਸ ਰਿਲੀਜ਼ ਵਿਚ ਕਿਹਾ ਗਿਆ ਹੈ ਕਿ ਹੁਣ ਦੋਵਾਂ ਮੁਲਕਾਂ ਦੀਆਂ ਫੌਜਾਂ ਦੋਵੇਂ ਧਿਰਾਂ ਵੱਲੋਂ ਸੂਤਰਬੱਧ ਕੀਤੇ ਉਪਰਾਲਿਆਂ ਤਹਿਤ ਇੱਕੋ ਵੇਲੇ ਪਿੱਛੇ ਹਟ ਗਈਆਂ ਹਨ ਤੇ ਖੇਤਰ ਵਿਚ ਅਮਨ ਸ਼ਾਂਤੀ ਕਾਇਮ ਹੋ ਗਈ ਹੈ।

ਦੋਵੇਂ ਧਿਰਾਂ ਇਸ ਗੱਲ ਲਈ ਸਹਿਮਤ ਹੋਈਆਂ ਸਨ ਕਿ ਦੋਵੇਂ ਮੁਲਕਾਂ ਦੀਆਂ ਫੌਜਾਂ ਵਿਚਾਲੇ ਹਾਲੀਆ ਤਣਾਅ ਢੁਕਵੇਂ ਢੰਗ ਨਾਲ ਖਤਮ ਕੀਤਾ ਜਾਵੇ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਦੋਵੇਂ ਧਿਰਾਂ ਸਰਹੱਦੀ ਖੇਤਰਾਂ ਵਿਚ ਅਮਨ ਤੇ ਸਥਿਰਤਾ ਨਾਲ ਜੁੜੇ ਮੁੱਦਿਆਂ 'ਤੇ ਆਪਸੀ ਸੰਚਾਰ ਜਾਰੀ ਰੱਖੇਗਾ। ਇਹ ਕਾਰਜ ਚੀਨ-ਭਾਰਤ ਸਰਹੱਦੀ ਸਲਾਹਕਾਰ ਤੇ ਤਾਲਮੇਲ ਤੰਤਰ ਰਾਹੀਂ ਕੀਤਾ ਜਾਏਗਾ। ਇਹ ਬਾਡੀ ਦੋਵੇਂ ਮੁਲਕਾਂ ਨੇ ਅਜਿਹੇ ਮਸਲੇ ਹੱਲ ਕਰਨ ਲਈ ਕਾਇਮ ਕੀਤੀ ਸੀ।

# ਪਹਿਲੀ ਵਾਰੀ ਖਾਲੀ ਰਹਿ ਗਈਆਂ ਐਮ.ਬੀ.ਬੀ.ਐਸ. ਦੀਆਂ ਸੀਟਾਂ

**ਫਰੀਦਕੋਟ:** ਮੈਡੀਕਲ ਕਾਲਜ ਵਿਚ ਦਾਖਲਿਆਂ ਲਈ ਆਖਰੀ ਕੌਂਸਲਿੰਗ ਖਤਮ ਹੋਣ ਮਗਰੋਂ ਪੰਜਾਬ ਦੇ ਚਾਰ ਮੈਡੀਕਲ ਕਾਲਜਾਂ ਵਿਚ ਐਮ.ਬੀ.ਬੀ.ਐਸ. ਦੀਆਂ 82 ਸੀਟਾਂ ਖਾਲੀ ਐਲਾਨ ਦਿੱਤੀਆਂ ਗਈਆਂ ਹਨ। ਪੰਜਾਬ ਦੇ ਡਿਪਾਰਟਮੈਂਟ ਆਫ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ (ਡੀ.ਐਮ.ਈ.ਆਰ.) ਦੇ ਡਾਇਰੈਕਟਰ ਡਾ. ਗੁਰਦੀਪ ਸਿੰਘ ਕਲਿਆਨ ਨੇ ਆਖਿਆ ਹੈ ਕਿ ਪੰਜਾਬ ਦੇ ਮੈਡੀਕਲ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਹੈ ਜਦੋਂ ਰਾਜ ਵਿਚ ਐਮ.ਬੀ.ਬੀ.ਐਸ. ਦੀਆਂ ਸੀਟਾਂ ਖਾਲੀ ਰਹਿ ਗਈਆਂ ਹਨ। ਇਨ੍ਹਾਂ ਖਾਲੀ ਰਹੀਆਂ 82 ਸੀਟਾਂ ਵਿਚੋਂ 45 ਸੀਟਾਂ ਚਿੰਤਪੁਰਨੀ ਮੈਡੀਕਲ ਕਾਲਜ ਅਤੇ ਹਸਪਤਾਲ ਪਠਾਨਕੋਟ, 26 ਸੀਟਾਂ ਪੰਜਾਬ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ (ਪਿਮਸ) ਜਲੰਧਰ ਅਤੇ 9 ਸੀਟਾਂ ਆਦੇਸ਼ ਮੈਡੀਕਲ ਇੰਸਟੀਚਿਊਟ ਬਠਿੰਡਾ ਅਤੇ 2 ਸੀਟਾਂ ਗਿਆਨ ਸਾਗਰ ਮੈਡੀਕਲ ਕਾਲਜ, ਬਨੂੜ ਪਟਿਆਲਾ ਵਿਚ ਖਾਲੀ ਐਲਾਨੀਆਂ ਗਈਆਂ ਹਨ।

ਫਰੀਦਕੋਟ ਦੀ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਜਿਸ ਨੇ ਐਮ. ਬੀ. ਬੀ. ਐਸ. ਦੀਆਂ ਇਨ੍ਹਾਂ ਖਾਲੀ ਸੀਟਾਂ ਲਈ ਆਖਰੀ ਕੌਂਸਲਿੰਗ ਕਰਵਾਈ, ਦੇ ਸੂਤਰਾਂ ਨੇ ਦੱਸਿਆ ਕਿ ਆਦੇਸ਼, ਗਿਆਨ ਸਾਗਰ ਕਾਲਜ ਅਤੇ ਪਿਮਸ ਵਿਚਲੀਆਂ ਖਾਲੀ ਸਾਰੀਆਂ 37 ਸੀਟਾਂ ਮੈਨੇਜਮੈਂਟ ਕੋਟੇ ਦੀਆਂ ਹਨ। ਇਸ ਸਾਲ ਮੈਨੇਜਮੈਂਟ ਕੋਟੇ ਦੀਆਂ ਸਾਰੀਆਂ ਸੀਟਾਂ ਦੀ ਫੀਸ ਵਿਚ ਤਿੱਖਾ ਵਾਧਾ ਹੋਇਆ ਹੈ ਤੇ ਇਹ ਫੀਸ ਹੁਣ 6.60 ਲੱਖ ਰੁਪਏ ਸਾਲਾਨਾ ਤੱਕ ਪੁੱਜ ਗਈ ਹੈ। ਫੀਸ ਵਿਚ ਹੋਏ ਵਾਧੇ ਕਾਰਨ ਬਹੁਤ ਸਾਰੇ ਯੋਗ ਵਿਦਿਆਰਥੀਆਂ ਨੇ ਇਨ੍ਹਾਂ ਸੀਟਾਂ 'ਤੇ ਦਾਖਲਾ ਲੈਣ ਨੂੰ ਤਰਜੀਹ ਨਹੀਂ ਦਿੱਤੀ। ਚਿੰਤਪੁਰਨੀ ਮੈਡੀਕਲ ਕਾਲਜ 'ਚ ਸਾਲਾਨਾ ਫੀਸ ਭਾਵੇਂ 26,250 ਰੁਪਏ ਹੈ ਜੋ ਕਾਫੀ ਘੱਟ ਹੈ, ਪਰ ਭਾਰਤੀ ਮੈਡੀਕਲ ਕੌਂਸਲ ਵੱਲੋਂ ਤਿੰਨ ਸਾਲਾਂ ਤੋਂ ਕਈ ਤਰ੍ਹਾਂ ਦੀਆਂ ਖਾਮੀਆਂ ਕਾਰਨ ਇਸ ਕਾਲਜ ਦੀ ਮਾਨਤਾ ਨੂੰ ਨਵਿਆਇਆ ਨਹੀਂ ਗਿਆ ਜਿਸ ਕਰ ਕੇ ਵਿਦਿਆਰਥੀ ਇੱਥੇ ਦਾਖਲਾ ਲੈ ਕੇ ਕਿਸੇ ਤਰ੍ਹਾਂ ਦਾ ਜ਼ੋਖਮ ਨਹੀਂ ਉਠਾਉਣਾ ਚਾਹੁੰਦੇ। ਉਨ੍ਹਾਂ ਨੂੰ ਖਦਸ਼ਾ ਹੈ ਕਿ ਇਸ ਕਾਲਜ ਤੋਂ ਪ੍ਰਾਪਤ ਡਿਗਰੀਆਂ ਨੂੰ ਮੈਡੀਕਲ ਕੌਂਸਲ ਵੱਲੋਂ ਮਾਨਤਾ ਪ੍ਰਾਪਤ ਨਹੀਂ ਹੋਵੇਗੀ।

ਡਾ. ਗੁਰਦੀਪ ਸਿੰਘ ਕਲਿਆਨ ਨੇ ਦੱਸਿਆ ਕਿ ਚਿੰਤਪੁਰਨੀ ਮੈਡੀਕਲ ਕਾਲਜ ਵਿਚ ਐਮ.ਬੀ.ਬੀ.ਐਸ. ਦੀਆਂ 150 ਸੀਟਾਂ 'ਤੇ ਦਾਖਲੇ ਲਈ 220 ਵਿਦਿਆਰਥੀ ਯੋਗ ਸਨ ਪਰ ਸਿਰਫ 105 ਵਿਦਿਆਰਥੀਆਂ ਨੇ ਹੀ ਦਾਖਲਾ ਲਿਆ ਅਤੇ 45 ਸੀਟਾਂ ਹਾਲੇ ਵੀ ਖਾਲੀ ਹਨ। 105 ਵਿਦਿਆਰਥੀਆਂ ਵਿਚੋਂ ਬਹੁਤੇ ਵਿਦਿਆਰਥੀ ਜਲੰਧਰ ਅਤੇ ਬਠਿੰਡਾ ਮੈਡੀਕਲ ਕਾਲਜਾਂ ਨਾਲ ਸਬੰਧਤ ਸੀ ਜਿਨ੍ਹਾਂ ਨੇ ਵੱਧ ਫੀਸ (6.60 ਲੱਖ ਰੁਪਏ ਸਾਲਾਨਾ) ਵਾਲੀਆਂ ਮੈਨੇਜਮੈਂਟ ਕੋਟੇ ਦੀਆਂ ਸੀਟਾਂ ਛੱਡ ਕੇ ਜੋਖਮ ਉਠਾਉਂਦਿਆਂ ਘੱਟ ਫੀਸ (26,250 ਰੁਪਏ ਸਾਲਾਨਾ) ਵਾਲੀਆਂ ਸੀਟਾਂ 'ਤੇ ਦਾਖਲਾ ਲਿਆ ਹੈ।

# ਮੋਦੀ ਖ਼ਿਲਾਫ਼ ਮੋਰਚਾ ਮੱਲਣ ਵਾਲਾ ਅਫਸਰ ਗ੍ਰਿਫ਼ਤਾਰ

**ਮੁੰਬਈ:** ਮੁਅੱਤਲ ਆਈ.ਏ.ਐਸ. ਅਧਿਕਾਰੀ ਪ੍ਰਦੀਪ ਸ਼ਰਮਾ ਨੂੰ ਭ੍ਰਿਸ਼ਟਾਚਾਰ ਦੇ ਇਕ ਹੋਰ ਕੇਸ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਜ਼ਿਕਰਯੋਗ ਹੈ ਕਿ ਇਸ ਅਧਿਕਾਰੀ ਨੇ ਗੁਜਰਾਤ ਦੇ ਉਸ ਵਕਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਉੱਤੇ ਜਾਸੂਸੀ ਕਰਾਉਣ ਦੇ ਦੋਸ਼ ਲਾਏ ਸਨ। ਉਸ ਕੇਸ ਵਿਚ ਮੁਅੱਤਲੀ ਤੋਂ ਬਾਅਦ ਹੁਣ ਐਨਫੋਰਸਮੈਂਟ ਡਾਇਰੈਕਟੋਰੇਟ ਨੇ ਸ਼ਰਮਾ ਦੀ ਜਾਇਦਾਦ ਨੂੰ ਕਾਲੇ ਧਨ ਨੂੰ ਚਿੱਟਾ ਬਣਾਉਣ ਦੇ ਕੇਸ ਨਾਲ ਜੋੜ ਲਿਆ ਹੈ।

ਵਿਭਾਗ ਵੱਲੋਂ ਦਰਜ ਕੀਤੀ ਸ਼ਿਕਾਇਤ ਵਿਚ ਸ਼ਰਮਾ ਵਿਰੁੱਧ ਪ੍ਰਾਈਵੇਟ ਫਰਮ ਵੈਲਸਪਨ ਤੋਂ 29 ਲੱਖ ਰੁਪਏ ਭ੍ਰਿਸ਼ਟਾਚਾਰ ਵਜੋਂ ਲੈਣ ਦੇ ਦੋਸ਼ ਲਾਏ ਗਏ ਹਨ। ਇਹ ਰਕਮ ਪਹਿਲਾਂ ਸ਼ਰਮਾ ਦੀ ਪਤਨੀ ਦੇ ਖਾਤੇ ਵਿਚ ਜਮ੍ਹਾਂ ਕਰਵਾਈ ਗਈ ਤੇ ਫਿਰ ਸ਼ਰਮਾ ਦੇ ਖਾਤੇ ਵਿਚ ਤਬਦੀਲ ਕਰ ਦਿੱਤੀ ਗਈ। ਸ਼ਰਮਾ ਨੂੰ ਭ੍ਰਿਸ਼ਟਾਚਾਰ ਕਾਨੂੰਨ ਦੀ ਧਾਰਾ 11, 13(1)(ਡੀ) ਅਤੇ 13(2) ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਕੇਸ ਸਾਲ 2004 ਨਾਲ ਜੁੜਦਾ ਹੈ ਜਦੋਂ ਸ਼ਰਮਾ ਕੱਛ ਦਾ ਕੁਲੈਕਟਰ ਸੀ।

ਜ਼ਿਕਰਯੋਗ ਹੈ ਕਿ ਸ਼ਰਮਾ, ਮੋਦੀ ਦੀ ਅਗਵਾਈ ਵਾਲੀ ਗੁਜਰਾਤ ਸਰਕਾਰ ਨਾਲ ਜਾਸੂਸੀ ਦੇ ਮਾਮਲੇ ਨੂੰ ਲੈ ਕੇ ਭਿੜ ਗਿਆ ਸੀ ਤੇ ਉਸ ਨੇ ਸਰਕਾਰ ਉੱਤੇ ਇਕ ਔਰਤ ਇਮਾਰਤਸਾਜ਼ ਦੀ ਜਾਸੂਸੀ ਕਰਨ ਦੇ ਦੋਸ਼ ਲਾਏ ਸਨ ਤੇ ਸੀ.ਬੀ.ਆਈ. ਜਾਂਚ ਦੀ ਮੰਗ ਕੀਤੀ ਸੀ। ਉਸ ਨੇ ਉਦੋਂ ਗੁਜਰਾਤ ਦੇ ਗ੍ਰਿਹ ਮੰਤਰੀ ਅਮਿਤ ਸ਼ਾਹ ਨਾਲ ਸਬੰਧਤ ਦੋ ਸੀ.ਡੀਜ਼ ਜਾਰੀ ਕਰ ਕੇ ਤਰਥੱਲੀ ਮਚਾ ਦਿੱਤੀ ਸੀ।

ਮੁਅੱਤਲ ਆਈ.ਏ.ਐਸ. ਅਧਿਕਾਰੀ ਨੇ ਦੋਸ਼ ਲਾਇਆ ਸੀ ਕਿ ਇਹ ਜਾਸੂਸੀ ਮੋਦੀ ਦੇ ਕਹਿਣ ਉੱਤੇ ਹੀ ਕੀਤੀ ਗਈ ਸੀ।

## ਬਾਦਲ ਵਿਸ਼ਵ ਕਬੱਡੀ ਕੱਪ ਦੀ ਪ੍ਰਬੰਧਕੀ ਕਮੇਟੀ ਦੇ ਸਰਪ੍ਰਸਤ ਬਣੇ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਇਸ ਸਾਲ 6 ਤੋਂ 20 ਦਸੰਬਰ ਤਕ ਕਰਵਾਏ ਜਾ ਰਹੇ ਪੰਜਵੇਂ ਵਿਸ਼ਵ ਕਬੱਡੀ ਕੱਪ ਲਈ ਬਣਾਈ ਪ੍ਰਬੰਧਕੀ ਕਮੇਟੀ ਦਾ ਮੁੱਖ ਸਰਪ੍ਰਸਤ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਚੇਅਰਮੈਨ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਬਣਾਇਆ ਗਿਆ ਹੈ। ਰਾਜ ਸਭਾ ਮੈਂਬਰ ਬਲਵਿੰਦਰ ਸਿੰਘ ਭੂੰਦੜ ਤੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਸਿਕੰਦਰ ਸਿੰਘ ਮਲੂਕਾ ਨੂੰ ਕਮੇਟੀ ਦੇ ਸੀਨੀਅਰ ਮੀਤ ਚੇਅਰਮੈਨ ਬਣਾਇਆ ਗਿਆ ਹੈ। ਮਾਲ ਤੇ ਮੁੜ ਵਸੇਬਾ ਅਤੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਬਿਕਰਮ ਸਿੰਘ ਮਜੀਠੀਆ, ਖੇਡ ਵਿਭਾਗ ਦੇ ਮੁੱਖ ਸੰਸਦੀ ਸਕੱਤਰ ਪਵਨ ਕੁਮਾਰ ਟੀਨੂੰ ਤੇ ਸਾਬਕਾ ਓਲੰਪੀਅਨ ਅਤੇ ਵਿਧਾਇਕ ਪਰਗਟ ਸਿੰਘ ਨੂੰ ਕਮੇਟੀ ਦੇ ਮੀਤ ਚੇਅਰਮੈਨ ਤੇ ਖੇਡ ਵਿਭਾਗ ਦੇ ਡਾਇਰੈਕਟਰ ਨੂੰ ਪ੍ਰਬੰਧਕੀ ਸਕੱਤਰ ਬਣਾਇਆ ਗਿਆ ਹੈ।

# ਪੁਲਿਸ ਵੱਲੋਂ ਝੂਠੇ ਮੁਕਾਬਲੇ ਵਿਚ ਸਕੇ ਭਰਾਵਾਂ ਦੀ ਹੱਤਿਆ

**ਲੁਧਿਆਣਾ:** ਜਮਾਲਪੁਰ ਵਿਚ ਮਾਛੀਵਾੜਾ ਪੁਲਿਸ ਨੇ ਇਕ ਮਹਿਲਾ ਅਕਾਲੀ ਸਰਪੰਚ ਦੇ ਪਤੀ ਦੇ ਕਹਿਣ 'ਤੇ ਦੋ ਸਕੇ ਭਰਾਵਾਂ ਨੂੰ ਗੋਲੀਆਂ ਨਾਲ ਵਿੰਨ੍ਹ ਦਿੱਤਾ ਤੇ ਬਾਅਦ ਵਿਚ ਇਸ ਕਾਰਵਾਈ ਨੂੰ ਪੁਲਿਸ ਮੁਕਾਬਲਾ ਬਣਾਉਣ ਦੀ ਕੋਸ਼ਿਸ਼ ਕੀਤੀ ਪਰ ਪੋਸਟਮਾਰਟਮ ਦੀ ਰਿਪੋਰਟ ਨੇ ਪੁਲਿਸ ਦੀ ਪੋਲ ਖੋਲ ਦਿੱਤੀ। ਵਾਰਦਾਤ ਸਮੇਂ ਉਕਤ ਅਕਾਲੀ ਆਗੂ ਵੀ ਮੌਜੂਦ ਸੀ।

ਇਸ ਵਾਰਦਾਤ ਨੂੰ ਅੰਜਾਮ ਪਿੰਡ ਤੱਖਰਾਂ ਦੀ ਅਕਾਲੀ ਸਰਪੰਚ ਰਾਜਵਿੰਦਰ ਕੌਰ ਦੇ ਪਤੀ ਗੁਰਜੀਤ ਸਿੰਘ, ਥਾਣਾ ਮਾਛੀਵਾੜਾ ਦੇ ਐਸ.ਐਚ.ਓ. ਦੇ ਰੀਡਰ ਯਾਦਵਿੰਦਰ ਸਿੰਘ ਤੇ ਪੰਜਾਬ ਹੋਮਗਾਰਡ ਦੇ ਦੋ ਜਵਾਨਾਂ ਨੇ ਦਿੱਤਾ। ਲੁਧਿਆਣਾ ਤੇ ਖੰਨਾ ਪੁਲਿਸ ਨੇ ਆਪਣੇ ਮੁਲਾਜ਼ਮਾਂ ਨੂੰ ਬਚਾਉਣ ਲਈ ਕਹਾਣੀ ਘੜੀ। ਮ੍ਰਿਤਕਾਂ ਦੇ ਪੋਸਟਮਾਰਟਮ ਦੀ ਰਿਪੋਰਟ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਨੌਜਵਾਨਾਂ ਜਤਿੰਦਰ ਸਿੰਘ (25) ਤੇ ਹਰਿੰਦਰ ਸਿੰਘ (23) ਦਾ ਕਤਲ ਇਰਾਦੇ ਤਹਿਤ ਕੀਤਾ ਗਿਆ ਸੀ। ਉਨ੍ਹਾਂ ਦੇ ਸਿਰ 'ਤੇ ਵੱਜੀਆਂ ਗੋਲੀਆਂ ਗਵਾਹੀ ਭਰਦੀਆਂ ਹਨ ਕਿ ਪੁਲਿਸ ਦੇ ਨਾਲ ਆਏ ਮਹਿਲਾ ਸਰਪੰਚ ਦੇ ਪਤੀ ਨੇ ਜਾਣਬੁੱਝ ਕੇ ਨੌਜਵਾਨਾਂ ਦਾ ਕਤਲ ਕਰਵਾਇਆ।

ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਇਕ ਨੌਜਵਾਨ ਦੇ ਤਿੰਨ ਗੋਲੀਆਂ ਲੱਗੀਆਂ, ਜਦੋਂਕਿ ਦੂਜੇ ਦੇ ਦੋ ਗੋਲੀਆਂ ਲੱਗੀਆਂ ਸਨ। ਇਕ ਨੌਜਵਾਨ ਦੇ ਸਿਰ 'ਤੇ ਗੋਲੀ ਨੇੜਿਓਂ ਮਾਰੀ ਗਈ, ਜਦੋਂਕਿ ਦੂਜੇ ਵੱਲ ਖੱਬੇ ਪਾਸਿਓਂ ਗੋਲੀ ਚਲਾਈ ਗਈ। ਇਕ ਗੋਲੀ ਉਸਦੇ ਸਿਰ 'ਤੇ ਮਾਰੀ ਗਈ, ਜੋ ਅੰਦਰ ਰਹਿ ਗਈ ਤੇ ਦੂਜੀ ਉਸਦੇ ਸੀਨੇ ਵਿਚ ਮਾਰੀ ਗਈ ਤੇ ਤੀਜੀ ਉਸਦੀ ਬਾਂਹ 'ਤੇ ਮਾਰੀ ਗਈ। ਦੋਹਾਂ ਭਰਾਵਾਂ ਦੇ ਲੱਗੀਆਂ ਗੋਲੀਆਂ ਸਾਫ ਦੱਸ ਰਹੀਆਂ ਹਨ ਕਿ ਪੁਲਿਸ ਜਿਸਨੂੰ ਮੁਕਾਬਲਾ ਦੱਸ ਰਹੀ ਹੈ, ਉਹ ਅਸਲ ਵਿਚ ਪੁਲਿਸ ਤੇ ਮਹਿਲਾ ਸਰਪੰਚ ਦੇ ਪਤੀ ਵੱਲੋਂ ਕੀਤਾ ਕਤਲ ਹੈ।

ਪੁਲਿਸ ਨੇ ਪਹਿਲਾਂ ਚਾਰ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਤੇ ਬਾਅਦ ਵਿਚ ਕਾਂਸਟੇਬਲ ਯਾਦਵਿੰਦਰ ਸਿੰਘ, ਹੋਮਗਾਰਡ ਬਲਦੇਵ ਤੇ ਅਜੀਤ ਸਿੰਘ ਦੇ ਨਾਲ ਗੁਰਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਧਰ ਇਸ ਕੇਸ ਵਿਚ ਮਾਛੀਵਾੜਾ ਪੁਲਿਸ ਨੂੰ ਲੋੜੀਂਦੇ ਰਾਜਵੀਰ ਦੇ ਮਾਮੇ ਦੇ ਲੜਕੇ ਇੰਦਰਪਾਲ ਸਿੰਘ ਨੇ ਦੋਸ਼ ਲਾਇਆ ਕਿ ਪੁਲਿਸ ਨੇ ਸਾਰੇ ਨੌਜਵਾਨਾਂ ਖ਼ਿਲਾਫ਼ ਝੂਠਾ ਕੇਸ ਕੀਤਾ ਹੈ। ਪੁਲਿਸ ਨੇ ਅਜਿਹਾ ਸਿਆਸੀ ਦਬਾਅ ਹੇਠ ਕੀਤਾ ਹੈ। ਪੁਲਿਸ ਨੇ ਜਤਿੰਦਰ ਤੇ ਹਰਿੰਦਰ ਦਾ ਕਤਲ ਕਰਨ ਮਗਰੋਂ ਰਾਜਵੀਰ ਤੇ ਉਸ ਦੇ ਸਾਥੀ ਨੂੰ ਮੌਕੇ ਤੋਂ ਗ੍ਰਿਫ਼ਤਾਰ ਕਰ ਲਿਆ ਤੇ ਉਨ੍ਹਾਂ ਨੂੰ ਕਿਤੇ ਲੈ ਗਏ। ਪੁਲਿਸ ਨੇ ਰਾਜਵੀਰ ਦੇ ਪਰਿਵਾਰ ਨੂੰ ਇਹ ਵੀ ਨਹੀਂ ਦੱਸਿਆ ਕਿ ਉਹ ਕਿਸ ਥਾਣੇ ਵਿਚ ਹੈ। ਉਨ੍ਹਾਂ ਨੂੰ ਸ਼ੱਕ ਹੈ ਕਿ ਮਾਛੀਵਾੜਾ ਪੁਲਿਸ ਰਾਜਵੀਰ ਨਾਲ ਵੀ ਅਜਿਹਾ ਕਰ ਸਕਦੀ ਹੈ, ਜੋ ਦੋ ਭਰਾਵਾਂ ਨਾਲ ਕੀਤਾ।



## ਪੁਰਾਣੀ ਰੰਜ਼ਿਸ਼ ਦਾ ਲਿਆ ਬਦਲਾ

ਪੁਲਿਸ ਮੁਕਾਬਲੇ ਵਿਚ ਮਾਰੇ ਗਏ ਨੌਜਵਾਨ ਗ਼ਰੀਬ ਪਰਿਵਾਰ ਨਾਲ ਸਬੰਧਤ ਸਨ ਜਿਨ੍ਹਾਂ ਦੇ ਮਾਪਿਆਂ ਨੂੰ ਇਸ ਘਟਨਾ ਬਾਰੇ ਕੋਈ ਸੂਚਨਾ ਨਹੀਂ ਸੀ। ਮ੍ਰਿਤਕ ਨੌਜਵਾਨਾਂ ਦੇ ਪਿਤਾ ਸੱਤਪਾਲ ਸਿੰਘ ਦਾ ਕਹਿਣਾ ਹੈ ਕਿ ਇਕ ਮਹੀਨੇ ਤੋਂ ਉਨ੍ਹਾਂ ਦਾ ਆਪਣੇ ਲੜਕਿਆਂ ਨਾਲ ਕੋਈ ਸੰਪਰਕ ਨਹੀਂ ਹੋਇਆ। ਵਿਰੋਧੀ ਧਿਰ ਨੇ ਜਾਣਬੁੱਝ ਕੇ ਹਰਿੰਦਰ ਸਿੰਘ ਨੂੰ ਇਕ ਝਗੜੇ ਦੇ ਮਾਮਲੇ ਵਿਚ ਉਲਝਾ ਦਿੱਤਾ ਸੀ ਜੋ ਲੜਾਈ ਦੌਰਾਨ ਉਥੇ ਮੌਜੂਦ ਨਹੀਂ ਸੀ ਜਿਸ ਕਾਰਨ ਉਹ ਫ਼ਰਾਰ ਹੋ ਗਿਆ। ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਅਨੁਸਾਰ ਉਨ੍ਹਾਂ ਦੇ ਪੁੱਤਰਾਂ ਦੀ ਪਿੰਡ ਖੋਖਰਾਂ ਦੇ ਅਕਾਲੀ ਆਗੂ ਨਾਲ ਪੁਰਾਣੀ ਰੰਜ਼ਿਸ਼ ਸੀ। ਇਸ ਕਾਰਨ ਅਕਾਲੀ ਆਗੂ ਨੇ ਪੁਲਿਸ ਨਾਲ ਮਿਲ ਕੇ ਉਨ੍ਹਾਂ ਦੇ ਪੁੱਤਰਾਂ ਦੀ ਹੱਤਿਆ ਕਰ ਦਿੱਤੀ।

## ਐਸ.ਐਸ.ਪੀ. ਮੁਅੱਤਲ, ਪੰਜ ਮੁਲਾਜ਼ਮ ਬਰਤਰਫ

**ਮਾਛੀਵਾੜਾ:** ਦੋਸ਼ੀਆਂ ਖਿਲਾਫ਼ ਕਾਰਵਾਈ ਨਾ ਕਰਨ 'ਤੇ ਇਲਾਕਾ ਵਾਸੀਆਂ ਨੇ ਮ੍ਰਿਤਕਾਂ ਦੀਆਂ ਲਾਸ਼ਾਂ ਚੰਡੀਗੜ੍ਹ-ਲੁਧਿਆਣਾ ਹਾਈਵੇਅ 'ਤੇ ਰੱਖ ਕੇ ਜਾਮ ਲਾਇਆ ਜਿਸ ਤੋਂ ਬਾਅਦ ਸਰਕਾਰ ਵੱਲੋਂ ਖੰਨਾ ਦੇ ਐਸ.ਐਸ.ਪੀ. ਹਰਸ਼ ਬਾਂਸਲ ਨੂੰ ਸਸਪੈਂਡ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਮਾਛੀਵਾੜਾ ਥਾਣੇ ਦੇ ਐਸ.ਐਚ.ਓ. ਮਨਜਿੰਦਰ ਸਿੰਘ, ਐਸ.ਐਚ.ਓ. ਦੇ ਰੀਡਰ ਹੈੱਡ ਕਾਂਸਟੇਬਲ ਯਾਦਵਿੰਦਰ ਸਿੰਘ, ਹੋਮਗਾਰਡ ਦੇ ਜਵਾਨ ਬਲਦੇਵ ਤੇ ਅਜੀਤ ਸਿੰਘ ਨੂੰ ਨੌਕਰੀ ਤੋਂ ਡਿਸਮਿਸ ਕਰ ਦਿੱਤਾ ਗਿਆ ਹੈ। ਇਸ ਮਾਮਲੇ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਉੱਚ ਪੱਧਰੀ ਜਾਂਚ ਦਾ ਭਰੋਸਾ ਦਿਵਾਇਆ ਸੀ। ਧਰਨਾਕਾਰੀਆਂ ਨੇ ਕਿਹਾ ਕਿ ਜਮਾਲਪੁਰ ਵਿਚ ਪੁਲਿਸ ਮੁਕਾਬਲਾ ਨਹੀਂ ਹੋਇਆ, ਬਲਕਿ ਨੌਜਵਾਨਾਂ ਦਾ ਅਕਾਲੀ ਆਗੂ ਤੇ ਪੁਲਿਸ ਵੱਲੋਂ ਕਤਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜਦੋਂ ਨੌਜਵਾਨਾਂ ਨੂੰ ਪੁਲਿਸ ਤੇ ਗੁਰਜੀਤ ਸਿੰਘ ਨੇ ਗੋਲੀਆਂ ਮਾਰੀਆਂ ਤਾਂ ਉਨ੍ਹਾਂ ਨਾਲ ਬੋਹਾਪੁਰ ਦੇ ਦੋ ਨੌਜਵਾਨ ਪੀਟਰ ਤੇ ਜੋਰਜੀਆ ਵੀ ਸਨ। ਉਹ ਮੌਕੇ ਤੋਂ ਫ਼ਰਾਰ ਹੋ ਗਏ। ਉਨ੍ਹਾਂ ਖ਼ਿਲਾਫ਼ ਵੀ ਕੇਸ ਦਰਜ ਕੀਤਾ ਜਾਵੇ, ਕਿਉਂਕਿ ਇਹ ਦੋਵੇਂ ਨੌਜਵਾਨ ਵੀ ਪੁਲਿਸ ਦੇ ਨਾਲ ਸਨ। ਉਨ੍ਹਾਂ ਮਾਮਲੇ ਦੀ ਜੁਡੀਸ਼ੀਲ ਜਾਂਚ ਤੋਂ ਇਲਾਵਾ ਸੀ.ਬੀ.ਆਈ. ਜਾਂਚ ਦੀ ਮੰਗ ਕੀਤੀ।

## ਤਾਮਿਲਨਾਡੂ ਦੀ ਮੁੱਖ ਮੰਤਰੀ ਜੈਲਲਿਤਾ ਨੂੰ 4 ਸਾਲ ਕੈਦ

**ਬੰਗਲੌਰ:** ਇਥੋਂ ਦੀ ਇਕ ਵਿਸ਼ੇਸ਼ ਅਦਾਲਤ ਨੇ ਤਾਮਿਲਨਾਡੂ ਦੀ ਮੁੱਖ ਮੰਤਰੀ ਜੇ. ਜੈਲਲਿਤਾ ਨੂੰ 18 ਸਾਲ ਪੁਰਾਣੇ ਭ੍ਰਿਸ਼ਟਾਚਾਰ ਦੇ ਇਕ ਕੇਸ ਵਿਚ ਦੋਸ਼ੀ ਕਰਾਰ ਦਿੰਦਿਆਂ ਚਾਰ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਇਸ ਦੇ ਸਿੱਟੇ ਵਜੋਂ ਉਹ ਫੋਰੀ ਤੌਰ 'ਤੇ ਵਿਧਾਇਕਾ ਵਜੋਂ ਵੀ ਅਯੋਗ ਹੋ ਗਈ ਹੈ ਤੇ ਉਸ ਕੋਲੋਂ ਮੁੱਖ ਮੰਤਰੀ ਦੀ ਕੁਰਸੀ ਵੀ ਖੁੱਸ ਗਈ।

ਜੈਲਲਿਤਾ (66 ਸਾਲ) ਜਿਥੇ ਦੋ ਸਾਲ ਜਾਂ ਵੱਧ ਸਮੇਂ ਲਈ ਕੈਦ ਹੋਣ ਕਾਰਨ ਵਿਧਾਇਕਾ ਵਜੋਂ ਅਯੋਗ ਹੋਈ ਹੈ, ਉਥੇ ਤਿੰਨ ਸਾਲ ਤੋਂ ਵੱਧ ਸਮੇਂ ਦੀ ਸਜ਼ਾ ਹੋਣ ਕਾਰਨ ਉਸ ਨੂੰ ਸਿੱਧਾ ਜੇਲ੍ਹ ਵਿੱਚ ਜਾਣਾ ਪਿਆ। ਉਸ ਖ਼ਿਲਾਫ਼ 66.65 ਕਰੋੜ ਰੁਪਏ ਦੀ ਬੇਹਿਸਾਬੀ ਜਾਇਦਾਦ ਬਣਾਉਣ ਦੇ ਇਸ ਕੇਸ ਦੀ ਸੁਣਵਾਈ ਕਰਨ ਵਾਲੇ ਵਿਸ਼ੇਸ਼ ਜੱਜ ਜੌਹਨ ਮਾਈਕਲ ਡੀਚੁਨਹਾ ਨੇ ਉਸ ਨੂੰ 100 ਕਰੋੜ ਰੁਪਏ ਜੁਰਮਾਨਾ ਵੀ ਕੀਤਾ ਹੈ।

## ਡੇਰਾ ਸਰਸਾ ਵੱਲੋਂ ਫੇਸਬੁਕ ਰਾਹੀਂ ਚੇਲਿਆਂ ਦੀ ਭਰਤੀ

**ਪਟਿਆਲਾ:** ਚੇਲਿਆਂ ਦੀ ਗਿਣਤੀ ਵਧਾਉਣ ਲਈ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੇ ਹੁਣ ਸੋਸ਼ਲ ਮੀਡੀਆ ਦਾ ਰਾਹ ਫੜ ਲਿਆ ਹੈ। ਸੂਤਰਾਂ ਮੁਤਾਬਕ ਡੇਰਾ ਸਿਰਸਾ ਦੇ ਸਿਆਸੀ ਵਿੰਗ ਨੇ ਗੁਪਤ ਹੁਕਮ ਜਾਰੀ ਕਰ ਕੇ ਅਪਣੇ ਪੈਰੋਕਾਰਾਂ ਨੂੰ ਕਿਹਾ ਹੈ ਕਿ ਉਹ ਆਪਣਾ ਤੇ ਆਪਣੇ ਪਰਿਵਾਰ ਦੇ ਹਰ ਜੀਅ ਦਾ ਫੇਸਬੁਕ 'ਤੇ ਖਾਤਾ ਬਣਾਉਣ ਤਾਂ ਕਿ ਡੇਰੇ ਦਾ ਵੱਧ ਤੋਂ ਵੱਧ ਪ੍ਰਚਾਰ ਹੋ ਸਕੇ ਤੇ ਇੰਜ ਬਾਕੀ ਧਰਮਾਂ ਦੇ ਲੋਕਾਂ ਨੂੰ ਵੀ ਡੇਰੇ ਨਾਲ ਜੋੜਿਆ ਜਾ ਸਕੇ। ਹਰ ਪੈਰੋਕਾਰ ਨੂੰ ਫੇਸਬੁਕ ਅਕਾਊਂਟ 'ਤੇ ਆਪਣੇ ਨਾਮ ਨਾਲ ਸਿੰਘ, ਕੌਰ, ਕੁਮਾਰ, ਸ਼ਰਮਾ, ਚੰਦ, ਦੇਵ ਜਾਂ ਕਪੂਰ ਆਦਿ ਲਿਖਣ ਦੀ ਬਜਾਏ 'ਇੰਸਾ' ਸ਼ਬਦ ਲਿਖਣ ਦੇ ਹੁਕਮ ਦਿੱਤੇ ਗਏ ਹਨ। ਡੇਰਾ ਮੁਖੀ ਦੇ ਚੇਲੇ ਆਪਣੇ ਗੁਰੂ ਦਾ ਹੁਕਮ ਮੰਨਦਿਆਂ ਸਕਰੀਨ ਵਾਲੇ ਮੋਬਾਈਲ ਲੈ ਰਹੇ ਹਨ। ਕਈ ਪੈਰੋਕਾਰਾਂ ਦੀਆਂ ਫੇਸਬੁਕ ਖਾਤਾ ਬਣਾਉਣ ਵਾਸਤੇ ਡਿਊਟੀਆਂ ਲਾ ਦਿੱਤੀਆਂ ਗਈਆਂ ਹਨ। ਇਸ ਸਾਰੀ ਕਵਾਇਦ ਵਿਚ ਨੌਜਵਾਨ ਕੁੜੀਆਂ ਤੇ ਔਰਤਾਂ ਵਿਸ਼ੇਸ਼ ਭੂਮਿਕਾ ਨਿਭਾਅ ਰਹੀਆਂ ਹਨ।

ਜ਼ਿਕਰਯੋਗ ਹੈ ਕਿ ਜੇ ਫੇਸਬੁਕ 'ਤੇ ਪਾਇਆ ਗਿਆ ਸਟੇਟਸ ਜਨਤਕ ਕਰ ਦਿੱਤਾ ਜਾਵੇ ਤਾਂ ਫੇਸਬੁਕ ਵਰਤਣ ਵਾਲਾ ਮਿੱਤਰ ਵੀ ਇਸ ਨੂੰ ਪੜ੍ਹ-ਵੇਖ ਸਕਦਾ ਹੈ। ਸੂਤਰਾਂ ਮੁਤਾਬਕ ਵਿਸ਼ੇਸ਼ ਟ੍ਰੇਨਿੰਗ ਤਹਿਤ ਇਹ ਦੱਸਿਆ ਜਾ ਰਿਹਾ ਹੈ ਕਿ ਡੇਰਾ ਮੁਖੀ ਦੀਆਂ ਵੀਡਿਓਜ਼, ਫੋਟੋਆਂ ਜਾਂ ਸਟੇਟਸ ਨੂੰ ਹੋਰ ਧਰਮਾਂ ਵਾਲੇ ਦੋਸਤਾਂ ਤੱਕ ਪਹੁੰਚਾਉਣ ਲਈ ਕਿਵੇਂ ਟੈਗ ਕਰਨਾ ਹੈ। ਹਦਾਇਤਾਂ ਹਨ ਕਿ ਡੇਰਾ ਮੁਖੀ ਦਾ 'ਫ਼ੇਸਬੁਕ ਪੇਜ਼' ਵੱਧ ਤੋਂ ਵੱਧ ਲਾਈਕ ਕੀਤਾ ਤੇ ਕਰਵਾਇਆ ਜਾਵੇ। ਇਹ ਮੁਹਿੰਮ ਸ਼ੁਰੂ ਕਰਨ ਦਾ ਮੰਤਵ ਸਿਆਸੀ ਵੀ ਹੈ। ਫੇਸਬੁਕ 'ਤੇ ਡੇਰੇ ਦਾ ਜਿੰਨਾ ਜ਼ਿਆਦਾ ਪ੍ਰਚਾਰ ਹੋਵੇਗਾ, ਸਿਆਸੀ ਪਾਰਟੀਆਂ ਤੇ ਲੀਡਰ ਓਨੇ ਹੀ ਡੇਰੇ ਵੱਲ ਖਿਚੇ ਜਾਣਗੇ।

ਜ਼ਿਕਰਯੋਗ ਹੈ ਕਿ ਡੇਰਾ ਮੁਖੀ ਅੱਜਕਲ੍ਹ ਡੇਰੇ ਦੇ ਅੰਦਰ ਤੇ ਭਾਰਤ ਦੇ ਦੱਖਣ ਵਿਚ ਫ਼ਿਲਮ ਐਮ.ਐਸ.ਜੀ (ਮਸਤਾਨਾ, ਸਤਨਾਮ, ਗੁਰਮੀਤ) ਦਾ ਟਰੂਅ ਵੰਡਰ ਰੈਵੂਲੇਸ਼ਨਰੀ ਦੀ ਸ਼ੂਟਿੰਗ ਕਰ ਰਿਹਾ ਹੈ। ਇਸ ਬਾਰੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਉਹ ਪੰਜਾਬ ਤੋਂ ਬਾਹਰ ਹਨ ਤੇ ਸਾਰੇ ਮਸਲੇ ਦੀ ਜਾਣਕਾਰੀ ਪੰਜਾਬ ਵਾਪਸ ਆਉਣ 'ਤੇ ਹੀ ਲੈਣਗੇ। ਉਸ ਉਪਰੰਤ ਹੀ ਕੋਈ ਫ਼ੈਸਲਾ ਲਿਆ ਜਾਵੇਗਾ। ਸ਼੍ਰੋਮਣੀ ਕਮੇਟੀ ਦੇ ਸਕੱਤਰ (ਧਰਮ ਪ੍ਰਚਾਰ) ਸਤਬੀਰ ਸਿੰਘ ਨੇ ਕਿਹਾ ਕਿ ਐਸ.ਜੀ.ਪੀ.ਸੀ. ਗੁਰਮਿਤ ਸਿਖਲਾਈ ਕੈਂਪ ਲਾਏਗੀ ਤੇ ਨਸ਼ਿਆਂ ਵਿਰੁੱਧ ਪ੍ਰਚਾਰ ਕਰੇਗੀ। ਉਨ੍ਹਾਂ ਦੱਸਿਆ ਕਿ ਕਮੇਟੀ ਵੱਲੋਂ ਸਿੱਖੀ ਦੇ ਪ੍ਰਚਾਰ ਲਈ ਕੋਸ਼ਿਸ਼ਾਂ ਤੇਜ਼ ਕੀਤੀਆਂ ਜਾ ਰਹੀਆਂ ਹਨ।

## Matrimonial

### ਕੰਨਿਆ ਦੀ ਲੋੜ

ਇੰਡੀਆ ਰਹਿੰਦੇ ਰਾਮਗੜੀਏ ਸਿੱਖ, 31 ਸਾਲ, 5'-9", ਮਕੈਨੀਕਲ ਇੰਜੀਨੀਅਰ ਅਤੇ ਆਈ ਟੀ ਆਈ ਡਿਪਲੋਮਾ ਹੋਲਡਰ, ਵੈਸ਼ਨੋ ਲੜਕੇ ਲਈ ਅਮੈਰਿਕਾ/ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਕਾਰੋਬਾਰੀ ਮਾਪਿਆਂ ਦਾ ਇਕਲੌਤਾ ਪੁੱਤ। ਪਰਿਵਾਰ ਤੇ ਰਿਸ਼ਤੇਦਾਰ ਵਿਦੇਸ਼ਾਂ ਵਿਚ ਸੈਟਲਡ। ਸੰਪਰਕ ਕਰੋ: husanvick@yahoo.com, ਫੋਨ: 513-807-3707, ਇੰਡੀਆ 91-98551-79679 *38-41*

### ਸਾਥੀ ਦੀ ਭਾਲ

ਕੰਬੋਜ ਥਿੰਦ, ਉਮਰ 48 ਸਾਲ, ਕੱਦ 6'-2", ਵਧੀਆ ਰੈਸਟੋਰੈਂਟ ਵਿਚ ਸ਼ੈਫ ਦਾ ਕੰਮ ਕਰਦੇ ਮਰਦ ਲਈ ਗਰੀਨ ਕਾਰਡ ਹੋਲਡਰ ਜਾਂ ਸਿਟੀਜ਼ਨ ਔਰਤ ਦੀ ਲੋੜ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁਕੀ ਹੈ। ਸੰਪਰਕ ਕਰੋ, ਫੋਨ: 510-613-5071 ਜਾਂ 408-613-6243 *38-41*

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

FARMERS INSURANCE GROUP
FARMERS
ਆਟੋ, ਘਰ, ਬਿਜ਼ਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਰੋਹ ਵਿਚ ਆਏ ਲੋਕਾਂ ਨੇ ਸੁਖਬੀਰ ਬਾਦਲ ਦਾ ਰਾਹ ਡੱਕਿਆ

**ਲੰਬੀ:** ਪਿੰਡ ਬਾਦਲ ਦੇ ਲੋਕਾਂ ਦੇ ਤਿੱਖੇ ਵਿਰੋਧ ਕਰ ਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜੱਦੀ ਪਿੰਡ ਦੇ ਵੀ.ਆਈ.ਪੀ. ਛੱਪੜ ਨੂੰ ਪਾਰਕ ਵਿਚ ਬਦਲਣ ਦੇ ਪ੍ਰੋਜੈਕਟ ਦਾ ਨੀਂਹ ਪੱਥਰ ਨਾ ਰੱਖਿਆ ਜਾ ਸਕਿਆ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਛੱਪੜ ਦੇ ਨਵੀਨੀਕਰਨ ਪਾਰਕ ਦੀ ਉਸਾਰੀ ਲਈ ਨੀਂਹ ਪੱਥਰ ਰੱਖਿਆ ਜਾਣਾ ਸੀ। ਬਠਿੰਡਾ ਰੋਡ 'ਤੇ ਸਥਿਤ ਛੱਪੜ ਦੇ ਬਾਹਰਲੇ ਪਾਸੇ ਬਾਕਾਇਦਾ ਉਪ ਮੁੱਖ ਮੰਤਰੀ ਵੱਲੋਂ ਟੈਂਟ ਵਗੈਰਾ ਲਗਾ ਕੇ ਪੂਰੀ ਤਿਆਰੀ ਕੀਤੀ ਹੋਈ ਸੀ। ਇਹ ਛੱਪੜ ਮੀਂਹਾਂ ਸਮੇਂ ਪਿੰਡ ਬਾਦਲ ਵਿਚੋਂ ਬਰਸਾਤੀ ਪਾਣੀ ਦੀ ਨਿਕਾਸੀ ਦਾ ਵੱਡਾ ਜ਼ਰੀਆ ਹੈ। ਜਿਥੋਂ ਮੋਟਰਾਂ ਰਾਹੀਂ ਪਾਣੀ ਅਗਾਂਹ ਸੇਮ ਨਾਲੇ ਵਿਚ ਛੱਡ ਦਿੱਤਾ ਜਾਂਦਾ ਹੈ।

ਪਿੰਡ ਬਾਦਲ ਮੁੱਖ ਸੜਕ 'ਤੇ ਪੈਂਦੇ ਇਸ ਛੱਪੜ ਨੂੰ ਪਿੰਡ ਦੀ 'ਵੀ.ਆਈ.ਪੀ. ਲੁੱਕ' ਵਿਚ ਅੜਿੱਕਾ ਮੰਨਦਿਆਂ ਇਸ 'ਤੇ ਲੱਖਾਂ ਰੁਪਏ ਖਰਚ ਕੇ ਕੰਧਾਂ ਉਸਾਰ ਕੇ ਕਿਲ੍ਹਾਨੁਮਾ ਬਣਾ ਦਿੱਤਾ ਗਿਆ ਸੀ। ਪਹਿਲਾਂ ਤੋਂ ਵੱਡੇ ਲੋਕਾਂ ਦੇ ਕਬਜ਼ਿਆਂ ਦੀ ਮਾਰ ਝੱਲ ਰਹੇ ਇਸ ਛੱਪੜ 'ਤੇ 24 ਲੱਖ ਰੁਪਏ ਦੀ ਲਾਗਤ ਨਾਲ ਅਤਿ ਆਧੁਨਿਕ ਪਾਰਕ ਦਾ ਨੀਂਹ-ਪੱਥਰ ਰੱਖੇ ਜਾਣ ਦੀ ਤਿਆਰੀਆਂ ਵੇਖ ਕੇ ਪਿੰਡ ਦੇ ਆਮ ਲੋਕ ਇਕੱਠੇ ਹੋਏ ਤੇ ਨੀਂਹ-ਪੱਥਰ ਸਮਾਗਮ ਲਈ ਲਾਏ ਟੈਂਟ ਮੂਹਰੇ ਬੈਠ ਕੇ ਰੋਸ ਪ੍ਰਗਟਾਉਣ ਲੱਗੇ। ਲੋਕਾਂ ਨੇ ਕਿਹਾ ਕਿ ਇਸ ਛੱਪੜ ਦਾ ਰਕਬਾ ਤਕਰੀਬਨ ਪੰਜ ਏਕੜ ਸੀ ਜੋ ਕੁਝ ਲੋਕਾਂ ਵੱਲੋਂ ਕਬਜ਼ਾ ਕੀਤੇ ਜਾਣ ਕਰ ਕੇ ਹੁਣ ਸਿਰਫ਼ ਦੋ ਏਕੜ ਤੱਕ ਸੀਮਤ ਹੋ ਕੇ ਰਹਿ ਗਿਆ।

**ਨੀਂਹ ਪੱਥਰ ਤੋਂ ਪਰਦਾ ਨਾ ਚੁੱਕ ਸਕੇ**




ਪਿੰਡ ਵਾਸੀਆਂ ਨੇ ਆਖਿਆ ਕਿ ਇਕ ਪਾਸੇ ਤਾਂ ਚੌਰਾਹਿਆਂ 'ਤੇ ਸਵੱਛ ਭਾਰਤ ਮੁਹਿੰਮ ਦੇ ਹੋਰਡਿੰਗ ਲਗਾ ਕੇ ਸਾਫ਼-ਸਫ਼ਾਈ ਲਈ ਲੋਕਾਂ ਨੂੰ ਪ੍ਰੇਰਿਆ ਜਾ ਰਿਹਾ ਹੈ, ਦੂਜੇ ਪਾਸੇ ਛੱਪੜ ਦੀ ਥਾਂ ਵਿਚ ਪਾਰਕ ਬਣਾ ਕੇ ਪਿੰਡ ਦੇ ਲੋਕਾਂ ਨੂੰ ਜਿਉਂਦੇ ਜੀਅ ਨਰਕ ਵਿਚ ਧੱਕਿਆ ਜਾ ਰਿਹਾ ਹੈ। ਸਰਕਾਰ ਵੱਲੋਂ ਕਰੋੜਾਂ ਫੂਕ ਕੇ ਬਣਾਇਆ ਸੀਵਰੇਜ ਸਿਸਟਮ ਮੁੱਢਲੇ ਪੜਾਅ 'ਤੇ ਫੇਲ੍ਹ ਹੋ ਚੁੱਕਿਆ ਹੈ। ਪਾਣੀ ਨਿਕਾਸੀ ਲਈ ਇਸ ਛੱਪੜ 'ਤੇ ਹੀ ਵੱਡੀ ਟੇਕ ਹੈ। ਪਿੰਡ ਵਾਸੀਆਂ ਨੇ ਚਿਤਾਵਨੀ ਦਿੱਤੀ ਕਿ ਉਹ ਛੱਪੜ ਵਾਲੀ ਜਗ੍ਹਾ 'ਤੇ ਕਿਸੇ ਕੀਮਤ ਪਾਰਕ ਨਹੀਂ ਬਣਨ ਦੇਣਗੇ। ਨੀਂਹ ਪੱਥਰ ਰੱਖਣ ਲਈ ਉਪ ਮੁੱਖ ਮੰਤਰੀ ਦੇ ਪਿੰਡ ਪੁੱਜਣ 'ਤੇ ਪਿੰਡ ਵਾਸੀਆਂ ਦੇ ਇਕ ਵਫ਼ਦ ਨੂੰ ਉਨ੍ਹਾਂ ਨਾਲ ਮਿਲਵਾਇਆ ਗਿਆ। ਪਿੰਡ ਵਾਸੀਆਂ ਨੇ ਪਾਰਕ ਬਣਨ 'ਤੇ ਪਾਣੀ ਨਿਕਾਸੀ ਦੀ ਸਮੱਸਿਆ ਸੁਖਬੀਰ ਸਿੰਘ ਬਾਦਲ ਕੋਲ ਬਿਆਨੀ। ਸੂਤਰਾਂ ਅਨੁਸਾਰ ਸ. ਬਾਦਲ ਨੇ ਪਿੰਡ ਵਾਸੀਆਂ ਨੂੰ ਪਾਰਕ ਨਾ ਬਣਾਉਣ ਦਾ ਭਰੋਸਾ ਦਿਵਾਇਆ। ਇਸ ਮੌਕੇ ਉਪ ਮੁੱਖ ਮੰਤਰੀ ਦੇ ਨਿੱਜੀ ਸਕੱਤਰ ਨੇ ਮੌਕੇ 'ਤੇ ਪੁੱਜ ਕੇ ਲੋਕਾਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ। ਇਸ ਤੋਂ ਬਾਅਦ ਨੀਂਹ ਪੱਥਰ ਸਮਾਗਮ ਦੇ ਟੈਂਟ ਨੂੰ ਮੂਹਰੇ ਪਰਦਾ ਲਗਾ ਕੇ ਬੰਦ ਕਰ ਦਿੱਤਾ ਗਿਆ। ਇਸੇ ਦੌਰਾਨ ਪੰਚਾਇਤੀ ਰਾਜ ਵਿਭਾਗ ਸਮੇਤ ਹੋਰ ਸਰਕਾਰੀ ਕਰਮਚਾਰੀ ਟੈਂਟ ਦੇ ਆਲੇ-ਦੁਆਲੇ ਘੁੰਮਦੇ ਰਹੇ। ਇਸ ਬਾਰੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਡਿਪਟੀ ਕਮਿਸ਼ਨਰ ਜਸਕਿਰਨ ਸਿੰਘ ਨੇ ਆਖਿਆ ਕਿ ਇਹ ਕਾਫ਼ੀ ਪੁਰਾਣਾ ਪ੍ਰੋਜੈਕਟ ਹੈ ਪਰ ਲੋਕਾਂ ਦਾ ਵਿਰੋਧ ਸਾਹਮਣੇ ਆਇਆ ਹੈ ਤੇ ਇਸ ਨੂੰ ਲੋਕਾਂ ਨਾਲ ਬੈਠ ਕੇ ਇਸ ਦਾ ਢੁਕਵਾ ਹੱਲ ਕਰ ਲਿਆ ਜਾਵੇਗਾ।

# ਚੋਰੀ ਹੁੰਦੇ ਤੇਲ 'ਤੇ ਲਗਾਮ ਕੱਸਣ ਦੀ ਤਿਆਰੀ

**ਚੰਡੀਗੜ੍ਹ:** ਅਹਿਮ ਹਸਤੀਆਂ ਦੇ ਕਾਫਲੇ ਦੀਆਂ ਸਰਕਾਰੀ ਗੱਡੀਆਂ ਵਿਚੋਂ ਪੈਟਰੋਲ ਤੇ ਡੀਜ਼ਲ ਦੀ ਚੋਰੀ ਨੂੰ ਰੋਕਣ ਲਈ ਸਟੇਟ ਟਰਾਂਸਪੋਰਟ ਵਿਭਾਗ ਨੇ ਕਮਰ ਕੱਸੇ ਕਰ ਲਏ ਹਨ। ਪੰਜਾਬ ਦੇ ਮੁੱਖ ਮੰਤਰੀ, ਉਪ ਮੁੱਖ ਮੰਤਰੀ, ਸਾਰੇ ਮੰਤਰੀਆਂ ਅਤੇ ਮੁੱਖ ਪਾਰਲੀਮਾਨੀ ਸਕੱਤਰਾਂ ਨੂੰ ਮਿਲਿਆ ਟਰਾਂਸਪੋਰਟ ਵਿਭਾਗ ਦਾ ਅਮਲਾ ਬਦਲਿਆ ਜਾ ਰਿਹਾ ਹੈ।

ਟਰਾਂਸਪੋਰਟ ਵਿਭਾਗ ਦੇ ਅਮਲੇ ਦੇ ਕੁਝ ਮੈਂਬਰਾਂ ਵੱਲੋਂ ਓਡੋਮੀਟਰ (ਵਾਹਨ ਦੀ ਦੂਰੀ ਮਾਪਣ ਵਾਲਾ ਮੀਟਰ) 'ਚ ਹੇਰਾਫੇਰੀ ਦਾ ਮਾਮਲਾ ਉਸ ਸਮੇਂ ਸਾਹਮਣੇ ਆਇਆ ਜਦੋਂ ਮੁੱਖ ਪਾਰਲੀਮਾਨੀ ਸਕੱਤਰ ਐਨ.ਕੇ. ਸ਼ਰਮਾ ਨੇ ਦੇਖਿਆ ਕਿ ਉਨ੍ਹਾਂ ਦੇ ਕਾਫਲੇ 'ਚ ਤਾਇਨਾਤ ਗੱਡੀ ਦੇ ਪੈਟਰੋਲ ਦਾ ਬਿੱਲ 53 ਲੱਖ 48 ਹਜ਼ਾਰ ਰੁਪਏ ਸਰਕਾਰੀ ਖਜ਼ਾਨੇ 'ਚੋਂ ਵਸੂਲਿਆ ਗਿਆ ਹੈ। 16 ਮਹੀਨਿਆਂ ਦੇ ਸਫ਼ਰ ਦਾ ਜ਼ਿਆਦਾ ਬਿੱਲ ਆਉਣ ਕਰਕੇ ਸ੍ਰੀ ਸ਼ਰਮਾ ਨੇ ਟਰਾਂਸਪੋਰਟ ਵਿਭਾਗ ਕੋਲ ਪਹੁੰਚ ਕਰ ਕੇ ਇਸ ਦੀ ਜਾਂਚ ਕਰਾਉਣ ਦੀ ਮੰਗ ਕੀਤੀ।

ਟਰਾਂਸਪੋਰਟ ਵਿਭਾਗ ਦੇ ਸਕੱਤਰ ਅਨੁਰਾਗ ਅਗਰਵਾਲ ਨੇ ਸਟੇਟ ਟਰਾਂਸਪੋਰਟ ਕਮਿਸ਼ਨ ਦੇ ਸਾਰੇ 177 ਅਮਲੇ ਨੂੰ ਬਦਲਣ ਦੀ ਕਾਰਵਾਈ ਪ੍ਰਸ਼ਾਸਕੀ ਫੈਸਲਾ ਦੱਸਿਆ ਹੈ। ਉਂਜ ਸੂਤਰਾਂ ਨੇ ਪੁਸ਼ਟੀ ਕੀਤੀ ਹੈ ਕਿ ਘੁਟਾਲਾ ਸਾਹਮਣੇ ਆਉਣ ਬਾਅਦ ਇਹ ਅਮਲਾ ਬਦਲਿਆ ਜਾ ਰਿਹਾ ਹੈ। ਮੁੱਖ ਪਾਰਲੀਮਾਨੀ ਸਕੱਤਰ ਐਨ.ਕੇ. ਸ਼ਰਮਾ ਨਾਲ ਸੰਪਰਕ ਕਰਨ 'ਤੇ ਉਨ੍ਹਾਂ ਤੇਲ ਦੇ ਵਾਧੂ ਖਰਚੇ ਦੀ ਜਾਂਚ ਕਰਾਉਣ ਦੀ ਮੰਗ ਬਾਰੇ ਪੁਸ਼ਟੀ ਕੀਤੀ ਹੈ। ਪੰਜਾਬ ਦੇ ਟਰਾਂਸਪੋਰਟ ਮਹਿਕਮੇ ਨੇ ਜਾਂਚ ਦੌਰਾਨ ਪਾਇਆ ਕਿ ਸਰਕਾਰ ਗੱਡਿਆਂ ਦੇ ਤੇਲ ਲਈ ਹਰ ਮਹੀਨੇ ਕਰੋੜਾਂ ਰੁਪਏ ਦੇ ਬਿੱਲ ਦਾ ਭੁਗਤਾਨ ਕਰ ਰਹੀ ਹੈ ਜਦਕਿ ਕਈ ਮਾਮਲਿਆਂ 'ਚ ਤੇਲ ਦੀ ਖਪਤ ਦੇ ਫਰਜ਼ੀ ਬਿੱਲ ਕੀਤੇ ਗਏ ਸਨ।

ਜਾਂਚ 'ਚ ਇਹ ਗੱਲ ਵੀ ਸਾਹਮਣੇ ਆਈ ਕਿ ਓਡੋਮੀਟਰਾਂ ਨਾਲ ਛੇੜਖਾਨੀ ਕੀਤੀ ਗਈ ਹੈ। ਸੂਤਰਾਂ ਮੁਤਾਬਕ ਟਰਾਂਸਪੋਰਟ ਵਿਭਾਗ ਨੇ ਹੁਣ ਓਡੋਮੀਟਰਾਂ 'ਚ ਸੀਲ ਲਾਉਣ ਦਾ ਕੰਮ ਵੀ ਆਰੰਭ ਦਿੱਤਾ ਹੈ ਤਾਂ ਜੋ ਸਫਰ ਦੀ ਦੂਰੀ 'ਚ ਕੋਈ ਛੇੜਖਾਨੀ ਨਾ ਕੀਤੀ ਜਾ ਸਕੇ।

## ਤ੍ਰਿਣਮੂਲ ਆਗੂ ਵੱਲੋਂ ਸਿੱਖਾਂ ਦੀ ਪ੍ਰਸ਼ੰਸਾ

**ਕੋਲਕਾਤਾ:** ਇਥੇ ਸ਼ਹੀਦ-ਏ-ਆਜ਼ਾਦ ਭਗਤ ਸਿੰਘ ਦਾ 107ਵਾਂ ਜਨਮ ਦਿਹਾੜਾ ਮਨਾਇਆ ਗਿਆ। ਇਸ ਲਈ ਤ੍ਰਿਣਮੂਲ ਕਾਂਗਰਸ ਦੇ ਘੱਟ-ਗਿਣਤੀ ਸੈੱਲ ਵੱਲੋਂ ਮਿੰਟੋ ਪਾਰਕ ਵਿਖੇ ਵਿਸ਼ੇਸ਼ ਸਮਾਰੋਹ ਕੀਤਾ ਗਿਆ। ਤ੍ਰਿਣਮੂਲ ਕਾਂਗਰਸ ਦੀ ਘੱਟ ਗਿਣਤੀ ਸੈੱਲ ਦੇ ਚੇਅਰਮੈਨ ਇਦਰਿਸ ਅਲੀ ਨੇ ਇਸ ਮੌਕੇ ਸੰਬੋਧਨ ਕਰਦਿਆਂ ਸਿੱਖ ਭਾਈਚਾਰੇ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਅਤੀਤ ਦੀ ਗੱਲ ਤਾਂ ਦੂਰ ਦੀ ਹੈ, ਹੁਣੇ-ਹੁਣੇ ਜਦੋਂ ਕਸ਼ਮੀਰ ਵਿਚ ਹੜ੍ਹਾਂ ਨੇ ਤਬਾਹੀ ਮਚਾਈ ਤਾਂ ਹੜ੍ਹਾਂ ਨਾਲ ਪੀੜਤ ਲੋਕਾਂ ਲਈ ਲੰਗਰ ਅਤੇ ਹੋਰ ਸਹਾਇਤਾ ਸਮੱਗਰੀ ਸਿੱਖਾਂ ਵੱਲੋਂ ਹੀ ਸਭ ਤੋਂ ਪਹਿਲਾਂ ਭੇਜੀ ਗਈ।

## ਬੁਰੇ ਹਾਲੀਂ ਹੈ ਅਦਾਕਾਰ ਸਤੀਸ਼ ਕੌਲ

**ਪਟਿਆਲਾ:** ਦਹਾਕਿਆਂਬੱਧੀ ਪੰਜਾਬੀਆਂ ਦੇ ਦਿਲਾਂ 'ਤੇ ਰਾਜ ਕਰਨ ਵਾਲਾ ਫ਼ਿਲਮੀ ਅਦਾਕਾਰ ਸਤੀਸ਼ ਕੌਲ ਅੱਜ ਤਰਸ ਭਰੀ ਜ਼ਿੰਦਗੀ ਜਿਉਣ ਲਈ ਮਜਬੂਰ ਹੈ। ਪਿਛਲੇ ਕਰੀਬ ਦੋ ਮਹੀਨੇ ਤੋਂ ਉਹ ਚੂਲਾ ਟੁੱਟਣ ਕਾਰਨ ਇੱਥੋਂ ਦੇ ਇੱਕ ਪ੍ਰਾਈਵੇਟ ਹਸਪਤਾਲ ਵਿਚ ਦਾਖਲ ਹੈ ਅਤੇ 'ਬੈੱਡ ਸੋਰ' ਦਾ ਵੀ ਸ਼ਿਕਾਰ ਹੋ ਚੁੱਕਿਆ ਹੈ। ਡੇਢ ਸੌ ਦੇ ਕਰੀਬ ਪੰਜਾਬੀ ਤੇ ਹਿੰਦੀ ਫ਼ਿਲਮਾਂ ਵਿਚ ਆਪਣੀ ਅਦਾਕਾਰੀ ਦਾ ਲੋਹਾ ਮਨਵਾ ਚੁੱਕੇ ਸਤੀਸ਼ ਕੌਲ ਕੋਲ ਅੱਜ ਨਾ ਹੀ ਕੋਈ ਪਰਿਵਾਰਕ ਮੈਂਬਰ ਹੈ ਤੇ ਨਾ ਹੀ ਆਪਣਾ ਘਰ। ਦੋ ਮਹੀਨੇ ਪਹਿਲਾਂ ਬਾਥਰੂਮ ਵਿਚ ਨਹਾਉਣ ਵੇਲੇ ਡਿੱਗ ਜਾਣ ਕਾਰਨ ਉਹਦਾ ਸੱਜਾ ਚੂਲਾ ਟੁੱਟ ਗਿਆ ਸੀ ਜਿਸ ਮਗਰੋਂ ਉਸ ਨੂੰ ਇਕ ਪ੍ਰਾਈਵੇਟ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਸੀ। ਹੁਣ ਵੀ ਇਹ ਅਦਾਕਾਰ ਹਸਪਤਾਲ ਵਿਚ ਹੀ ਹੈ।

# ਅਮਰੀਕਾ ਦੀ ਸ਼ਹਿ 'ਤੇ ਛਾਇਆ ਮੋਦੀ

*(ਸਫਾ ਇਕ ਦੀ ਬਾਕੀ)*

ਤੋਂ ਭਾਵ ਇਹ ਨਹੀਂ ਕਿ ਭਾਰਤ ਤੇ ਅਮਰੀਕਾ ਇਨ੍ਹਾਂ ਅਤਿਵਾਦੀ ਸੰਗਠਨਾਂ ਖਿਲਾਫ ਕੋਈ ਕਾਰਵਾਈ ਸ਼ੁਰੂ ਕਰ ਰਹੇ ਹਨ, ਬਲਕਿ ਭਾਰਤ ਸੰਯੁਕਤ ਰਾਸ਼ਟਰ ਵੱਲੋਂ ਦਿੱਤੇ ਗਏ ਕੰਮ ਨੂੰ ਅੰਜਾਮ ਦੇਵੇਗਾ।

**ਸਿੱਖਾਂ ਦੇ ਮਸਲੇ ਹੱਲ ਕਰਨ ਦਾ ਭਰੋਸਾ**

**ਨਿਊ ਯਾਰਕ:** ਅਮਰੀਕੀ ਸਿੱਖਾਂ ਦੇ ਵਫ਼ਦ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਮੁਲਾਕਾਤ ਕੀਤੀ। ਉਨ੍ਹਾਂ ਪੰਜਾਬ ਤੇ ਸਿੱਖਾਂ ਨਾਲ ਸਬੰਧਤ ਕਈ ਮਸਲੇ ਪ੍ਰਧਾਨ ਮੰਤਰੀ ਕੋਲ ਰੱਖੇ। ਮੋਦੀ ਨੂੰ ਸਿੱਖਾਂ ਖ਼ਾਸਕਰ 1980 ਦੇ ਦਹਾਕੇ ਵਿਚ ਸਿਆਸੀ ਸ਼ਰਨ ਲਈ ਬਿਨੈ ਕਰਨ ਵਾਲੇ ਲੋਕਾਂ, ਸਾਹਮਣੇ ਵੀਜ਼ਾ ਜਾਂ ਪਾਸਪੋਰਟ ਦੇ ਨਵੀਨੀਕਰਨ ਲਈ ਬਿਨੈ ਕਰਨ ਸਮੇਂ ਆਉਣ ਵਾਲੇ ਅੜਿੱਕੇ ਦੂਰ ਕਰਨ ਦੀ ਅਪੀਲ ਕੀਤੀ ਗਈ। ਇਸ 29 ਮੈਂਬਰੀ ਵਫ਼ਦ ਨੇ ਪ੍ਰਧਾਨ ਮੰਤਰੀ ਨੂੰ ਦਿੱਤੇ ਮੰਗ ਪੱਤਰ ਵਿਚ ਕਿਹਾ ਕਿ ਭਾਰਤੀ ਸਫ਼ਾਰਤਖ਼ਾਨੇ ਦੇ ਵੀਜ਼ਾ ਦੇਣ ਤੋਂ ਇਨਕਾਰ ਕਰਨ ਜਾਂ ਪਾਸਪੋਰਟ ਦਾ ਨਵੀਨੀਕਰਨ ਨਾ ਕਰਨ ਤੋਂ ਐਨ.ਆਰ.ਆਈ. ਸਿੱਖ ਖ਼ੁਦ ਨੂੰ ਅਲੱਗ-ਥਲੱਗ ਮਹਿਸੂਸ ਕਰਦਾ ਹੈ ਤੇ ਲੋਕ ਆਪਣੇ ਪਰਿਵਾਰ ਨੂੰ ਮਿਲਣ ਤੇ ਭਾਰਤ ਵਿਚ ਆਪਣੀ ਜਾਇਦਾਦ ਦੀ ਸੰਭਾਲ ਕਰਨ ਤੋਂ ਵਾਂਝੇ ਰਹਿ ਜਾਂਦੇ ਹਨ, ਕਿਉਂਕਿ ਉਨ੍ਹਾਂ ਨੇ ਪੰਜਾਬ ਵਿਚ ਉਥਲ-ਪੁਥਲ ਵਾਲੇ ਸਮੇਂ ਵਿਚ ਅਮਰੀਕਾ ਵਿਖੇ ਸਿਆਸੀ ਸ਼ਰਨ ਲਈ ਬਿਨੈ ਕੀਤਾ ਸੀ। ਇਕ ਘੰਟੇ ਦੀ ਬੈਠਕ ਵਿਚ ਸਿੱਖਾਂ ਦੇ ਕਈ ਦੂਜੇ ਮੁੱਦਿਆਂ 'ਤੇ ਵੀ ਚਰਚਾ ਕੀਤੀ ਗਈ। ਮੰਗ ਪੱਤਰ ਵਿਚ ਕਿਹਾ ਗਿਆ ਕਿ ਤਿੰਨ ਦਹਾਕੇ ਪਹਿਲਾਂ ਸਿਆਸੀ ਸ਼ਰਨ ਲਈ ਬਿਨੈ ਕਰਨ ਲਈ ਹੁਣ ਵੀ ਐਨ.ਆਰ.ਆਈ. ਸਿੱਖਾਂ ਨੂੰ ਸਜ਼ਾ ਦਿੱਤੀ ਜਾ ਰਹੀ ਹੈ। ਸਿੱਖਾਂ ਨੇ 1984 ਦੇ ਸਿੱਖ ਕਤਲੇਆਮ ਅਤੇ ਗੁਜਰਾਤ ਦੇ ਸਿੱਖ ਕਿਸਾਨਾਂ ਦਾ ਮੁੱਦਾ ਵੀ ਚੁੱਕਿਆ। ਪ੍ਰਧਾਨ ਮੰਤਰੀ ਨੇ ਇਸ ਮੌਕੇ ਭਾਰਤ ਲਈ ਸਿੱਖਾਂ ਵੱਲੋਂ ਦਿੱਤੀ ਕੁਰਬਾਨੀ ਨੂੰ ਯਾਦ ਕੀਤਾ। ਪ੍ਰਧਾਨ ਮੰਤਰੀ ਨੇ ਸਿੱਖਾਂ ਦੀਆਂ ਚਿੰਤਾਵਾਂ ਬਾਬਤ ਕਿਹਾ ਕਿ ਸਰਕਾਰ ਇਨ੍ਹਾਂ 'ਤੇ ਗ਼ੌਰ ਕਰੇਗੀ ਤੇ ਕੋਈ ਹੱਲ ਕੱਢਿਆ ਜਾਵੇਗਾ।

## ਲੋਕਾਂ ਦੀ ਨਾਰਾਜ਼ਗੀ ਬਾਦਲਾਂ ਖਿਲਾਫ ਗੁੱਸੇ ਦਾ ਨਮੂਨਾ: ਬਾਜਵਾ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਵਿਕਾਸ ਮਾਡਲ ਖ਼ਿਲਾਫ਼ ਪਿੰਡ ਬਾਦਲ ਵਿਚ ਲੋਕਾਂ ਦੀ ਨਰਾਜ਼ਗੀ ਨੂੰ ਸੂਬੇ ਵਿਚ ਸਰਕਾਰ ਖ਼ਿਲਾਫ਼ ਗੁੱਸੇ ਦਾ ਨਮੂਨਾ ਦੱਸਿਆ ਹੈ।

ਸ੍ਰੀ ਬਾਜਵਾ ਨੇ ਕਿਹਾ ਕਿ ਜੇ ਉਪ ਮੁੱਖ ਮੰਤਰੀ ਦੇ ਜੱਦੀ ਪਿੰਡ ਦਾ ਇਹ ਹਾਲ ਹੈ ਤਾਂ ਪੂਰੇ ਸੂਬੇ ਵਿਚ ਕੀ ਸਥਿਤੀ ਹੋਵੇਗੀ? ਉਨ੍ਹਾਂ ਕਿਹਾ ਕਿ ਬਾਦਲ ਪਿੰਡ ਸਿੱਧੇ ਤੌਰ 'ਤੇ ਵੰਡਿਆ ਹੋਇਆ ਹੈ ਜਿੱਥੇ ਬਾਦਲ ਪਰਿਵਾਰ ਦਾ ਕਰੀਬ ਤਿੰਨ ਦਹਾਕਿਆਂ ਤੋਂ ਆਪਣਾ ਸਰਪੰਚ ਵੀ ਨਹੀਂ ਹੈ, ਕਿਉਂਕਿ ਪਿੰਡ ਦੇ ਲੋਕ ਇਸ ਪਰਿਵਾਰ ਦੇ ਅਸਲੀ ਚਿਹਰੇ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਇੱਥੋਂ ਤਕ ਕਿ ਅਕਾਲੀ ਦਲ ਦੀ ਭਾਈਵਾਲ ਭਾਜਪਾ ਵੀ ਉਪ ਮੁੱਖ ਮੰਤਰੀ ਦੇ ਕੰਮ ਕਰਨ ਦੇ ਢੰਗ ਅਤੇ ਉਨ੍ਹਾਂ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਸ਼ਰੇਆਮ ਵਿਰੋਧ ਕਰ ਰਹੀ ਹੈ। ਇਸੇ ਕਾਰਨ ਕੇਂਦਰ ਸਰਕਾਰ ਉਸ ਦੇ ਬਚਾਅ ਵਿਚ ਅੱਗੇ ਆਉਣ ਵਿਚ ਨਾਕਾਮ ਰਹੀ ਹੈ। ਬਾਦਲਾਂ ਵੱਲੋਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਲੋਕਾਂ ਨੂੰ ਵੇਚੇ ਸਾਰੇ ਸੁਪਨੇ ਟੁੱਟ ਚੁੱਕੇ ਹਨ।

## ਸਿੰਗਾਪੁਰ ਦੰਗੇ: ਇਕ ਹੋਰ ਭਾਰਤੀ ਨੂੰ ਜੇਲ੍ਹ

**ਸਿੰਗਾਪੁਰ:** ਇਕ ਪੁਲਿਸ ਅਧਿਕਾਰੀ ਨਾਲ ਭਿੜਨ ਦੇ ਦੋਸ਼ ਵਿਚ 25 ਸਾਲਾ ਭਾਰਤੀ ਨੂੰ ਅਠਾਰਾਂ ਹਫਤਿਆਂ ਲਈ ਜੇਲ੍ਹ ਭੇਜ ਦਿੱਤਾ ਗਿਆ ਹੈ। ਸਿੰਗਾਪੁਰ ਦੇ ਇਤਿਹਾਸ ਵਿਚ ਪਿਛਲੇ ਚਾਲੀ ਸਾਲਾਂ ਵਿਚ ਪਹਿਲੀ ਵਾਰ ਹੋਈ ਇਸ ਹਿੰਸਾ ਵਿਚ ਹੁਣ ਤਕ 19 ਭਾਰਤੀ ਨਾਗਰਿਕਾਂ ਨੂੰ ਜੇਲ੍ਹ ਭੇਜਿਆ ਜਾ ਚੁੱਕਾ ਹੈ। ਰਵੀ ਅਰੁਨ ਵੇਂਗਤੇਸ਼ ਸਿੰਗਾਪੁਰ ਵਿਚ ਕੁਆਲਟੀ ਕੰਟਰੋਲਰ ਸੀ। ਉਸ ਨੇ ਮੰਨਿਆ ਸੀ ਕਿ ਪਿਛਲੇ ਸਾਲ ਲਿਟਲ ਇੰਡੀਆ ਵਿਚ ਫੈਲੀ ਹਿੰਸਾ ਦੌਰਾਨ ਉਹ ਇਕ ਪੁਲਿਸ ਅਧਿਕਾਰੀ ਨਾਲ ਉਲਝਿਆ ਸੀ। ਪੁਲਿਸ ਅਧਿਕਾਰੀ ਭੀੜ ਨੂੰ ਖਿੰਡਾਉਣ ਲਈ ਯਤਨਸ਼ੀਲ ਸੀ। ਇਹ ਜ਼ਿਕਰਯੋਗ ਹੈ ਕਿ ਇਸ ਇਲਾਕੇ ਵਿਚ ਬਹੁਤੇ ਕਰ ਕੇ ਭਾਰਤੀਆਂ ਦੇ ਕਾਰੋਬਾਰ ਹਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਬੱਬਰ ਖਾਲਸਾ ਇੰਟਰਨੈਸ਼ਨਲ ਦੀ ਪੰਜਾਬ ਵਿਚ ਦਸਤਕ

**ਚੰਡੀਗੜ੍ਹ:** ਬੱਬਰ ਖਾਲਸਾ ਇੰਟਰਨੈਸ਼ਨਲ ਨੇ ਮੁੜ ਪੰਜਾਬ ਤੇ ਚੰਡੀਗੜ੍ਹ ਵਿਚ ਦਸਤਕ ਦੇਣ ਦਾ ਦਾਅਵਾ ਕੀਤਾ ਹੈ। ਬੱਬਰ ਖਾਲਸਾ ਇੰਟਰਨੈਸ਼ਨਲ ਦੇ ਨਾਂ ਹੇਠ ਚੰਡੀਗੜ੍ਹ ਵਿਖੇ ਕਈ ਥਾਈਂ ਲੱਗੇ ਪੋਸਟਰਾਂ ਰਾਹੀਂ ਮੁੜ ਆਪਣਾ ਰਾਜ ਤੇ ਕਾਨੂੰਨ ਚਲਾਉਣ ਦੀ ਧਮਕੀ ਦਿੱਤੀ ਗਈ ਹੈ। ਪੋਸਟਰਾਂ ਤੋਂ ਇਲਾਵਾ ਬੱਬਰ ਖਾਲਸਾ ਦੇ ਹੀ ਲੈਟਰਹੈੱਡ ਉਪਰ ਸ਼ਹਿਰ ਦੇ ਦੋ ਜੁੱਤੀਆਂ ਦੇ ਪ੍ਰਮੁੱਖ ਵਪਾਰੀਆਂ ਨੂੰ ਵੀ ਧਮਕੀ ਭਰੇ ਪੱਤਰ ਭੇਜ ਕੇ ਸਿੱਖ ਕੌਮ ਦੇ ਹਿੱਤਾਂ ਲਈ 31-31 ਲੱਖ ਰੁਪਏ ਮੁਹੱਈਆ ਕਰਨ ਦੀ ਸਖ਼ਤ ਧਮਕੀ ਦਿੱਤੀ ਹੈ।

ਬੱਬਰ ਖਾਲਸਾ ਇੰਟਰਨੈਸ਼ਨਲ ਦੇ ਨਾਂ ਹੇਠ ਲੱਗੇ ਪੋਸਟਰਾਂ ਵਿਚ ਦਾਅਵਾ ਕੀਤਾ ਹੈ ਕਿ 21 ਸਤੰਬਰ ਤੋਂ ਸਿੱਖ ਰਾਜ ਨੇ ਪੰਜਾਬ ਤੇ ਚੰਡੀਗੜ੍ਹ ਵਿਚ ਦਸਤਕ ਦੇ ਦਿੱਤੀ ਹੈ। ਪੋਸਟਰਾਂ ਵਿਚ ਲਿਖਿਆ ਹੈ ਕਿ ਬਲਾਤਕਾਰ ਕਰਨ ਵਾਲੇ ਨੂੰ ਜਿਊਂਦਾ ਸਾੜਨ ਦਾ ਸਜ਼ਾ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਲੜਕੀ ਦੇ ਪਰਿਵਾਰ ਕੋਲੋਂ ਦਾਜ ਮੰਗਣ ਵਾਲਿਆਂ ਤੇ ਬਰਾਤ ਵਿਚ 101 ਵਿਅਕਤੀ ਲਿਜਾਣ ਵਾਲਿਆਂ ਨੂੰ ਪਰਿਵਾਰ ਸਮੇਤ ਮੌਤ ਦੀ ਸਜ਼ਾ ਦਿੱਤੀ ਜਾਵੇਗੀ। ਪੋਸਟਰਾਂ ਵਿਚ ਲਿਖਿਆ ਹੈ ਕਿ ਅਜਿਹੇ ਗੁਨਾਹ ਕਰਨ ਵਾਲੇ ਦੋ-ਚਾਰ ਪਰਿਵਾਰਾਂ ਨੂੰ ਸਜ਼ਾ ਦੇਣ ਤੋਂ ਬਾਅਦ ਸਮਾਜ ਆਪਣੇ-ਆਪ ਹੀ ਸੁਧਰ

## ਪੋਸਟਰਾਂ ਰਾਹੀਂ ਮੁੜ ਰਾਜ ਤੇ ਕਾਨੂੰਨ ਚਲਾਉਣ ਦੀ ਧਮਕੀ

ਅਧਿਕਾਰੀ ਤੁਰੰਤ ਮੌਕੇ 'ਤੇ ਪੁੱਜੇ ਤੇ ਹੰਗਾਮੀ ਹਾਲਤ ਵਿਚ ਸਾਰੇ ਪੋਸਟਰ ਉਤਾਰਨ ਦੀ ਕਾਰਵਾਈ ਚਲਾਈ। ਇਨ੍ਹਾਂ ਪੋਸਟਰਾਂ ਨੂੰ ਜਾਰੀ ਕਰਨ ਵਾਲੇ ਦਾ ਨਾਂ ਪਲਵਿੰਦਰ ਸਿੰਘ ਹੀਰਾ ਲਿਖਿਆ ਹੈ।

ਪੋਸਟਰ ਵਿਚ ਅੰਕਿਤ ਕੀਤਾ ਹੈ ਕਿ ਇਸ ਪਰਵਾਨੇ ਨੂੰ ਮਜ਼ਾਕ ਸਮਝਣ ਦੀ ਗਲਤੀ ਨਾ ਕੀਤੀ ਜਾਵੇ। ਪੁਲਿਸ ਅਧਿਕਾਰੀਆਂ ਵੱਲੋਂ ਇਹ ਪਤਾ ਲਾਇਆ ਜਾ ਰਿਹਾ ਹੈ ਕਿ ਪੋਸਟਰ ਕਿਸ ਸਮੇਂ ਲਾਏ ਗਏ ਹਨ। ਇਸ ਬਾਰੇ ਰਾਤ ਨੂੰ ਇਥੇ ਤਾਇਨਾਤ ਚੌਕੀਦਾਰਾਂ ਆਦਿ ਕੋਲੋਂ ਪੁੱਛ-ਪੜਤਾਲ ਕੀਤੀ ਜਾ ਰਹੀ ਹੈ। ਚੰਡੀਗੜ੍ਹ ਪੁਲਿਸ ਦੇ ਉੱਚ ਅਧਿਕਾਰੀਆਂ ਵੱਲੋਂ ਮਿਲੇ ਪੋਸਟਰਾਂ ਉਪਰ ਵਿਸ਼ੇਸ਼ ਚਰਚਾ ਕਰਨ ਤੋਂ ਬਾਅਦ ਆਪਣੇ ਕਈ ਵਿੰਗਾਂ ਨੂੰ ਸਰਗਰਮ ਕਰ ਦਿੱਤਾ ਗਿਆ ਹੈ। ਸੈਕਟਰ-17 ਥਾਣੇ ਦੇ ਐਸ.ਐਚ.ਓ. ਦਿਲਸ਼ੇਰ ਸਿੰਘ ਚੰਦੇਲ ਨੇ ਦੱਸਿਆ ਕਿ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਨਾਂ ਹੇਠ ਪੋਸਟਰ ਲਾਉਣ ਵਾਲੇ ਵਿਰੁੱਧ ਭਾਰਤੀ ਦੰਡਾਵਲੀ ਦੀ ਧਾਰਾ 505-1ਬੀ (ਲੋਕਾਂ ਵਿਚ ਭਗਦੜ ਤੇ ਅਸ਼ਾਂਤੀ ਪੈਦਾ ਕਰਨ ਦੇ ਦੋਸ਼) ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਹੋਰ ਜਾਣਕਾਰੀ ਅਨੁਸਾਰ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਲੈਟਰਹੈੱਡ 'ਤੇ ਹੀ ਸ਼ਹਿਰ ਦੇ ਦੋ ਪ੍ਰਮੁੱਖ ਜੁੱਤਾ ਵਪਾਰੀਆਂ ਨੂੰ 31-31 ਲੱਖ ਰੁਪਏ ਦੇਣ ਦੇ ਧਮਕੀ ਪੱਤਰ ਮਿਲੇ ਹਨ ਜਿਨ੍ਹਾਂ ਵਿਚ ਕਿਹਾ ਗਿਆ ਹੈ ਕਿ ਸਿੱਖ ਕੌਮ ਦੇ ਹਿੱਤਾਂ ਲਈ ਰਾਸ਼ੀ ਮੁਹੱਈਆ ਕੀਤੀ ਜਾਵੇ।

ਇਹ ਪੱਤਰ ਵੀ ਪਲਵਿੰਦਰ ਸਿੰਘ ਦੇ ਨਾਂ ਹੇਠ ਜਾਰੀ ਹੋਏ ਹਨ। ਵਪਾਰੀਆਂ ਨੂੰ ਧਮਕੀ ਪੱਤਰ ਕੂਰੀਅਰ ਰਾਹੀਂ ਮਿਲੇ ਹਨ, ਜਿਸ ਵਿਚ ਕੋਡ 302ਏ ਲਿਖਿਆ ਹੈ। ਸੂਤਰਾਂ ਅਨੁਸਾਰ ਵਪਾਰੀਆਂ ਨੂੰ ਇਹ ਰਾਸ਼ੀ 22 ਤੇ 23 ਸਤੰਬਰ ਨੂੰ ਦੇਣ ਲਈ ਕਿਹਾ ਸੀ। ਚੰਡੀਗੜ੍ਹ ਪੁਲਿਸ ਗੁਪਤ ਢੰਗ ਨਾਲ ਇਨ੍ਹਾਂ ਵਪਾਰੀਆਂ ਦੇ ਸ਼ੋਅਰੂਮਾਂ ਦੇ ਇਰਦ-ਗਿਰਦ ਪਿਛਲੇ ਦਿਨਾਂ ਦੌਰਾਨ ਨਾਕੇ ਲਾ ਕੇ ਦੜੀ ਰਹੀ ਸੀ।

# ਮਨਪ੍ਰੀਤ ਬਾਦਲ ਵੱਲੋਂ ਨਿਗਮ ਚੋਣਾਂ ਕਾਂਗਰਸ ਨਾਲ ਰਲ ਕੇ ਲੜਨ ਦਾ ਐਲਾਨ

**ਜਲੰਧਰ:** ਪੀਪਲਜ਼ ਪਾਰਟੀ ਆਫ਼ ਪੰਜਾਬ (ਪੀ.ਪੀ.ਪੀ) ਨੇ ਐਲਾਨ ਕੀਤਾ ਹੈ ਕਿ ਪੰਜਾਬ ਦੀਆਂ 108 ਨਗਰ ਕੌਂਸਲਾਂ ਦੀਆਂ ਨਵੰਬਰ ਵਿਚ ਹੋਣ ਵਾਲੀਆਂ ਚੋਣਾਂ ਕਾਂਗਰਸ ਨਾਲ ਮਿਲ ਕੇ ਲੜੀਆਂ ਜਾਣਗੀਆਂ। ਪੀ.ਪੀ.ਪੀ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਇਹ ਇੱਛਾ ਵੀ ਜਤਾਈ ਕਿ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ-ਭਾਜਪਾ ਗੱਠਜੋੜ ਦਾ ਮੁਕਾਬਲਾ ਕਰਨ ਲਈ ਮਹਾਂ ਗੱਠਜੋੜ ਬਣਾਇਆ ਜਾਵੇ ਜਿਸ ਵਿਚ ਕਾਂਗਰਸ ਤੇ ਦੋਵੇਂ ਖੱਬੀਆਂ ਪਾਰਟੀਆਂ ਸਮੇਤ ਹੋਰ ਹਮਖਿਆਲੀ ਪਾਰਟੀਆਂ ਨੂੰ ਸ਼ਾਮਲ ਕੀਤਾ ਜਾਵੇ ਤਾਂ ਜੋ ਚੋਣਾਂ ਦੌਰਾਨ ਵੋਟਾਂ ਦੀ ਵੰਡ ਨੂੰ ਰੋਕਿਆ ਜਾ ਸਕੇ। ਮਨਪ੍ਰੀਤ ਬਾਦਲ ਨੇ ਦੱਸਿਆ ਕਿ ਚੋਣਾਂ ਵਿਚ ਗੱਠਜੋੜ ਕਰਨ ਲਈ ਪੰਜ ਮੈਂਬਰੀ ਕਮੇਟੀ ਬਣਾ ਦਿੱਤੀ ਗਈ ਹੈ।



ਮਹਾਰਾਸ਼ਟਰ ਵਿਚ ਭਾਜਪਾ-ਸ਼ਿਵ ਸੈਨਾ ਦਾ 25 ਸਾਲ ਪੁਰਾਣਾ ਗੱਠਜੋੜ ਟੁੱਟਣ ਬਾਰੇ ਟਿੱਪਣੀ ਕਰਦਿਆਂ ਮਨਪ੍ਰੀਤ ਬਾਦਲ ਨੇ ਕਿਹਾ ਕਿ ਭਾਜਪਾ ਜਿਸ ਤਰ੍ਹਾਂ ਆਪਣੇ ਭਾਈਵਾਲਾਂ ਨੂੰ ਛੱਡਦੀ ਜਾ ਰਹੀ ਹੈ, ਉਸ ਤੋਂ ਇਸ ਗੱਲ ਵਿਚ ਕੋਈ ਹੈਰਾਨੀ ਨਹੀਂ ਹੋਵੇਗੀ ਕਦੋਂ ਭਾਜਪਾ ਪੰਜਾਬ ਵਿਚ ਵੀ ਅਕਾਲੀ ਦਲ ਨੂੰ ਝਟਕਾ ਦੇ ਦੇਵੇ।

ਇਸ ਤੋਂ ਪਹਿਲਾਂ ਪੀ.ਪੀ.ਪੀ ਨੇ ਥੋਕ ਵਿਚ ਆਪਣੇ ਅਹੁਦੇਦਾਰਾਂ ਦਾ ਐਲਾਨ ਕਰਦਿਆਂ 2500 ਆਗੂਆਂ ਨੂੰ ਅਹੁਦੇਦਾਰੀਆਂ ਦਿੱਤੀਆਂ ਹਨ। ਪਾਰਟੀ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਇਨ੍ਹਾਂ ਅਹੁਦੇਦਾਰਾਂ ਦੀ ਸੂਚੀ ਜਾਰੀ ਕਰਦਿਆਂ ਕਿਹਾ ਕਿ ਲੋਕ ਸਭਾ ਚੋਣਾਂ ਦੌਰਾਨ ਪਾਰਟੀ ਨੇ ਸਾਰੀ ਬਾਡੀ ਨੂੰ ਭੰਗ ਕਰ ਦਿੱਤਾ ਸੀ।

ਪਾਰਟੀ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਅਹੁਦੇਦਾਰਾਂ ਦੀ ਸੂਚੀ ਜਾਰੀ ਕਰਦਿਆਂ ਦੱਸਿਆ ਕਿ ਪਾਰਟੀ ਦੀ ਸਭ ਤੋਂ ਸ਼ਕਤੀਸ਼ਾਲੀ ਕੇਂਦਰੀ ਕਮੇਟੀ ਹੋਵੇਗੀ। ਇਹ ਕਮੇਟੀ 51-ਮੈਂਬਰੀ ਬਣਾਈ ਗਈ ਹੈ। ਪਾਰਟੀ ਵੱਲੋਂ ਐਲਾਨੀ ਜਨਰਲ ਬਾਡੀ ਵਿਚ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਸਮੇਤ ਪੰਜ ਸੀਨੀਅਰ ਮੀਤ ਪ੍ਰਧਾਨ, ਇਕ ਸਕੱਤਰ ਜਨਰਲ, ਦਸ ਮੀਤ ਪ੍ਰਧਾਨ, ਇਕ ਦਫਤਰ ਸਕੱਤਰ, ਇਕ ਪ੍ਰੈਸ ਸਕੱਤਰ, 34 ਜਨਰਲ ਸਕੱਤਰ, 26 ਸਕੱਤਰ ਤੇ 11 ਜੁਆਇੰਟ ਸਕੱਤਰ ਬਣਾਏ ਗਏ ਹਨ।


Prince's Barber Shop

37477 Fremont Blvd, suite C, Fremont, CA 94536

Men & Children's Hair Cut

*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



Cell: (510)-677-9942
Shop: (510)-505-9605
www.princebarbershop.com

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

Golden State Realty

Sacramento Office: 9912 Kapalua Ln., Elk Grove, CA 95624
Tel: 916-612-5773
Courtesy of Sales Manager
Traci Lill, Meadows at Galt

| The Poppy ~ Plan 1 | 4 Bedrooms, 2 & half Baths, Two-Car Garage | | | | |
|---|---|---|---|---|---|
| Address | Lot# | Lot Size | Elevation | Options In Home | Price |
| 722 Elk Hills Drive | 22 | 7076 | B | $10,662 | $326,652 |
| 714 Elk Hills Drive | 24 | 6672 | C | $2,750 | $318,740 |

| The Poppy ~ Plan 2 | 4 Bedrooms, 3 Baths, Three-Car Tandem Garage | | | | |
|---|---|---|---|---|---|
| Address | Lot# | Lot Size | Elevation | Options In Home | Price |
| 718 Elk Hills Drive | 23 | 6667 | C | $7,115 | $330,105 |
| 710 Elk Hills Drive | 25 | 6688 | A | $2,200 | Sold |

| The Poppy ~ Plan 3 | 4 Bedrooms, 3 Baths, Three-Car Tandem Garage | | | | |
|---|---|---|---|---|---|
| Address | Lot# | Lot Size | Elevation | Options In Home | Price |
| 938 Fermoy Way | 30 | 7559 | A | $8,300 | $341,290 |
| 942 Fermoy Way | 31 | 7167 | C | $7,300 | $340,290 |

| The Poppy ~ Plan 4 | 6 Bedrooms, 3 & half Baths, Three-Car Garage | | | | |
|---|---|---|---|---|---|
| Address | Lot# | Lot Size | Elevation | Options In Home | Price |
| 950 Fermoy Way | 33 | 7220 | A | $16,980 | $376,970 |
| 926 Fermoy Way | 17 | 6615 | C | $3,725 | $366,715 |
| 934 Fermoy Way | 29 | 6500 | B | $3,475 | $366,465 |



Sohanpreet (Sam) Chahal
CA Lic. 01504071
Realtor/Notary Public
email:samchahal@hotmail.com

Call: Sohanpreet 'Sam' Chahal
@916-612-5773
Serving from Bay Area to Sacramento

Seller/Builder reserves the right to modify elevations, floor plans, specifications, materials, maps and prices without notice or obligation. All renderings, floor plans and maps are artist conceptions and may not reflect actual depiction. Prices will vary depending upon lot size, exterior elevations and pre-selected optional features. All square footage measurements, elevations, lot sizes, floor plans and room dimensions are approximate. Subject to Prior Sale. This advertisement is for illustration purpose only and not a part of a legal contract. Co-Op policy posted in Sale Office. Homes offered by The Meadows Galt 27, LLC. Built by Beck, Stockton CA. 6.13.14

# ਲੋਕਾਂ ਲਈ ਕੌੜੀਆਂ ਯਾਦਾਂ ਬਣੇ ਵਿਕਾਸ ਕੰਮਾਂ ਦੇ ਨੀਂਹ ਪੱਥਰ

**ਲੁਧਿਆਣਾ:** ਅਕਾਲੀ-ਭਾਜਪਾ ਸਰਕਾਰ ਵੱਲੋਂ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਰੱਖੇ ਵਿਕਾਸ ਕਾਰਜਾਂ ਦੇ ਨੀਂਹ ਪੱਥਰਾਂ ਵਿਚੋਂ ਕਿਸੇ 'ਤੇ ਵੀ ਕੰਮ ਸ਼ੁਰੂ ਨਹੀਂ ਹੋ ਸਕਿਆ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਵੱਲੋਂ ਵੱਖ-ਵੱਖ ਸ਼ਹਿਰਾਂ ਵਿਚ ਸੌ ਫੀਸਦੀ ਵਾਟਰ ਸਪਲਾਈ, ਸੀਵਰੇਜ ਤੇ ਟਰੀਟਮੈਂਟ ਪਲਾਂਟਾਂ ਲਈ 31 ਨੀਂਹ ਪੱਥਰ ਰੱਖੇ ਸਨ। ਹੁਣ ਜਦੋਂ ਸੂਬੇ ਵਿਚ ਮਿਊਂਸਪਲ ਚੋਣਾਂ ਹੋਣ ਜਾ ਰਹੀਆਂ ਹਨ ਤਾਂ ਇਹ ਨੀਂਹ ਪੱਥਰ ਕੌੜੀਆਂ ਯਾਦਾਂ ਦਿਵਾ ਰਹੇ ਹਨ ਤੇ ਇਨ੍ਹਾਂ 31 ਪ੍ਰੋਜੈਕਟਾਂ ਵਿਚੋਂ ਕਿਸੇ ਇਕ ਉੱਤੇ ਵੀ ਕੰਮ ਸ਼ੁਰੂ ਨਹੀਂ ਹੋਇਆ। ਜਦੋਂ ਮੁੱਖ ਮੰਤਰੀ ਤੇ ਉਨ੍ਹਾਂ ਦਾ ਪੁੱਤਰ ਉਪ ਮੁੱਖ ਮੰਤਰੀ ਸ਼ਹਿਰਾਂ ਵਿਚ ਜਾਂਦੇ ਸਨ ਤੇ ਇਨ੍ਹਾਂ ਪ੍ਰੋਜੈਕਟਾਂ ਜਿਨ੍ਹਾਂ ਉੱਤੇ ਉਨ੍ਹਾਂ ਦੇ ਨਾਂ ਉਕਰੇ ਹਨ, ਦਾ ਲਾਹਾ ਲੈਣ ਦਾ ਯਤਨ ਕਰਦੇ ਸਨ ਪਰ ਇਸ ਦੇ ਨਾਲ ਹੀ ਇਨ੍ਹਾਂ ਦੇ ਸਿਰੇ ਨਾ ਚੜ੍ਹਨ ਲਈ ਦੋਸ਼ ਕੇਂਦਰ ਸਿਰ ਮੜ੍ਹ ਦਿੰਦੇ ਹਨ ਕਿ ਕੇਂਦਰ ਨੇ ਇਨ੍ਹਾਂ ਲਈ ਗਰਾਂਟ ਨਹੀਂ ਭੇਜੀ। ਭਾਵੇਂ ਕਿ ਇਹ ਪ੍ਰੋਜੈਕਟ ਕੇਂਦਰ ਸਰਕਾਰ ਦੀ ਯੋਜਨਾ ਜਵਾਹਰ ਲਾਲ ਅਰਬਨ ਰੀਨੀਵੇਬਲ ਮਿਸ਼ਨ (ਜੇ.ਐਨ.ਯੂ.ਆਰ.ਐਸ.) ਤਹਿਤ ਸ਼ੁਰੂ ਕੀਤੇ ਸਨ ਤੇ ਅਕਾਲੀ ਇਨ੍ਹਾਂ ਬਦਲੇ ਵੋਟਾਂ ਚਾਹੁੰਦੇ ਹਨ। ਉਹ ਨੀਂਹ ਪੱਥਰਾਂ ਉੱਤੇ ਵੀ ਇਨ੍ਹਾਂ ਯੋਜਨਾਵਾਂ ਲਈ ਕੇਂਦਰ ਸਰਕਾਰ ਦਾ ਜ਼ਿਕਰ ਕਰਨਾ ਭੁੱਲ ਗਏ।

ਇਸ ਮਾਮਲੇ ਬਾਰੇ ਸਥਾਨਕ ਸਰਕਾਰਾਂ ਵਿਭਾਗ ਦੇ ਚੀਫ ਇੰਜੀਨੀਅਰ ਵੀ.ਕੇ. ਗਰਗ ਦਾ ਕਹਿਣਾ ਹੈ ਹੈ ਕਿ ਕੇਂਦਰ ਸਰਕਾਰ ਨੇ ਇਨ੍ਹਾਂ ਪ੍ਰੋਜੈਕਟਾਂ ਲਈ ਰਕਮ ਨਹੀਂ ਭੇਜੀ ਤੇ ਇਨ੍ਹਾਂ ਪ੍ਰੋਜੈਕਟਾਂ ਦੇ ਨੀਂਹ ਪੱਥਰ ਗਰਾਂਟ ਆਉਣ ਦੀ ਆਸ ਵਿਚ ਹੀ ਰੱਖੇ ਗਏ ਸਨ। ਕੇਂਦਰ ਵਿਚ ਸਰਕਾਰ ਬਦਲਣ ਦਾ ਵੀ ਅਸਰ ਪਿਆ ਕਿਉਂਕਿ ਨੀਤੀ ਬਦਲੀ ਜਾ ਸਕਦੀ ਹੈ। ਭਾਵੇਂ ਕਿ 1221 ਕਰੋੜ ਰੁਪਏ ਦੇ ਨੀਂਹ ਪੱਥਰ ਰੱਖੇ ਗਏ ਹਨ ਪਰ ਨਾਭਾ, ਬੁਢਲਾਡਾ, ਮਜੀਠਾ, ਮੌੜ ਮੰਡੀ ਕਿਤੇ ਵੀ ਕੰਮ ਸ਼ੁਰੂ ਨਹੀਂ ਹੋਇਆ। ਬਾਦਲ ਆਪਣੇ ਘਰੇਲੂ ਲੋਕ ਸਭਾ ਹਲਕਾ ਬਠਿੰਡਾ ਵਿਚ ਵੀ ਕਿਸੇ ਵਿਕਾਸ ਕਾਰਜ ਦੀ ਸ਼ੁਰੂਆਤ ਨਹੀਂ ਕਰਵਾ ਸਕੇ।

ਅੱਜ ਜਦੋਂ ਸ਼ਹਿਰ ਵਾਸੀ, ਸੀਵਰੇਜ, ਪਾਣੀ ਬਿਜਲੀ ਦੀ ਮਾੜੀ ਸਪਲਾਈ ਤੋਂ ਦੁਖੀ ਹਨ ਤਾਂ ਰਸੂਲੜੇ (ਖੰਨਾ-ਮਾਲੇਰਕੋਟਲਾ ਰੋਡ) ਪਿੰਡ ਵਰਗੇ ਹੋਰਨਾਂ ਕਈ ਪਿੰਡਾਂ ਦੇ ਲੋਕ ਸਿੱਧੇ ਤੌਰ ਉੱਤੇ ਪ੍ਰਭਾਵਿਤ ਹੋ ਰਹੇ ਹਨ। ਪਿੰਡਾਂ ਵਿਚ ਸ਼ਹਿਰਾਂ ਦਾ ਸੀਵਰੇਜ ਵਾਲਾ ਗੰਦਾ ਪਾਣੀ ਉਪਜਾਊ ਜ਼ਮੀਨਾਂ ਨੂੰ ਤਬਾਹ ਕਰ ਰਿਹਾ ਹੈ। ਲੋਕ ਸਾਹ ਲੈਣ ਤੋਂ ਵੀ ਔਖੇ ਹਨ ਤੇ ਪਾਣੀ ਦਾ ਪ੍ਰਦੂਸ਼ਣ ਫੈਲ ਰਿਹਾ ਹੈ।

## ਕਿਸੇ ਵੀ ਪ੍ਰੋਜੈਕਟ 'ਤੇ ਸ਼ੁਰੂ ਨਾ ਹੋ ਸਕਿਆ ਕੰਮ



## ਸਰਕਾਰ ਨੂੰ ਠਿੱਠ ਕਰਨ ਲਈ ਕਾਂਗਰਸ ਨੇ ਵਿੱਢੀ ਮੁਹਿੰਮ

ਕਾਂਗਰਸ ਵਿਧਾਇਕ ਦਲ ਦੇ ਨੇਤਾ ਸੁਨੀਲ ਜਾਖੜ ਨੇ ਪਹਿਲਾਂ ਹੀ ਸਮੂਹ ਕਾਂਗਰਸੀ ਵਿਧਾਇਕਾਂ ਨੂੰ ਆਪੋ-ਆਪਣੇ ਹਲਕਿਆਂ ਵਿਚ ਪੰਜਾਬ ਸਰਕਾਰ ਵੱਲੋਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਧੜਾਧੜ ਰੱਖੇ ਨੀਂਹ ਪੱਥਰਾਂ ਦੇ ਵੇਰਵੇ ਇਕੱਠੇ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਹਨ। ਸ੍ਰੀ ਜਾਖੜ ਵਿਧਾਇਕ ਦਲ ਦੇ ਬਲਬੂਤੇ ਨਿਗਮ ਚੋਣਾਂ ਤੋਂ ਪਹਿਲਾਂ ਅਜਿਹੇ ਸਾਰੇ ਵੇਰਵੇ ਇਕੱਠੇ ਕਰ ਕੇ ਸਰਕਾਰ ਵੱਲੋਂ ਕੀਤੇ ਝੂਠੇ ਲਾਰਿਆਂ ਦਾ ਚਿੱਠਾ ਖੋਲ੍ਹਣ ਦੀ ਮੁਹਿੰਮ ਛੇੜਨ ਦੀ ਤਿਆਰੀ ਵਿਚ ਹਨ।

## ਅਧੂਰੇ ਪਏ ਪ੍ਰੋਜੈਕਟਾਂ ਦਾ ਵੇਰਵਾ

ਲੋਕ ਸਭਾ ਚੋਣਾਂ ਤੋਂ ਪਹਿਲਾਂ ਜਿਨ੍ਹਾਂ ਪ੍ਰੋਜੈਕਟਾਂ ਦਾ ਨੀਂਹ ਰੱਖਿਆ ਸੀ ਉਨ੍ਹਾਂ ਵਿਚ ਅਬੋਹਰ ਵਿਖੇ ਸੀਵਰੇਜ, ਸੜਕਾਂ ਦੀ ਉਸਾਰੀ, ਨਵੇਂ ਸੀਵਰੇਜ ਕੁਨੈਕਸ਼ਨ ਅਨੁਮਾਨਤ ਲਾਗਤ 70.83 ਕਰੋੜ ਰੁਪਏ, ਸਰਹਿੰਦ ਵਿਖੇ ਯੋਜਨਾ 53.81 ਕਰੋੜ, ਬਰਨਾਲਾ ਵਿਖੇ 103.89 ਕਰੋੜ, ਬਸੀ ਪਠਾਣਾ 26.53 ਕਰੋੜ, ਸਨੌਰ 21.63 ਕਰੋੜ, ਸੰਗਰੂਰ 78.33 ਕਰੋੜ, ਜੈਤੋ 34.15 ਕਰੋੜ, ਮਜੀਠਾ 16.76 ਕਰੋੜ (ਸਾਰੀਆਂ ਸੀਵਰੇਜ ਯੋਜਨਾਵਾਂ), ਮੌੜ ਵਾਟਰ ਸਪਲਾਈ 4.02 ਕਰੋੜ, ਮੌੜ ਵਿਖੇ ਸੀਵਰੇਜ ਤੇ ਟਰੀਟਮੈਂਟ ਪਲਾਂਟ 15.64 ਕਰੋੜ, ਰਾਮਪੁਰਾ ਫੂਲ ਸੀਵਰੇਜ ਤੇ ਟਰੀਟਮੈਂਟ ਪਲਾਂਟ 12.49 ਕਰੋੜ, ਸੰਗਤ ਵਿਖੇ ਵਾਟਰ ਸਪਲਾਈ 58.72 ਕਰੋੜ, ਸੀਵਰੇਜ ਯੋਜਨਾ ਰਾਮਾਂ ਮੰਡੀ 8.53 ਕਰੋੜ, ਵਾਟਰ ਸਪਲਾਈ ਰਾਮਾਂ ਮੰਡੀ 2.32 ਕਰੋੜ ਰੁਪਏ, ਸੀਵਰੇਜ ਸਕੀਮ ਤੇ ਸੀਵਰੇਜ ਟਰੀਟਮੈਂਟ ਪਲਾਂਟ ਨਾਭਾ ਦਾ 65.21 ਕਰੋੜ, ਫਰੀਦਕੋਟ ਦਾ 74.55 ਕਰੋੜ, ਕੋਟਕਪੂਰਾ ਦਾ 90.43 ਕਰੋੜ, ਫਗਵਾੜਾ ਦਾ 138.84 ਕਰੋੜ, ਮਾਨਸਾ ਦਾ 24.62 ਕਰੋੜ, ਬੁਢਲਾਡਾ ਦਾ 21.16 ਕਰੋੜ, ਬਰੇਟਾ ਦਾ 10.58 ਕਰੋੜ, ਖੰਨਾ ਦਾ 105.14 ਕਰੋੜ, ਗੁਰੂ ਹਰਸਹਾਏ ਦਾ 29.93 ਕਰੋੜ, ਨਾਭਾ ਦਾ 65.21 ਕਰੋੜ ਰੁਪਏ ਦਾ ਸੀਵਰੇਜ ਸਕੀਮ ਤੇ ਸੀਵਰੇਜ ਟਰੀਟਮੈਂਟ ਪਲਾਂਟ ਸ਼ਾਮਲ ਹਨ। ਇਸੇ ਤਰ੍ਹਾਂ ਜਲ ਸਪਲਾਈ ਮਾਨਸਾ ਦਾ 9.61 ਕਰੋੜ, ਬੁਢਲਾਡਾ 7.70 ਕਰੋੜ, ਬਰੇਟਾ ਦੀ 5.12 ਕਰੋੜ ਤੇ ਖੰਨਾ ਦੀ 25.85 ਕਰੋੜ ਜਲ ਸਪਲਾਈ ਯੋਜਨਾ ਦੇ ਨੀਂਹ ਪੱਥਰ ਮੂੰਹ ਚਿੜਾ ਰਹੇ ਹਨ।

# ਮਾਨ ਵੱਲੋਂ ਹਰਿਆਣਾ ਚੋਣਾਂ ਖਾਲਿਸਤਾਨ ਦੇ ਮੁੱਦੇ 'ਤੇ ਲੜਨ ਦਾ ਐਲਾਨ

**ਗੂਹਲਾ ਚੀਕਾ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਮਹਾਂ ਪੰਜਾਬ ਦੇ ਮੁੱਦੇ ਨੂੰ ਲੈ ਕੇ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਉਤਰੇਗੀ। ਉਨ੍ਹਾਂ ਕਿਹਾ ਕਿ ਜਦੋਂ ਤੱਕ ਹਰਿਆਣਾ ਤੇ ਹਿਮਾਚਲ ਨੂੰ ਮੁੜ ਪੰਜਾਬ ਵਿਚ ਮਿਲਾ ਕੇ ਪੁਰਾਣਾ ਮਹਾਂ ਪੰਜਾਬ ਨਹੀਂ ਬਣਾਇਆ ਜਾਂਦਾ, ਉਦੋਂ ਤੱਕ ਪੰਜਾਬ ਦਾ ਅਸਲੀ ਗੌਰਵ ਵਾਪਸ ਨਹੀਂ ਆ ਸਕਦਾ। ਰਿਪੇਰੀਅਨ ਸਟੇਟ ਹੋਣ ਕਾਰਨ ਪੰਜਾਬ ਦੇ ਦਰਿਆਈ ਪਾਣੀ 'ਤੇ ਹਰਿਆਣਾ ਤੇ ਰਾਜਸਥਾਨ ਦਾ ਕੋਈ ਵੀ ਕਾਨੂੰਨੀ ਤੇ ਨੈਤਿਕ ਹੱਕ ਨਹੀਂ।



ਪੰਜਾਬ ਕਦੇ ਵੀ ਹਰਿਆਣਾ ਵੱਲ ਆਉਣ ਵਾਲੇ ਪਾਣੀ ਨੂੰ ਰੋਕ ਸਕਦਾ ਹੈ। ਸਮੱਸਿਆ ਦਾ ਹੱਲ ਸਿਰਫ ਇਹੀ ਹੈ ਕਿ ਮਹਾਂ ਪੰਜਾਬ ਦਾ ਗਠਨ ਕੀਤਾ ਜਾਵੇ ਤਾਂ ਕਿ ਹਰਿਆਣਾ ਨੂੰ ਵੀ ਉਸ ਦੀ ਜ਼ਰੂਰਤ ਅਨੁਸਾਰ ਪਾਣੀ ਮਿਲ ਸਕੇ।

ਸ. ਮਾਨ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਦੀ ਜਦੋਂ ਵੀ ਸਰਕਾਰ ਬਣੀ ਤਾਂ ਉਹ ਮਹਾਂ ਪੰਜਾਬ ਦੇ ਗਠਨ ਲਈ ਕਦਮ ਉਠਾਏਗੀ। ਮਾਨ ਦੀ ਗਰਮਖਿਆਲੀ ਵਿਚਾਰਧਾਰਾ ਦੀ ਸਿਆਸਤ ਨੂੰ ਲੋਕਾਂ ਵੱਲੋਂ ਚੋਣਾਂ ਵਿਚ ਨਕਾਰਨ ਬਾਰੇ ਸੁਆਲ ਦੇ ਜਵਾਬ ਵਿਚ ਕਿਹਾ ਕਿ ਆਪਣੇ ਵਿਚਾਰਾਂ ਨੂੰ ਲੈ ਕੇ ਉਨ੍ਹਾਂ ਨੂੰ ਕੋਈ ਦੁਬਿਧਾ ਨਹੀਂ ਹੈ। ਉਨ੍ਹਾਂ ਮੰਨਿਆ ਕਿ ਅੱਜ ਦੀ ਘੜੀ ਲੋਕ ਉਨ੍ਹਾਂ ਦੀ ਸੋਚ 'ਤੇ ਮੋਹਰ ਨਹੀਂ ਲਾ ਰਹੇ ਪਰ ਉਹ ਆਪਣੀ ਇਸ ਸੋਚ ਨੂੰ ਲੈ ਕੇ ਹੀ ਅੱਗੇ ਵਧ ਰਹੇ ਹਨ।

ਉਨ੍ਹਾਂ ਕਿਹਾ ਕਿ ਇਕ ਦਿਨ ਇਹੋ ਜਿਹਾ ਆਵੇਗਾ ਜਦੋਂ ਲੋਕ ਉਨ੍ਹਾਂ ਦੀ ਵਿਚਾਰਧਾਰਾ ਨੂੰ ਸਵੀਕਾਰ ਕਰਨਗੇ। ਹਰਿਆਣਾ ਗੁਰਦੁਆਰਾ ਕਮੇਟੀ ਦੇ ਮੁੱਦੇ 'ਤੇ ਉਨ੍ਹਾਂ ਕਿਹਾ ਕਿ ਬਾਦਲ ਤੇ ਕਾਂਗਰਸ ਦੋਵੇਂ ਹੀ ਇਸ ਮਸਲੇ 'ਤੇ ਰਾਜਨੀਤਕ ਰੋਟੀਆਂ ਸੇਕ ਰਹੇ ਹਨ। ਇਸ ਤਰ੍ਹਾਂ ਦੇ ਮਸਲੇ ਸਿੱਖ ਵਿਦਵਾਨਾਂ ਨੂੰ ਮਿਲ ਬੈਠ ਕੇ ਹੱਲ ਕਰਨੇ ਚਾਹੀਦੇ ਹਨ।

# ਕੈਬਨਿਟ ਮੰਤਰੀ ਜੋਸ਼ੀ 'ਤੇ ਅਸਤੀਫੇ ਲਈ ਦਬਾਅ ਵਧਿਆ

**ਅੰਮ੍ਰਿਤਸਰ:** ਨਗਰ ਨਿਗਮ ਦੇ ਮੁਅੱਤਲ ਕੀਤੇ ਟਾਊਨ ਪਲਾਨਰ ਵੱਲੋਂ ਕੈਬਨਿਟ ਮੰਤਰੀ ਅਨਿਲ ਜੋਸ਼ੀ ਤੇ ਉਸ ਦੇ ਰਿਸ਼ਤੇਦਾਰ ਕੌਂਸਲਰ ਅਮਨਦੀਪ ਐਰੀ 'ਤੇ ਲਾਏ ਗਏ ਗੰਭੀਰ ਦੋਸ਼ਾਂ ਦਾ ਮਾਮਲਾ ਉਸ ਵੇਲੇ ਹੋਰ ਤੂਲ ਫੜ ਗਿਆ ਜਦੋਂ ਕਾਂਗਰਸ ਵੀ ਇਸ ਮੁੱਦੇ ਨੂੰ ਲੈ ਕੇ ਮੈਦਾਨ ਵਿਚ ਨਿੱਤਰ ਆਈ। ਕਾਂਗਰਸੀ ਆਗੂਆਂ ਨੇ ਮੰਗ ਕੀਤੀ ਹੈ ਕਿ ਇਸ ਮਾਮਲੇ ਦੀ ਜਾਂਚ ਕਰਾਈ ਜਾਵੇ ਤੇ ਕੈਬਨਿਟ ਮੰਤਰੀ ਨੈਤਿਕ ਆਧਾਰ 'ਤੇ ਅਸਤੀਫਾ ਦੇਵੇ।

ਕਾਂਗਰਸੀ ਕੌਂਸਲਰ ਗਰੁੱਪ ਦੇ ਮੁਖੀ ਰਾਜ ਕੰਵਲਪ੍ਰੀਤ ਪਾਲ ਸਿੰਘ ਲੱਕੀ ਤੇ ਯੂਥ ਕਾਂਗਰਸ ਲੋਕ ਸਭਾ ਹਲਕੇ ਦੇ ਮੁਖੀ ਵਿਕਾਸ ਸੋਨੀ ਨੇ ਸਾਂਝੇ ਤੌਰ 'ਤੇ ਮੰਗ ਕੀਤੀ ਕਿ ਇਸ ਮਾਮਲੇ ਵਿਚ ਕੈਬਨਿਟ ਮੰਤਰੀ ਅਨਿਲ ਜੋਸ਼ੀ ਨੂੰ ਨੈਤਿਕ ਆਧਾਰ 'ਤੇ ਅਸਤੀਫਾ ਦੇਣਾ ਚਾਹੀਦਾ ਹੈ ਤੇ ਉਹ ਖੁਦ ਹੀ ਮੁੱਖ ਮੰਤਰੀ ਨੂੰ ਇਸ ਮਾਮਲੇ ਦੀ ਜਾਂਚ ਲਈ ਕਹਿਣ ਤਾਂ ਜੋ ਲੋਕਾਂ ਦੇ ਸਾਹਮਣੇ ਸੱਚ ਆ ਸਕੇ। ਉਨ੍ਹਾਂ ਆਖਿਆ ਕਿ ਨਗਰ ਨਿਗਮ ਦੇ ਹੀ ਇਕ ਉੱਚ ਅਧਿਕਾਰੀ, ਜਿਸ ਨੂੰ ਮੁਅੱਤਲ ਕੀਤਾ ਗਿਆ ਹੈ, ਨੇ ਇਹ ਮਾਮਲਾ ਜੱਗ ਜ਼ਾਹਰ ਕੀਤਾ ਹੈ। ਇਸ ਲਈ ਇਹ ਮਾਮਲੇ ਨੂੰ ਅਣਦੇਖਿਆ ਨਹੀਂ ਕੀਤਾ ਜਾ ਸਕਦਾ। ਨਗਰ ਨਿਗਮ ਹੁਣ ਤੱਕ ਇਸ ਅਧਿਕਾਰੀ ਖਿਲਾਫ ਲਾਏ ਗਏ ਦੋਸ਼ਾਂ ਨੂੰ ਸਾਬਤ ਨਹੀਂ ਕਰ ਸਕੀ ਹੈ ਤੇ ਨਾ ਹੀ ਕੋਈ ਜਾਂਚ ਕਰਾਈ ਗਈ ਹੈ।

## ਕਾਂਗਰਸ ਨੇ ਵੀ ਮੰਤਰੀ ਖਿਲਾਫ ਮੋਰਚਾ ਮੱਲਿਆ



ਦੱਸਣਯੋਗ ਹੈ ਕਿ ਭਾਜਪਾ ਕੌਂਸਲਰ ਅਮਨਦੀਪ ਐਰੀ ਇਨ੍ਹਾਂ ਦੋਸ਼ਾਂ ਨੂੰ ਰੱਦ ਕਰ ਚੁੱਕਾ ਹੈ ਤੇ ਉਸ ਦਾ ਦਾਅਵਾ ਹੈ ਕਿ ਇਹ ਪੈਟਰੋਲ ਪੰਪ ਕਿਸੇ ਹੋਰ ਵਿਅਕਤੀ ਦੇ ਨਾਂ 'ਤੇ ਹੈ, ਜਿਸ ਨਾਲ ਉਸ ਦਾ ਕੋਈ ਲੈਣਾ-ਦੇਣਾ ਨਹੀਂ ਹੈ। ਉਸ ਨੇ ਸਿਰਫ ਪੈਟਰੋਲ ਪੰਪ ਦੇ ਨਾਲ ਲੱਗਦਾ ਪਲਾਟ ਖਰੀਦਿਆ ਸੀ ਤੇ ਉਸ ਨੂੰ ਵੀ ਵੇਚਿਆ ਜਾ ਚੁੱਕਾ ਹੈ। ਕੌਂਸਲਰ ਐਰੀ ਦੇ ਦਾਅਵੇ ਨੂੰ ਰੱਦ ਕਰਦਿਆਂ ਦੋਵਾਂ ਕਾਂਗਰਸੀ ਆਗੂਆਂ ਨੇ ਆਖਿਆ ਕਿ ਜੇਕਰ ਇਹ ਪੈਟਰੋਲ ਪੰਪ ਕਿਸੇ ਹੋਰ ਦੇ ਨਾਂ 'ਤੇ ਹੈ ਤਾਂ ਫਿਰ ਨਗਰ ਨਿਗਮ ਵੱਲੋਂ ਨਿਗਮ ਦੇ ਵਾਹਨਾਂ ਵਿਚ ਤੇਲ ਭਰਵਾਉਣ ਦਾ ਕੀਤਾ ਗਿਆ ਸਮਝੌਤਾ ਖੁਦ-ਬ-ਖੁਦ ਹੀ ਰੱਦ ਹੋ ਜਾਣਾ ਚਾਹੀਦਾ ਸੀ ਜਦੋਂਕਿ ਇਹ ਸਮਝੌਤਾ ਅੱਜ ਵੀ ਜਾਰੀ ਹੈ।

ਉਨ੍ਹਾਂ ਆਖਿਆ ਕਿ ਪੈਟਰੋਲ ਪੰਪ ਵਾਲੀ ਥਾਂ ਦੀ ਰਜਿਸਟਰੀ, ਕੌਂਸਲਰ ਦੀ ਪਤਨੀ, ਉਸ ਦੇ ਭਰਾ ਦੀ ਪਤਨੀ ਆਦਿ ਦੇ ਨਾਵਾਂ 'ਤੇ ਹੈ।

# ਹੁਰੀਅਤ ਆਗੂਆਂ ਨਾਲ ਮੁਲਾਕਾਤ ਦਾ ਸਹੀ ਸਮਾਂ ਨਹੀਂ ਸੀ: ਪਾਕਿ

**ਨਿਊਯਾਰਕ:** ਪਾਕਿਸਤਾਨ ਨੇ ਇਹ ਮੰਨਿਆ ਹੈ ਕਿ ਭਾਰਤ ਤੇ ਉਸ ਦੇ ਵਿਦੇਸ਼ ਸਕੱਤਰਾਂ ਵਿਚਾਲੇ ਤਜਵੀਜ਼ਤ 25 ਅਗਸਤ ਦੀ ਇਸਲਾਮਾਬਾਦ ਵਿਚ ਮੀਟਿੰਗ ਦੇ ਐਨ ਨੇੜੇ ਉਸ ਦੇ ਹਾਈ ਕਮਿਸ਼ਨਰ ਅਬਦੁਲ ਬਾਸਿਤ ਵੱਲੋਂ ਹੁਰੀਅਤ ਆਗੂਆਂ ਨਾਲ ਮੀਟਿੰਗਾਂ ਕਰਨਾ ਸ਼ਾਇਦ ਪੂਰੀ ਤਰ੍ਹਾਂ ਸਹੀ ਨਹੀਂ ਸੀ। ਉਨ੍ਹਾਂ ਕਿਹਾ ਕਿ ਇਹ ਮੁਲਾਕਾਤਾਂ ਕਾਫੀ ਪਹਿਲਾਂ ਹੋ ਜਾਣੀਆਂ ਚਾਹੀਦੀਆਂ ਸਨ। ਪਾਕਿਸਤਾਨ ਦੇ ਕੌਮੀ ਸੁਰੱਖਿਆ ਤੇ ਵਿਦੇਸ਼ ਮਾਮਲਿਆਂ ਬਾਰੇ ਸਲਾਹਕਾਰ ਸਰਤਾਜ ਅਜ਼ੀਜ਼ ਨੇ ਕਿਹਾ ਕਿ ਜੇਕਰ ਦੋਵਾਂ ਦੇਸ਼ਾਂ ਵਿਚ ਗੱਲਬਾਤ ਸ਼ੁਰੂ ਹੁੰਦੀ ਹੈ ਤਾਂ ਕਸ਼ਮੀਰ ਮਸਲਾ ਵੀ ਵਿਚਾਰਿਆ ਜਾਣਾ ਸੀ। ਕਸ਼ਮੀਰ ਮਸਲਾ ਹੱਲ ਕਰਨ ਲਈ ਹੁਰੀਅਤ ਕਾਨਫਰੰਸ ਦੇ ਆਗੂਆਂ ਦੇ ਵਿਚਾਰ ਜਾਣਨੇ ਵੀ ਜ਼ਰੂਰੀ ਸੀ। ਉਂਜ ਵੀ ਪਾਕਿਸਤਾਨ ਦਾ ਹਾਈ ਕਮਿਸ਼ਨਰ ਸਮੇਂ-ਸਮੇਂ ਤਕਰੀਬਨ ਤੀਹ ਸਾਲਾਂ ਤੋਂ ਇਨ੍ਹਾਂ ਆਗੂਆਂ ਨਾਲ ਮੁਲਾਕਾਤ ਕਰਦੇ ਆਏ ਹਨ, ਇਹ ਕੋਈ ਨਵੀਂ ਗੱਲ ਨਹੀਂ ਸੀ। ਉਨ੍ਹਾਂ ਮੰਨਿਆ ਕਿ ਦੋਵਾਂ ਦੇਸ਼ਾਂ ਦੇ ਵਿਦੇਸ਼ ਸਕੱਤਰ ਵਜੋਂ ਗੱਲਬਾਤ ਸ਼ੁਰੂ ਕਰਨ ਜਾ ਰਹੇ ਹੋਣ ਤਾਂ ਅਜਿਹੀ ਮੀਟਿੰਗ ਉਸ ਸਮੇਂ ਹੋਣੀ ਠੀਕ ਨਹੀਂ ਸੀ।

# ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਸੰਗਤਾਂ ਦੀ ਆਮਦ ਵਧੀ

**ਗੋਬਿੰਦ ਘਾਟ:** ਪਿਛਲੇ ਸਾਲ ਭਿਆਨਕ ਕੁਦਰਤੀ ਆਫਤ ਤੇ ਐਤਕੀਂ ਜੰਮੂ ਕਸ਼ਮੀਰ ਵਿਚ ਆਏ ਭਿਆਨਕ ਹੜ੍ਹਾਂ ਤੋਂ ਘਬਰਾ ਕੇ ਭਾਵੇਂ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ 'ਤੇ ਪਿਛਲੇ ਸਾਲਾਂ ਦੇ ਮੁਕਾਬਲੇ ਕਾਫੀ ਘੱਟ ਸੰਗਤਾਂ ਪਹੁੰਚੀਆਂ ਸਨ ਪਰ 10 ਅਕਤੂਬਰ ਤੱਕ ਚੱਲਣ ਵਾਲੀ ਇਸ ਯਾਤਰਾ ਦੇ ਆਖਰੀ ਦਿਨਾਂ ਵਿਚ ਹੁਣ ਸੰਗਤਾਂ ਉਤਸ਼ਾਹ ਨਾਲ ਪਹੁੰਚ ਰਹੀਆਂ ਹਨ। ਦਿੱਲੀ, ਜੈਪੁਰ ਤੇ ਉੜੀਸ਼ਾ ਤੋਂ 27 ਸਤੰਬਰ ਰਾਤ ਨੂੰ ਯਾਤਰੂਆਂ ਦੀਆਂ ਪੰਜ ਬੱਸਾਂ ਗੋਬਿੰਦ ਘਾਟ ਵਿਖੇ ਪਹੁੰਚੀਆਂ ਜਿਨ੍ਹਾਂ ਵਿਚੋਂ ਬਹੁਤੇ ਸ਼ਰਧਾਲੂਆਂ ਨੇ ਕਿਹਾ ਕਿ ਉਹ ਟੀ.ਵੀ. ਚੈਨਲਾਂ 'ਤੇ ਮੌਸਮ ਦੀ ਖਰਾਬੀ ਬਾਰੇ ਦਿੱਤੀ ਜਾ ਰਹੀ ਜਾਣਕਾਰੀ ਕਾਰਨ ਹੀ ਪਹਿਲਾਂ ਨਹੀਂ ਆਏ।

ਗੁਰਦੁਆਰਾ ਰਿਸ਼ੀਕੇਸ਼ ਸਾਹਿਬ ਦੇ ਮੈਨੇਜਰ ਦਰਸ਼ਨ ਸਿੰਘ ਦਾ ਕਹਿਣਾ ਹੈ ਕਿ ਐਤਕੀਂ ਕੁਝ ਕੌਮੀ ਅਖ਼ਬਾਰਾਂ ਤੇ ਟੀ.ਵੀ. ਚੈਨਲਾਂ ਵਿਚ ਮੌਸਮ ਬਾਰੇ ਫੈਲੀਆਂ ਅਫ਼ਵਾਹਾਂ ਨੇ ਵੀ ਯਾਤਰੂਆਂ ਦੇ ਮਨਾਂ ਵਿਚ ਡਰ ਪੈਦਾ ਕਰ ਦਿੱਤਾ ਸੀ। ਪਿਛਲੇ ਇਕ ਮਹੀਨੇ ਦੌਰਾਨ ਸੰਗਤਾਂ ਦੀ ਗਿਣਤੀ ਸਿਰਫ ਸੈਂਕੜਿਆਂ ਤੱਕ ਸੀਮਤ ਹੋ ਗਈ ਸੀ ਪਰ ਹੁਣ ਕੁਝ ਦਿਨਾਂ ਵਿਚ ਵੱਡੀ ਗਿਣਤੀ ਵਿਚ ਸ਼ਰਧਾਲੂ ਪਹੁੰਚੇ ਹਨ ਤੇ ਅਗਲੇ ਦਿਨਾਂ ਵਿਚ ਵੀ ਇਹ ਗਿਣਤੀ ਬਰਕਰਾਰ ਰਹਿਣ ਦੀ ਸੰਭਾਵਨਾ ਹੈ। ਉਨ੍ਹਾਂ ਦੱਸਿਆ ਕਿ ਗੋਬਿੰਦ ਘਾਟ ਵਿਖੇ ਉਤਰਾਖੰਡ ਸਰਕਾਰ ਵੱਲੋਂ ਛੇ ਕਰੋੜ ਰੁਪਏ ਦੀ ਲਾਗਤ ਨਾਲ ਬਣਾਏ ਗਏ ਨਵੇਂ ਤੇ ਪਹਿਲਾਂ ਨਾਲੋਂ ਉੱਚੇ ਪੁਲ ਰਾਹੀਂ ਬੈਟਰੀ ਨਾਲ ਚੱਲਣ ਵਾਲੀਆਂ ਛੋਟੀਆਂ ਗੱਡੀਆਂ ਸੰਗਤਾਂ ਵਿਚੋਂ ਬਜ਼ੁਰਗਾਂ ਤੇ ਬੀਬੀਆਂ ਨੂੰ ਗੋਬਿੰਦ ਘਾਟ ਤੋਂ ਨਦੀ ਪਾਰ ਕਰਾ ਕੇ ਢਾਈ ਤਿੰਨ ਕਿਲੋਮੀਟਰ ਅੱਗੇ ਤੱਕ ਛੱਡ ਕੇ ਆਇਆ ਕਰਨਗੀਆਂ।

## ਯਾਤਰਾ ਦੇ ਅਖੀਰਲੇ ਦਿਨੀਂ ਸੰਗਤ ਵਿਚ ਭਾਰੀ ਉਤਸ਼ਾਹ



ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਦੀ ਆਫਤ ਵਿਚ ਢਹਿ ਢੇਰੀ ਹੋਈ ਸਰਾਂ ਦੀ ਥਾਂ ਉਸਾਰੀ ਜਾ ਰਹੀ 42 ਕਮਰਿਆਂ ਵਾਲੀ ਨਵੀਂ ਸਰਾਂ ਦਾ ਚਾਰ ਮੰਜ਼ਿਲਾਂ ਤੱਕ ਲੈਂਟਰ ਅਗਲੇ ਵਰ੍ਹੇ ਯਾਤਰਾ ਸ਼ੁਰੂ ਹੋਣ ਤੋਂ ਪਹਿਲਾਂ ਪਾ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਵੀ ਇਸ ਸਥਾਨ 'ਤੇ 127 ਕਮਰੇ ਗੁਸਲਖਾਨੇ ਵਾਲੇ, 100 ਕਮਰੇ ਸਾਂਝੇ ਗੁਸਲਖਾਨੇ ਵਾਲੇ ਤੇ ਪੰਜ ਵੱਡੇ ਹਾਲ ਕਮਰੇ ਵੀ ਹਨ ਜਿਨ੍ਹਾਂ ਵਿਚੋਂ ਹਰੇਕ ਹਾਲ ਵਿਚ 300 ਯਾਤਰੂ ਠਹਿਰ ਸਕਦੇ ਹਨ। ਜੋਸ਼ੀ ਮੱਠ ਗੁਰਦੁਆਰਾ ਸਾਹਿਬ ਵਿਖੇ 800 ਯਾਤਰੂਆਂ ਦੇ ਠਹਿਰਨ ਦਾ ਪ੍ਰਬੰਧ ਹੈ। ਉਤਰਾਖੰਡ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਪਾਸੋਂ ਮਿਲ ਰਹੇ ਭਰਵੇਂ ਸਹਿਯੋਗ ਲਈ ਧੰਨਵਾਦ ਕਰਦਿਆਂ ਉਨ੍ਹਾਂ ਦੱਸਿਆ ਕਿ ਨਦੀ ਦੇ ਪਾਣੀ ਦੇ ਤੇਜ਼ ਵਹਾਅ ਤੇ ਕਿਸੇ ਸੰਭਾਵੀ ਹੜ੍ਹ ਦੌਰਾਨ ਪਾਣੀ ਦੀ ਮਾਰ ਤੋਂ ਗੁਰਦੁਆਰਾ ਸਾਹਿਬ ਦੀ ਇਮਾਰਤ ਤੇ ਸਰਾਵਾਂ ਨੂੰ ਬਚਾਉਣ ਲਈ ਨਦੀ ਵਿਚ ਕੰਕਰੀਟ ਦਾ ਇਕ ਮਜ਼ਬੂਤ ਬੰਨ੍ਹ ਬਣਾਇਆ ਗਿਆ ਹੈ।

# ਪੰਜਾਬੀ ਵਿਦਿਆਰਥੀਆਂ ਨੂੰ ਵੀ ਕਾਲੇ ਕਾਰੋਬਾਰ 'ਚ ਲਾਇਆ

**ਨਵੀਂ ਦਿੱਲੀ (ਬਿਊਰੋ):** ਐਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਅੰਮ੍ਰਿਤਸਰ ਤੋਂ ਗ੍ਰਿਫਤਾਰ ਕੀਤੇ ਦੋ ਭਰਾਵਾਂ ਵੱਲੋਂ ਨਸ਼ਿਆਂ ਦੇ ਕਾਲੇ ਧਨ ਨੂੰ ਚਿੱਟੇ ਧਨ ਵਿਚ ਬਦਲਣ ਦੇ ਵਰਤੇ ਜਾਂਦੇ ਢੰਗ-ਤਰੀਕਿਆਂ ਦੀ ਜਾਂਚ ਦੌਰਾਨ ਇਹ ਪਤਾ ਚੱਲਿਆ ਹੈ ਕਿ ਆਸਟਰੇਲੀਆ ਵਿਚੋਂ ਨਸ਼ਿਆਂ ਦੇ ਸੌਦਾਗਰਾਂ ਕੋਲੋਂ ਰਕਮਾਂ ਉਗਰਾਹ ਕੇ ਵਿਦਿਆਰਥੀਆਂ ਰਾਹੀਂ ਹਾਂਗਕਾਂਗ ਦੇ ਬੈਂਕ ਵਿਚ ਭੇਜੀਆਂ ਜਾਂਦੀਆਂ ਸਨ।

ਮੁੱਢਲੀ ਪੜਤਾਲ ਦੌਰਾਨ ਇਸ ਧੰਦੇ ਵਿਚ ਤਕਰੀਬਨ ਸੌ ਪੰਜਾਬੀ ਵਿਦਿਆਰਥੀਲੱਗੇ ਹੋਏ ਸਨ। ਵਿਦਿਆਰਥੀਆਂ ਨੂੰ ਰਾਸ਼ੀ ਉਗਰਾਹੁਣ ਲਈ ਕਮਿਸ਼ਨ ਦਿੱਤਾ ਜਾਂਦਾ ਸੀ। ਸ਼ਾਇਦ ਉਨ੍ਹਾਂ ਨੂੰ ਇਸ ਧੰਦੇ ਬਾਰੇ ਜਾਣਕਾਰੀ ਨਾ ਹੋਵੇ। ਡਾਇਰੈਕਟੋਰੇਟ ਦੇ ਸੂਤਰਾਂ ਅਨੁਸਾਰ ਵਿਦਿਆਰਥੀਆਂ ਵੱਲੋਂ ਜਿਨ੍ਹਾਂ ਲੋਕਾਂ ਕੋਲੋਂ ਇਹ ਰਕਮਾਂ ਉਗਰਾਹੀਆਂ ਜਾਂਦੀਆਂ ਸਨ, ਉਨ੍ਹਾਂ ਦਾ ਸਬੰਧ ਨਸ਼ਾ ਤਸਕਰਾਂ ਨਾਲ ਹੋ ਸਕਦਾ ਹੈ ਤੇ ਇਹ ਰਾਸ਼ੀਆਂ ਵੀ ਨਸ਼ਿਆਂ ਦੀ ਖਰੀਦ-ਵੇਚ ਤੋਂ ਹਾਸਲ ਕੀਤੀਆਂ ਹੋ ਸਕਦੀਆਂ ਹਨ। ਡਾਇਰੈਕਟੋਰੇਟ ਵੱਲੋਂ ਭਾਰਤ ਤੇ ਆਸਟਰੇਲੀਆ ਵਿਚ ਕਾਰਵਾਈ ਦੌਰਾਨ ਅੰਮ੍ਰਿਤਸਰ ਵਿਚ ਦੋ ਭਰਾਵਾਂ ਪਰਮਦੀਪ ਸਿੰਘ ਅਰੋੜਾ ਤੇ ਗਗਨਦੀਪ ਸਿੰਘ ਅਰੋੜਾ ਨੂੰ ਗ੍ਰਿਫਤਾਰ ਕੀਤਾ ਸੀ ਤੇ ਇਨ੍ਹਾਂ ਦੇ ਨਾਲ ਦਿੱਲੀ ਦੇ ਇਕ ਹਵਾਲਾ ਕਾਰੋਬਾਰੀ ਗੌਰਵ ਗੁਪਤਾ ਨੂੰ ਵੀ ਫੜਿਆ ਗਿਆ ਹੈ।

ਇਹ ਵਿਦਿਆਰਥੀਆਂ ਨੂੰ ਹਾਂਗਕਾਂਗ ਦੇ ਬੈਂਕਾਂ ਵਿਚ 10,000 ਆਸਟਰੇਲੀਅਨ ਡਾਲਰ ਤੋਂ ਘੱਟ ਰਕਮ ਭੇਜਣ ਦੀ ਹੀ ਹਦਾਇਤ ਕਰਦੇ ਸਨ ਤੇ ਇਸ ਰਾਸ਼ੀ ਦੇ ਸਰੋਤਾਂ ਬਾਰੇ ਸ਼ਾਇਦ ਵਿਦਿਆਰਥੀਆਂ ਨੂੰ ਪਤਾ ਨਹੀਂ ਹੁੰਦਾ ਸੀ। ਹਾਂਗਕਾਂਗ ਵਿਚ ਇਨ੍ਹਾਂ ਵੱਲੋਂ ਦੋ ਫਰਮਾਂ ਬਣਾਈਆਂ ਗਈਆਂ ਸਨ ਤੇ ਭਾਰਤ ਨੂੰ ਮਾਲ ਭੇਜਣ ਬਦਲੇ ਇਸ ਪੈਸੇ ਦੀ ਇਨ੍ਹਾਂ ਫਰਮਾਂ ਨੂੰ ਅਦਾਇਗੀ ਕਰ ਦਿੱਤੀ ਜਾਂਦੀ ਸੀ ਤੇ ਇਥੋਂ ਇਸ ਰਾਸ਼ੀ ਨੂੰ ਸੰਯੁਕਤ ਅਰਬ ਅਮੀਰਾਤ ਸਮੇਤ ਕਿਸੇ ਵੀ ਮੁਲਕ ਵਿਚ ਭੇਜ ਦਿੱਤਾ ਜਾਂਦਾ ਸੀ ਤੇ ਇਹ ਚਿੱਟੇ ਧਨ ਵਿੱਚ ਤਬਦੀਲ ਹੋ ਜਾਂਦਾ ਸੀ।

# ਨਿਰਾਸ਼ਾ ਨੂੰ ਨੇੜੇ ਨਹੀਂ ਢੁੱਕਣ ਦਿੰਦੀ ਕਸਰਤ

**ਲੰਡਨ:** ਜਿਸਮਾਨੀ ਵਰਜ਼ਿਸ਼ ਨਾਲ ਦਿਮਾਗ ਨੂੰ ਤਣਾਅ ਕਾਰਨ ਹੋਣ ਵਾਲੇ ਡਿਪਰੈਸ਼ਨ ਤੋਂ ਬਚਣ ਵਿਚ ਮਦਦ ਮਿਲਦੀ ਹੈ। ਇਸ ਤੱਥ ਦਾ ਪਤਾ ਸਵੀਡਨ ਦੇ ਕੈਰੋਲਿੰਸਕਾ ਇੰਸਟੀਚਿਊਟ ਦੇ ਖੋਜਕਾਰਾਂ ਨੇ ਇਕ ਅਧਿਐਨ ਰਾਹੀਂ ਲਾਇਆ ਹੈ। ਇਸ ਮੁਤਾਬਕ ਕਸਰਤ ਨਾਲ ਰੀੜ੍ਹ ਦੀ ਹੱਡੀ ਨਾਲ ਜੁੜੀਆਂ ਮਾਸਪੇਸ਼ੀਆਂ ਵਿਚ ਅਜਿਹੀ ਤਬਦੀਲੀ ਹੁੰਦੀ ਹੈ ਜਿਸ ਦੇ ਸਿੱਟੇ ਵਜੋਂ ਤਣਾਅ ਕਾਰਨ ਜਮ੍ਹਾਂ ਹੋਇਆ ਖ਼ੂਨ ਸ਼ੁੱਧ ਹੋ ਜਾਂਦਾ ਹੈ। ਅਜਿਹਾ ਨਾ ਹੋਣ ਦੀ ਸੂਰਤ ਵਿਚ ਇਹ ਖ਼ੂਨ ਦਿਮਾਗ ਨੂੰ ਨੁਕਸਾਨ ਪਹੁੰਚਾਉਂਦਾ ਹੈ।

ਇਹ ਤੱਥ ਪਹਿਲਾਂ ਹੀ ਸਾਬਤ ਹੋ ਚੁੱਕਾ ਹੈ ਕਿ ਵਰਜ਼ਿਸ਼ ਨਾਲ ਰੀੜ੍ਹ ਦੀ ਹੱਡੀ ਨਾਲ ਜੁੜੇ ਪੱਠਿਆਂ ਵਿਚ ਪ੍ਰੋਟੀਨ ਪੀਜੀਸੀ-1 ਐਲਫ਼ਾ 1 ਵਧ ਜਾਂਦਾ ਹੈ, ਜੋ ਦਿਮਾਗ ਨੂੰ ਡਿਪਰੈਸ਼ਨ ਤੋਂ ਬਚਾਉਂਦਾ ਹੈ। ਤਾਜ਼ਾ ਅਧਿਐਨ ਵਿਚ ਖੋਜਕਾਰਾਂ ਨੇ ਜੈਨੇਟਿਕ ਤੌਰ 'ਤੇ ਸੋਧੇ ਹੋਏ ਚੂਹਿਆਂ ਦੀ ਵਰਤੋਂ ਕੀਤੀ ਜਿਸ ਨੂੰ ਬਹੁਤ ਸਾਰਾ ਪੀਜੀਸੀ-1 ਐਲਫ਼ਾ 1 ਦਿੱਤਾ ਗਿਆ ਸੀ। ਇਨ੍ਹਾਂ ਚੂਹਿਆਂ ਤੇ ਆਮ ਚੂਹਿਆਂ ਨੂੰ ਤਕਰੀਬਨ ਪੰਜ ਹਫਤੇ ਤਣਾਅਪੂਰਨ ਮਾਹੌਲ ਵਿਚ ਰੱਖਿਆ ਗਿਆ। ਇਹ ਮਾਹੌਲ ਬੇਹਿਸਾਬੇ ਢੰਗ ਨਾਲ ਉੱਚੀ ਆਵਾਜ਼ ਤੇ ਤੇਜ਼ ਰੌਸ਼ਨੀ ਪੈਦਾ ਕਰਕੇ ਸਿਰਜਿਆ ਗਿਆ। ਇਸ ਤੋਂ ਬਾਅਦ ਦੇਖਣ ਵਿਚ ਆਇਆ ਕਿ ਜਿਥੇ ਆਮ ਚੂਹੇ ਡਿਪਰੈਸ਼ਨ ਦਾ ਸ਼ਿਕਾਰ ਹੋ ਗਏ, ਉਥੇ ਦੂਜੇ ਚੂਹਿਆਂ ਵਿਚ ਅਜਿਹੀ ਕੋਈ ਅਲਾਮਤ ਦਿਖਾਈ ਨਹੀਂ ਦਿੱਤੀ। ਮੁੱਖ ਖੋਜਕਾਰ ਜਾਰਜ ਰੂਆਸ ਨੇ ਕਿਹਾ ਕਿ ਅਸੀਂ ਪਾਇਆ ਕਿ ਕਸਰਤ ਸਦਕਾ ਮਾਸਪੇਸ਼ੀਆਂ ਅਜਿਹਾ ਐਨਜਾਈਮ ਪੈਦਾ ਕਰਦੀਆਂ ਹਨ ਜਿਸ ਨਾਲ ਸਰੀਰ ਵਿਚੋਂ ਖ਼ਤਰਨਾਕ ਤੱਤ ਬਾਹਰ ਨਿਕਲ ਜਾਂਦੇ ਹਨ। ਇਸ ਤਰ੍ਹਾਂ ਮਾਸਪੇਸ਼ੀਆਂ ਵੱਲੋਂ ਗੁਰਦਿਆਂ ਤੇ ਜਿਗਰ ਵਰਗਾ ਕੰਮ ਕੀਤਾ ਜਾਂਦਾ ਹੈ।

# ਸ਼ਹੀਦ ਭਗਤ ਸਿੰਘ ਦੀ ਭੈਣ ਦਾ ਦੇਹਾਂਤ

**ਹੁਸ਼ਿਆਰਪੁਰ:** ਸ਼ਹੀਦ ਭਗਤ ਸਿੰਘ ਦੀ ਛੋਟੀ ਭੈਣ ਪ੍ਰਕਾਸ਼ ਕੌਰ (96) ਦਾ ਟੋਰਾਂਟੋ 'ਚ ਦੇਹਾਂਤ ਹੋ ਗਿਆ। 23 ਮਾਰਚ 1931 ਨੂੰ ਲਾਹੌਰ ਜੇਲ੍ਹ ਵਿਚ ਸ਼ਹੀਦ ਭਗਤ ਸਿੰਘ ਨੂੰ ਫ਼ਾਂਸੀ ਦਿੱਤੇ ਜਾਣ ਸਮੇਂ ਉਹ ਸਿਰਫ਼ 12 ਸਾਲਾਂ ਦੀ ਸੀ। ਸ਼ਹੀਦ ਭਗਤ ਸਿੰਘ ਦੇ ਬਾਕੀ ਛੇ ਭੈਣ-ਭਰਾਵਾਂ ਦਾ ਪਹਿਲਾਂ ਹੀ ਦੇਹਾਂਤ ਹੋ ਚੁੱਕਾ ਹੈ।



ਬੀਬੀ ਪ੍ਰਕਾਸ਼ ਕੌਰ ਪਿਛਲੇ ਕੁਝ ਸਾਲਾਂ ਤੋਂ ਆਪਣੇ ਬੇਟੇ ਰੁਪਿੰਦਰ ਸਿੰਘ ਕੋਲ ਟੋਰਾਂਟੋ ਰਹਿ ਰਹੇ ਸਨ। ਉਨ੍ਹਾਂ ਆਪਣੇ ਜਵਾਈ ਹਰਭਜਨ ਸਿੰਘ ਢੱਟ ਦੇ ਭਰਾ ਕੁਲਜੀਤ ਸਿੰਘ ਢੱਟ ਦੀ ਪੁਲਿਸ ਹਿਰਾਸਤ ਵਿਚ ਹੋਈ ਮੌਤ ਬਾਰੇ ਸੁਪਰੀਮ ਕੋਰਟ ਵਿਚ ਰਿੱਟ ਪਾਈ ਹੋਈ ਸੀ ਜਿਸਦੇ ਆਧਾਰ 'ਤੇ ਪੰਜਾਬ ਪੁਲਿਸ ਦੇ ਪੰਜ ਅਧਿਕਾਰੀਆਂ ਖ਼ਿਲਾਫ਼ ਕੇਸ ਦਰਜ ਹੋਇਆ ਸੀ। ਇਨ੍ਹਾਂ ਵਿਚੋਂ ਤਿੰਨ ਨੂੰ ਇਸ ਸਾਲ ਮਈ ਵਿਚ 5-5 ਸਾਲ ਦੀ ਕੈਦ ਹੋਈ ਸੀ। ਦੋ ਪੁਲਿਸ ਅਧਿਕਾਰੀਆਂ ਦੀ ਕੇਸ ਦੇ ਚੱਲਦਿਆਂ ਮੌਤ ਹੋ ਗਈ ਸੀ। ਬੀਬੀ ਪ੍ਰਕਾਸ਼ ਕੌਰ ਅਦਾਲਤ ਦੇ ਫ਼ੈਸਲੇ ਤੋਂ ਨਾਖੁਸ਼ ਸਨ।

# ਆਸਟਰੇਲੀਆ ਵੱਲੋਂ ਆਖਰਕਾਰ ਪਰਵਾਸੀਆਂ ਦੇ ਮਾਪਿਆਂ ਦੇ ਪੱਕੇ ਵੀਜ਼ੇ ਬਹਾਲ

**ਸਿਡਨੀ (ਬਿਊਰੋ):** ਆਸਟਰੇਲੀਆ ਨੇ ਪਰਵਾਸੀਆਂ ਦੇ ਮਾਪਿਆਂ ਤੇ ਹੋਰਨਾਂ ਰਿਸ਼ਤੇਦਾਰਾਂ ਦੇ ਪੱਕੇ ਵੀਜ਼ਿਆਂ ਉਪਰ ਲੱਗੀ ਰੋਕ ਖੋਲ੍ਹ ਦਿੱਤੀ ਹੈ। ਇਸ ਦੀ ਸੂਚਨਾ ਆਸਟਰੇਲੀਅਨ ਇਮੀਗਰੇਸ਼ਨ ਵਿਭਾਗ ਨੇ ਆਪਣੀ ਵੈੱਬਸਾਈਟ ਉਪਰ ਪਾਈ ਹੈ।

ਪਰਵਾਸੀਆਂ ਦੇ ਮਾਪੇ ਤੇ ਰਿਸ਼ਤੇਦਾਰਾਂ ਦੇ ਬੰਦ ਕੀਤੇ ਗਏ ਪੱਕੇ ਵੀਜ਼ਿਆਂ ਨੂੰ ਬਹਾਲ ਕਰਨ ਦਾ ਫੈਸਲਾ ਫੈਡਰਲ ਸਰਕਾਰ ਦੇ ਦਖਲ ਨਾਲ ਇਮੀਗਰੇਸ਼ਨ ਵਿਭਾਗ ਨੇ ਲਿਆ ਹੈ। ਇਸ ਦਾ ਮੁੱਖ ਕਾਰਨ ਸਰਕਾਰ ਨੂੰ ਪਰਵਾਸੀਆਂ ਦੇ ਭਾਰੀ ਵਿਰੋਧ, ਰਿੱਟ ਪਟੀਸ਼ਨਾਂ ਤੇ ਸਦਨ ਅੰਦਰ ਬੰਦ ਵੀਜ਼ਿਆਂ ਬਾਰੇ ਬਿਲ ਪਾਸ ਕਰਵਾਉਣ ਲਈ ਲੋੜੀਂਦਾ ਸਮਰਥਨ ਨਾ ਮਿਲਣਾ ਦੱਸਿਆ ਜਾ ਰਿਹਾ ਹੈ।

ਟੋਨੀ ਐਬਟ ਦੀ ਫੈਡਰਲ ਸਰਕਾਰ ਨੇ ਆਪਣੇ ਵਿੱਤੀ ਘਾਟੇ ਨੂੰ ਪੂਰਾ ਕਰਨ ਦੇ ਨਾਂ ਹੇਠ ਪਰਵਾਸੀਆਂ ਦੇ ਮਾਪਿਆਂ ਤੇ ਰਿਸ਼ਤੇਦਾਰਾਂ ਨੂੰ ਪੱਕੇ ਵੀਜ਼ੇ ਦੇਣਾ ਬੋਝ ਸਮਝਿਦਿਆਂ ਇਸ ਨੂੰ ਦੋ ਜੂਨ ਨੂੰ ਅਚਾਨਕ ਬੰਦ ਕਰ ਦਿੱਤਾ ਸੀ। ਸਕਰਾਰ ਦੇ ਇਮੀਗਰੇਸ਼ਨ ਵਿਭਾਗ ਨੇ ਵਿਦੇਸ਼ਾਂ ਤੋਂ ਮਾਪੇ ਪੱਕੇ ਤੌਰ 'ਤੇ ਆਸਟਰੇਲੀਆ ਬੁਲਾਉਣ ਲਈ ਕੰਟਰੀਬਿਊਟਰੀ ਵੀਜ਼ਾ ਕੈਟਾਗਰੀ ਹੀ ਬਹਾਲ ਰੱਖੀ ਜਿਸ ਵਿਚ ਪਰਵਾਸੀ, ਜੋ ਆਸਟਰੇਲੀਆ ਦਾ ਨਾਗਰਿਕ ਜਾਂ ਰੈਜ਼ੀਡੈਂਟ ਹੈ, ਪ੍ਰਤੀ ਜੀਅ 50 ਹਜ਼ਾਰ ਡਾਲਰ ਯਕਮੁਸ਼ਤ ਨਾ ਮੋੜਨਯੋਗ ਰਾਸ਼ੀ ਅਦਾ ਕਰਨ ਉੱਪਰ ਹੀ ਵੀਜ਼ਾ ਅਰਜ਼ੀ ਦਾਖਲ ਕਰ ਸਕਦਾ ਸੀ, ਨੂੰ ਬਹਾਲ ਰੱਖਿਆ। ਜਦੋਂਕਿ ਇਸ ਤੋਂ ਪਹਿਲਾਂ ਇਕ ਸਾਧਾਰਨ ਵੀਜ਼ਾ ਜਿਸ ਵਿਚ ਤਕਰੀਬਨ ਦੋ ਤੋਂ ਤਿੰਨ ਹਜ਼ਾਰ ਡਾਲਰ ਦੀ ਫੀਸ ਅਦਾ ਕਰਨ 'ਤੇ ਪਰਵਾਸੀ ਆਪਣੇ ਮਾਪੇ ਜਾਂ ਨਜ਼ਦੀਕੀ ਰਿਸ਼ਤੇਦਾਰ ਨੂੰ ਪੱਕਾ ਸੱਦਣ ਲਈ ਅਰਜ਼ੀ ਦੇ ਸਕਦਾ ਸੀ।

ਭਾਵੇਂ ਇਸ ਸਾਧਾਰਨ ਅਰਜ਼ੀ ਉਪਰ ਆਸਟਰੇਲੀਆ ਸਰਕਾਰ ਦਾ ਇਮੀਗਰੇਸ਼ਨ ਵਿਭਾਗ ਅਅਪਣਾ ਫੈਸਲਾ ਦਿੰਦਿਆਂ 13 ਤੋਂ 15 ਸਾਲ ਦਾ ਵਾਧੂ ਸਮਾਂ ਲਗਾ ਦਿੰਦਾ ਸੀ ਪਰ ਆਸ ਦਾ ਦੀਵਾ ਪਰਵਾਸੀਆਂ ਅੰਦਰ ਜਗਦਾ ਸੀ ਕਿ ਆਖਰ ਇਕ ਦਿਨ ਉਹ ਪਰਿਵਾਰ ਫਿਰ ਵਿਦੇਸ਼ ਵਿਚ ਇਕ ਛੱਤ ਹੇਠ ਇਕੱਠੇ ਹੋਣਗੇ ਜਿਹੜੇ ਆਪਣੇ ਦੇਸ਼ ਵਿਚ ਪਰਵਾਸ ਵੇਲੇ ਛੱਡ ਆਏ ਸੀ।


**Are You Tired Of All Treatments?**

**Try Homeopathic Natural Medicines (HNM)**

**Gurdip Singh Sandhu**

Homeopathic Practitioner/Consultant

DHMS-Gold Medalist, BAMS, MDEh.- India

**1188 E Santa Clara St., San Jose, CA 95116**

**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

**Homeopathic natural medicines supply**



*Gurdip Singh Sandhu*

**EX Member:**

*The California Homeopathic Society*

National Center For Homeopathy- USA

**Ph:(408) 687-1899**

**(408) 729-6691**

**Fax:(408)292-6200**

Email: Homeomdicine@yahoo.com

Website: www.Homeopathyatoz.com

***Toll Free: 1-877-OK-HOMEO (1-877-654-6636)***


# ਕਤਲੇਆਮ 84: ਤਿੰਨ ਪੁਲਿਸ ਅਫਸਰਾਂ ਸਣੇ 4 ਬਰੀ

**ਨਵੀਂ ਦਿੱਲੀ (ਬਿਊਰੋ):** ਦਿੱਲੀ ਦੀ ਇਕ ਅਦਾਲਤ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਇਕ ਪਰਿਵਾਰ ਦੇ ਤਿੰਨ ਜੀਆਂ ਦੀ ਹੱਤਿਆ ਦੇ ਇਕ ਕੇਸ ਵਿਚ ਦਿੱਲੀ ਪੁਲਿਸ ਦੇ ਤਿੰਨ ਅਫਸਰਾਂ ਸਮੇਤ ਚਾਰ ਵਿਅਕਤੀਆਂ ਨੂੰ ਬਰੀ ਕਰ ਦਿੱਤਾ ਹੈ।

ਅਦਾਲਤ ਨੇ ਨੰਗਲੋਈ ਪੁਲਿਸ ਸਟੇਸ਼ਨ ਦੇ ਤਤਕਾਲੀ ਐਸ.ਐਚ.ਓ. ਰਾਮਪਾਲ ਸਿੰਘ ਰਾਣਾ, ਉਸ ਵੇਲੇ ਦੇ ਸਬ-ਇੰਸਪੈਕਟਰ ਦਲੇਲ ਸਿੰਘ, ਹੈੱਡ ਕਾਂਸਟੇਬਲ ਕਰਮ ਸਿੰਘ ਤੇ ਸਤਪਾਲ ਗੁਪਤਾ ਨੂੰ ਹੱਤਿਆ, ਦੰਗੇ, ਅਗਵਾ ਤੇ ਧਮਕੀਆਂ ਦੇਣ ਤੇ ਝੂਠੇ ਸਬੂਤ ਦੇਣ ਦੇ ਦੋਸ਼ਾਂ ਵਿਚੋਂ ਬਰੀ ਕਰ ਦਿੱਤਾ। ਇਸ ਕੇਸ ਦੇ ਦੋ ਹੋਰ ਮੁਲਜ਼ਮਾਂ ਪ੍ਰੇਮ ਚੰਦ ਜੈਨ ਤੇ ਰਾਮ ਨਿਵਾਸ ਦੀ ਮੁਕੱਦਮੇ ਦੌਰਾਨ ਮੌਤ ਹੋ ਗਈ ਸੀ। ਮੁਲਜ਼ਮਾਂ ਨੂੰ ਬਰੀ ਕਰਦਿਆਂ ਅਦਾਲਤ ਨੇ ਧਿਆਨ ਦਿਵਾਇਆ ਕਿ ਗੁਰਬਚਨ ਸਿੰਘ ਦੀ ਗਵਾਹੀ ਪੱਕੀ ਨਹੀਂ ਸੀ ਸਗੋਂ ਉਹ ਆਪਣਾ ਸਟੈਂਡ ਵਾਰ-ਵਾਰ ਬਦਲਦਾ ਰਿਹਾ ਹੈ। ਗੁਰਬਚਨ ਸਿੰਘ ਦੇ ਪਰਿਵਾਰ ਦੇ ਤਿੰਨ ਜੀਆਂ ਨੂੰ ਮਾਰ ਦਿੱਤਾ ਗਿਆ ਸੀ। ਜੱਜ ਨੇ ਕਿਹਾ ਕਿ "ਵਿਸ਼ੇਸ਼ ਸਰਕਾਰੀ ਵਕੀਲ ਤੇ ਪੀੜਤਾਂ ਦੇ ਵਕੀਲ ਵੱਲੋਂ ਸਰਕਾਰ ਨੂੰ ਦੋਸ਼ ਦੇਣਾ ਵਾਜਬ ਨਹੀਂ ਜਦਕਿ ਪੀੜਤ ਖੁਦ ਹੀ ਇਕ ਗੱਲ 'ਤੇ ਨਹੀਂ ਟਿਕੇ ਤੇ ਘਟਨਾ ਬਾਰੇ ਆਪਣਾ ਸਟੈਂਡ ਵਾਰ-ਵਾਰ ਬਦਲਦੇ ਰਹੇ ਤੇ ਆਪਣੇ ਪਹਿਲੇ ਪੱਖਾਂ ਦੀ ਪ੍ਰੋੜ੍ਹਤਾ ਨਹੀਂ ਕਰ ਸਕੇ।"

ਗੁਰਬਚਨ ਸਿੰਘ ਨੇ 1985 ਵਿਚ ਜਸਟਿਸ ਰੰਗਨਾਥ ਮਿਸ਼ਰਾ ਕਮਿਸ਼ਨ ਨੂੰ ਦਿੱਤੇ ਆਪਣੇ ਹਲਫਨਾਮੇ ਵਿਚ ਕਿਹਾ ਸੀ ਕਿ ਤਿੰਨ ਪੁਲਿਸ ਕਰਮੀਆਂ ਤੇ ਸਤਪਾਲ ਗੁਪਤਾ ਨੇ ਉਸ ਦੇ ਪਿਤਾ ਤੇ ਦੋ ਭਰਾਵਾਂ ਨੂੰ ਕਤਲ ਕੀਤਾ ਸੀ ਪਰ 2004 ਵਿਚ ਅਦਾਲਤੀ ਕਾਰਵਾਈ ਦੌਰਾਨ ਉਹ ਮੁਲਜ਼ਮਾਂ ਦੇ ਸਹੀ ਨਾਂ ਨਹੀਂ ਦੱਸ ਸਕਿਆ ਸੀ ਤੇ ਉਸ ਨੇ ਆਪਣਾ ਪਹਿਲਾ ਬਿਆਨ ਵੀ ਵਾਪਸ ਲੈ ਲਿਆ ਸੀ ਕਿ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਉਸ ਦੀਆਂ ਅੱਖਾਂ ਸਾਹਮਣੇ ਜ਼ਿੰਦਾ ਸਾੜਿਆ ਗਿਆ ਸੀ।

# ਲਾਪਤਾ ਬੱਚਿਆਂ ਦੇ ਮਾਮਲੇ 'ਤੇ ਸੂਬਾ ਸਰਕਾਰਾਂ ਨੂੰ ਝਾੜ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਲਾਪਤਾ ਬੱਚਿਆਂ ਦੇ ਕੇਸਾਂ ਬਾਰੇ ਸੂਬਾ ਸਰਕਾਰਾਂ ਦੀ ਦੋਗਲੀ ਪਹੁੰਚ 'ਤੇ ਝਾੜ ਪਾਈ ਹੈ ਤੇ ਕਿਹਾ ਹੈ ਕਿ ਜਦੋਂ ਕਿਸੇ 'ਵੱਡੇ ਬੰਦੇ' ਦਾ ਬੱਚਾ ਲਾਪਤਾ ਹੁੰਦਾ ਹੈ ਤਾਂ ਸਮੁੱਚੀ ਪੁਲਿਸ ਮਸ਼ੀਨਰੀ ਹਰਕਤ ਵਿਚ ਆ ਜਾਂਦੀ ਹੈ, ਦੂਜੇ ਪਾਸੇ ਗਰੀਬ ਦੇ ਬੱਚੇ ਦੇ ਲਾਪਤਾ ਹੋਣ 'ਤੇ ਐਫ.ਆਈ.ਆਰ. ਵੀ ਦਰਜ ਨਹੀਂ ਕੀਤੀ ਜਾਂਦੀ।

ਬੈਂਚ ਨੇ ਇਹ ਟਿੱਪਣੀ ਗੁੜਗਾਉਂ ਦੇ ਹਸਪਤਾਲ ਤੋਂ ਲਾਪਤਾ ਹੋਏ ਬੱਚੇ ਬਾਰੇ ਤਿਆਰ ਰਿਪੋਰਟ 'ਤੇ ਕੀਤੀ ਹੈ। ਯਾਦ ਰਹੇ ਕਿ ਗੁੜਗਾਉਂ ਦੇ ਮੇਦਾਂਤਾ ਹਸਪਤਾਲ ਤੋਂ ਲਾਪਤਾ ਹੋਇਆ ਬੱਚਾ ਪੁਲਿਸ ਨੇ ਤਿੰਨ ਦਿਨਾਂ ਵਿਚ ਹੀ ਲੱਭ ਲਿਆ ਸੀ। ਗੈਰ-ਸਰਕਾਰੀ ਸੰਸਥਾ (ਐਨ.ਜੀ.ਓ.) ਬਚਪਨ ਬਚਾਓ ਅੰਦੋਲਨ ਨੇ ਆਪਣੀ ਪਟੀਸ਼ਨ ਵਿਚ ਕਿਹਾ ਸੀ ਕਿ ਕਈ ਸੂਬਾ ਸਰਕਾਰਾਂ ਲਾਪਤਾ ਬੱਚਿਆਂ ਬਾਰੇ ਲੋੜੀਂਦੀ ਜਾਣਕਾਰੀ ਮੁਹੱਈਆ ਕਰਵਾਉਣ ਤੋਂ ਵੀ ਅਸਮਰੱਥ ਹਨ।

ਐਨ.ਜੀ.ਓ. ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਦੱਸਿਆ ਕਿ ਬਹੁਤੇ ਸੂਬਿਆਂ ਕੋਲ ਅੰਕੜੇ ਹੀ ਨਹੀਂ ਹਨ। ਉਨ੍ਹਾਂ ਨੂੰ ਬਹੁਤੇ ਅੰਕੜੇ ਰਾਜ ਸਭਾ ਤੇ ਕੌਮੀ ਅਪਰਾਧ ਰਿਕਾਰਡ ਬਿਊਰੋ ਤੋਂ ਮਿਲੇ ਹਨ।




# ਹੜ੍ਹ ਪੀੜਤਾਂ ਦੀ ਮਦਦ ਲਈ ਸਿੱਖਾਂ ਦੀ ਸੰਸਾਰ ਭਰ ਵਿਚ ਚਰਚਾ

**ਅੰਮ੍ਰਿਤਸਰ:** ਸਿੱਖਾਂ ਵੱਲੋਂ ਬਿਨਾਂ ਭੇਦ-ਭਾਵ ਕਸ਼ਮੀਰ ਦੇ ਹੜ੍ਹ ਪੀੜਤਾਂ ਦੀ ਕੀਤੀ ਜਾ ਰਹੀ ਸੇਵਾ ਨੇ ਕੌਮਾਂਤਰੀ ਪੱਧਰ 'ਤੇ ਕੌਮ ਲਈ ਸਨਮਾਨ ਭਰੀ ਚਰਚਾ ਛੇੜੀ ਹੋਈ ਹੈ। ਕਸ਼ਮੀਰ ਵਿਚ ਆਏ ਹੜ੍ਹਾਂ ਮੌਕੇ ਸ਼੍ਰੋਮਣੀ ਕਮੇਟੀ ਸਮੇਤ ਸਿੱਖਾਂ ਦੀਆਂ ਕਈ ਕੌਮੀ ਤੇ ਕੌਮਾਂਤਰੀ ਸੰਸਥਾਵਾਂ ਵੱਲੋਂ ਰਾਹਤ ਕਾਰਜਾਂ ਵਿਚ ਪਾਏ ਭਰਵੇਂ ਹਿੱਸੇ ਨੂੰ ਮੁਸਲਮਾਨਾਂ ਸਮੇਤ ਹੋਰਨਾਂ ਫਿਰਕਿਆਂ ਨੇ ਰੱਜ ਕੇ ਸਲ੍ਹਾਇਆ ਹੈ। ਸਿੱਖਾਂ ਲਈ ਫਖਰ ਦੀ ਗੱਲ ਹੈ ਕਿ ਕਸ਼ਮੀਰ ਦੀ ਆਲ ਪਾਰਟੀ ਹੁਰੀਅਤ ਕਾਨਫਰੰਸ ਦੇ ਮੁਖੀ ਵੱਲੋਂ ਇਸ ਸੰਕਟ ਦੀ ਘੜੀ ਮੌਕੇ ਕਿਸੇ ਸਰਕਾਰ ਦੇ ਹਾੜੇ ਕੱਢਣ ਦੀ ਥਾਂ ਸਿੱਖਾਂ ਦੀ ਨੁਮਾਇੰਦਾ ਸੰਸਥਾ ਸ਼੍ਰੋਮਣੀ ਕਮੇਟੀ ਨੂੰ ਮਦਦ ਦੀ ਅਪੀਲ ਕੀਤੀ ਹੈ।

ਹਿੰਦੀ ਭਾਸ਼ਾ ਦੀ ਇਕ ਕੌਮੀ ਅਖ਼ਬਾਰ ਦੇ ਇੰਦੌਰ ਤੋਂ ਪੱਤਰਕਾਰ ਪ੍ਰੀਕਸ਼ਤ ਯਾਦਵ ਵੱਲੋਂ ਕਸ਼ਮੀਰ ਤ੍ਰਾਸਦੀ ਮੌਕੇ ਸਿੱਖਾਂ ਦੇ ਸਹਾਇਤਾ ਯਤਨਾਂ ਬਾਰੇ ਲਗਾਈ ਇਕ ਤੁਲਨਾਤਮਕ ਖਬਰ ਅੱਜ-ਕੱਲ੍ਹ ਸੋਸ਼ਲ ਸਾਈਟਸ 'ਤੇ ਬੇਹੱਦ ਵਾਇਰਲ ਹੈ। ਸ੍ਰੀ ਯਾਦਵ ਨੇ ਵੱਖ-ਵੱਖ ਧਰਮਾਂ ਦੇ ਧਾਰਮਿਕ ਅਸਥਾਨਾਂ ਦਾ ਬਕਾਇਦਾ ਨਾਂ ਦੱਸਦਿਆਂ ਕਸ਼ਮੀਰੀਆਂ ਲਈ ਮੰਗੀ ਮਦਦ ਬਾਰੇ ਲਾਰੇ ਜਾਂ ਕੋਰੀ ਨਾਂਹ ਹੋਣ ਸਬੰਧੀ ਜ਼ਿਕਰ ਕੀਤਾ ਹੈ, ਜਦਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵੱਲੋਂ ਹੋ ਰਹੀ ਸਹਾਇਤਾ ਨੂੰ ਦੇਸ਼ ਦੀ ਲਾਜ਼ ਬਚਾਉਣ ਦਾ ਇਕ ਮਾਤਰ ਸਹਾਰਾ ਮੰਨਿਆ ਹੈ। ਇਸੇ ਤਰ੍ਹਾਂ ਇਕ ਕੌਮੀ ਅੰਗਰੇਜ਼ੀ ਅਖ਼ਬਾਰ ਵਿਚ ਛਪੀ ਸੁਰਖੀ ਅਨੁਸਾਰ ਦੇਸ਼ ਦੀ ਮਸ਼ਹੂਰ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਉਪ-ਕੁਲਪਤੀ ਨੇ ਮੁਸਲਮਾਨਾਂ ਨੂੰ ਰਾਸ਼ਟਰ ਨਿਰਮਾਣ, ਸੁਰੱਖਿਆ ਤੇ ਦੇਸ਼ ਦੀ ਆਰਥਿਕਤਾ ਵਿਚ ਵਧ-ਚੜ੍ਹ ਕੇ ਹਿੱਸਾ ਪਾਉਣ ਦੀ ਜਾਂਚ ਸਿੱਖਾਂ ਕੋਲੋਂ ਸਿੱਖਣ ਲਈ ਕਿਹਾ ਹੈ। ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਾਦੀ ਦੇ ਕਈ ਸ਼ਹਿਰਾਂ ਵਿਚ 24 ਘੰਟੇ ਲੰਗਰ ਲਾਏ ਹਨ। ਇਸ ਤੋਂ ਇਲਾਵਾ ਹੜ੍ਹ ਪੀੜਤਾਂ ਨੂੰ ਹੋਰ ਲੋੜੀਂਦਾ ਸਾਮਾਨ ਵੀ ਮੁਹੱਈਆ ਕਰਵਾਇਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਹਰ ਰੋਜ਼ ਇਕ ਲੱਖ ਤੋਂ ਵੱਧ ਲੋਕਾਂ ਲਈ ਲੰਗਰ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ।

ਇੰਟਰਨੈੱਟ 'ਤੇ ਸਮਾਜਿਕ ਸਾਈਟਾਂ ਰਾਹੀਂ ਵਿਸ਼ਵ ਭਰ ਵਿਚ ਮਨੁੱਖਤਾ ਦੀ ਭਲਾਈ ਲਈ ਸਿੱਖਾਂ ਵੱਲੋਂ ਕੀਤੇ ਜਾ ਰਹੇ ਯਤਨਾਂ ਬਾਰੇ ਖੂਬ ਪ੍ਰਚਾਰ ਹੋ ਰਿਹਾ ਹੈ। ਫੇਸਬੁੱਕ, ਵੱਟਸਐਪ, ਯੂ ਟਿਊਬ ਤੇ ਟਵਿੱਟਰ ਆਦਿ 'ਤੇ ਜਿਥੇ ਸਿੱਖਾਂ ਵੱਲੋਂ ਕੌਮ ਦੇ ਫਰਾਖ਼ਦਿਲੀ ਕਾਰਜਾਂ 'ਤੇ ਮਾਣ ਦਰਸਾਇਆ ਜਾ ਰਿਹਾ ਹੈ, ਉਥੇ ਹੋਰਨਾਂ ਧਰਮਾਂ ਦੇ ਲੋਕਾਂ ਵੱਲੋਂ ਵੀ ਸਨਮਾਨਜਨਕ ਸੰਦੇਸ਼ ਅਪਲੋਡ ਕੀਤੇ ਜਾ ਰਹੇ ਹਨ। ਹੜ੍ਹਾਂ ਤੋਂ ਬਾਅਦ ਸੈਂਕੜੇ ਲੋਕਾਂ ਨੇ ਵੱਖ-ਵੱਖ ਗੁਰਦੁਆਰਿਆਂ ਵਿਚ ਪਨਾਹ ਲਈ ਹੋਈ ਹੈ ਤੇ ਉਹ ਸਿੱਖਾਂ ਵੱਲੋਂ ਬਚਾਅ ਕਾਰਜਾਂ ਵਿਚ ਪਾਏ ਯੋਗਦਾਨ ਲਈ ਉਨ੍ਹਾਂ ਦੇ ਸ਼ੁਕਰਗੁਜ਼ਾਰ ਹਨ। ਜਵਾਹਰ ਨਗਰ ਵਿਚ ਘਰ ਵਿਚੋਂ ਬਚਾਏ ਗਏ ਅਬਦੁਲ ਰਾਸ਼ਿਦ ਆਪਣੇ ਪੂਰੇ ਪਰਿਵਾਰ ਨਾਲ ਪਿਛਲੇ 17 ਦਿਨਾਂ ਤੋਂ ਗੁਰਦੁਆਰਾ ਸ਼ਹੀਦ ਬੁੰਗਾ ਵਿਚ ਠਹਿਰਿਆ ਹੋਇਆ ਹੈ।

ਕਈ ਮੁਸਲਮਾਨਾਂ ਨੇ ਕਿਹਾ ਕਿ ਉਹ ਸਿੱਖਾਂ ਦੇ ਕਰਜ਼ਦਾਰ ਰਹਿਣਗੇ ਕਿਉਂਕਿ ਉਨ੍ਹਾਂ ਧਰਮ ਦੇ ਆਧਾਰ 'ਤੇ ਕੋਈ ਵਿਤਕਰਾ ਕੀਤੇ ਬਿਨਾਂ ਉਨ੍ਹਾਂ ਦੀ ਸਹਾਇਤਾ ਕੀਤੀ। ਬੇਮੀਨਾ ਇਲਾਕੇ ਦੇ ਵਸਨੀਕ ਮਕਸੂਦ ਅਹਿਮਦ ਦਾ ਕਹਿਣਾ ਹੈ ਕਿ ਉਹ ਕਦੇ ਗੁਰਦੁਆਰੇ ਨਹੀਂ ਗਿਆ ਸੀ ਪਰ ਸਿੱਖਾਂ ਵੱਲੋਂ ਦਿੱਤਾ ਗਿਆ ਪਿਆਰ ਤੇ ਦੁਲਾਰ ਦੇਖ ਕੇ ਉਸ ਦਾ ਮਨ ਪਸੀਜ ਗਿਆ ਹੈ।

## ਸ਼੍ਰੋਮਣੀ ਕਮੇਟੀ ਰੋਜ਼ ਭੇਜਦੀ ਹੈ ਇਕ ਲੱਖ ਲੋਕਾਂ ਲਈ ਲੰਗਰ



*ਸ਼੍ਰੋਮਣੀ ਕਮੇਟੀ ਵੱਲੋਂ ਤਿਆਰ ਕੀਤੇ ਜਾ ਰਹੇ ਲੰਗਰ ਦੀ ਤਸਵੀਰ।*

## ਮੱਕੜ ਵੱਲੋਂ ਸਰਕਾਰ ਨੂੰ ਸਿੱਖਾਂ ਦੇ ਮੁੜ ਵਸੇਬੇ ਲਈ ਅਪੀਲ

**ਅੰਮ੍ਰਿਤਸਰ:** ਕਸ਼ਮੀਰੀ ਸਿੱਖਾਂ ਦਾ ਹਾਲ ਪੁੱਛਣ ਲਈ ਸ੍ਰੀਨਗਰ ਗਏ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਜੰਮੂ-ਕਸ਼ਮੀਰ ਦੇ ਰਾਜਪਾਲ ਐਨ.ਐਨ. ਵੋਹਰਾ ਤੇ ਮੁੱਖ ਮੰਤਰੀ ਉਮਰ ਅਬਦੁੱਲਾ ਨਾਲ ਮੁਲਾਕਾਤ ਦੌਰਾਨ ਪ੍ਰਭਾਵਿਤ ਸਿੱਖ ਪਰਿਵਾਰਾਂ ਲਈ ਵਿਸ਼ੇਸ਼ ਪੈਕੇਜ ਜਾਰੀ ਕਰਕੇ ਉਨ੍ਹਾਂ ਦੇ ਮੁੜ ਵਸੇਬੇ ਲਈ ਯਤਨ ਕਰਨ ਦੀ ਮੰਗ ਕੀਤੀ। ਜਿਥੇ ਰਾਜਪਾਲ ਨੇ ਸਿੱਖਾਂ ਦੀਆਂ ਸਮੱਸਿਆਵਾਂ ਦੇ ਸਰਲੀਕਰਨ ਦਾ ਭਰੋਸਾ ਦਿਵਾਇਆ, ਉਥੇ ਜਨਾਬ ਅਬਦੁੱਲਾ ਨੇ ਸਿੱਖਾਂ ਦੀ ਵਿੱਤੀ ਤੇ ਹਰ ਤਰ੍ਹਾਂ ਦੀ ਮਦਦ ਕਰਨ ਲਈ ਹਾਮੀ ਭਰੀ। ਸ੍ਰੀ ਵੋਹਰਾ ਨੇ ਪੰਜਾਬੀਆਂ ਦੀ ਪ੍ਰਸੰਸਾ ਕਰਦਿਆਂ ਖੁਦ ਦੇ ਪੰਜਾਬੀ ਹੋਣ 'ਤੇ ਮਾਣ ਪ੍ਰਗਟਾਇਆ। ਉਨ੍ਹਾਂ ਬੇਘਰ ਲੋਕਾਂ ਲਈ ਸ਼੍ਰੋਮਣੀ ਕਮੇਟੀ ਪਾਸੋਂ ਹੋਰ ਸਮੱਗਰੀ ਤੇ ਮੈਡੀਕਲ ਸਹੂਲਤਾਂ ਦੇ ਨਾਲ-ਨਾਲ ਉਥੋਂ ਦੇ ਪਹਿਰਾਵੇ ਵਾਲੇ ਕੱਪੜੇ ਭੇਜਣ ਲਈ ਅਪੀਲ ਕੀਤੀ।

## ਬਿਪਤਾ ਮਾਰਿਆਂ ਨਾਲ ਸਦਾ ਹੀ ਡਟ ਕੇ ਖੜ੍ਹਦੇ ਨੇ ਸਿੱਖ

ਵਿਸ਼ਵ ਦੇ ਬਹੁਤ ਸਾਰੇ ਮੁਲਕਾਂ ਫਿਲੀਪੀਨਜ਼, ਸੀਰੀਆ, ਇਰਾਕ, ਸੋਮਾਲੀਆ, ਹਿਆਤੀ, ਬੋਸਨੀਆ, ਕੀਨੀਆ, ਲਿਬੀਆ, ਜਾਪਾਨ, ਤ੍ਰਿਨੀਦਾਦ ਆਦਿ ਵਿਚ ਵੀ ਸਿੱਖਾਂ ਦੇ ਕੌਮਾਂਤਰੀ ਸੇਵਾ ਦਸਤਿਆਂ ਵੱਲੋਂ ਕੁਦਰਤੀ ਤੇ ਮਨੁੱਖੀ ਕਰੋਪੀਆਂ ਮੌਕੇ ਬਿਪਤਾ ਵਿਚ ਫਸੇ ਆਮ ਲੋਕਾਂ ਦੀ ਬਿਨ੍ਹਾਂ ਧਰਮ ਜਾਤ ਵੇਖੇ ਦਹਾਕਿਆਂ ਤੋਂ ਸਹਾਇਤਾ ਕੀਤੀ ਜਾ ਰਹੀ ਹੈ। ਕੀਨੀਆ ਦੇ ਉੱਪ ਰਾਸ਼ਟਰਪਤੀ ਵੱਲੋਂ ਪਿਛਲੇ ਸਮੇਂ ਭਿਆਨਕ ਕਾਲ ਦੀ ਸਥਿਤੀ ਮੌਕੇ ਸਿੱਖ ਸੰਸਥਾਵਾਂ ਵੱਲੋਂ 100 ਟਨ ਭੋਜਨ ਭੇਜਣ 'ਤੇ ਡੂੰਘਾ ਧੰਨਵਾਦ ਕੀਤਾ ਗਿਆ ਸੀ। ਲੀਬੀਆ ਦੀ ਘਰੇਲੂ ਖਾਨਾਜੰਗੀ ਮੌਕੇ ਗਰੀਬੀ ਦੇ ਮਾਰੇ ਮੁਲਕ ਤਨੂਸ਼ੀਆ ਵਿਚ ਸ਼ਰਨ ਲੈ ਕੇ ਕੈਂਪਾਂ ਨਿਚ ਬੈਠੇ ਸ਼ਰਨਾਰਥੀਆਂ ਦੀ ਦੋਵੇਂ ਪਾਸੇ ਮਦਦ ਕਰਨ ਵਾਲੇ ਖਾਲਸਾ ਏਡ ਦੇ ਸਿੱਖ ਦਸਤਿਆਂ ਦੀ ਸੰਯੁਕਤ ਰਾਸ਼ਟਰ ਵੱਲੋਂ ਸ਼ਲਾਘਾ ਕੀਤੀ ਗਈ ਸੀ। ਹੋਰ ਕਈ ਕੌਮਾਂਤਰੀ ਉਦਾਹਰਨਾਂ ਤੋਂ ਛੁੱਟ ਭਾਰਤੀ ਗੈਰ-ਸਿੱਖ ਸੂਬਿਆਂ ਵਿਚ ਆਈਆਂ ਕੁਦਰਤੀ ਆਫਤਾਂ ਗੁਜਰਾਤ ਦੇ ਭੁਚਾਲ, ਉਡੀਸਾ ਦੀ ਸੁਨਾਮੀ, ਉਤਰਾਖੰਡ ਦੇ ਬੱਦਲ ਫੱਟਣ ਮੌਕੇ ਵੀ ਸਿੱਖਾਂ ਦੇ ਸਮਾਜ ਸੇਵੀ

# ਭਾਰਤ ਵਿਚ 20 ਕਰੋੜ ਤੋਂ ਵੱਧ ਲੋਕ ਸੌਂਦੇ ਨੇ ਭੁੱਖੇ ਢਿੱਡ

**ਨਵੀਂ ਦਿੱਲੀ (ਬਿਊਰੋ):** ਕੇਂਦਰ ਸਰਕਾਰ ਵੱਲੋਂ ਭਾਵੇਂ ਦੇਸ਼ ਭਰ ਵਿਚ ਖੁਰਾਕ ਸੁਰੱਖਿਆ ਬਿੱਲ ਲਾਗੂ ਕਰਨ ਦਾ ਦਾਅਵਾ ਕੀਤਾ ਜਾ ਰਿਹਾ ਹੈ ਪਰ ਇਸ ਦਾ ਦੇਸ਼ ਦੇ ਗ਼ਰੀਬ ਵਰਗ ਨੂੰ ਕਿੰਨਾ ਫਾਇਦਾ ਪਹੁੰਚ ਰਿਹਾ ਹੈ ਇਸ ਗੱਲ ਦਾ ਅੰਦਾਜ਼ਾ ਇੰਟਰਨੈਸ਼ਨਲ ਫੂਡ ਪਾਲਿਸੀ ਰਿਸਰਚ ਇੰਸਟੀਚਿਊਟ ਵੱਲੋਂ ਜਾਰੀ ਅੰਕੜਿਆਂ ਤੋਂ ਲਗਾਇਆ ਜਾ ਸਕਦਾ ਹੈ। ਸਰਕਾਰੀ ਅੰਕੜੇ ਦੱਸਦੇ ਹਨ ਕਿ ਦੇਸ਼ ਵਿਚ ਗ਼ਰੀਬੀ ਘੱਟ ਰਹੀ ਹੈ ਤੇ ਭੁੱਖੇ ਢਿੱਡ ਸੌਣ ਵਾਲਿਆਂ ਦੀ ਗਿਣਤੀ ਨਾ ਮਾਤਰ ਹੀ ਹੈ ਪਰ ਨੈਸ਼ਨਲ ਸੈਂਪਲ ਸਰਵੇ

ਆਰਗੇਨਾਈਜ਼ੇਸ਼ਨ (ਐਨ. ਐਸ. ਐਸ. ਓ.) ਦੀ ਤਾਜ਼ਾ ਰਿਪੋਰਟ ਦੇ ਅੰਕੜੇ ਦੱਸਦੇ ਹਨ ਕਿ ਜਿਥੇ ਦੇਸ਼ ਵਿਚ ਗ਼ਰੀਬੀ ਰੇਖਾ ਹੇਠ ਜਿਊਣ ਵਾਲੇ ਲੋਕਾਂ ਦੀ ਹਾਲਤ ਹੋਰ ਬਦਤਰ ਹੋ ਰਹੀ ਹੈ ਤੇ ਦੇਸ਼ ਵਿਚ 20 ਕਰੋੜ ਤੋਂ ਜ਼ਿਆਦਾ ਲੋਕ ਰੋਜ਼ ਭੁੱਖੇ ਢਿੱਡ ਸੌਂਦੇ ਹਨ ਉਥੇ ਦੇਸ਼ ਭਰ ਵਿਚ ਨਿੱਤ 40 ਫੀਸਦੀ ਖਾਣੇ ਦੀ ਬਰਬਾਦੀ ਕੀਤੀ ਜਾ ਰਹੀ ਹੈ ਜੋ ਭੁੱਖੇ ਢਿੱਡ ਸੌਣ ਵਾਲਿਆਂ ਦੀ ਭੁੱਖ ਮਿਟਾਉਣ ਵਿਚ ਸਹਾਈ ਹੋ ਸਕਦਾ ਹੈ। ਯੂਨਾਈਟੇਡ ਨੈਸ਼ਨਜ਼ ਡਿਵੈਲਪਮੈਂਟ ਪ੍ਰੋਗਰਾਮ ਤਹਿਤ ਇਕੱਤਰ ਕੀਤੇ ਅੰਕੜੇ ਦੱਸਦੇ ਹਨ ਕਿ ਸਭ ਤੋਂ ਵੱਧ ਅਨਾਜ ਤੇ ਖਾਣੇ ਦੀ ਬਰਬਾਦੀ ਸ਼ਹਿਰੀ ਖੇਤਰਾਂ ਵਿਚ ਕੀਤੀ ਜਾ ਰਹੀ ਹੈ।

ਅੰਕੜਿਆਂ ਅਨੁਸਾਰ ਦੇਸ਼ ਵਿਚ ਹਰ ਸਾਲ 58000 ਕਰੋੜ ਦਾ ਖਾਣਾ ਕਿਸੇ ਭੁੱਖੇ ਨੂੰ ਦੇਣ ਦੀ ਜਗ੍ਹਾ ਬਰਬਾਦ ਕਰ ਦਿੱਤਾ ਜਾਂਦਾ ਹੈ। ਜਿਥੇ ਇਹ ਅੰਕੜੇ ਹੈਰਾਨੀਜਨਕ ਹਨ ਉਥੇ ਸ਼ਰਮਨਾਕ ਵੀ ਹਨ। ਐਨ.ਐਸ.ਐਸ.ਓ. ਦੀ ਰਿਪੋਰਟ ਅਨੁਸਾਰ ਦੇਸ਼ ਭਰ ਵਿਚ ਰੋਜ਼ਾਨਾ ਜਿਥੇ 7 ਹਜ਼ਾਰ ਭਾਰਤੀ ਭੁੱਖ ਕਾਰਨ ਮੌਤ ਦੇ ਮੂੰਹ ਵਿਚ ਜਾ ਰਹੇ ਹਨ ਉਥੇ ਵਿਸ਼ਵ ਭਰ ਵਿਚ ਭੁੱਖੇ ਢਿੱਡ ਸੌਣ ਵਾਲਿਆਂ ਵਿਚੋਂ ਇਕ ਤਿਹਾਈ ਭਾਰਤੀ ਹੈ। ਇਨ੍ਹਾਂ ਰਿਪੋਰਟਾਂ ਤੋਂ ਇਸ ਗੱਲ ਦਾ ਖ਼ੁਲਾਸਾ ਵੀ ਹੋ ਰਿਹਾ ਹੈ ਕਿ ਸਰਕਾਰ ਵੱਲੋਂ ਖੁਰਾਕ ਸੁਰੱਖਿਆ ਐਕਟ ਨੂੰ ਕਿੰਨੀ ਗੰਭੀਰਤਾ ਨਾਲ ਲਾਗੂ ਕੀਤਾ ਜਾ ਰਿਹਾ ਹੈ। ਜਿਥੇ ਦੇਸ਼ ਭਰ ਵਿਚ ਭੁੱਖੇ ਢਿੱਡ ਸੌਣ ਵਾਲਿਆਂ ਦੀ ਅਸਲ ਗਿਣਤੀ 820 ਮਿਲੀਅਨ ਤੋਂ ਵੀ ਜ਼ਿਆਦਾ ਹੈ ਉਥੇ ਇਕੱਲੇ ਭਾਰਤ ਦੇ 8 ਕਰੋੜ ਤੋਂ ਵੀ ਜ਼ਿਆਦਾ ਲੋਕ ਰੋਜ਼ਾਨਾ ਮਹਿਜ਼ 20 ਰੁਪਏ ਨਾਲ ਆਪਣਾ ਗੁਜ਼ਾਰਾ ਕਰ ਰਹੇ ਹਨ।

ਇਸ ਤੋਂ ਇਲਾਵਾ ਗ਼ਰੀਬੀ ਤੇ ਚੰਗੇ ਆਹਾਰ ਦੀ ਘਾਟ ਕਾਰਨ ਕਈ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਤਕਰੀਬਨ 22 ਹਜ਼ਾਰ ਲੋਕ ਹਰ ਸਾਲ ਆਇਰਨ ਦੀ ਕਮੀ ਕਾਰਨ ਮੌਤ ਦੇ ਮੂੰਹ ਵਿਚ ਜਾ ਰਹੇ ਹਨ।

ਅੰਕੜਿਆਂ ਅਨੁਸਾਰ 87 ਫ਼ੀਸਦੀ ਗਰਭਵਤੀ ਔਰਤਾਂ ਤੇ 75 ਫ਼ੀਸਦੀ ਪੰਜ ਸਾਲ ਤੋਂ ਘੱਟ ਉਮਰ ਦੇ ਬੱਚੇ ਮਾੜੇ ਆਹਾਰ ਕਾਰਨ ਅਨੀਮੀਆ ਦਾ ਸ਼ਿਕਾਰ ਹੋ ਰਹੇ ਹਨ ਤੇ ਵਿਟਾਮਿਨ 'ਏ' ਤੇ ਆਇਰਨ ਦੀ ਕਮੀ ਅੱਗੇ ਚੱਲ ਕੇ



ਕੁਪੋਸ਼ਣ ਦਾ ਵੱਡਾ ਕਾਰਨ ਬਣਦੀ ਹੈ। ਰਿਪੋਰਟ ਅਨੁਸਾਰ ਤਾਜ਼ਾ ਸਰਵੇਖਣ ਦੱਸਦਾ ਹੈ ਕਿ ਏਡਜ਼ ਤੇ ਕੈਂਸਰ ਤੋਂ ਪਹਿਲਾਂ ਭੁੱਖ ਕਾਰਨ ਹੋਣ ਵਾਲੀਆਂ ਮੌਤਾਂ ਦੇਸ਼ ਵਿਚ ਸਭ ਤੋਂ ਜ਼ਿਆਦਾ ਹਨ।

# ਰੰਘਰੇਟਾ ਬੁੰਗੇ ਦੇ ਉਦਘਾਟਨ 'ਤੇ ਰੋਕ ਲਾਈ

**ਅੰਮ੍ਰਿਤਸਰ:** ਰੰਘਰੇਟਾ ਭਾਈਚਾਰੇ ਨਾਲ ਸਬੰਧਤ ਸਿੱਖ ਜਥੇਬੰਦੀਆਂ ਦੀ ਆਪਸੀ ਖਿੱਚੋਤਾਣ ਕਾਰਨ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਬਾਬਾ ਜੀਵਨ ਸਿੰਘ ਰੰਘਰੇਟਾ ਨਾਲ ਸਬੰਧਤ ਬੁੰਗੇ ਦਾ ਉਦਘਾਟਨ ਨਹੀਂ ਹੋ ਸਕਿਆ। ਤੈਅ ਪ੍ਰੋਗਰਾਮ ਮੁਤਾਬਕ ਇਸ ਬੁੰਗੇ ਦਾ ਉਦਘਾਟਨ ਕੀਤਾ ਜਾਣਾ ਸੀ ਪਰ ਇਸ ਤੋਂ ਪਹਿਲਾਂ ਹੀ ਰੰਘਰੇਟਾ ਭਾਈਚਾਰੇ ਨਾਲ ਸਬੰਧਤ ਇਕ ਜਥੇਬੰਦੀ ਇਸ ਬੁੰਗੇ ਦੀ ਸਾਂਭ ਸੰਭਾਲ ਤੇ ਨਾਂ 'ਤੇ ਇਤਰਾਜ਼ ਦਾ ਪ੍ਰਗਟਾਵਾ ਕਰਦਿਆਂ ਇਸ ਮਾਮਲੇ ਨੂੰ ਅਦਾਲਤ ਵਿਚ ਲੈ ਗਈ ਹੈ ਤੇ ਅਦਾਲਤ ਨੇ ਉਦਘਾਟਨ 'ਤੇ ਰੋਕ ਲਾ ਦਿੱਤੀ ਹੈ। ਸਿੱਟੇ ਵਜੋਂ ਉਦਘਾਟਨ ਨਹੀਂ ਹੋ ਸਕਿਆ ਤੇ ਇਸ ਬਾਰੇ ਰੱਖਿਆ ਅਖੰਡ ਪਾਠ ਭੋਗ ਪਾ ਕੇ ਸਮਾਗਮ ਸਮਾਪਤ ਕਰ ਦਿੱਤਾ ਗਿਆ।

ਬਾਬਾ ਜੀਵਨ ਸਿੰਘ ਰੰਘਰੇਟਾ ਦਲ ਨਾਲ ਸਬੰਧਤ ਵੱਖ-ਵੱਖ ਜਥੇਬੰਦੀਆਂ ਵੱਲੋਂ ਪਿਛਲੇ ਕੁਝ ਸਮੇਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲੋਂ ਮੰਗ ਕੀਤੀ ਜਾ ਰਹੀ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਪਰਿਕਰਮਾ ਦੇ ਨੇੜੇ ਬਾਬਾ ਜੀਵਨ ਸਿੰਘ ਰੰਘਰੇਟਾ ਦੇ ਨਾਂ 'ਤੇ ਬੁੰਗਾ ਉਸਾਰਿਆ ਜਾਵੇ ਕਿਉਂਕਿ ਇਤਿਹਾਸ ਮੁਤਾਬਕ ਪਰਿਕਰਮਾ ਵਿਚ ਪਹਿਲਾਂ ਇਹ ਬੁੰਗਾ ਮੌਜੂਦ ਸੀ, ਜਿਸ ਨੂੰ ਇਥੋਂ ਹਟਾ ਦਿੱਤਾ ਗਿਆ ਸੀ। ਇਨ੍ਹਾਂ ਸਿੱਖ ਜਥੇਬੰਦੀਆਂ ਦੀ ਮੰਗ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਪਰਿਕਰਮਾ 'ਚ ਬੁੰਗੇ ਦੀ ਸੰਕੇਤਕ ਇਮਾਰਤ ਬਣਾਈ ਗਈ ਸੀ, ਜਿਸ ਤਹਿਤ ਇਥੇ ਇਕ ਵਿਸ਼ੇਸ਼ ਕਮਰੇ ਦੀ ਉਸਾਰੀ ਕੀਤੀ ਗਈ ਸੀ। ਉਸ ਵਿਚ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਸ਼ਾਮਲ ਹੋਣ ਲਈ ਪੰਜਾਬ ਵਿਧਾਨ ਸਭਾ ਦੇ ਸਪੀਕਰ ਚਰਨਜੀਤ ਸਿੰਘ ਅਟਵਾਲ, ਕੈਬਨਿਟ ਮੰਤਰੀ ਗੁਲਜ਼ਾਰ ਸਿੰਘ ਰਣੀਕੇ, ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਤੇ ਜਥੇਬੰਦੀ ਦੇ ਆਗੂ ਤੇ ਹੋਰ ਅਧਿਕਾਰੀ ਪੁੱਜੇ ਹੋਏ ਸਨ।

'ਸਰਵ ਸਾਂਝਾ ਰੰਘਰੇਟਾ ਦਲ' ਦੀ ਆਗੂ ਬੀਬੀ ਕਰਤਾਰ ਕੌਰ ਨੇ ਆਖਿਆ ਕਿ ਇਸ ਆਪਸੀ ਵਿਵਾਦ ਨੂੰ ਖ਼ਤਮ ਕਰਨ ਲਈ ਸ਼੍ਰੋਮਣੀ ਕਮੇਟੀ ਨੂੰ ਸਮੂਹ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਇਕ ਸਾਂਝੀ ਕਮੇਟੀ ਬਣਾਉਣੀ ਚਾਹੀਦੀ ਹੈ ਤੇ ਇਸ ਕਮੇਟੀ ਨੂੰ ਹੀ ਬੁੰਗੇ ਦੀ ਸਾਂਭ ਸੰਭਾਲ ਸੌਂਪੀ ਜਾਣੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ਸਾਂਝੀ ਕਮੇਟੀ ਬਣਨ ਨਾਲ ਆਪਸੀ ਖਿੱਚੋਤਾਣ ਖ਼ਤਮ ਹੋ ਜਾਵੇਗੀ। ਇਸ ਦੌਰਾਨ ਬੁੰਗੇ ਦਾ ਨਾਂ ਵੀ ਬੁੰਗਾ ਬਾਬਾ ਜੀਵਨ ਸਿੰਘ ਰੰਘਰੇਟਾ ਰੱਖਣ ਦੀ ਮੰਗ ਉਭਰੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਸ ਬੁੰਗੇ ਦਾ ਨਾਂ 'ਬੁੰਗਾ ਮਜ਼ਬੀ ਸਿੱਖਾਂ' ਰੱਖਿਆ ਗਿਆ। ਇਸ ਮਾਮਲੇ ਵਿਚ ਸਿੱਖ ਆਗੂਆਂ ਦਾ ਕਹਿਣਾ ਹੈ ਕਿ ਗੁਰੂ ਸਾਹਿਬ ਵੱਲੋਂ ਸਿੱਖ ਧਰਮ ਨੂੰ ਜਾਤਾਂ ਪਾਤਾਂ ਦੀ ਵੰਡ ਤੋਂ ਉਪਰ ਚੁੱਕਿਆ ਗਿਆ ਸੀ। ਇਸ ਲਈ ਇਸ ਬੁੰਗੇ ਦਾ ਨਾਂ ਕਿਸੇ ਜਾਤ ਦੀ ਥਾਂ ਸਿਰਫ ਬਾਬਾ ਜੀਵਨ ਸਿੰਘ ਦੇ ਨਾਂ 'ਤੇ ਹੋਣਾ ਚਾਹੀਦਾ ਹੈ।

## ਜਸਟਿਸ ਦੱਤੂ ਬਣੇ ਭਾਰਤ ਦੇ ਨਵੇਂ ਚੀਫ਼ ਜਸਟਿਸ

**ਨਵੀਂ ਦਿੱਲੀ:** 2-ਜੀ ਘੁਟਾਲੇ ਦੀ ਜਾਂਚ ਲਈ ਬਣੀ ਨਿਗਰਾਨ ਬੈਂਚ ਦੇ ਮੁਖੀ ਜਸਟਿਸ ਐਚ.ਐਲ. ਦੱਤੂ ਨੇ ਦੇਸ਼ ਦੇ ਨਵੇਂ ਚੀਫ ਜਸਟਿਸ ਵਜੋਂ ਹਲਫ ਲੈ ਲਿਆ ਹੈ। ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਉਨ੍ਹਾਂ ਨੂੰ ਸਹੁੰ ਚੁਕਾਈ। ਜਸਟਿਸ ਦੱਤੂ 14 ਮਹੀਨਿਆਂ ਤੱਕ ਸੁਪਰੀਮ ਕੋਰਟ ਦੇ ਚੀਫ ਜਸਟਿਸ ਰਹਿਣਗੇ ਤੇ ਉਹ ਦੋ ਦਸੰਬਰ 2015 ਨੂੰ ਸੇਵਾਮੁਕਤ ਹੋਣਗੇ। ਜਸਟਿਸ ਦੱਤੂ ਇਸ ਸਾਲ ਚੀਫ ਜਸਟਿਸ ਵਜੋਂ ਸਹੁੰ ਚੁੱਕਣ ਵਾਲੇ ਸੁਪਰੀਮ ਕੋਰਟ ਦੇ ਦੂਜੇ ਜੱਜ ਹਨ।

40 ਟਰੱਕ ਰਿਪੇਅਰ-ਓਕਲਹੋਮਾ

ਮਕੈਨਿਕਾਂ ਦੀ ਜ਼ਰੂਰਤ ਹੈ

ਕਾਰਾਂ ਅਤੇ ਡੀਜ਼ਲ ਟਰੱਕਾਂ ਬਾਰੇ ਚੰਗੀ ਜਾਣਕਾਰੀ ਰੱਖਣ ਵਾਲੇ ਮਕੈਨਿਕਾਂ ਦੀ ਜ਼ਰੂਰਤ ਹੈ



ਹੋਰ ਜਾਣਕਾਰੀ ਲਈ ਸੰਪਰਕ ਕਰੋ

ਫੋਨ: 832-512-7172

## ਭਾਈ ਗੁਰਮੁਖ ਸਿੰਘ ਦਾ ਅਕਾਲ ਚਲਾਣਾ


**ਕੈਸਟਰੋ ਵੈਲੀ, ਕੈਲੀਫੋਰਨੀਆ (ਬਿਊਰੋ):** ਭਾਈਚਾਰੇ ਦੇ ਪਤਵੰਤੇ ਸੱਜਣ ਭਾਈ ਗੁਰਮੁਖ ਸਿੰਘ ਨੇ ਪਰਿਵਾਰ ਦੀ ਹਾਜ਼ਰੀ ਵਿਚ ਲੰਘੇ ਦਿਨੀਂ ਪੜ੍ਹੀ ਜਾ ਰਹੀ ਗੁਰਬਾਣੀ ਦੌਰਾਨ ਆਖਰੀ ਸਾਹ ਲਿਆ। ਉਹ 88 ਸਾਲਾਂ ਦੇ ਸਨ ਅਤੇ ਪੇਸ਼ੇ ਵਜੋਂ ਇਕ ਸਫਲ ਇੰਜੀਨੀਅਰ ਸਨ। ਪੜ੍ਹਾਈ-ਲਿਖਾਈ ਵਿਚ ਉਨ੍ਹਾਂ ਦੀ ਵਿਸ਼ੇਸ਼ ਰੁਚੀ ਰਹੀ। ਉਨ੍ਹਾਂ ਦੇ ਜੀਵਨ ਦਾ ਨਿਸ਼ਾਨਾ ਗੁਰਮਤਿ, ਗੁਰਸਿੱਖੀ ਤੇ ਉਚ ਵਿਦਿਆ ਰਿਹਾ। ਘਰ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਣ ਦੇ ਬਾਵਜੂਦ ਉਹ ਸੰਗਤਾਂ ਦੇ ਦਰਸ਼ਨ ਕਰਨ ਗੁਰਦੁਆਰਾ ਸਾਹਿਬ ਆਉਣਾ ਜ਼ਰੂਰੀ ਸਮਝਦੇ ਸਨ। ਉਹ ਹਰ ਪੱਖੋਂ ਇਕ ਸਫਲ ਸਿੱਖ ਦੀ ਉਦਾਹਰਣ ਬਣ ਗਏ ਸਨ।



ਭਾਈ ਗੁਰਮੁਖ ਸਿੰਘ ਦਾ ਸਸਕਾਰ 4 ਅਕਤੂਬਰ ਨੂੰ ਬਾਅਦ ਦੁਪਹਿਰ 12:30 ਤੋਂ 2:30 ਵਜੇ ਦਰਮਿਆਨ ਹੇਵਰਡ ਦੇ ਚੈਪਲ ਆਫ ਚਾਈਮਜ਼ (32992 ਮਿਸ਼ਨ ਬੁਲੇਵਾਰਡ) ਵਿਚ ਹੋਵੇਗਾ। ਉਪਰੰਤ ਅੰਤਿਮ ਅਰਦਾਸ ਤੇ ਕੀਰਤਨ ਸਮਾਗਮ ਗੁਰਦੁਆਰਾ ਫਰੀਮਾਂਟ ਵਿਚ ਹੋਣਗੇ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਫੋਨ 510-396-9849 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਮਾਤਾ ਨਸੀਬ ਕੌਰ ਸੰਧੂ ਦਾ ਦੇਹਾਂਤ

**ਫੇਅਰਫੀਲਡ, ਕੈਲੀਫੋਰਨੀਆ (ਬਿਊਰੋ):** ਮਾਤਾ ਨਸੀਬ ਕੌਰ ਸੰਧੂ ਦਾ ਲੰਘੇ ਦਿਨੀਂ ਦੇਹਾਂਤ ਹੋ ਗਿਆ। ਉਹ ਕਰੀਬ 90 ਸਾਲਾਂ ਦੇ ਸਨ। ਉਹ ਆਪਣੇ ਪਿਛੇ ਦੋ ਧੀਆਂ- ਸੁਰਿੰਦਰ ਕੌਰ ਢਿੱਲੋਂ ਤੇ ਗੁਰਬਖਸ਼ ਕੌਰ ਅਤੇ ਦੋ ਪੁੱਤਰ- ਬਲਜੋਗ ਸਿੰਘ ਸੰਧੂ ਤੇ ਭਿੰਦਰ ਸਿੰਘ ਸੰਧੂ ਅਤੇ ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਉਹ ਪੰਜਾਬ ਤੋਂ ਜ਼ਿਲ੍ਹਾ ਜਲੰਧਰ ਦੇ ਪਿੰਡ ਰੁੜਕਾ ਕਲਾਂ ਤੋਂ ਸਨ।



ਮਾਤਾ ਨਸੀਬ ਕੌਰ ਦਾ ਅੰਤਿਮ ਸਸਕਾਰ 5 ਅਕਤੂਬਰ ਨੂੰ ਸਵੇਰੇ ਕਰੀਬ ਗਿਆਰਾਂ ਵਜੇ ਟਵਿਨ ਚੈਪਲ ਆਫ ਚਾਈਮਜ਼, ਵਾਲੇਹੋ ਵਿਖੇ ਹੋਵੇਗਾ। ਪਰਿਵਾਰ ਨਾਲ ਸੰਪਰਕ ਫੋਨ 707-334-7820 ਜਾਂ 707-334-7762 ਰਾਹੀਂ ਕੀਤਾ ਜਾ ਸਕਦਾ ਹੈ।

# 'ਪ੍ਰੋ. ਹਰਭਜਨ ਸਿੰਘ: ਬਿਰਤਾਂਤ ਤੇ ਦ੍ਰਿਸ਼ਟੀ' ਪੁਸਤਕ ਬਾਰੇ ਭਰਵੀਂ ਚਰਚਾ

**ਸਟਾਕਟਨ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਸਥਾਨਕ ਇਕਾਈ ਵਲੋਂ ਖੋਜ ਨਿਬੰਧ ਪੁਸਤਕ 'ਪ੍ਰੋ. ਹਰਭਜਨ ਸਿੰਘ: ਬਿਰਤਾਂਤ ਤੇ ਦ੍ਰਿਸ਼ਟੀ' ਉਪਰ ਕਰਵਾਈ ਗਈ ਵਿਚਾਰ ਗੋਸ਼ਟੀ ਵਿਚ ਪ੍ਰੋ. ਹਰਭਜਨ ਸਿੰਘ ਦੀ ਕਹਾਣੀ-ਸਿਰਜਨਾ ਦੀ ਵਿਲੱਖਣਤਾ, ਮੰਤਵ, ਮਹੱਤਵ, ਥੀਮਕ ਪਹਿਲੂਆਂ, ਵਿਸ਼ਾ-ਵਸਤੂ ਤੇ ਕਲਾਤਮਕਤਾ ਦੇ ਵਿਭਿੰਨ ਪੱਖਾਂ, ਸਰੋਕਾਰਾਂ ਅਤੇ ਸੰਦਰਭਾਂ ਬਾਰੇ ਭਰਵੀਂ ਵਿਚਾਰ ਚਰਚਾ ਹੋਈ।





ਮੁੱਖ ਬੁਲਾਰੇ ਡਾ. ਮਾਨ ਸਿੰਘ ਢੀਂਡਸਾ (ਸੀਨੀਅਰ ਪ੍ਰੋਫੈਸਰ ਪੰਜਾਬੀ ਯੂਨੀਵਰਸਿਟੀ, ਪਟਿਆਲਾ) ਨੇ ਪ੍ਰੋ. ਹਰਭਜਨ ਸਿੰਘ ਦੀ ਸਮੁੱਚੀ ਸਾਹਿਤਕ ਘਾਲਣਾ ਤੋਂ ਆਪਣੀ ਗੱਲਬਾਤ ਅਰੰਭ ਕਰ ਕੇ, ਉਸ ਦੇ ਸਮੁੱਚੇ ਗਲਪ ਸਾਹਿਤ ਦੀ ਵਿਲੱਖਣਤਾ ਬਾਰੇ ਦੱਸਦਿਆਂ, ਉਸ ਦੀ ਕਹਾਣੀ ਦੇ ਥੀਮਕ ਅਤੇ ਵਿਚਾਰਧਾਰਕ ਪਹਿਲੂਆਂ ਬਾਰੇ ਕਹਾਣੀਆਂ ਦੇ ਹਵਾਲਿਆਂ ਨਾਲ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕੀਤੀ।

ਡਾ. ਢੀਂਡਸਾ ਨੇ ਕਿਹਾ ਕਿ ਪ੍ਰੋ. ਹਰਭਜਨ ਸਿੰਘ ਲੰਬਾ ਸਮਾਂ ਹਿੰਦੁਸਤਾਨੀ ਇਨਕਲਾਬੀ ਅੰਦੋਲਨ ਵਿਚ ਕੁੱਲਵਕਤੀ ਕਾਰਕੁੰਨ ਅਤੇ ਲੀਡਰ ਦੇ ਰੂਪ ਵਿਚ ਸਰਗਰਮ ਰਿਹਾ ਹੋਣ ਕਰਕੇ ਉਸ ਨੇ ਆਮ ਲੋਕ ਜੀਵਨ ਅਤੇ ਲੋਕ ਸੰਗਰਾਮ ਦੇ ਠੋਸ, ਵਿਲੱਖਣ ਅਤੇ ਪ੍ਰਮਾਣਿਕ ਅਨੁਭਵ ਵੀ ਗ੍ਰਹਿਣ ਕੀਤੇ ਹਨ। ਡਾ. ਢੀਂਡਸਾ ਨੇ ਉਸ ਦੇ ਦੋ ਕਹਾਣੀ ਸੰਗ੍ਰਿਹਾਂ- 'ਬਿਨ ਸਿੰਗੇ ਸਾਨ੍ਹ' ਅਤੇ 'ਰੇਸ, ਕਲਾਸ ਤੇ ਜੰਗ' ਨੂੰ ਸਮੁੱਚੇ ਪੰਜਾਬੀ ਸਾਹਿਤ ਵਿਚ ਗੁਣਆਤਮਕ ਅਤੇ ਮਹੱਤਵਪੂਰਨ ਯੋਗਦਾਨ ਦਾ ਰੁਤਬਾ ਦਿੱਤਾ। ਉਨ੍ਹਾਂ ਕਿਹਾ ਕਿ ਡਾ. ਮੋਹਨ ਤਿਆਗੀ ਨੇ ਅਠਾਰਾਂ ਵਿਦਵਾਨਾਂ ਦੇ ਸ਼ਾਨਦਾਰ ਖੋਜ ਨਿਬੰਧ ਅਤੇ ਪ੍ਰੋ. ਹਰਭਜਨ ਸਿੰਘ ਨਾਲ ਤਿੰਨ ਮੁਲਾਕਾਤਾਂ- ਇਕੋ ਪੁਸਤਕ ਵਿਚ ਛਾਪ ਕੇ ਮਹੱਤਵਪੂਰਨ ਅਤੇ ਗੌਲਣਯੋਗ ਕਾਰਜ ਕੀਤਾ ਹੈ।

ਹਰਜਿੰਦਰ ਪੰਧੇਰ ਨੇ ਪ੍ਰੋ. ਹਰਭਜਨ ਸਿੰਘ ਦੀ ਬਹੁ-ਪੱਖੀ ਸ਼ਖਸੀਅਤ ਬਾਰੇ ਕਿਹਾ, "ਉਹ ਮਾਰਕਸਵਾਦੀ ਵਿਚਾਰਧਾਰਾ ਨੂੰ ਪ੍ਰਣਾਏ ਹੋਏ ਸਾਹਿਤਕਾਰ ਤੇ ਲੋਕ-ਹਿੱਤ ਵਿਚ ਡਟ ਕੇ ਖੜਨ ਵਾਲੇ ਵਚਨਬੱਧ ਇਨਕਲਾਬੀ ਹਨ ਅਤੇ ਉਹ ਅਮਰੀਕੀ ਪੰਜਾਬੀ ਸਾਹਿਤਕਾਰਾਂ ਲਈ ਇਕ ਉਤਸ਼ਾਹਜਨਕ ਪ੍ਰੇਰਨਾਸਰੋਤ ਵੀ ਹਨ।"

ਬਿੱਕਰ ਸਿੰਘ ਕੰਮੇਆਣਾ ਨੇ ਪ੍ਰੋ. ਹਰਭਜਨ ਸਿੰਘ ਦੇ ਸੰਗਰਾਮੀ ਜੀਵਨ ਦੀਆਂ ਕੁਝ ਯਾਦਾਂ ਸਾਂਝੀਆਂ ਕਰਦਿਆਂ ਤਮਾਮ ਲੇਖਕਾਂ ਨੂੰ ਆਪਣੇ ਦਿਲ ਦੀ ਗੱਲ ਨਿਧੱੜਕਤਾ ਨਾਲ ਕਲਮ ਦੀ ਨੋਕ ਉਤੇ ਲਿਆਉਣ ਲਈ ਜ਼ੋਰ ਦਿਤਾ। ਪਿਸ਼ੌਰਾ ਸਿੰਘ ਢਿਲੋਂ ਨੇ ਵੀ ਇਸ ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਇੰਦਰ ਸਿੰਘ ਖਾਮੋਸ਼ ਨੇ ਪ੍ਰਧਾਨਗੀ ਭਾਸ਼ਣ ਵਿਚ ਪ੍ਰੋ. ਹਰਭਜਨ ਸਿੰਘ ਨੂੰ ਲੋਕ-ਪੱਖੀ ਪ੍ਰਤੀਬੱਧ ਗਲਪਕਾਰ ਕਹਿ ਕੇ ਉਸ ਦੀ ਸਾਹਿਤਕ ਪੇਸ਼ਕਾਰੀ ਦੀ ਤਾਰੀਫ ਕੀਤੀ। ਉਸ ਦੀ ਕਹਾਣੀ 'ਗਰਾਊਂਡ ਜ਼ੀਰੋ' ਨੂੰ ਅਮਿੱਟ ਛਾਪ ਵਾਲੀ ਇਕ ਸ਼ਾਹਕਾਰ ਸਿਰਜਨਾ ਕਿਹਾ। ਪ੍ਰੋ. ਹਰਭਜਨ ਸਿੰਘ ਨੇ ਇਸ ਪੁਸਤਕ ਨੂੰ ਸਮੁੱਚੇ ਅਮਰੀਕੀ ਪੰਜਾਬੀ ਸਾਹਿਤ ਦੀ ਇਕ ਪ੍ਰਾਪਤੀ ਕਿਹਾ।

ਸਮਾਗਮ ਦੇ ਅੰਤ ਵਿਚ ਕਵੀ ਦਰਬਾਰ ਹੋਇਆ। ਇਸ ਵਿਚ ਪਿਸ਼ੌਰਾ ਸਿੰਘ ਢਿਲੋਂ, ਮੱਖਣ ਲੁਹਾਰ, ਮਨਦੀਪ ਗੋਰਾ, ਇੰਦਰ ਸਿੰਘ ਖਾਮੋਸ਼, ਤਾਰਾ ਸਾਗਰ, ਅਮਰਪਾਲ ਸਿੰਘ ਕੰਬੋਜ, ਕਮਲ ਬੰਗਾ, ਹਰਜੀਤ ਹਠੂਰ, ਰਾਠੀ ਸੂਰਾਪੁਰੀ ਆਦਿ ਸ਼ਾਇਰਾਂ ਨੇ ਆਪਣੀਆਂ ਤਾਜ਼ਾ ਰਚਨਾਵਾਂ ਪੜ੍ਹੀਆਂ। ਮੰਚ ਸੰਚਾਲਨ ਮਨਦੀਪ ਗੋਰਾ ਨੇ ਕੀਤਾ।

**ਤੁਰ ਗਿਆਂ ਦੀ ਯਾਦ**

# ਪਿਤਾ ਜੀ...

ਸੱਚ, ਸੂਰਜ ਤੇ ਮਾਪੇ ਕਦੇ ਬੁੱਢੇ ਨਹੀਂ ਹੁੰਦੇ। ਮਾਪੇ ਕਿਸੇ ਵੀ ਉਮਰ ਵਿਚ ਜਾਣ, ਦੁੱਖ ਉਨਾ ਹੀ ਹੁੰਦਾ ਹੈ। ਮੇਰੇ ਪਿਤਾ ਜੀ 93 ਸਾਲ ਦੀ ਉਮਰ ਵਿਚ ਸਦਾ-ਸਦਾ ਲਈ ਤੁਰ ਗਏ। ਪੰਜ ਨਵੰਬਰ 1921 ਵਿਚ ਉਨ੍ਹਾਂ ਦਾ ਜਨਮ ਪਿਤਾ ਜਵਾਲਾ ਸਿੰਘ ਤੇ ਮਾਤਾ ਮਾਲਾ (ਪਿੰਡ ਤਾਰਾਗੜ੍ਹ ਤਲਾਣਾ, ਜ਼ਿਲ੍ਹਾ ਅੰਮ੍ਰਿਤਸਰ) ਦੇ ਘਰ ਹੋਇਆ।

ਸਾਡੇ ਪਰਿਵਾਰ ਵਿਚ ਪਿਤਾ ਜੀ ਦੀ ਮਾਤਾ (ਮਾਲਾ) ਦਾ ਵਿਲੱਖਣ ਇਤਿਹਾਸ ਹੈ। ਉਹ ਮੇਰੇ ਦਾਦਾ ਜੀ ਦੀ ਪੰਜਵੀਂ ਵਿਆਹੁਤਾ ਸਨ। ਚਾਰ ਦਾਦੀਆਂ ਘਰ ਵਿਚ ਆਈਆਂ, ਪਰ ਥੋੜ੍ਹੇ-ਥੋੜ੍ਹੇ ਸਮੇਂ ਵਿਚ ਹੀ ਰੱਬ ਨੂੰ ਪਿਆਰੀਆਂ ਹੁੰਦੀਆਂ ਗਈਆਂ। ਫਿਰ ਪੰਜਵੀਂ ਵਿਆਹੁਤਾ ਘਰ ਵਿਚ ਵੱਖਰੇ ਤਰੀਕੇ ਨਾਲ ਪਰਵੇਸ਼ ਹੋਈ। ਘਰ ਦੇ ਬਾਹਰਲੇ ਪਾਸੇ ਕੋਠੇ ਨੂੰ ਪੌੜੀ ਲਾ ਦਿੱਤੀ ਤੇ ਇਕ ਪੌੜੀ ਘਰ ਦੇ ਵਿਹੜੇ ਵਿਚ ਲਾਈ ਗਈ। ਸਿਰ 'ਤੇ ਫੁੱਲਾਂ ਦਾ ਗੁਲਦਸਤਾ ਰੱਖ ਦਿੱਤਾ। ਬਾਹਰਲੇ ਦਰਵਾਜ਼ੇ ਨੂੰ ਅੰਦਰੋਂ ਕੁੰਡਾ ਲਾ ਦਿੱਤਾ। ਸਿਰ 'ਤੇ ਫੁੱਲਾਂ ਦੀ ਟੋਕਰੀ ਚੁੱਕ ਕੇ ਪਿਛਲੀ ਪੌੜੀ ਚੜ੍ਹ ਕੇ ਅੰਦਰ ਵਿਹੜੇ ਵਿਚ ਪਰਵੇਸ਼ ਹੋ ਕੇ ਘਰ ਦੇ ਅੰਦਰ ਦਾ ਕੁੰਡਾ ਖੋਲ੍ਹਿਆ। ਸ਼ਰੀਕਨਾਂ ਨੇ ਗੀਤ ਗਾਇਆ- 'ਅੱਜ ਮਾਲਣ ਸਾਡੇ ਵਿਹੜੇ ਆਈ।'

ਪੇਕਿਆਂ ਤੋਂ ਉਹ ਈਸ਼ਰ ਕੌਰ ਸੀ, ਪਰ ਮੇਰੇ ਦਾਦਾ ਜੀ ਦੇ ਵਿਹੜੇ ਪੈਰ ਰੱਖਦਿਆਂ ਉਹ ਮਾਲਾ ਬਣ ਗਈ। ਉਸ ਗੁਲਦਸਤੇ ਵਿਚ ਜਿਹੜਾ ਪਹਿਲਾ ਫੁੱਲ ਖਿੜਿਆ, ਉਹ ਮੇਰੇ ਪਿਤਾ ਜੀ ਸਨ। ਦੁਨੀਆਂ ਭਰ ਦਾ ਗਿਆਨ ਰੱਖਣ ਵਾਲੇ ਅਤੇ ਨਾਂ ਵੀ ਗਿਆਨ ਸਿੰਘ। ਪਿੰਡ ਵਿਚ ਦਸਵੀਂ ਜਮਾਤ ਪੜ੍ਹਨ ਵਾਲੇ ਉਹ ਪਹਿਲੇ ਵਿਦਿਆਰਥੀ ਸਨ। ਪੜ੍ਹਦਿਆਂ ਸਾਰ ਫੌਜ ਵਿਚ ਭਰਤੀ ਹੋ ਗਏ। 30 ਸਾਲ ਉਨ੍ਹਾਂ ਫੌਜ ਦੀ ਸੇਵਾ ਕੀਤੀ। ਸੂਬੇਦਾਰ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ। ਘਰ ਆ ਕੇ ਅੰਮਾ ਨੂੰ ਕਹਿਣ ਲੱਗੇ, 'ਅਜੇ ਮੇਰਾ ਘਰ ਬੈਠ ਕੇ ਗੁਜ਼ਾਰਾ ਨਹੀਂ, ਬੱਚਿਆਂ ਦੀਆਂ ਨੀਹਾਂ ਕੱਚੀਆਂ ਹਨ।' ਫਿਰ 32 ਸਾਲ ਡੇਰਾ ਬਾਬਾ ਵਡਭਾਗ ਸਿੰਘ ਵਿਖੇ ਮੈਨੇਜਰ ਦੀ ਸੇਵਾ ਨਿਭਾਈ। 62 ਸਾਲ ਉਹ ਬੱਚਿਆਂ ਤੇ ਪਰਿਵਾਰ ਲਈ ਘਰ ਦੀਆਂ ਦਹਿਲੀਜ਼ਾਂ ਤੋਂ ਬਾਹਰ ਰਹੇ। 80 ਸਾਲ ਦੇ ਹੋ ਕੇ ਉਨ੍ਹਾਂ ਨੇ ਆਪਣੇ ਘਰ ਦੀਆਂ ਪੱਕੇ ਤੌਰ 'ਤੇ ਦਹਿਲੀਜ਼ਾਂ ਟੱਪੀਆਂ ਅਤੇ ਇਹ ਦੱਸ ਦਿੱਤਾ ਕਿ ਮਿਹਨਤ ਕਰਨ ਨਾਲ ਘਰ ਵਿਚ ਖੁਸ਼ਹਾਲੀ ਕਿਸ ਤਰ੍ਹਾਂ ਆਉਂਦੀ ਏ। ਉਹ ਪਰਿਵਾਰ ਲਈ ਬਹੁਤ ਵੱਡਾ ਖ਼ਜ਼ਾਨਾ ਛੱਡ ਕੇ ਗਏ ਹਨ- ਸੱਚ, ਇਮਾਨਦਾਰੀ, ਡਿਸਿਪਲਨ, ਵਕਤ ਦੇ ਪਾਬੰਦ ਤੇ ਹਿਸਾਬ-ਕਿਤਾਬ ਦੇ ਪੱਕੇ ਰਹਿਣਾ। ਉਨ੍ਹਾਂ ਕਹਿਣਾ, 'ਬੱਚਿਓ! ਇਹ ਕੁਝ ਆਪਣੀ ਜ਼ਿੰਦਗੀ ਵਿਚ ਵਸਾ ਲਓਗੇ ਤਾਂ ਸੁਖੀ ਰਹੋਗੇ।'



*ਸਵਰਗੀ ਗਿਆਨ ਸਿੰਘ*

ਉਨ੍ਹਾਂ ਦੇ ਪੂਰਨਿਆਂ 'ਤੇ ਚੱਲ ਕੇ ਅਸੀਂ ਮੰਜ਼ਿਲਾਂ ਵੱਲ ਸਿਰਫ਼ ਵਧੇ ਹੀ ਨਹੀਂ, ਸਗੋਂ ਮੰਜ਼ਿਲਾਂ ਸਰ ਵੀ ਕੀਤੀਆਂ। ਉਨ੍ਹਾਂ ਮੇਰੇ ਪਰਿਵਾਰ ਅਤੇ ਮੇਰੇ ਘਰ ਦਾ ਇਤਿਹਾਸ ਸੁਨਹਿਰੀ ਬਣਾ ਦਿੱਤਾ। ਉਹ 93 ਸਾਲ ਦੀ ਉਮਰ ਤੱਕ ਜੀਵੇ। ਇਕ ਲੰਮਾ ਜੀਵਨ, ਤੇ ਉਨਾ ਹੀ ਭਰਪੂਰ ਵੀ। ਉਨ੍ਹਾਂ ਦੀਆਂ ਸ਼ਾਖਾ ਜੋ ਹੌਲੀ-ਹੌਲੀ ਜੜ੍ਹਾਂ ਦਾ ਰੂਪ ਧਾਰ ਗਈਆਂ ਹਨ, ਹੁਣ ਅਮਰੀਕਾ, ਆਸਟਰੇਲੀਆ, ਇੰਗਲੈਂਡ, ਕੈਨੇਡਾ ਤੇ ਜਰਮਨੀ ਵਿਚ ਵਧ-ਫੁੱਲ ਰਹੀਆਂ ਹਨ। ਉਨ੍ਹਾਂ ਦੇ ਤਿੰਨ ਪੁੱਤਰ, ਚਾਰ ਪੋਤੇ ਤੇ ਦੋ ਪੋਤੇ ਹਨ। ਅੰਮਾ ਬਾਰਾਂ ਸਾਲ ਪਹਿਲਾਂ ਸਦਾ ਲਈ ਤੁਰ ਗਈ ਸੀ। ਭਰਾ ਦਲਬੀਰ ਚੇਤਨ ਦਸ ਸਾਲ ਪਹਿਲਾਂ। ਤੇ ਮੇਰਾ ਭਤੀਜਾ ਕਹਿੰਦਾ ਏ, 'ਚਾਚਾ, ਦਾਦੂ ਜੀ ਦਰਵੇਸ਼ਾਂ ਵਰਗੀ ਜ਼ਿੰਦਗੀ ਜੀ ਕੇ ਗਏ ਨੇ।' ਉਨ੍ਹਾਂ ਨੇ ਆਖਰੀ ਸਾਹ ਵੀ ਅੰਮ੍ਰਿਤਸਰ ਆਪਣੇ ਘਰ ਵਿਚ ਆਪਣੇ ਪੁੱਤਰ ਜਗਦੀਸ਼ ਸਿੰਘ ਦੇ ਹੱਥਾਂ ਵਿਚ ਲਿਆ।

ਮੇਰੇ ਪਿਤਾ ਜੀ ਮੇਰੇ ਬਹੁਤ ਵਧੀਆ ਦੋਸਤ ਵੀ ਸਨ। ਮੈਂ ਵੀ ਦੋ ਬੱਚਿਆਂ ਦਾ ਬਾਪ ਹਾਂ। ਸੋਚਦਾ ਹੁੰਦਾ ਹਾਂ, ਮੈਂ ਵੀ ਆਪਣੇ ਬੱਚਿਆਂ ਦਾ ਆਪਣੇ ਬਾਪ ਵਰਗਾ ਬਾਪ ਬਣਾਂ। ਸਮਾਂ ਹੀ ਦੱਸੇਗਾ ਕਿ ਇਸ ਕਸੌਟੀ 'ਤੇ ਕਿੰਨਾ ਕੁ ਖਰਾ ਉਤਰਦਾ ਹਾਂ।

ਤੁਰ ਗਈ ਉਸ ਰੂਹ ਲਈ ਪਰਿਵਾਰ ਵੱਲੋਂ ਅਰਦਾਸ ਏ। ਉਹ ਸਦਾ ਹੀ ਪਰਿਵਾਰ ਦੇ ਦਿਲਾਂ ਵਿਚ ਵਸਦੇ ਰਹਿਣਗੇ।

*-ਪਰਸ਼ਿੰਦਰ*
*ਫੋਨ: 469-335-2263*

## ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash
Grand Opening

• 8 Drive Tires For $3300
Kelly KDA

• Two Steer Tire Michelin $1150
Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.547.9210**

FAX: 209.547.9211
www.gfbontime.com, raj@gfbontime.com

### REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

### REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

ਪੰਜਾਬ ਟਾਈਮਜ਼

*ਸਨਿਚਰਵਾਰ, 4 ਅਕਤੂਬਰ 2014*

## ਆਰ.ਐਸ.ਐਸ: ਨਾਗਪੁਰ ਤੋਂ ਨਿਊ ਯਾਰਕ

ਕੱਟੜ ਹਿੰਦੂ ਜਥੇਬੰਦੀ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਜਿਹੜੀ ਨੌਂ ਦਹਾਕੇ ਪਹਿਲਾਂ ਹੋਂਦ ਵਿਚ ਆਈ ਸੀ ਅਤੇ ਜਿਸ ਦਾ ਹੈਡਕੁਆਰਟਰ ਮਹਾਰਾਸ਼ਟਰ ਦੇ ਸ਼ਹਿਰ ਨਾਗਪੁਰ ਵਿਚ ਹੈ, ਆਖਰਕਾਰ ਅਮਰੀਕਾ ਪਹੁੰਚ ਗਈ ਹੈ। ਅਮਰੀਕਾ ਦੇ ਸ਼ਹਿਰ ਨਿਊ ਯਾਰਕ ਵਿਚ ਮੈਡੀਸਨ ਸਕੁਏਅਰ ਗਾਰਡਨ ਵਿਖੇ ਆਰ.ਐਸ.ਐਸ. ਦੇ ਸਾਬਕਾ ਪ੍ਰਚਾਰਕ ਅਤੇ ਹੁਣ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਜੋ ਭਾਸ਼ਨ ਦਿੱਤਾ ਅਤੇ ਇਸ ਭਾਸ਼ਨ ਦੀ ਜਿਸ ਢੰਗ ਨਾਲ ਵਿਆਖਿਆ ਕੀਤੀ ਗਈ, ਉਹ ਧਿਆਨ ਮੰਗਦੀ ਹੈ। ਆਪਣੇ ਭਾਸ਼ਨ ਵਿਚ ਪ੍ਰਧਾਨ ਮੰਤਰੀ ਨੇ ਦਿੱਲੀ-ਦੱਖਣ ਦੀਆਂ ਹੋਰ ਗੱਲਾਂ ਦੇ ਨਾਲ-ਨਾਲ ਸਿੱਖਾਂ ਦੀ ਬੜੀ ਪ੍ਰਸ਼ੰਸਾ ਕੀਤੀ। ਸਿੱਖਾਂ ਪ੍ਰਤੀ ਆਰ.ਐਸ.ਐਸ. ਜਾਂ ਨਰੇਂਦਰ ਮੋਦੀ ਦੀ ਜੋ ਪਹੁੰਚ ਹੈ, ਉਹ ਹੁਣ ਕਿਸੇ ਤੋਂ ਲੁਕੀ ਹੋਈ ਨਹੀਂ। ਆਰ.ਐਸ.ਐਸ. ਲਗਾਤਾਰ ਅਤੇ ਬੇਝਿਜਕ ਸਿੱਖਾਂ ਤੇ ਸਿੱਖੀ ਬਾਰੇ ਆਪਣੇ ਵਿਚਾਰ ਗਾਹੇ-ਬਗਾਹੇ ਪ੍ਰਗਟ ਕਰਦੀ ਰਹਿੰਦੀ ਹੈ। ਇਸ ਚਰਚਾ ਦੌਰਾਨ ਇਸ ਦਾ ਸਭ ਤੋਂ ਪਹਿਲਾ ਨੁਕਤਾ ਇਹੀ ਸਿੱਧ ਕਰਨ ਦਾ ਹੁੰਦਾ ਹੈ ਕਿ ਸਿੱਖ ਵੀ ਹਿੰਦੂ ਸਮਾਜ ਦਾ ਹੀ ਹਿੱਸਾ ਹਨ। ਇਤਿਹਾਸਕ ਤੌਰ ਵਿਚ ਇਸ ਵਿਚ ਕੋਈ ਸ਼ੱਕ ਵੀ ਨਹੀਂ ਹੈ, ਪਰ ਆਰ.ਐਸ.ਐਸ. ਜਿਸ ਢੰਗ ਨਾਲ ਇਸ ਤਾਣੇ-ਬਾਣੇ ਦੀ ਵਿਆਖਿਆ ਕਰਦਾ ਹੈ, ਉਸ ਨਾਲ ਹਰ ਸੰਜੀਦਾ ਨੂੰ ਇਤਰਾਜ਼ ਜ਼ਰੂਰ ਹੈ। ਹੁਣ ਮੋਦੀ ਵੱਲੋਂ ਸਿੱਖਾਂ ਦੀ ਪ੍ਰਸ਼ੰਸਾ ਦੀ ਲੜੀ ਸਿੱਧੀ-ਸਿੱਧੀ ਭਾਰਤ ਦੀਆਂ ਘੱਟ-ਗਿਣਤੀ ਨਾਲ ਜੁੜੀ ਹੋਈ ਹੈ। ਅੱਜ ਕੱਲ੍ਹ ਭਾਰਤ ਦੀ ਇਕ ਹੋਰ ਘੱਟ-ਗਿਣਤੀ, ਮੁਸਲਮਾਨ ਭਾਈਚਾਰਾ ਆਰ.ਐਸ.ਐਸ. ਦੀ ਮਾਰ ਹੇਠ ਹੈ। ਇਸੇ ਕਰ ਕੇ ਜਦੋਂ ਮੋਦੀ ਸਿੱਖਾਂ ਦੀ ਉਚੇਚੀ ਚਰਚਾ ਕਰਦਾ ਹੈ ਤਾਂ ਉਸ ਦਾ ਇਕ ਮਕਸਦ ਸਿੱਖਾਂ ਨੂੰ ਚੰਗੀ ਘੱਟ-ਗਿਣਤੀ ਵਜੋਂ ਪੇਸ਼ ਕਰਨ ਦਾ ਹੈ ਤਾਂ ਕਿ ਮੁਸਲਮਾਨਾਂ ਨੂੰ ਹੋਰ ਬਦਨਾਮ ਕੀਤਾ ਜਾ ਸਕੇ। ਜਿਸ ਤਰ੍ਹਾਂ ਕਾਂਗਰਸ, ਖਾਸ ਕਰ ਕੇ ਇੰਦਰਾ ਗਾਂਧੀ ਦੇ ਰਾਜਕਾਲ ਦੌਰਾਨ ਸਾਰੇ ਸਿੱਖਾਂ ਨੂੰ ਦਹਿਸ਼ਤਪਸੰਦ ਬਣਾ ਕੇ ਪੇਸ਼ ਕੀਤਾ ਗਿਆ ਸੀ, ਹੁਣ ਉਹੀ ਕੁਝ ਮੁਸਲਮਾਨਾਂ ਨਾਲ ਕੀਤਾ ਜਾ ਰਿਹਾ ਹੈ। ਸਿਤਮਜ਼ਰੀਫੀ ਇਹ ਹੈ ਕਿ ਇਹ ਸਾਰਾ ਕੁਝ ਸਿੱਖਾਂ ਨੂੰ 'ਭਰੋਸੇ' ਵਿਚ ਲੈ ਕੇ ਕੀਤਾ ਜਾ ਰਿਹਾ ਹੈ ਅਤੇ ਇਹ ਭਰੋਸਾ ਪੰਜਾਬ ਦੇ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਦਿਵਾ ਰਹੇ ਹਨ। ਅਕਾਲੀ ਭਾਜਪਾ ਗਠਜੋੜ ਨੂੰ ਸ. ਬਾਦਲ ਸਦਾ ਹੀ ਹਿੰਦੂ-ਸਿੱਖ ਏਕਤਾ ਦਾ ਨਾਂ ਦਿੰਦੇ ਆਏ ਹਨ, ਪਰ ਜਦੋਂ ਤੋਂ ਕੇਂਦਰ ਵਿਚ ਭਾਜਪਾ ਨੇ ਸੱਤਾ ਸੰਭਾਲੀ ਹੈ ਅਤੇ ਆਰ.ਐਸ.ਐਸ. ਨੇ ਦੇਸ਼ ਭਰ ਵਿਚ ਆਪਣੀਆ ਸਰਗਰਮੀਆਂ ਵਧਾਈਆਂ ਹਨ, ਇਸ ਏਕਤਾ ਵਿਚ ਤ੍ਰੇੜਾਂ ਦੀਆਂ ਕਨਸੋਆਂ ਪੈ ਰਹੀਆਂ ਹਨ। ਬਾਦਲਾਂ ਦੀ ਹਾਲਤ ਹੁਣ 'ਸੱਪ ਦੇ ਮੂੰਹ ਕੋਹੜ ਕਿਰਲੀ' ਵਾਲੀ ਬਣ ਗਈ ਹੈ। ਭਾਜਪਾ ਸੂਬੇ ਵਿਚ ਆਪਣੇ ਹਥਿਆਰ ਹਰ ਰੋਜ਼ ਤਿੱਖੇ ਕਰ ਰਹੀ ਹੈ ਅਤੇ ਬੇਵੱਸ ਹੋਏ ਬਾਦਲ ਇਨ੍ਹਾਂ ਹਾਲਾਤ ਨੂੰ ਦੇਖ ਰਹੇ ਹਨ। ਸਿਆਸੀ ਮਾਹਿਰ ਪਹਿਲਾਂ ਹੀ ਭਵਿੱਖਵਾਣੀ ਕਰ ਚੁੱਕੇ ਹਨ ਕਿ ਅਜਿਹੇ ਹਾਲਾਤ ਨਾਲ ਨਜਿੱਠਣ ਵਾਲਾ ਕਣ ਸੁਖਬੀਰ ਸਿੰਘ ਬਾਦਲ ਵਿਚ ਉਕਾ ਹੀ ਨਹੀਂ ਹੈ।

ਖੈਰ! ਭਾਜਪਾ ਅਤੇ ਆਰ.ਐਸ.ਐਸ. ਨੇ ਪੰਜਾਬ ਵਿਚ ਆਪਣੀ ਜੋ ਸਿਆਸਤ ਕਰਨੀ ਸੀ, ਉਹ ਕੀਤੀ ਜਾ ਚੁੱਕੀ ਹੈ। ਕੇਂਦਰ ਵਿਚ ਸਰਕਾਰ ਦੀ ਕਾਇਮੀ ਤੋਂ ਬਾਅਦ ਤਾਂ ਬੱਸ ਇਸ ਵਿਚ ਤੇਜ਼ੀ ਹੀ ਆਈ ਹੈ। ਅਸਲ ਵਿਚ ਪੰਜਾਬ ਹੋਰ ਪਾਰਟੀਆਂ ਵਾਂਗ ਆਰ.ਐਸ.ਐਸ. ਦੇ ਵੀ ਏਜੰਡੇ ਉਤੇ ਹੈ। ਇਸੇ ਕਰ ਕੇ ਹੀ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਸੂਬੇ ਦੇ ਨਿੱਤ ਚੱਕਰ ਕੱਢ ਰਹੇ ਹਨ। ਹੁਣੇ-ਹੁਣੇ ਦੋਰਾਹਾ ਵਿਚ ਇਸ ਜਥੇਬੰਦੀ ਦਾ ਜਿਹੜਾ ਪੰਜ ਰੋਜ਼ਾ ਕੈਂਪ ਲਾਇਆ ਗਿਆ ਸੀ, ਉਸ ਵਿਚ ਦੇਸ਼ ਪੱਧਰ ਦੇ ਆਰ.ਐਸ.ਐਸ. ਆਗੂ ਸ਼ਾਮਲ ਹੋਏ ਸਨ। ਆਰ.ਐਸ.ਐਸ. ਦੇ ਲੁਧਿਆਣਾ ਦਫਤਰ ਵਿਚ ਜਿੱਥੇ ਸਦਾ ਉਲੂ ਬੋਲਦੇ ਹੁੰਦੇ ਸਨ, ਹੁਣ ਇਕਦਮ ਸਰਗਰਮੀ ਫੜ ਗਿਆ ਹੈ। ਇਸ ਵੇਲੇ ਆਰ.ਐਸ.ਐਸ. ਨਾਲ ਜੁੜੀਆਂ 36 ਜਥੇਬੰਦੀਆਂ ਅਤੇ ਸੰਸਥਾਵਾਂ ਪੰਜਾਬ ਭਰ ਵਿਚ ਸਰਗਰਮ ਹਨ। ਇਨ੍ਹਾਂ ਜਥੇਬੰਦੀਆਂ ਅਤੇ ਸੰਸਥਾਵਾਂ ਦੀ ਅਗਵਾਈ ਹੇਠ ਸੂਬੇ ਵਿਚ ਤਕਰੀਬਨ 1000 ਸੰਸਕਾਰ ਕੇਂਦਰ ਚੱਲ ਰਹੇ ਹਨ। ਇਨ੍ਹਾਂ ਸੰਸਕਾਰ ਕੇਂਦਰਾਂ ਵਿਚੋਂ ਇਕ ਚੌਥਾਈ ਹਿੱਸਾ ਤਾਂ ਸਿਲਾਈ ਕੇਂਦਰਾਂ ਦਾ ਹੀ ਹੈ। ਇਉਂ ਲੋਕ ਸੇਵਾ ਦੇ ਪਰਦੇ ਹੇਠ ਆਰ.ਐਸ.ਐਸ. ਬੇਹਿਸਾਬੀਆਂ ਸਰਗਰਮੀਆਂ ਕਰ ਰਹੀ ਹੈ। ਇਨ੍ਹਾਂ ਸਰਗਰਮੀਆਂ ਦਾ ਖੁਲਾਸਾ ਇਸ ਦੇ ਦੋ ਮਹੀਨੇਵਾਰ ਪਰਚਿਆਂ 'ਪੰਥਕ ਸੰਦੇਸ਼' (ਹਿੰਦੀ) ਅਤੇ 'ਯੁੱਗ ਬੋਧ' ਤੋਂ ਵੀ ਹੋ ਜਾਂਦਾ ਹੈ। 'ਸੇਵਾ ਭਾਰਤੀ' ਤਾਂ ਚਿਰਾਂ ਤੋਂ ਛਾਪਿਆ ਜਾ ਰਿਹਾ ਹੈ। ਆਰ.ਐਸ.ਐਸ. ਦੇ ਵਾਲੰਟੀਅਰਾਂ ਦਾ ਦਾਅਵਾ ਹੈ ਕਿ ਪੰਜਾਬ ਵਿਚ ਲੋਕ, ਜਥੇਬੰਦੀ ਨਾਲ ਹੁਣ ਖੁਦ ਸੰਪਰਕ ਬਣਾ ਰਹੇ ਹਨ। ਆਉਣ ਵਾਲੇ ਸਮੇਂ ਵਿਚ ਆਰ.ਐਸ.ਐਸ. ਦਾ ਪ੍ਰਚਾਰ ਕਿਸ ਪਾਸੇ ਮੋੜ ਕੱਟਦਾ ਹੈ, ਇਸ ਬਾਰੇ ਬਹੁਤਾ ਕੁਝ ਤਾਂ ਸਪਸ਼ਟ ਹੀ ਹੈ। ਦੇਸ਼ ਵਿਚ ਜਿੰਨੀ ਖੁੱਲ੍ਹੀ ਛੁੱਟੀ ਆਰ.ਐਸ.ਐਸ. ਨੂੰ ਮਿਲੀ ਹੈ ਅਤੇ ਜਿੰਨਾ ਪੈਸਾ ਤੇ ਬਾਹੂਬਲ ਇਸ ਕੋਲ ਆਇਆ ਹੈ, ਹੋਰ ਕਿਸੇ ਜਥੇਬੰਦੀ ਨੇ ਕਦੀ ਕਿਆਸ ਵੀ ਨਹੀਂ ਕੀਤਾ ਹੋਵੇਗਾ। ਨਰੇਂਦਰ ਮੋਦੀ ਨੇ ਪ੍ਰਧਾਨ ਮੰਤਰੀ ਬਣਦਿਆਂ ਹੀ ਆਰ.ਐਸ.ਐਸ. ਦੇ ਲੀਡਰਾਂ ਨਾਲ ਵਿਸ਼ੇਸ਼ ਮੁਲਾਕਾਤ ਕਰ ਕੇ ਦੱਸ ਦਿੱਤਾ ਸੀ ਕਿ ਭਵਿੱਖ ਵਿਚ ਆਰ.ਐਸ.ਐਸ. ਦੀ ਕੀ ਭੂਮਿਕਾ ਹੋਵੇਗੀ। ਦੇਸ਼ ਦੀਆਂ ਸਾਰੀਆਂ ਅਹਿਮ ਸੰਸਥਾਵਾਂ ਵਿਚ ਇਨ੍ਹਾਂ ਲੀਡਰਾਂ ਦੀਆਂ ਨਿਯੁਕਤੀਆਂ ਹੋ ਰਹੀਆਂ ਹਨ। ਉਂਜ ਵੀ ਆਰ.ਐਸ.ਐਸ. ਅਤੇ ਭਾਜਪਾ ਪੰਜ ਸਾਲ ਨਹੀਂ, ਸਗੋਂ ਦਸ ਸਾਲ ਸਰਕਾਰ ਚਲਾਉਣ ਦੇ ਹਿਸਾਬ ਨਾਲ ਯੋਜਨਾਬੰਦੀ ਕਰ ਰਹੀ ਹੈ। ਇਹ ਗੱਲ ਵੀ ਹੁਣ ਸਭ ਨੂੰ ਸਵੀਕਾਰ ਕਰ ਲੈਣੀ ਚਾਹੀਦੀ ਹੈ ਕਿ ਇਹ ਯੋਜਨਾਬੰਦੀ ਬੜੇ ਅਸਰਦਾਰ ਢੰਗ ਨਾਲ ਕੀਤੀ ਜਾ ਰਹੀ ਹੈ। ਮੋਦੀ ਦਾ ਅਮਰੀਕਾ ਦੌਰਾ ਇਸ ਦੀ ਸਭ ਤੋਂ ਉਤਮ ਮਿਸਾਲ ਹੈ। ਹੁਣ ਦੇਖਣਾ ਇਹ ਹੈ ਕਿ ਆਰ. ਐਸ. ਐਸ. ਦੀ ਇਸ ਯੋਜਨਾਬੰਦੀ ਨੂੰ ਸੰਨ੍ਹ ਕੌਣ ਅਤੇ ਕਿਸ ਰੂਪ ਵਿਚ ਲਾਉਂਦਾ ਹੈ। ਬਿਨਾਂ ਸ਼ੱਕ, ਇਹ ਸੰਨ੍ਹ ਇਕੱਲੇ-ਇਕਹਿਰਿਆਂ ਨਹੀਂ ਲਾਈ ਜਾ ਸਕੇਗੀ। ਇਸ ਸੰਨ੍ਹ ਲਈ ਦੇਸ਼ 'ਚ ਕਿਹੜੀਆਂ ਸਫਬੰਦੀਆਂ ਸਾਹਮਣੇ ਆਉਂਦੀਆਂ ਹਨ, ਤੇ ਕੌਣ-ਕੌਣ ਕੀ-ਕੀ ਭੂਮਿਕਾ ਨਿਭਾਉਂਦਾ ਹੈ, ਇਸ ਬਾਰੇ ਆਉਣ ਵਾਲਾ ਸਮਾਂ ਹੀ ਕੋਈ ਸੂਹ ਦੇ ਸਕਦਾ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਪ੍ਰਚਾਰਕਾਂ ਦਾ ਵਿਦੇਸ਼ੀ ਦੌਰਾ*

ਥਾਂ-ਥਾਂ ਦਿਸਦੇ ਡੇਰੇ ਤੇ ਖਾਨਗਾਹਾਂ, ਵਿਹਲੜ ਬਾਬਿਆਂ ਮਾਰ'ਤੀ ਮੱਤ ਯਾਰੋ।
ਕੰਨਾਂ ਵਿਚ ਕੁਝ ਹੋਰ ਨਾ ਪੈਣ ਦਿੰਦੇ, ਲੱਚਰ ਗਾਇਕਾਂ ਨੇ ਚੁੱਕੀ ਏ ਅੱਤ ਯਾਰੋ।
ਕਾਮ ਭੂਤਨਾ ਫਿਰੇ ਨਿਸ਼ੰਗ ਹੋਇਆ, ਧੀਆਂ-ਭੈਣਾਂ ਦੀ ਰੋਲ'ਤੀ ਪੱਤ ਯਾਰੋ।
ਰਲ ਕੇ ਹਾਕਮਾਂ-ਅਫਸਰਾਂ ਲੁੱਟ ਪਾਈ, ਜਿੱਦਾਂ ਮੁੰਨਦੇ ਭੇਡਾਂ ਦੀ ਜੱਤ ਯਾਰੋ।
ਗਰਮੀ ਵਿਚ ਨੀ ਹੁੰਦਾ 'ਪ੍ਰਚਾਰ' ਸਾਥੋਂ, ਚੜ੍ਹਦੇ ਮਾਰਚ ਹੀ ਦੇਸ਼ ਨੂੰ ਛੱਡੀਏ ਜੀ।
ਹੱਥ ਖੜ੍ਹੇ ਪੰਜਾਬ ਤੋਂ ਅਸੀਂ ਕੀਤੇ, ਝੰਡੇ ਧਰਮ ਦੇ 'ਬਾਹਰ' ਹੀ ਗੱਡੀਏ ਜੀ।

# ਕਿਧਰ ਜਾ ਰਿਹਾ ਹੈ ਆਪਣਾ ਪੰਜਾਬ ਤੇ ਪੰਜਾਬੀ?

***ਪੇਂਡੂ ਖੇਡ ਮੇਲਿਆਂ ਵਿਚ ਆਪਣੀ ਅਖੌਤੀ ਤਾਕਤ ਦਿਖਾਉਣ ਦਾ ਨਵਾਂ ਹੀ ਤਰੀਕਾ ਖੋਜ ਲਿਆ ਗਿਆ ਹੈ। ਉਹ ਹੈ, ਟਰੈਕਟਰਾਂ ਦੇ ਟੋਚਨ ਪਵਾ ਕੇ ਉਨ੍ਹਾਂ ਦਾ ਧੂੰਆਂ ਕੱਢਣਾ। ਜਿਹੜਾ ਟਰੈਕਟਰ ਖਿੱਚ ਕੇ ਲੈ ਗਿਆ, ਉਹ ਜੇਤੂ ਤੇ ਫਿਰ ਜੇਤੂਆਂ ਦੇ ਸੈਮੀਫਾਈਨਲ ਅਤੇ ਫਾਈਨਲ ਮੁਕਾਬਲੇ। ਇਸ ਤਰ੍ਹਾਂ ਮੇਲੇ ਵਿਚ ਪੁੱਜੇ 10-12 ਜਾਂ ਇਸ ਤੋਂ ਵੀ ਵੱਧ ਟਰੈਕਟਰਾਂ ਵਿਚ ਕਈ ਲਿਟਰ ਤੇਲ ਨਾਜਾਇਜ਼ ਹੀ ਫੂਕ ਦਿੱਤਾ ਜਾਂਦਾ ਹੈ ਅਤੇ ਹਜ਼ਾਰਾਂ ਰੁਪਏ ਦੇ ਟਾਇਰਾਂ ਦੀ ਵੀ ਅੱਗ ਕੱਢ ਦਿੱਤੀ ਜਾਂਦੀ ਹੈ। ਇਨਾਮ ਦੀ ਰਕਮ ਜੋ ਦਸ ਹਜ਼ਾਰ ਦੇ ਕਰੀਬ ਹੁੰਦੀ ਹੈ, ਇਕ ਟਰੈਕਟਰ ਦੇ ਮਾਲਕ ਨੂੰ ਉਸ ਦੀ ਬਹਾਦਰੀ ਬਦਲੇ ਭੇਟ ਕਰ ਦਿੱਤੀ ਜਾਂਦੀ ਹੈ।***

ਕਿਸੇ ਵੀ ਖਿੱਤੇ ਦੀਆਂ ਰਾਜਸੀ, ਧਾਰਮਿਕ ਅਤੇ ਸਭਿਆਚਾਰਕ ਸਰਗਰਮੀਆਂ ਦੱਸਦੀਆਂ ਹਨ ਕਿ ਉਥੋਂ ਦੇ ਲੋਕ ਕਿਸ ਦਿਸ਼ਾ ਵੱਲ ਵਧ ਰਹੇ ਹਨ। ਪੰਜਾਬ ਦੇ ਵਾਸੀ ਅੱਜ ਕਿੱਥੇ ਖੜ੍ਹੇ ਹਨ, ਇਹ ਗੱਲ ਚਿੰਤਨ ਮੰਗਦੀ ਹੈ। ਠੀਕ ਹੈ ਕਿ ਪੰਜਾਬੀ ਅਮੀਰ ਵਿਰਸੇ ਦੇ ਮਾਲਕ ਹਨ। ਪੰਜਾਬ ਦੀ ਧਰਤੀ ਜਿੱਥੇ ਵੇਦਾਂ ਦੀ ਰਚਨਾ ਹੋਈ; ਬੁੱਧ ਧਰਮ ਦਾ ਪ੍ਰਭਾਵ ਵੀ ਇਸ ਧਰਤੀ 'ਤੇ ਰਿਹਾ; ਬਾਬਾ ਫਰੀਦ, ਬੁੱਲ੍ਹੇ ਸ਼ਾਹ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਵਰਗੇ ਮਹਾਨ ਪੁਰਸ਼ ਇਸ ਧਰਤੀ 'ਤੇ ਵਿਚਰੇ

ਗੁਰਚਰਨ ਸਿੰਘ ਨੂਰਪੁਰ

ਅਤੇ ਉਨ੍ਹਾਂ ਨੇ ਆਪਣੀ ਬੌਧਿਕਤਾ ਨਾਲ ਲੋਕਾਈ ਨੂੰ ਗਿਆਨ ਵੰਡਿਆ। ਕਰਤਾਰ ਸਿੰਘ ਸਰਾਭਾ, ਭਗਤ ਸਿੰਘ ਅਤੇ ਊਧਮ ਸਿੰਘ ਵਰਗੇ ਮਹਾਂ-ਨਾਇਕ ਅਤੇ ਦੁੱਲੇ ਭੱਟੀ ਵਰਗੇ ਅਲਬੇਲੇ ਹਕੂਮਤਾਂ ਨਾਲ ਆਢਾ ਲਾਉਣ ਵਾਲੇ ਨੌਜਵਾਨ ਵੀ ਇਸੇ ਧਰਤੀ ਦੀ ਉਪਜ ਸਨ, ਪਰ ਪੰਜਾਬੀਆਂ ਦੀ ਤਰਾਸਦੀ ਇਹ ਹੈ ਕਿ ਅਸੀਂ ਆਪਣੇ ਵਿਰਸੇ ਜਾਂ ਆਪਣੇ ਇਤਿਹਾਸ ਤੋਂ ਬਹੁਤ ਘੱਟ ਸਿੱਖਦੇ ਹਾਂ।

ਪੰਜਾਬ ਦੇ ਵਿਆਹਾਂ-ਸ਼ਾਦੀਆਂ ਦਾ ਵਿਰਸਾ ਬੜਾ ਅਮੀਰ ਸ਼ਗਨਾਂ ਚਾਵਾਂ ਵਾਲਾ ਹੈ। ਵਿਆਹ ਲਈ ਭੜੋਲੇ 'ਚੋਂ ਦਾਣੇ ਕੱਢਣ ਤੋਂ ਲੈ ਕੇ ਅਖੀਰ ਤਕ ਬੜੀਆਂ ਵਧੀਆ ਰਸਮਾਂ, ਸ਼ਗਨ ਕੀਤੇ ਜਾਂਦੇ ਸਨ ਅਤੇ ਨਾਲ-ਨਾਲ ਗੀਤ ਵੀ ਗਾਏ ਜਾਂਦੇ ਸਨ। ਇਨ੍ਹਾਂ ਰਸਮਾਂ ਵਿਚ ਮੁੰਡੇ ਦੀ ਸਿਫ਼ਤ ਵਿਚ 'ਸਿਹਰਾ' ਅਤੇ ਕੁੜੀ ਨੂੰ ਸਮਝਾਉਣ ਲਈ 'ਸਿੱਖਿਆ' ਵੀ ਗਾ ਕੇ ਸੁਣਾਈ ਜਾਂਦੀ ਸੀ। ਅੱਜ ਕਲ੍ਹ ਵਿਆਹਾਂ ਦੀਆਂ ਰਸਮਾਂ ਜਿਨ੍ਹਾਂ ਦਾ ਵਿਸਥਾਰ ਕਈ ਦਿਨਾਂ ਵਿਚ ਪੂਰਾ ਹੁੰਦਾ ਸੀ, ਸਿਮਟ ਕੇ ਹੁਣ ਕੁਝ ਘੰਟਿਆਂ ਵਿਚ ਸੀਮਤ ਹੋ ਗਈਆਂ ਹਨ। ਹਰ ਕਿਸੇ ਕੋਲ ਸਮੇਂ ਦੀ ਘਾਟ ਹੈ, ਕੁਝ ਪੱਖਾਂ ਤੋਂ ਇਹ ਠੀਕ ਵੀ ਹੈ, ਪਰ ਦੂਜੇ ਪਾਸੇ ਇਨ੍ਹਾਂ ਕੁਝ ਘੰਟਿਆਂ ਦੌਰਾਨ ਗੰਦੇ ਅਸ਼ਲੀਲ ਕੰਨ ਪਾੜਵੇਂ ਗੀਤ ਅਤੇ ਭੱਦੀਆਂ ਹਰਕਤਾਂ ਕਰਦੇ ਮੁੰਡੇ-ਕੜੀਆਂ ਸਭ ਪਰਿਵਾਰ ਵਿਚ ਬਹਿ ਕੇ ਮਜਬੂਰੀ ਵੱਸ ਵੇਖਦੇ ਹਾਂ। ਇਹ ਸਭ ਕੁਝ ਸਾਡੇ ਮਹਾਨ ਵਿਰਸੇ ਨਾਲ ਮੇਲ ਨਹੀਂ ਖਾਂਦਾ।

ਅੱਜ ਕਲ੍ਹ 95 ਫ਼ੀਸਦੀ ਵਿਆਹਾਂ ਵਿਚ ਸ਼ਰਾਬ ਦੀਆਂ ਸੈਂਕੜੇ ਬੋਤਲਾਂ ਖਾਲੀ ਹੋ ਜਾਂਦੀਆਂ ਹਨ। ਗੰਦੇ ਗੀਤ, ਅਸ਼ਲੀਲ ਹਰਕਤਾਂ ਅਤੇ ਉਚੀ ਆਵਾਜ਼ ਦਾ ਪ੍ਰਦੂਸ਼ਣ ਹੁਣ ਜਿਵੇਂ ਸਾਨੂੰ ਪ੍ਰੇਸ਼ਾਨ ਹੀ ਨਹੀਂ ਕਰਦਾ ਅਤੇ ਅਸੀਂ ਆਪਣੀਆਂ ਧੀਆਂ-ਭੈਣਾਂ ਵਿਚ ਬਹਿ ਕੇ ਇਹ ਕੰਜਰਖਾਨਾ ਵੇਖਣ/ਸੁਣਨ ਦੇ ਆਦੀ ਹੋ ਗਏ ਹਾਂ। ਸਾਦੇ ਵਿਆਹਾਂ ਤੋਂ ਬਾਅਦ ਗਾਇਕਾਂ ਦੇ ਅਖਾੜੇ ਲਾ ਕੇ ਵਿਆਹ ਕਰਨ ਲੱਗ ਪਏ ਸਾਂ। ਹੁਣ ਤਾਂ ਗੱਲ ਇਸ ਤੋਂ ਵੀ ਅਗਾਂਹ ਚਲੀ ਗਈ ਹੈ। ਹੁਣ ਸਿਰਫ ਨੱਚਣ ਵਾਲੀਆਂ ਕੁੜੀਆਂ ਨੂੰ ਬੁਲਾ ਲਿਆ ਜਾਂਦਾ ਹੈ ਅਤੇ ਗਾਇਕ ਵਾਲੀਆਂ ਟਪੂਸੀਆਂ ਹੁਣ ਸਾਡੇ ਨੌਜਵਾਨ ਆਪ ਮਾਰਨ ਲੱਗ ਪਏ ਹਨ। ਗਾਇਕ ਕੈਸੇਟ ਜਾਂ ਟੀ.ਵੀ. ਚੈਨਲ ਤੱਕ ਸੀਮਤ ਹੋ ਗਿਆ ਹੈ। ਅਸ਼ਲੀਲ ਸ਼ਬਦਾਵਲੀ ਵਾਲੇ ਗੀਤ ਸੀ.ਡੀ. 'ਤੇ ਲਾ ਕੇ ਹਿੱਕ ਥਾਪੜ-ਥਾਪੜ ਕੇ ਨੌਜੁਆਨ ਨੱਚਣ ਵਾਲੀ ਕੁੜੀ ਨੂੰ ਬੜੇ ਕੋਝੇ ਢੰਗ ਨਾਲ ਇਹ ਦੱਸਣ ਦੀ ਕੋਸ਼ਿਸ਼ ਕਰਦੇ ਹਨ ਕਿ ਗੀਤ ਵਿਚ ਜਿਸ ਵੈਲੀ ਯਾਰ ਜਾਂ ਗੁੰਡੇ ਦੀ ਗੱਲ ਹੋ ਰਹੀ ਹੈ, ਉਹ ਅਸਲ ਵਿਚ ਉਹ ਹੀ ਹੈ।

ਅਸ਼ਲੀਲ ਗੀਤਾਂ 'ਤੇ ਨੱਚ ਕੇ ਆਪਣੇ-ਆਪ ਨੂੰ ਦੁੱਲੇ ਭੱਟੀ, ਜੱਗੇ ਅਤੇ ਸੁੱਚੇ ਸੂਰਮੇ ਦੇ ਵਾਰਸ ਸਮਝਣ ਵਾਲਿਆਂ ਨੂੰ ਇਹ ਖਿਆਲ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਨਾਲ ਨੱਚ ਰਹੀਆਂ ਕੁੜੀਆਂ ਵੀ ਆਖਿਰ ਕਿਸੇ ਦੀਆਂ ਧੀਆਂ-ਭੈਣਾਂ ਹਨ ਅਤੇ ਸਾਹਮਣੇ ਵੇਖ ਰਹੇ ਲੋਕ ਵੀ ਸਾਡੇ ਆਪਣੇ ਪਰਿਵਾਰਾਂ ਦੇ ਹੀ ਲੋਕ ਹਨ। ਇਸ ਸਮੇਂ ਦੌਰਾਨ ਆਵਾਜ਼ ਇੰਨੀ ਜ਼ਿਆਦਾ ਹੁੰਦੀ ਹੈ ਕਿ ਬੰਦਾ ਨਾਲ ਬੈਠੇ ਬੰਦੇ ਨਾਲ ਗੱਲ ਵੀ ਨਹੀਂ ਕਰ ਸਕਦਾ; ਜਿਵੇਂ ਘੱਟ ਆਵਾਜ਼ ਨਾਲ ਸਾਊਂਡ ਵਾਲਿਆਂ ਦੀ ਬੇਇੱਜ਼ਤੀ ਹੁੰਦੀ ਹੋਵੇ। ਜੇ ਹਾਲ ਵਿਚ ਹਜ਼ਾਰ ਬੰਦਾ ਬੈਠਾ ਹੈ ਤਾਂ ਉਸ ਵਿਚੋਂ ਨੌਂ ਸੌ ਨੱਬੇ ਤਾਂ ਜ਼ਰੂਰ ਹੀ ਵੱਧ ਆਵਾਜ਼ ਤੋਂ ਪ੍ਰੇਸ਼ਾਨ ਹੁੰਦੇ ਹਨ, ਪਰ ਅਸੀਂ ਪੰਜਾਬੀ ਗ਼ਲਤ ਰਵਾਇਤਾਂ ਪ੍ਰਤੀ ਵੇਖੋ ਕਿੰਨੇ ਸੀਲ ਹੋ ਗਏ ਹਾਂ, ਮਜਾਲ ਹੈ ਕਿ ਕਦੇ ਦਸ ਬੰਦਿਆਂ ਨੇ ਵੀ ਉਠ ਕੇ ਕਿਹਾ ਹੋਵੇ, ਕਿ ਜਾਂ ਤਾਂ ਆਵਾਜ਼ ਘੱਟ ਕਰੋ, ਜਾਂ ਅਸੀਂ ਨਹੀਂ ਬਹਿ ਸਕਦੇ। ਚਾਹੀਦਾ ਤਾਂ ਇਹ ਹੈ ਕਿ ਵਿਆਹ ਵਿਚ ਘੱਟ ਤੋਂ ਘੱਟ ਲੋਕ ਬੁਲਾਏ ਜਾਣ, ਲਾਵਾਂ ਫੇਰੇ ਕਰ ਕੇ ਸਾਰੇ ਲੋਕ ਇਕੱਠੇ ਬੈਠਣ, ਖਾਣ-ਪੀਣ ਦੇ ਨਾਲ-ਨਾਲ ਆਪਸੀ ਜਾਣ-ਪਛਾਣ ਅਤੇ ਮੇਲ ਮਿਲਾਪ ਕਰਾਉਣ ਗੱਲਾਂ-ਬਾਤਾਂ ਹੋਣ। ਦੋਵਾਂ ਪਰਿਵਾਰਾਂ ਦੇ ਲੋਕ ਇਕ-ਦੂਜੇ ਨੂੰ




ਸੂਝਵਾਨ ਹੋਣ ਦਾ ਸਬੂਤ ਦੇਣ ਪਰ ਵਿਆਹਾਂ ਵਿਚ ਅੱਜ ਕਲ੍ਹ ਸ਼ਰਾਬ, ਹੁੱਲੜਬਾਜ਼ੀ ਅਤੇ ਦਿਖਾਵਾ ਭਾਰੂ ਹੋ ਰਹੇ ਹਨ। ਪਹਿਲਾਂ ਸਾਡੇ ਵਿਆਹਾਂ ਸ਼ਾਦੀਆਂ ਵਿਚ ਸਾਡੀਆਂ ਧੀਆਂ, ਭੈਣਾਂ, ਮਾਂਵਾਂ ਗੀਤ ਗਾਉਂਦੀਆਂ ਸਨ। ਬਜ਼ੁਰਗ ਜੋ ਲੰਮੇ ਸਮੇਂ ਬਾਅਦ ਇਕੱਠੇ ਹੋਏ ਹੁੰਦੇ ਸਨ, ਘੰਟਿਆਂਬੱਧੀ ਆਪਣੀ ਜ਼ਿੰਦਗੀ ਦੇ ਹਰ ਪੱਖ 'ਤੇ ਗੱਲਾਂ-ਬਾਤਾਂ/ਦੁੱਖ-ਸੁੱਖ ਸਾਂਝੇ ਕਰਦੇ ਸਨ। ਹੁਣ ਵਿਆਹਾਂ ਵਿਚੋਂ ਸਹਿਜਤਾ ਖ਼ਤਮ ਹੋ ਗਈ ਹੈ।

ਪੇਂਡੂ ਖੇਡ ਮੇਲਿਆਂ ਵਿਚ ਆਪਣੀ ਅਖੌਤੀ ਤਾਕਤ ਦਿਖਾਉਣ ਦਾ ਨਵਾਂ ਹੀ ਤਰੀਕਾ ਖੋਜ ਲਿਆ ਗਿਆ ਹੈ। ਉਹ ਹੈ, ਟਰੈਕਟਰਾਂ ਦੇ ਟੋਚਨ ਪਵਾ ਕੇ ਉਨ੍ਹਾਂ ਦਾ ਧੂੰਆਂ ਕੱਢਣਾ। ਜਿਹੜਾ ਟਰੈਕਟਰ ਖਿੱਚ ਕੇ ਲੈ ਗਿਆ, ਉਹ ਜੇਤੂ ਤੇ ਫਿਰ ਜੇਤੂਆਂ ਦੇ ਸੈਮੀਫਾਈਨਲ ਅਤੇ ਫਾਈਨਲ ਮੁਕਾਬਲੇ। ਇਸ ਤਰ੍ਹਾਂ ਮੇਲੇ ਵਿਚ ਪੁੱਜੇ 10-12 ਜਾਂ ਇਸ ਤੋਂ ਵੀ ਵੱਧ ਟਰੈਕਟਰਾਂ ਵਿਚ ਕਈ ਲਿਟਰ ਤੇਲ ਨਾਜਾਇਜ਼ ਹੀ ਫੂਕ ਦਿੱਤਾ ਜਾਂਦਾ ਹੈ ਅਤੇ ਹਜ਼ਾਰਾਂ ਰੁਪਏ ਦੇ ਟਾਇਰਾਂ ਦੀ ਵੀ ਅੱਗ ਕੱਢ ਦਿੱਤੀ ਜਾਂਦੀ ਹੈ। ਇਨਾਮ ਦੀ ਰਕਮ ਜੋ ਦਸ ਹਜ਼ਾਰ ਦੇ ਕਰੀਬ ਹੁੰਦੀ ਹੈ, ਇਕ ਟਰੈਕਟਰ ਦੇ ਮਾਲਕ ਨੂੰ ਉਸ ਦੀ ਬਹਾਦਰੀ ਬਦਲੇ ਭੇਟ ਕਰ ਦਿੱਤੀ ਜਾਂਦੀ ਹੈ। ਊਠਾਂ, ਘੋੜਿਆਂ ਅਤੇ ਬਲਦਾਂ ਦੇ ਮੁਕਾਬਲੇ ਤਾਂ ਸਦੀਆਂ ਤੋਂ ਹੋ ਰਹੇ ਹਨ। ਇਨ੍ਹਾਂ ਜਾਨਵਰਾਂ ਦੇ ਮੁਕਾਬਲੇ ਕਰਾਉਣ ਦੀ ਅਜੇ ਫਿਰ ਵੀ ਕੋਈ ਤੁੱਕ ਬਣਦੀ ਹੈ, ਕਿਉਂਕਿ ਇਨ੍ਹਾਂ ਵਿਚ ਮਾਲਕ ਵੱਲੋਂ ਜਾਨਵਰ ਨੂੰ ਦਿੱਤੀ ਖੁਰਾਕ/ਸਾਂਭ-ਸੰਭਾਲ ਅਤੇ ਸਿਖਲਾਈ ਦੀ ਵੀ ਨਾਲ-ਨਾਲ ਪਰਖ ਹੁੰਦੀ ਹੈ; ਪਰ ਮਸ਼ੀਨਰੀ ਦਾ ਜ਼ੋਰ ਵਿਖਾਉਣ ਵਿਚ ਕੀ ਬਹਾਦਰੀ ਹੋਈ ਭਲਾ? ਦੂਜਾ, ਹਰ ਸਮੇਂ ਦੁਰਘਟਨਾ ਦਾ ਡਰ ਰਹਿੰਦਾ ਹੈ। ਕੁਝ ਥਾਂਈਂ ਕੁਝ ਲੋਕਾਂ ਦਾ ਜਾਨੀ ਨੁਕਸਾਨ ਹੋਇਆ ਵੀ ਹੈ। ਇਹ ਸਟੰਟ ਕਰ ਰਹੇ ਡਰਾਈਵਰਾਂ ਨੂੰ ਹੀ ਨਹੀਂ, ਬਲਕਿ ਮੁਕਾਬਲਾ ਕਰਵਾ ਰਹੇ ਅਤੇ ਸੈਂਕੜਿਆਂ ਦੀ ਗਿਣਤੀ ਵਿਚ ਵੇਖ ਰਹੇ ਲੋਕਾਂ ਦੀ ਜਾਨ ਨੂੰ ਵੀ ਬਰਾਬਰ ਖ਼ਤਰਾ ਬਣਿਆ ਰਹਿੰਦਾ ਹੈ। ਵੱਖ-ਵੱਖ ਖੇਡਾਂ ਦੌਰਾਨ ਜਿੱਥੇ ਮਨੁੱਖ ਆਪਣੀ ਦਿਮਾਗੀ ਅਤੇ ਸਰੀਰਕ ਸਮਰੱਥਾ ਦਾ ਪ੍ਰਦਰਸ਼ਨ ਕਰਦਾ ਹੈ, ਉਥੇ ਅਜਿਹੇ ਸਟੰਟ ਕਰਨੇ ਕੋਈ ਬਹਾਦਰੀ ਵਾਲੀ ਗੱਲ ਨਹੀਂ, ਬਲਕਿ ਇਹ ਇਕ ਤਰ੍ਹਾਂ ਨਾਲ ਆਪਣੀ ਅਕਲ ਦਾ ਜਨਾਜ਼ਾ ਕੱਢਣ ਵਰਗੀ ਗੱਲ ਹੈ। ਅਕਸਰ ਅਜਿਹੇ ਪ੍ਰੋਗਰਾਮ ਪ੍ਰਸ਼ਾਸਨਕ ਅਧਿਕਾਰੀਆਂ ਜਾਂ ਨੇਤਾਵਾਂ ਦੀ ਹਾਜ਼ਰੀ ਵਿਚ ਹੁੰਦੇ ਹਨ, ਸਗੋਂ ਕਈ ਵਾਰ ਉਹ ਅਜਿਹੇ ਸਟੰਟਾਂ ਦਾ ਉਦਘਾਟਨ ਵੀ ਕਰਦੇ ਹਨ।

ਤੀਜੀ ਗੱਲ, ਅੱਜ ਕਲ੍ਹ ਪੰਜਾਬ ਵਿਚ ਕਬੱਡੀ ਦਾ ਬੜਾ ਬੋਲਬਾਲਾ ਹੈ। ਪੰਜਾਬ ਸਰਕਾਰ ਵੀ ਕਬੱਡੀ ਖਿਡਾਰੀਆਂ ਨੂੰ ਵੱਡੀਆਂ ਰਕਮਾਂ ਦੇ ਕੇ ਉਤਸ਼ਾਹਤ ਕਰ ਰਹੀ ਹੈ, ਪਰ ਜਿਹੜੇ ਲੋਕ ਕਬੱਡੀ ਜਾਂ ਕਬੱਡੀ ਖਿਡਾਰੀਆਂ ਨਾਲ ਥੋੜ੍ਹਾ ਬਹੁਤ ਵੀ ਵਾਹ-ਵਾਸਤਾ ਰੱਖਦੇ ਹਨ, ਉਹ ਜਾਣਦੇ ਹਨ ਕਿ ਇਸ ਖੇਡ ਵਿਚ ਆਪਣਾ ਪ੍ਰਦਰਸ਼ਨ ਚੰਗਾ ਕਰਨ ਲਈ ਖਿਡਾਰੀ ਅੱਜ ਕਲ੍ਹ ਕੀ ਕੁਝ ਕਰਦੇ ਹਨ। ਕਬੱਡੀ ਖੇਡ ਵਿਚ ਜ਼ੋਰ ਅਜ਼ਮਾਇਸ਼ਾਂ ਅਤੇ ਘਰੇਲੂ ਖੁਰਾਕਾਂ ਤਾਂ ਹੁਣ ਬੀਤੇ ਦੀ ਗੱਲ ਹੋ ਕੇ ਰਹਿ ਗਈਆਂ ਹਨ। ਖਿਡਾਰੀ ਨਾਨਡਰੋਲੋਨ ਅਤੇ ਟਰਾਮਾਡੋਲ ਆਦਿ ਜਿਹੇ ਟੀਕੇ ਲਾ ਕੇ ਆਪਣੀ ਸਰੀਰਕ ਸਮਰੱਥਾ ਨੂੰ ਇਕਦਮ ਵਧਾਉਣ ਦੀ ਕੋਸ਼ਿਸ਼ ਕਰਦੇ ਹਨ। ਇਨ੍ਹਾਂ ਟੀਕਿਆਂ ਦੀ ਡੋਜ਼ ਵੀ ਲੋੜ ਤੋਂ ਲਗਭਗ ਦਸ ਗੁਣਾ ਵੱਧ ਲਈ ਜਾਂਦੀ ਹੈ ਜੋ ਮਨੁੱਖੀ ਸਰੀਰ ਲਈ ਬੜੀ ਘਾਤਕ ਸਿੱਧ ਹੁੰਦੀ ਹੈ। ਟੀਕੇ ਲਾ ਕੇ ਲਗਾਤਾਰ ਮੈਚ ਖੇਡਣ ਵਾਲੇ ਖਿਡਾਰੀ ਕਈ ਤਰ੍ਹਾਂ ਦੇ ਮਾਨਸਿਕ ਵਿਕਾਰਾਂ ਦੇ ਸ਼ਿਕਾਰ ਹੋ ਜਾਂਦੇ ਹਨ। ਗ਼ਲਤ ਦਵਾਈਆਂ ਦੀ ਵਰਤੋਂ ਨਾਲ ਉਨ੍ਹਾਂ ਦੀ ਮਾਨਸਿਕ ਸ਼ਾਂਤੀ ਗਵਾਚ ਜਾਂਦੀ ਹੈ, ਉਹ ਸੁਭਾਅ ਤੋਂ ਜ਼ਿੱਦੀ ਅਤੇ ਗੁੱਸੇਖੋਰ ਬਣ ਜਾਂਦੇ ਹਨ, ਮਨ ਕਾਹਲਾ ਪੈਣ ਲੱਗਦਾ ਹੈ, ਬੇਚੈਨੀ ਹੋਣ ਲੱਗਦੀ ਹੈ, ਜਵਾਨ ਮੁੰਡੇ ਭੰਨ-ਤੋੜ ਕਰਨ ਲੱਗ ਪੈਂਦੇ ਹਨ। ਇਨ੍ਹਾਂ ਦਵਾਈਆਂ ਦੀ ਲਗਾਤਾਰ ਵਰਤੋਂ ਨਾਲ ਮਨੁੱਖੀ ਸ਼ੁਕਰਾਣੂਆਂ ਦੀ ਗਿਣਤੀ ਲਗਾਤਾਰ ਘਟਣ ਲੱਗ ਪੈਂਦੀ, ਜਿਸ ਕਰ ਕੇ ਬੱਚਾ ਪੈਦਾ ਕਰਨ ਦੀ ਸਮਰੱਥਾ ਵੀ ਘੱਟ ਹੋ ਜਾਂਦੀ ਹੈ।

ਹੁਣ ਕਬੱਡੀ ਦੁੱਧ, ਘਿਓ ਤੇ ਹੋਰ ਖੁਰਾਕਾਂ ਖਾ ਕੇ ਖੇਡਣ ਵਾਲੀ ਖੇਡ ਨਹੀਂ ਰਹੀ। ਪੰਜਾਬ ਦੇ ਪਿੰਡਾਂ ਵਿਚ ਜਿੱਥੇ ਵੀ ਕਬੱਡੀ ਦੇ ਮੈਚ ਹੁੰਦੇ ਹਨ, ਉਥੇ ਅਗਲੇ ਦਿਨ ਖਾਲੀ ਟੀਕਿਆਂ ਦੇ ਖੋਲ ਅਤੇ ਵਰਤੀਆਂ ਸਰਿੰਜਾਂ ਵੱਡੀ ਮਾਤਰਾ ਵਿਚ ਖਿਲਰੀਆਂ ਆਮ ਵੇਖੀਆਂ ਜਾ ਸਕਦੀਆਂ ਹਨ। ਜਿੱਥੇ ਪਹਿਲਾਂ ਇਹ ਚਰਚਾ ਸੀ ਕਿ ਖੇਡਾਂ ਵਿਚ ਨੌਜਵਾਨ ਨਸ਼ਿਆਂ ਤੋਂ ਬਚੇ ਰਹਿੰਦੇ ਹਨ, ਹੁਣ ਇਹ ਚਰਚਾ ਵੀ ਹੈ ਕਿ ਨੌਜਵਾਨ ਕਿਵੇਂ ਨਾ ਕਿਵੇਂ ਖੇਡਾਂ ਨਾਲ ਲੱਗਣ ਵਾਲੀਆਂ ਅਲਾਮਤਾਂ ਤੋਂ ਬਚੇ ਰਹਿਣ। ਨਸ਼ੀਲੀਆਂ ਦਵਾਈਆਂ ਅਤੇ ਟੀਕੇ ਲਗਵਾ ਕੇ ਖੇਡੀਆਂ ਇਨ੍ਹਾਂ ਕਬੱਡੀਆਂ ਦਾ ਭਲਾ ਕੀ ਫਾਇਦਾ? ਪੰਜਾਬੀਆਂ ਨੂੰ ਅਜਿਹੀਆਂ ਅਲਾਮਤਾਂ ਤੋਂ ਸੁਚੇਤ ਹੋਣ ਦੀ ਲੋੜ ਹੈ, ਤਾਂ ਹੀ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਅਜਿਹੀਆਂ ਕੁਰੀਤੀਆਂ ਤੋਂ ਬਚ ਸਕਣਗੀਆਂ।

# ਹਰਿਆਣਾ ਵਿਧਾਨ ਸਭਾ ਚੋਣਾਂ ਅਤੇ ਪੰਜਾਬੀ

ਦੇਸ-ਪਰਦੇਸ

ਮਨਦੀਰ ਸਿੰਘ ਦਿਓਲ

ਹਰਿਆਣਾ ਸੂਬੇ ਵਿਚ ਤੀਹ ਫ਼ੀਸਦੀ ਤੋਂ ਵੱਧ ਪੰਜਾਬੀ ਭਾਈਚਾਰਾ ਰਹਿੰਦਾ ਹੈ ਪਰ ਉਹ ਇਸ ਸੂਬੇ ਦੀ ਹੋਂਦ ਤੋਂ ਲੈ ਕੇ ਅਜੇ ਵੀ ਸਿਆਸੀ ਤੌਰ 'ਤੇ ਹਾਸ਼ੀਏ ਉਪਰ ਹੈ। ਜਦੋਂ ਵੀ ਹਰਿਆਣੇ ਵਿਚ ਚੋਣਾਂ ਹੁੰਦੀਆਂ ਹਨ, ਪੰਜਾਬੀ ਭਾਸ਼ਾ ਅਤੇ ਪੰਜਾਬੀਆਂ ਦੇ ਮੁੱਦੇ ਉਭਰ ਪੈਂਦੇ ਹਨ ਪਰ ਚੋਣਾਂ ਖ਼ਤਮ ਹੁੰਦਿਆਂ ਹੀ ਇਹ ਧੂੜ ਵਿਚ ਰਲ ਜਾਂਦੇ ਹਨ।

ਲੋਕ ਸਭਾ ਚੋਣਾਂ ਪਿਛੋਂ ਹਰਿਆਣੇ ਦੀ ਸਿਆਸਤ ਦਾ ਪਾਰਾ ਦਿਨੋ-ਦਿਨ ਉਪਰ ਹੀ ਉਠਦਾ ਗਿਆ ਹੈ। ਇਸ ਦੇ ਨਤੀਜੇ ਵਜੋਂ ਭਾਰਤੀ ਜਨਤਾ ਪਾਰਟੀ ਅਤੇ ਹਰਿਆਣਾ ਜਨਹਿਤ ਕਾਂਗਰਸ ਦਾ ਗੱਠਜੋੜ ਟੁੱਟ ਗਿਆ ਤੇ ਨਵੇਂ ਗੱਠਜੋੜ ਨੇ ਸ਼ਕਲ ਅਖਤਿਆਰ ਕੀਤੀ ਹੈ। ਨਵੇਂ ਲੋਕ ਵੀ ਮੈਦਾਨ ਵਿਚ ਨਿੱਤਰੇ ਹਨ। ਹਰਿਆਣੇ ਵਿਚ ਹੁਣ ਸੱਤਾਧਾਰੀ ਧਿਰ ਕਾਂਗਰਸ ਤੋਂ ਇਲਾਵਾ ਮੁੱਖ ਵਿਰੋਧੀ ਧਿਰ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ), ਭਾਰਤੀ ਜਨਤਾ ਪਾਰਟੀ (ਭਾਜਪਾ), ਹਰਿਆਣਾ ਜਨਹਿੱਤ ਕਾਂਗਰਸ (ਹਜਕਾਂ), ਹਰਿਆਣਾ ਜਨਚੇਤਨਾ ਪਾਰਟੀ (ਹਜਪਾ) ਤੋਂ ਇਲਾਵਾ ਬਹੁਜਨ ਸਮਾਜ ਪਾਰਟੀ (ਬਸਪਾ) ਚੋਣ ਮੈਦਾਨ ਵਿਚ ਹਨ। ਹਰਿਆਣਾ ਜਨਹਿੱਤ ਕਾਂਗਰਸ ਨੇ ਹਰਿਆਣਾ ਜਨਚੇਤਨਾ ਪਾਰਟੀ ਨਾਲ ਗੱਠਜੋੜ ਕਰ ਲਿਆ ਹੈ। ਇਨ੍ਹਾਂ ਵਿਚੋਂ ਕੁਝ ਪਾਰਟੀਆਂ ਇਕੱਲੇ ਕਿਸਮਤ ਅਜ਼ਮਾ ਰਹੀਆਂ ਹਨ ਤੇ ਕੁਝ ਗੱਠਜੋੜ ਕਰਨ ਦੀ ਰਾਹ 'ਤੇ ਹਨ। ਅਜਿਹੀ ਸਥਿਤੀ ਵਿਚ ਹਰਿਆਣਾ ਦਾ ਹਰ ਛੋਟਾ, ਵੱਡਾ 'ਵੋਟ ਬੈਂਕ' ਅਸਰਦਾਰ ਸਾਬਤ ਹੋ ਸਕਦਾ ਹੈ। ਸਿਆਸੀ ਹਲਕਿਆਂ ਵਿਚ ਇਸ ਵਾਰ ਦੀ ਸਿਆਸੀ ਸਥਿਤੀ ਨੂੰ ਗ਼ੌਰ ਨਾਲ ਘੋਖਿਆ ਜਾ ਰਿਹਾ ਹੈ। ਹਰਿਆਣਾ ਦੇ ਪੰਜਾਬੀ ਵੋਟਰਾਂ ਲਈ ਇਹ ਚੋਣ ਵਰਦਾਨ ਸਾਬਤ ਹੋ ਸਕਦੀ ਹੈ ਤੇ ਪੰਜਾਬੀ ਭਾਈਚਾਰਾ ਸੂਬੇ ਦੇ ਸਿਆਸੀ ਆਗੂਆਂ ਅੱਗੇ ਆਪਣੀਆਂ ਮੰਗਾਂ ਮਨਵਾਉਣ ਲਈ ਦਬਾਅ ਬਣਾ ਸਕਦਾ ਹੈ।

ਹਰਿਆਣਾ ਵਿਚ ਪੰਜਾਬੀ ਭਾਈਚਾਰਾ ਅੰਬਾਲਾ, ਯਮੁਨਾਨਗਰ, ਕਰਨਾਲ, ਕੁਰੂਕਸ਼ੇਤਰ, ਪਾਣੀਪਤ, ਸਿਰਸਾ, ਹਿਸਾਰ, ਫ਼ਰੀਦਾਬਾਦ ਅਤੇ ਪੰਜਾਬ ਨਾਲ ਲੱਗਦੇ ਇਲਾਕਿਆਂ ਵਿਚ ਵੱਡੀ ਗਿਣਤੀ ਵਿਚ ਰਹਿੰਦਾ ਹੈ। ਸੂਬੇ ਦੀਆਂ 15 ਵਿਧਾਨ ਸਭਾ ਸੀਟਾਂ ਉਪਰ ਪੰਜਾਬੀ ਵੋਟਰ ਸਿੱਧੇ ਚੋਣ ਸਮੀਕਰਨਾਂ ਨੂੰ ਮਰੋੜਨ ਦੀ ਸਥਿਤੀ ਵਿਚ ਹਨ। ਸਿਆਸੀ ਧਿਰਾਂ ਉਨ੍ਹਾਂ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੀਆਂ। ਕਈ ਸਿਆਸੀ ਧਿਰਾਂ ਦੇ ਇਸ ਵਾਰ ਚੋਣ ਮੈਦਾਨ ਵਿਚ ਆਉਣ ਕਰ ਕੇ ਸਿਆਸੀ ਮਾਹਿਰ ਵੋਟ ਬੈਂਕ ਦੇ ਇੱਧਰ-ਉੱਧਰ ਖਿਸਕਣ ਜਾਂ ਟੁੱਟ-ਭੱਜ ਹੋਣ ਦੀ ਉਮੀਦ ਲਾ ਰਹੇ ਹਨ। ਇਹ ਵੀ ਕਿਆਸ-ਅਰਾਈਆਂ ਲਾਈਆਂ ਜਾ ਰਹੀਆਂ ਹਨ ਕਿ ਮੁਕਾਬਲੇ ਬਹੁ-ਕੋਣੇ ਹੋਣ ਕਰ ਕੇ ਉਨ੍ਹਾਂ 'ਵੋਟ ਵਰਗਾਂ' ਦੀ ਅਹਿਮੀਅਤ ਵਧ ਜਾਵੇਗੀ ਜੋ ਸੰਗਠਿਤ ਹੋ ਕੇ ਤੁਰਦੇ ਹਨ। ਜੇ ਹਰਿਆਣੇ ਦਾ ਪੰਜਾਬੀ ਭਾਈਚਾਰਾ ਇਸ ਵਾਰ ਦੀਆਂ ਚੋਣਾਂ ਦੌਰਾਨ ਰਾਜ ਵਿਚ ਇਕੱਠਾ ਹੋ ਜਾਵੇ, ਤਾਂ ਉਨ੍ਹਾਂ ਦੀਆਂ ਕਾਫ਼ੀ ਮੰਗਾਂ ਪੂਰੀਆਂ ਹੋ ਸਕਦੀਆਂ ਹਨ। ਲੋਕਤੰਤਰ ਵਿਚ ਵੋਟਤੰਤਰ ਦੀ ਅਹਿਮੀਅਤ ਵੱਧ ਹੈ, ਇਸ ਲਈ ਹਰਿਆਣਾ ਦੀਆਂ ਚੋਣਾਂ ਦੌਰਾਨ ਉਥੇ ਵੱਸਦੇ ਤੀਹ ਫ਼ੀਸਦੀ ਤੋਂ ਵੱਧ ਹਰਿਆਣਵੀ ਪੰਜਾਬੀ ਆਪਣੀ ਨਿੱਗਰ ਭੂਮਿਕਾ ਨਿਭਾਅ ਸਕਦੇ ਹਨ।



ਹਰਿਆਣਾ ਵਿਚ ਪੰਜਾਬੀਆਂ ਦੇ ਕਈ ਵਰਗ ਹਨ। ਪਹਿਲਾਂ ਉਹ ਪੰਜਾਬੀ ਆਉਂਦੇ ਹਨ ਜੋ ਵੰਡ ਤੋਂ ਪਹਿਲਾਂ ਹੀ ਇਸ ਖ਼ਿੱਤੇ ਵਿਚ ਰਹਿੰਦੇ ਹਨ। ਦੂਜੇ ਉਹ ਪੰਜਾਬੀ ਸ਼ਰਨਾਰਥੀ ਹਨ ਜੋ ਦੇਸ਼ ਵੰਡ ਪਿੱਛੋਂ ਪਹਿਲਾਂ ਦਿੱਲੀ ਆਏ ਅਤੇ ਤਤਕਾਲੀ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦੀ ਪ੍ਰੇਰਨਾ ਨਾਲ ਉਨ੍ਹਾਂ ਵਿਚੋਂ ਕਈ ਹਰਿਆਣਾ ਵਿਚ ਆ ਕੇ ਵੱਸ ਗਏ। ਤੀਜੀ ਧਿਰ ਉਹ ਹੈ ਜੋ ਪੰਜਾਬ ਦੇ ਹਾਲਾਤ ਵਿਗੜਨ ਕਰ ਕੇ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਅੰਮ੍ਰਿਤਸਰ, ਗੁਰਦਾਸਪੁਰ ਅਤੇ ਸ਼ਹਿਰੀ ਇਲਾਕਿਆਂ ਤੋਂ ਉਠ ਕੇ ਹਰਿਆਣਾ ਦੇ ਸਨਅਤੀ/ਵਪਾਰਕ ਇਲਾਕਿਆਂ ਵਿਚ ਵੱਸ ਗਏ ਹਨ। ਇਨ੍ਹਾਂ ਦੀ ਗਿਣਤੀ ਥੋੜ੍ਹੀ ਜਿਹੀ ਹੀ ਹੈ। ਇਨ੍ਹਾਂ ਤਿੰਨਾਂ ਧਿਰਾਂ ਵਿਚ ਪੰਜਾਬੀ ਹਿੰਦੂ ਜਾਂ ਸਹਿਜਧਾਰੀ ਸ਼ਾਮਲ ਹਨ ਜਦੋਂਕਿ ਸਿੱਖਾਂ ਦਾ ਵੱਡਾ ਵਰਗ ਵੀ ਹਰਿਆਣੇ ਵਿਚ ਆਪਣੀ ਹੋਂਦ ਰੱਖਦਾ ਹੈ। ਰਾਜ ਵਿਚ ਕਈ ਇਤਿਹਾਸਕ ਗੁਰਦੁਆਰੇ ਹਨ ਅਤੇ ਸਿੱਖ ਇਨ੍ਹਾਂ ਨਾਲ ਜੁੜੇ ਹੋਏ ਹਨ। ਸੂਬੇ ਵਿਚ ਰਾਮਗੜ੍ਹੀਆ, ਜੱਟ, ਸੈਣੀ, ਲੁਬਾਣਾ ਅਤੇ ਰਾਜਪੂਤ ਸਿੱਖ ਚੰਗੀ ਹੋਂਦ ਰੱਖਦੇ ਹਨ। ਇਨ੍ਹਾਂ ਦੀਆਂ ਸੰਸਥਾਵਾਂ/ਜਥੇਬੰਦੀਆਂ ਵੀ ਸਰਗਰਮ ਹਨ।

ਹਰਿਆਣਾ ਵਿਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾ ਕੇ ਭੁਪਿੰਦਰ ਸਿੰਘ ਹੁੱਡਾ ਦੀ ਅਗਵਾਈ ਵਾਲੀ ਸਰਕਾਰ ਨੇ ਸਿੱਖਾਂ ਨੂੰ ਆਪਣੇ ਨਾਲ ਜੋੜਨ ਦਾ ਪੱਤਾ ਖੇਡਿਆ ਹੈ। ਦਸ ਸਾਲਾਂ ਤੋਂ ਇਹ ਮੰਗ ਹੁੱਡਾ ਸਰਕਾਰ ਫਾਈਲਾਂ ਵਿਚ ਦੱਬੀ ਬੈਠੀ ਸੀ ਜਾਂ ਆਪਣੀ ਹਾਈ ਕਮਾਂਡ ਦੇ ਆਖਣ 'ਤੇ ਚੁੱਪ ਸੀ। ਯੂ.ਪੀ.ਏ. ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਦਬਾਅ ਕਾਰਨ ਹੀ ਹੁੱਡਾ ਸਰਕਾਰ ਨੇ ਹਰਿਆਣਾ ਦੀ ਵੱਖਰੀ ਕਮੇਟੀ ਦਾ ਮਾਮਲਾ ਲਟਕਾਇਆ ਸੀ। ਹਰਿਆਣਾ ਕਾਂਗਰਸ ਵੱਲੋਂ ਹੁਣ ਜਗਦੀਸ਼ ਸਿੰਘ ਝੀਂਡਾ ਨੂੰ ਨਾਲ ਜੋੜ ਕੇ ਵੱਡੇ ਸਿੱਖ ਵੋਟ ਬੈਂਕ ਵਿਚ ਸੰਨ੍ਹ ਲਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਵਿਧਾਨ ਸਭਾ ਚੋਣਾਂ ਦੌਰਾਨ 15-20 ਹਜ਼ਾਰ ਵੋਟਾਂ ਵੀ ਚੋਣ ਨਤੀਜਿਆਂ ਨੂੰ ਪ੍ਰਭਾਵਿਤ ਕਰ ਦਿੰਦੀਆਂ ਹਨ। ਇਸੇ ਲਈ ਸਿੱਖ ਵੋਟਰਾਂ ਨੂੰ ਨਾਲ ਜੋੜ ਕੇ ਕਾਂਗਰਸ ਆਪਣਾ ਭਵਿੱਖ ਸੁਧਾਰਨ ਦੇ ਆਹਰ ਵਿਚ ਲੱਗੀ ਹੋਈ ਹੈ। ਕਈ ਖ਼ਿੱਤਿਆਂ ਵਿਚ ਸਿੱਖ ਵੋਟਰ, ਇੱਕ ਲੱਖ ਤੋਂ ਲੈ ਕੇ ਪੰਦਰਾਂ-ਵੀਹ ਹਜ਼ਾਰ ਤਕ ਹਨ।

ਸਿੱਖ ਵੋਟਰਾਂ ਨੂੰ ਇਨੈਲੋ ਦੇ ਹੱਕ ਵਿਚ ਭੁਗਤਾਉਣ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਇਨੈਲੋ ਦਾ ਸਾਥ ਦੇਣ ਦਾ ਐਲਾਨ ਵੀ ਇਸੇ ਨਜ਼ਰੀਏ ਤੋਂ ਕੀਤਾ ਗਿਆ ਹੈ। ਸਾਬਕਾ ਰਾਜ ਸਭਾ ਮੈਂਬਰ ਤਰਲੋਚਨ ਸਿੰਘ ਇਨੈਲੋ ਨਾਲ ਜੁੜੇ ਹੋਏ ਹਨ ਅਤੇ ਉਨ੍ਹਾਂ ਵੱਲੋਂ ਵੀ ਹਰ ਚੋਣ ਵੇਲੇ ਚੌਟਾਲਾ ਪਰਿਵਾਰ ਤੇ ਪਾਰਟੀ ਲਈ ਪ੍ਰਚਾਰ ਕਰ ਕੇ ਸਿੱਖਾਂ ਨੂੰ ਪ੍ਰੇਰਿਆ ਜਾਂਦਾ ਹੈ। ਜਗਦੀਸ਼ ਸਿੰਘ ਝੀਂਡਾ ਕਾਂਗਰਸ ਦਾ ਸਾਥ ਦੇਣ ਲਈ ਪੱਬਾਂ ਭਾਰ ਹਨ। ਭਾਰਤੀ ਜਨਤਾ ਪਾਰਟੀ ਨੂੰ ਹਰਿਆਣਾ ਵਿਚ ਸਿੱਖ ਵੋਟਰਾਂ ਨਾਲ ਜੋੜਨ ਲਈ ਜ਼ਰੂਰ ਤਰੱਦਦ ਕਰਨਾ ਪਵੇਗਾ, ਕਿਉਂਕਿ ਉਨ੍ਹਾਂ ਕੋਲ ਇਸ ਸੂਬੇ ਵਿਚ ਕੋਈ ਕੱਦਾਵਰ ਸਿੱਖ ਆਗੂ ਨਹੀਂ ਹੈ। ਭਾਰਤੀ ਜਨਤਾ ਪਾਰਟੀ ਪੰਜਾਬੀ ਹਿੰਦੂਆਂ ਨੂੰ ਨਾਲ ਜੋੜਨ ਲਈ ਹੁਣ ਤੋਂ ਹੀ ਜਾਗਰੂਕ ਹੋ ਗਈ ਹੈ। ਭਾਜਪਾ ਨੇ ਪੰਜਾਬੀ ਉਮੀਦਵਾਰ ਲੋਕ ਸਭਾ ਵਿਚ ਉਤਾਰ ਕੇ ਇਸ ਦੀ ਸ਼ੁਰੂਆਤ ਕਰ ਦਿੱਤੀ ਸੀ। ਵੈਸੇ ਵੀ ਭਾਜਪਾ ਦੀ ਟੇਕ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਕ੍ਰਿਸ਼ਮੇ ਉਤੇ ਟਿਕੀ ਹੈ ਜੋ ਹੁਣ ਮੱਧਮ ਪੈਂਦਾ ਨਜ਼ਰ ਆ ਰਿਹਾ ਹੈ।

ਹਰਿਆਣਾ ਸੂਬੇ ਦੀ ਸਥਾਪਨਾ ਹੀ ਪੰਜਾਬੀ ਵਿਰੋਧੀ ਧਰਾਤਲ ਉਤੇ ਹੋਈ ਸੀ। ਹਰਿਆਣਾ ਦੇ ਸਿਆਸੀ ਆਗੂਆਂ ਨੇ ਪੰਜਾਬੀ ਵਿਰੋਧੀ ਫ਼ੈਸਲੇ ਲੈ ਕੇ ਸੂਬੇ ਦੇ ਗ਼ੈਰ-ਪੰਜਾਬੀ ਵੋਟਰਾਂ ਨੂੰ ਆਪਣੇ ਨਾਲ ਜੋੜੀ ਰੱਖਿਆ ਸੀ। ਪਿਛਲੇ 46-47 ਸਾਲਾਂ ਦੌਰਾਨ ਹਰਿਆਣੇ ਵਿਚ ਸਿਆਸੀ ਸਥਿਤੀਆਂ ਬਦਲੀਆਂ ਹਨ ਅਤੇ ਹੁਣ ਪੰਜਾਬੀ ਭਾਈਚਾਰਾ ਆਰਥਿਕ ਅਤੇ ਸਿਆਸੀ ਤੌਰ ਉਤੇ ਮਜ਼ਬੂਤ ਹੋਇਆ ਹੈ। ਚਾਰ ਦਹਾਕੇ ਪਹਿਲਾਂ ਵਾਲੀ ਕੁੜੱਤਣ ਹੁਣ ਖ਼ਤਮ ਹੋ ਗਈ ਹੈ ਅਤੇ ਪੰਜਾਬੀ ਭਾਈਚਾਰਾ ਸਨਅਤਾਂ ਤੋਂ ਲੈ ਕੇ ਖੇਤੀਬਾੜੀ ਖੇਤਰ ਵਿਚ ਮੋਹਰੀ ਭੂਮਿਕਾ ਨਿਭਾਅ ਰਿਹਾ ਹੈ ਪਰ ਸਿਆਸੀ ਤੌਰ ਉਤੇ ਉਹ ਅਜੇ ਵੀ ਹਾਸ਼ੀਏ 'ਤੇ ਹੈ। ਹਾਲਾਂਕਿ ਕਾਂਗਰਸ ਨੇ ਆਪਣੇ ਦਸ ਸਾਲਾਂ ਦੇ ਕਾਰਜਕਾਲ ਦੌਰਾਨ ਹਰਿਆਣਾ ਵਿਚ ਪੰਜਾਬੀ ਅਕਾਦਮੀ ਸਥਾਪਿਤ ਕਰ ਕੇ ਪੰਜਾਬੀ ਭਾਸ਼ਾ ਲਈ ਅਹਿਮ ਕਾਰਜ ਕੀਤੇ ਹਨ। ਅਕਾਦਮੀ ਦੀਆਂ ਸਰਗਰਮੀਆਂ ਤਾਂ ਵਧੀਆਂ ਹਨ ਨਾਲ ਹੀ ਇਨਾਮਾਂ ਦੀ ਰਕਮ ਵੀ ਕਾਫ਼ੀ ਹੈ। ਪੰਜਾਬੀ ਲੇਖਕਾਂ ਦੀ ਕਦਰ ਵਧੀ ਹੈ। ਪੰਜਾਬੀ ਪੱਤਰਕਾਰੀ ਦੀ ਹੌਸਲਾ-ਅਫ਼ਜ਼ਾਈ ਕੀਤੀ ਜਾ ਰਹੀ ਹੈ।

ਹਰਿਆਣਾ ਵਿਚ ਪੰਜਾਬੀਆਂ ਨੂੰ ਇਕੱਠੇ ਕਰ ਕੇ ਸਿਆਸੀ ਲਾਹਾ ਲੈਣ ਵਾਲੇ ਆਗੂਆਂ ਦੀਆਂ ਹਰਕਤਾਂ ਕਾਰਨ ਹੀ ਇਹ ਭਾਈਚਾਰਾ ਆਪਣੀਆਂ ਮੰਗਾਂ ਪੂਰੀਆਂ ਨਹੀਂ ਕਰਵਾ ਸਕਿਆ। ਕਈ ਪੰਜਾਬੀ ਸੰਸਥਾਵਾਂ ਪੰਜਾਬੀਅਤ ਦੇ ਨਾਂ ਉਤੇ ਬਣੀਆਂ ਪਰ ਚੋਣਾਂ ਪਿਛੋਂ ਸਮੇਂ ਦੀ ਧੂੜ ਵਿਚ ਦੱਬੀਆਂ ਗਈਆਂ। ਉਨ੍ਹਾਂ ਦੇ ਆਗੂ ਸੱਤਾ ਵਿਚੋਂ ਆਪਣਾ ਹਿੱਸਾ ਲੈ ਕੇ ਆਪਣੇ ਰਾਹੇ ਪੈ ਗਏ ਪਰ ਪੰਜਾਬੀਆਂ ਦੇ ਮਸਲੇ ਜਿਉਂ ਦੇ ਤਿਉਂ ਬਣੇ ਰਹੇ। ਹਰਿਆਣਾ ਵਿਚ ਜਾਟ ਵਰਗ 19-20 ਫ਼ੀਸਦੀ ਹੈ ਪਰ ਉਹ ਸੂਬੇ ਦੀ ਸਿਆਸਤ ਉਤੇ ਛਾਇਆ ਹੋਇਆ ਹੈ। ਇਹ ਵੀ ਸਚਾਈ ਹੈ ਕਿ ਰਾਜ ਦੀਆਂ ਨੀਤੀਆਂ ਦਾ ਬਹੁਤਾ ਹਿੱਸਾ ਇਸ ਵਰਗ ਨੂੰ ਧਿਆਨ ਵਿਚ ਰੱਖ ਕੇ ਬਣਾਇਆ ਜਾਂਦਾ ਹੈ। ਦੂਜੇ ਪਾਸੇ ਪੰਜਾਬੀਆਂ ਨੂੰ ਆਪਣੀ ਮਾਂ-ਬੋਲੀ ਪੰਜਾਬੀ ਪੜ੍ਹਾਉਣ ਵਿਚ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸ਼ਹਿਰਾਂ ਵਿਚ ਕਾਨਵੈਂਟ ਸਕੂਲਾਂ ਨੂੰ ਤਾਂ ਸਸਤੀਆਂ ਜ਼ਮੀਨਾਂ ਦਿੱਤੀਆਂ ਗਈਆਂ ਹਨ ਪਰ ਖ਼ਾਲਸਾ ਸਕੂਲ ਖੋਲ੍ਹਣ ਵਿਚ ਮਦਦ ਕਰਨ ਵੇਲੇ ਕੰਜੂਸੀ ਵਰਤੀ ਗਈ ਹੈ।

ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹਰਿਆਣਾ ਦੇ ਪੰਜਾਬੀ ਹਿੰਦੂ ਅਤੇ ਸਿੱਖ ਭਾਈਚਾਰੇ ਨੂੰ ਆਪਣੇ ਦਾਇਰੇ ਵਧਾਉਂਦੇ ਹੋਏ ਨੇੜੇ ਆਉਣਾ ਪਵੇਗਾ। ਮਿਲ ਕੇ ਆਪਣੀਆਂ ਸਾਂਝੀਆਂ ਮੰਗਾਂ ਉਤੇ ਸਹਿਮਤੀ ਬਣਾਉਣੀ ਚਾਹੀਦੀ ਹੈ ਤੇ ਫਿਰ ਸਿਆਸੀ ਪਾਰਟੀਆਂ ਦੇ ਪ੍ਰੋਗਰਾਮ ਦੇਖਣੇ ਚਾਹੀਦੇ ਹਨ। ਅਜਿਹੇ ਸਮੇਂ ਘੱਟ ਹੀ ਆਉਂਦੇ ਹਨ ਜਦੋਂ ਸਿਆਸੀ ਸਮੀਕਰਨ ਇੰਨੇ ਕਸੇ ਹੋਏ ਹੋਣ ਤੇ ਰਾਜਸੀ ਪਾਰਟੀਆਂ ਨੂੰ ਹਰ ਵੋਟ ਬੈਂਕ ਦੀਆਂ ਲੇਲ੍ਹੜੀਆਂ ਕੱਢਣੀਆਂ ਪੈਣ। ਅਜਿਹੀ ਆਦਰਸ਼ ਸਥਿਤੀ ਪੰਜਾਬੀ ਭਾਈਚਾਰੇ ਲਈ ਸੁਨਹਿਰੀ ਮੌਕਾ ਹੋ ਸਕਦੀ ਹੈ।

# ਨਵਾਜ਼ ਸ਼ਰੀਫ ਦੀਆਂ ਨਵੀਆਂ ਮੁਸੀਬਤਾਂ

ਆਰਿਫ ਨਿਜ਼ਾਮੀ

ਇਹ ਸਪਸ਼ਟ ਹੈ ਕਿ ਤਹਿਰੀਕੇ-ਤਾਲਿਬਾਨ ਪਾਕਿਸਤਾਨ (ਟੀ.ਟੀ.ਪੀ.) ਵਿਰੁੱਧ ਮੁਹਿੰਮ ਸ਼ੁਰੂ ਕਰ ਕੇ ਪਾਕਿਸਤਾਨੀ ਫੌਜ ਨੇ ਜ਼ਹਿਰੀਲੇ ਨਾਗ ਨੂੰ ਮਾਮੂਲੀ ਜਿਹਾ ਸੇਕ ਹੀ ਪਹੁੰਚਾਇਆ ਹੈ, ਉਸ ਨੂੰ ਖਤਮ ਨਹੀਂ ਕੀਤਾ ਹੈ। ਇਸ 23 ਸਿਰਾਂ ਵਾਲੇ ਦੈਂਤ ਨਾਲ ਲੜਨ ਲਈ ਬਹੁਤ ਜ਼ਿਆਦਾ ਤਾਕਤ ਦੀ ਲੋੜ ਹੈ। ਜਦੋਂ ਤੋਂ ਮੌਲਾਨਾ ਤਾਹਿਰ ਉਲ-ਕਾਦਰੀ ਅਤੇ ਇਮਰਾਨ ਖਾਨ ਦੀ ਅਗਵਾਈ ਹੇਠ ਪਾਕਿਸਤਾਨ 'ਚ ਧਰਨੇ ਸ਼ੁਰੂ ਹੋਏ ਹਨ, ਉਦੋਂ ਤੋਂ ਨਵਾਜ਼ ਸ਼ਰੀਫ ਬਦਕਿਸਮਤੀ ਦਾ ਸ਼ਿਕਾਰ ਹੋ ਰਹੇ ਹਨ। ਬੇਸ਼ੱਕ ਉਹ ਕਦੇ ਵੀ ਬਹੁਤ ਕ੍ਰਿਸ਼ਮਈ ਨੇਤਾ ਨਹੀਂ ਰਹੇ, ਪਰ ਪ੍ਰਧਾਨ ਮੰਤਰੀ ਦੇ ਰੂਪ 'ਚ ਆਪਣੀ ਤੀਜੀ ਪਾਰੀ 'ਚ ਤਾਂ ਉਹ ਬਿਲਕੁਲ ਹੀ ਦਿਸ਼ਾ-ਬੋਧ ਗੁਆ ਚੁੱਕੇ ਹਨ ਤੇ ਉਨ੍ਹਾਂ ਦਾ ਜਲਵਾ ਪੂਰੀ ਤਰ੍ਹਾਂ ਹਵਾ ਹੋ ਚੁੱਕਾ ਹੈ।

ਸੰਯੁਕਤ ਰਾਸ਼ਟਰ ਮਹਾਸਭਾ ਦੇ ਸੈਸ਼ਨ ਨੂੰ ਸੰਬੋਧਨ ਕਰਨ ਲਈ ਉਨ੍ਹਾਂ ਦਾ ਅਮਰੀਕਾ ਜਾਣਾ ਵੀ ਬਿਲਕੁਲ ਕਿਸੇ ਤਰ੍ਹਾਂ ਦੀ ਚਮਕ-ਦਮਕ ਤੋਂ ਖਾਲੀ ਸੀ ਅਤੇ ਆਪਣੇ ਭਾਸ਼ਣ 'ਚ ਕਸ਼ਮੀਰ ਮੁੱਦੇ ਦਾ ਜ਼ਿਕਰ ਕਰ ਕੇ ਉਨ੍ਹਾਂ ਨੇ ਭਾਰਤੀਆਂ ਨੂੰ ਗੁੱਸੇ ਕਰ ਲਿਆ। ਦੋਹਾਂ ਦੇਸ਼ਾਂ, ਭਾਵ ਭਾਰਤ ਤੇ ਪਾਕਿਸਤਾਨ ਵਿਚਾਲੇ ਕਿਸੇ ਤਰ੍ਹਾਂ ਦੀ ਦੁਵੱਲੀ ਵਾਰਤਾ ਦੀ ਕਿਉਂਕਿ ਕੋਈ ਵਿਵਸਥਾ ਨਹੀਂ ਸੀ, ਇਸ ਲਈ ਵਿਦੇਸ਼ ਮਾਮਲਿਆਂ ਬਾਰੇ ਸਲਾਹਕਾਰ ਸਰਤਾਜ ਅਜ਼ੀਜ਼ ਇਸ ਵਿਸ਼ਵ ਸੰਸਥਾ ਨੂੰ ਸੰਬੋਧਨ ਕਰਨ ਦਾ ਕੰਮ ਉਨ੍ਹਾਂ ਨਾਲੋਂ ਕਿਤੇ ਬਿਹਤਰ ਢੰਗ ਨਾਲ ਕਰ ਸਕਦੇ ਸਨ।

ਇਸ ਸਮੇਂ ਦੁਨੀਆ ਭਰ 'ਚ ਨਵਾਜ਼ ਸ਼ਰੀਫ ਨੂੰ ਅਜਿਹੇ ਨੇਤਾ ਵਜੋਂ ਦੇਖਿਆ ਜਾਂਦਾ ਹੈ ਜਿਸ ਦੀ ਸਥਿਤੀ ਆਪਣੇ ਦੇਸ਼ ਅੰਦਰ ਕਾਫੀ ਕਮਜ਼ੋਰ ਹੋ ਚੁੱਕੀ ਹੈ। ਇਸ ਲਈ ਉਨ੍ਹਾਂ ਦੀ ਮੁੱਢਲੀ ਪਹਿਲ ਇਹ ਹੋਣੀ ਚਾਹੀਦੀ ਹੈ ਕਿ ਸੱਤਾ 'ਚ ਬਣੇ ਰਹਿਣ ਦੇ ਰਾਹ ਵਿਚ ਪੇਸ਼ ਆ ਰਹੀ ਸਮੱਸਿਆ ਕਿਵੇਂ ਹੱਲ ਕਰਨੀ ਹੈ? ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸੰਯੁਕਤ ਰਾਸ਼ਟਰ ਮਹਾਸਭਾ 'ਚ ਸ਼ਰੀਫ ਵਲੋਂ ਆਪਣੇ ਏਜੰਡੇ 'ਚੋਂ ਕਸ਼ਮੀਰ ਨੂੰ ਬਾਹਰ ਨਾ ਕੱਢੇ ਜਾਣ ਤਕ ਫੁਰਸਤ ਦੇ ਪਲਾਂ 'ਚ ਵੀ ਉਨ੍ਹਾਂ ਨਾਲ ਮੁਲਾਕਾਤ ਕਰਨ ਪ੍ਰਤੀ ਅਸਹਿਮਤੀ ਜਤਾ ਕੇ ਉਨ੍ਹਾਂ ਨੂੰ ਠੇਂਗਾ ਦਿਖਾਇਆ ਹੈ। ਜਿਹੋ ਜਿਹੇ ਹਾਲਾਤ ਬਣੇ ਹੋਏ ਹਨ ਕਿ ਉਨ੍ਹਾਂ ਦੇ ਤਹਿਤ ਗੱਲਬਾਤ ਦੀ ਕੋਈ ਪਹਿਲ ਹੋਣੀ ਸੰਭਵ ਹੀ ਨਹੀਂ।

ਇਹ ਵਿਡੰਬਨਾ ਹੀ ਕਹੋ ਕਿ ਜਿਥੇ ਨਵਾਜ਼ ਸ਼ਰੀਫ ਦੇ ਸਿਤਾਰੇ ਗਰਦਿਸ਼ 'ਚ ਹਨ, ਉਥੇ ਹੀ ਮੋਦੀ ਦਾ ਸਿਤਾਰਾ ਬੁਲੰਦ ਹੁੰਦਾ ਜਾ ਰਿਹਾ ਹੈ। ਪਿਛਲੇ ਕੁਝ ਹਫਤਿਆਂ ਦੌਰਾਨ ਜਾਪਾਨ ਅਤੇ ਚੀਨ ਨਾਲ ਮੋਦੀ ਦੀਆਂ ਸਫਲ ਸਿਖਰ ਵਾਰਤਾਵਾਂ ਤੋਂ ਬਾਅਦ ਹੁਣ ਅਮਰੀਕਾ ਦੇ ਰਾਸ਼ਟਰਪਤੀ ਨੇ ਵਾਸ਼ਿੰਗਟਨ 'ਚ ਉਨ੍ਹਾਂ ਦੇ ਸਵਾਗਤ 'ਚ ਪਲਕਾਂ ਵਿਛਾਈਆਂ। ਸ਼ਾਇਦ ਭਾਰਤੀਆਂ ਤੋਂ ਕੋਈ ਨਾਰਾਜ਼ਗੀ ਮੁੱਲ ਨਾ ਲੈਣ ਦੇ ਉਦੇਸ਼ ਨਾਲ ਹੀ ਬਰਾਕ ਓਬਾਮਾ ਅਤੇ ਸ਼ਰੀਫ ਵਿਚਾਲੇ ਕਿਸੇ ਦੁਵੱਲੀ ਵਾਰਤਾ ਦੀ ਵਿਵਸਥਾ ਨਹੀਂ ਕੀਤੀ ਗਈ ਅਤੇ ਸ਼ਰੀਫ ਨੂੰ ਅਮਰੀਕਾ ਦੇ ਉਪ-ਰਾਸ਼ਟਰਪਤੀ ਜੋਅ ਬਿਡੇਨ ਨਾਲ ਮੀਟਿੰਗ ਕਰ ਕੇ ਹੀ ਆਪਣੇ ਮਨ ਨੂੰ ਤਸੱਲੀ ਦੇਣੀ ਪਈ, ਜਦਕਿ ਬਿਡੇਨ ਬਾਰੇ ਸਾਰੇ ਜਾਣਦੇ ਹਨ ਕਿ ਉਹ ਕੋਈ ਬਹੁਤੀ ਸਮਝਦਾਰੀ ਵਾਲੀ ਗੱਲ ਨਹੀਂ ਕਰ ਸਕਦੇ।

ਇੱਧਰ ਪਾਕਿਸਤਾਨ 'ਚ ਨਵਾਜ਼ ਸ਼ਰੀਫ ਦਾ 'ਕਿਚਨ ਕੈਬਨਿਟ' ਬੇਸ਼ੱਕ ਬਹੁਤ ਹਮਲਾਵਰ ਅਤੇ ਦਲੇਰੀ ਭਰਿਆ ਰੌਂਅ ਦਰਸਾ ਰਿਹਾ ਹੈ ਪਰ ਹਾਲਾਤ ਫਿਰ ਵੀ ਖੁਸ਼ਗਵਾਰ ਨਹੀਂ ਹਨ। ਇਮਰਾਨ ਅਤੇ ਕਾਦਰੀ ਦੇ ਹਮਾਇਤੀਆਂ ਦੀ ਗਿਣਤੀ ਬੇਸ਼ੱਕ ਘਟ ਗਈ ਹੈ, ਫਿਰ ਵੀ ਉਹ ਇਸਲਾਮਾਬਾਦ 'ਚ ਡਟੇ ਹੋਏ ਹਨ। ਇਸੇ ਦੌਰਾਨ ਇਮਰਾਨ ਖਾਨ ਨੇ ਕਰਾਚੀ 'ਚ ਵਿਸ਼ਾਲ ਜਨਤਕ ਮੀਟਿੰਗ ਕਰਨ ਦੇ ਸੰਬੰਧ 'ਚ ਆਪਣੇ ਸੁਰ ਜ਼ਿਆਦਾ ਤਿੱਖੇ ਕੀਤੇ। ਇਮਰਾਨ ਖਾਨ ਨਵਾਜ਼ ਸ਼ਰੀਫ ਦੀ ਬਲੀ ਲੈਣ ਤੋਂ ਘੱਟ ਕਿਸੇ ਵੀ ਸ਼ਰਤ 'ਤੇ ਪਿੱਛੇ ਹਟਣ ਲਈ ਤਿਆਰ ਨਹੀਂ। ਅਜਿਹਾ ਕਰ ਕੇ ਉਹ ਇਹ ਸਿੱਧ ਕਰਨਾ ਚਾਹੁੰਦੇ ਹਨ ਕਿ ਲੋਕਾਂ ਦੀਆਂ ਇੱਛਾਵਾਂ ਦੀ ਅਸਲੀ ਨੁਮਾਇੰਦਗੀ ਉਹੀ (ਇਮਰਾਨ ਖਾਨ) ਕਰਦੇ ਹਨ, ਪਰ ਇਮਰਾਨ ਖਾਨ ਦੀ ਬਦਕਿਸਮਤੀ ਇਹ ਹੈ ਕਿ ਉਹ ਕ੍ਰਿਕਟ ਦੇ ਹੀਰੋ ਵਾਲੇ ਆਪਣੇ ਅਤੀਤ ਤੋਂ ਅੱਗੇ ਵਿਕਾਸ ਨਹੀਂ ਕਰ ਸਕੇ। ਉਨ੍ਹਾਂ ਨੂੰ ਇਹ ਸਮਝ ਨਹੀਂ ਆ ਰਹੀ ਕਿ ਸਿਆਸਤ ਕ੍ਰਿਕਟ ਦੇ ਟੈਸਟ ਮੈਚ, ਇਕ ਦਿਨਾ ਮੈਚ ਜਾਂ ਟੀ-20 ਨਾਲੋਂ ਬਿਲਕੁਲ ਵੱਖਰੀ ਚੀਜ਼ ਹੈ। ਪਾਕਿਸਤਾਨੀ ਨੇਤਾਵਾਂ ਨੂੰ ਆਮ ਤੌਰ 'ਤੇ ਇਤਿਹਾਸ ਪੜ੍ਹਨ ਦਾ ਸ਼ੌਕ ਨਹੀਂ, ਫਿਰ ਵੀ ਜੇ ਇਮਰਾਨ ਖਾਨ ਇਤਿਹਾਸ ਪੜ੍ਹਨ ਦੀ ਕੋਸ਼ਿਸ਼ ਕਰਦੇ ਹਨ ਤਾਂ ਉਨ੍ਹਾਂ ਨੂੰ ਅਹਿਸਾਸ ਹੋ ਜਾਵੇਗਾ ਕਿ ਪਾਕਿਸਤਾਨ 'ਚ ਚੱਲੇ ਜ਼ਿਆਦਾਤਰ ਅੰਦੋਲਨਾਂ ਦਾ ਨਤੀਜਾ ਸੰਵਿਧਾਨ ਬਾਹਰੇ ਦਖਲ ਦੇ ਰੂਪ 'ਚ ਹੀ ਸਾਹਮਣੇ ਆਇਆ ਸੀ।

ਲੋਕਤੰਤਰ ਦੇ ਯੁੱਗ 'ਚ ਸਫਲਤਾਪੂਰਵਕ ਕਦਮ ਰੱਖਣ ਵਾਲਾ ਸ਼ਾਇਦ ਇਕੋ-ਇਕ ਅੰਦੋਲਨ ਪਾਕਿਸਤਾਨ ਦੇ ਮੁੱਖ ਜੱਜ ਇਫਤਿਖਾਰ ਚੌਧਰੀ ਨੂੰ ਮੁੜ ਅਹੁਦੇ 'ਤੇ ਬਹਾਲ ਕਰਵਾਉਣ ਲਈ ਵਕੀਲਾਂ ਵਲੋਂ ਪ੍ਰਵੇਜ਼ ਮੁਸ਼ੱਰਫ ਵਿਰੁੱਧ ਚਲਾਇਆ ਗਿਆ ਸੀ। ਆਪਣੀ ਜ਼ਿੱਦ ਨਾਲ ਇਮਰਾਨ ਖਾਨ ਅਤੇ 'ਮੈਂ ਨਾ ਮਾਨੂੰ' ਦੀ ਰਟ ਨਾਲ ਨਵਾਜ਼ ਸ਼ਰੀਫ ਇਕ ਵਾਰ ਫਿਰ ਜਵਾਲਾਮੁਖੀ ਦੇ ਮੁਹਾਣੇ ਵੱਲ ਧੱਕ ਰਹੇ ਹਨ। ਇਮਰਾਨ ਖਾਨ ਅਤੇ ਕਾਦਰੀ ਦੇ ਸਮਰਥਕਾਂ ਦਾ ਇਹ ਰੁਖ ਬਹੁਤ ਖਤਰਨਾਕ ਨਤੀਜਿਆਂ ਨਾਲ ਭਰਿਆ ਹੋਇਆ ਹੈ ਕਿ ਸੰਵਿਧਾਨ ਜਾਵੇ ਢੱਠੇ ਖੂਹ 'ਚ, ਅਸੀਂ ਤਾਂ ਨਵਾਜ਼ ਸ਼ਰੀਫ ਨੂੰ ਖਦੇੜ ਕੇ ਹੀ ਸਾਹ ਲਵਾਂਗੇ।

ਇਮਰਾਨ ਖਾਨ ਦੀ ਪਾਰਟੀ ਪੀ.ਟੀ.ਆਈ. (ਪਾਕਿਸਤਾਨ ਤਹਿਰੀਕੇ-ਇਨਸਾਫ) ਦੇ ਨਾਲ-ਨਾਲ ਪਾਕਿਸਤਾਨ ਅਵਾਮੀ ਤਹਿਰੀਕ (ਪੀ.ਏ.ਟੀ.) ਨੂੰ ਵੀ ਤਾਲਿਬਾਨ ਵਲੋਂ ਦਿੱਤੀ ਜਾ ਰਹੀ ਚੁਣੌਤੀ ਦੀ ਕੋਈ ਚਿੰਤਾ ਨਹੀਂ। ਦੋਵੇਂ ਹੀ ਪਾਰਟੀਆਂ ਹੋਰਨਾਂ ਲੋਕਾਂ ਨੂੰ ਚੀਕ-ਚੀਕ ਕੇ ਭ੍ਰਿਸ਼ਟ ਅਤੇ ਨਿਕੰਮੇ ਕਹਿ ਕੇ ਖੁਦ ਨੂੰ ਮਸੀਹਾ ਸਿੱਧ ਕਰ ਕੇ ਆਪਣੇ ਹੰਕਾਰ ਦੀ ਤ੍ਰਿਪਤੀ ਕਰਨ ਲਈ ਹੀ ਚਿੰਤਤ ਹਨ। ਇਮਰਾਨ ਤਾਂ ਹਮੇਸ਼ਾ ਹੀ ਤਾਲਿਬਾਨ ਪ੍ਰਤੀ ਨਰਮ ਰੁਖ ਰੱਖਦੇ ਆਏ ਹਨ। ਜਿਥੋਂ ਤਕ ਸ਼ਰੀਫ ਭਰਾਵਾਂ ਦਾ ਸਵਾਲ ਹੈ, ਉਹ ਵੀ ਤਾਲਿਬਾਨ ਦੇ ਗੁੱਸੇ ਤੋਂ ਬਚਣ ਲਈ ਘੱਟ ਤੋਂ ਘੱਟ ਵਿਰੋਧ ਕਰਨ ਦੀ ਨੀਤੀ 'ਤੇ ਚੱਲ ਰਹੇ ਹਨ।

ਹੁਣ ਟੀ.ਟੀ.ਪੀ. ਨੇ ਪੀ.ਐਮ.ਐਲ. (ਐਨ) ਦੀ ਲੀਡਰਸ਼ਿਪ ਨੂੰ ਵੀ ਨਿਸ਼ਾਨਾ ਬਣਾਉਣ ਦੀ ਸਹੁੰ ਖਾਧੀ ਹੋਈ ਹੈ, ਫਿਰ ਵੀ ਤ੍ਰਾਸਦੀ ਇਹ ਹੈ ਕਿ ਉੱਚ ਮੱਧ ਵਰਗ ਦੇ ਕੁਝ ਲੋਕ ਵਿਵਸਥਾ ਵਿਰੁੱਧ ਇਮਰਾਨ ਖਾਨ ਦੇ ਬੇਬਾਕੀ ਦੇ ਬਹੁਤ ਦੀਵਾਨੇ ਹਨ। ਇਹ ਲੋਕ ਇਮਰਾਨ ਖਾਨ ਅਤੇ ਕਾਦਰੀ ਨੂੰ ਬਹੁਤ ਵੱਡੇ ਕ੍ਰਾਂਤੀਕਾਰੀ ਸਮਝਦੇ ਹਨ। ਸਿਆਸੀ ਕੁਲੀਨ ਵਰਗ ਦੇ ਕਈ ਲੋਕਾਂ ਦਾ ਕਾਦਰੀ ਅਤੇ ਇਮਰਾਨ ਖਾਨ ਦੁਆਲੇ ਇਕੱਠੇ ਹੋਣਾ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ ਕਿਉਂਕਿ ਇਹ ਲੋਕਤੰਤਰ ਅਤੇ ਸੰਵਿਧਾਨਵਾਦ ਪ੍ਰਤੀ ਵਫਾਦਾਰੀ ਦੇ ਕਮਜ਼ੋਰ ਹੋਣ ਦਾ ਸੂਚਕ ਹੈ।

ਆਈ.ਐਸ.ਆਈ. ਨੂੰ ਵੀ ਸਿਰਫ ਆਪਣੀ ਸੰਵਿਧਾਨਿਕ ਜ਼ਿੰਮੇਵਾਰੀ ਤਕ ਸੀਮਤ ਰਹਿਣ ਦੀ ਬਜਾਏ ਹਰ ਮਾਮਲੇ 'ਚ ਟੰਗ ਅੜਾਉਣ ਅਤੇ ਆਪਣਾ ਉੱਲੂ ਸਿੱਧਾ ਕਰਨ ਦੇ ਰੁਝਾਨ ਤੋਂ ਉਪਰ ਉੱਠਣਾ ਪਵੇਗਾ। ਇਸ ਕੌਮੀ ਸੁਰੱਖਿਆ (ਖੁਫੀਆ) ਏਜੰਸੀ ਅੱਗੇ ਸਿਆਸਤਦਾਨਾਂ ਵਲੋਂ ਵਾਰ-ਵਾਰ ਸਹਾਇਤਾ ਲਈ ਲੇਲ੍ਹੜੀਆਂ ਕੱਢਣਾ ਵੀ ਠੀਕ ਨਹੀਂ। ਇਮਰਾਨ ਖਾਨ ਨੇ ਬੇਸ਼ਰਮੀ ਭਰੇ ਢੰਗ ਨਾਲ 'ਤੀਜੇ ਅੰਪਾਇਰ' ਭਾਵ ਆਈ.ਐਸ.ਆਈ. ਨੂੰ ਦਖਲ ਦੇਣ ਦੀ ਦੁਹਾਈ ਦਿੱਤੀ ਪਰ ਆਈ.ਐਸ.ਆਈ. ਨੇ ਉਨ੍ਹਾਂ ਦੀਆਂ ਇੱਛਾਵਾਂ ਪੂਰੀਆਂ ਨਹੀਂ ਕੀਤੀਆਂ। ਇਸ ਲਈ ਹੁਣ ਦੇਸ਼ ਦੀਆਂ ਗਲੀਆਂ 'ਚ ਫੂੰ-ਫਾਂ ਕਰਨ ਦੀ ਬਜਾਏ ਇਮਰਾਨ ਨੂੰ ਹੁਣ ਗੱਲਬਾਤ ਲਈ ਮੰਨ ਜਾਣਾ ਚਾਹੀਦਾ ਹੈ ਕਿਉਂਕਿ ਗੱਲਬਾਤ ਸਿਆਸਤ ਦੀ ਪ੍ਰਕਿਰਿਆ ਦਾ ਅਟੁੱਟ ਅੰਗ ਹੁੰਦੀ ਹੈ, ਪਰ ਕਿਸੇ ਵੀ ਅਰਥ ਭਰਪੂਰ ਗੱਲਬਾਤ ਤੋਂ ਪਹਿਲਾਂ 'ਗੋਲੀਬੰਦੀ' ਜ਼ਰੂਰੀ ਹੈ। ਇਕ-ਦੂਜੇ ਨੂੰ ਗਾਲ੍ਹਾਂ ਕੱਢਦਿਆਂ ਕਿਸੇ ਤਰ੍ਹਾਂ ਦੀ ਅਰਥ ਭਰਪੂਰ ਗੱਲਬਾਤ ਨਹੀਂ ਹੋ ਸਕਦੀ। ਉਂਝ ਵੀ ਪੀ.ਟੀ.ਆਈ. ਦੇ ਮੁਖੀ ਲਈ ਆਪਣੇ ਜ਼ਿਆਦਾਤਰ ਦੋਸ਼ਾਂ ਨੂੰ ਸਿੱਧ ਕਰਨਾ ਕਾਫੀ ਮੁਸ਼ਕਿਲ ਲੱਗ ਰਿਹਾ ਹੈ।

# ਪਰਵਾਸੀ ਪੰਜਾਬੀਆਂ ਦੀਆਂ ਮੀਡੀਆ ਪ੍ਰੇਮ ਉਡਾਰੀਆਂ

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਵਿਦੇਸ਼ਾਂ ਵਿਚ ਹੁਣ ਪੰਜਾਬੀ ਪਰਵਾਸੀਆਂ ਦੇ ਦਰਜਨਾਂ ਨਹੀਂ, ਸੈਂਕੜੇ ਰੇਡੀਓ ਟੀ.ਵੀ. ਚੈਨਲ ਚੱਲਦੇ ਹਨ। ਇੰਟਰਨੈਟ ਦੀ ਬਦੌਲਤ ਇਹ ਸਾਰੇ ਰੇਡੀਓ/ਟੀ.ਵੀ. ਮਹਿਜ਼ ਲੋਕਲ ਨਹੀਂ ਰਹੇ, ਸਗੋਂ ਕੌਮਾਂਤਰੀ ਬਣ ਚੁੱਕੇ ਹਨ। ਇਨ੍ਹਾਂ ਵਿਚੋਂ ਬਹੁਤੀ ਪ੍ਰਸਿੱਧੀ ਪ੍ਰਾਪਤ ਕਰ ਚੁੱਕੇ ਕਈ ਸਟੇਸ਼ਨਾਂ ਵੱਲੋਂ ਵੱਖ-ਵੱਖ ਥਾਵਾਂ ਦੇ ਸਰੋਤਿਆਂ/ਦਰਸ਼ਕਾਂ ਨੂੰ ਆਪਣੇ ਨਾਲ ਜੋੜਨ ਲਈ, ਸਥਾਨਕ ਕੋਡ ਵਾਲੇ ਫੋਨ ਨੰਬਰ ਵੀ ਮੁਹੱਈਆ ਕਰਵਾਏ ਗਏ ਹੋਏ ਹਨ; ਜਿਵੇਂ ਜੇ ਕੈਲੀਫੋਰਨੀਆ ਪ੍ਰਾਂਤ ਦੇ ਸੈਨ ਹੋਜ਼ੇ ਸ਼ਹਿਰ ਦਾ ਕੋਈ ਵੀਰ ਭੈਣ, ਇੰਗਲੈਂਡ ਦੇ ਕਿਸੇ ਰੇਡੀਓ ਪ੍ਰੋਗਰਾਮ ਵਿਚ ਹਿੱਸਾ ਲੈਣਾ ਚਾਹੇ, ਤਦ ਉਸ ਨੂੰ ਇੰਗਲੈਂਡ ਦੇ ਕੌਮਾਂਤਰੀ ਕੋਡ 044 ਵਾਲੇ ਕਿਸੇ ਨੰਬਰ ਦੀ ਲੋੜ ਨਹੀਂ, ਬਲਕਿ ਉਨ੍ਹਾਂ ਲਈ ਸੈਨ ਹੋਜ਼ੇ ਸ਼ਹਿਰ ਦੇ ਲੋਕਲ ਕੋਡ 408 ਨਾਲ ਸ਼ੁਰੂ ਹੁੰਦਾ ਕੋਈ ਲੋਕਲ ਨੰਬਰ ਮੌਜੂਦ ਹੋਵੇਗਾ।

ਇੰਜ ਆਪੋ-ਆਪਣੇ ਟੇਸਟ ਮੁਤਾਬਕ ਇਨ੍ਹਾਂ ਰੇਡੀਓ/ਚੈਨਲਾਂ ਨਾਲ ਜੁੜੇ ਸਰੋਤਿਆਂ ਲਈ ਸਮੇਂ ਦਾ ਕੌਮਾਂਤਰੀ ਵਖਰੇਵਾਂ ਵੀ ਕੋਈ ਅੜਿੱਕਾ ਨਹੀਂ ਬਣਦਾ। ਦੂਰ-ਦਰਾਜ ਦੇ ਕਿਸੇ ਮੁਲਕ ਵਿਚਲੇ ਰੇਡੀਓ/ਟੀ.ਵੀ. ਤੋਂ ਪ੍ਰਸਾਰਿਤ ਹੋਣ ਵਾਲੇ ਕਿਸੇ ਉਚੇਚੇ ਪ੍ਰੋਗਰਾਮ ਵਿਚ ਭਾਗ ਲੈਣ ਲਈ, ਰਾਤਾਂ ਝਾਗਣ ਵਾਲੇ ਕਈ ਦੋਸਤਾਂ ਨੂੰ ਮੈਂ ਨਿੱਜੀ ਤੌਰ 'ਤੇ ਜਾਣਦਾ ਹਾਂ। ਬਹੁਤੇ ਰੇਡੀਓ ਸਟੇਸ਼ਨ ਅਕਸਰ ਪੰਜਾਬ ਨਾਲ ਸਬੰਧਤ ਮੁੱਦਿਆਂ ਉਤੇ ਟਾਕ ਸ਼ੋਅ ਪ੍ਰਸਾਰਿਤ ਕਰਦੇ ਹੀ ਰਹਿੰਦੇ ਹਨ। ਸ਼ੌਕ ਖਾਤਰ ਪੱਤਰਕਾਰੀ ਨਾਲ ਜੁੜਿਆ ਹੋਣ ਕਰ ਕੇ ਮੈਂ ਵੀ ਅਜਿਹੇ ਪ੍ਰੋਗਰਾਮ ਸੁਣਨ ਤੋਂ ਵਾਹ ਲਗਦੀ ਉਕਦਾ ਨਹੀਂ; ਵਿਸ਼ੇਸ਼ ਤੌਰ 'ਤੇ ਉਦੋਂ, ਜਦੋਂ ਪੰਜਾਬ ਦੀ ਰਾਜਨੀਤੀ ਦੇ ਕਿਸੇ ਭਖਦੇ ਮਸਲੇ 'ਤੇ ਨੋਕ-ਝੋਕ ਚੱਲ ਰਹੀ ਹੋਵੇ। ਉਦੋਂ ਕਦੀ-ਕਦੀ ਮੇਜ਼ 'ਤੇ ਖਾਣਾ ਪਿਆ-ਪਿਆ ਠੰਢਾ ਵੀ ਹੋ ਜਾਂਦਾ ਹੈ।

ਜਦੋਂ ਵੀ ਇਨ੍ਹਾਂ ਰੇਡੀਓ ਟਾਕ ਸ਼ੋਆਂ ਵਿਚ ਪੰਜਾਬ ਦੇ ਰਾਜਨੀਤਕ, ਧਾਰਮਕ ਜਾਂ ਕਿਸੇ ਸਮਾਜਕ ਵਿਸ਼ੇ ਨੂੰ ਗੋਲਿਆ ਜਾ ਰਿਹਾ ਹੁੰਦਾ ਹੈ, ਉਸ ਵੇਲੇ ਪਰਵਾਸੀਆਂ ਦਾ ਰੋਹ ਅਤੇ ਜਜ਼ਬਾਤ ਦਾ ਪ੍ਰਗਟਾਵਾ ਦੇਖਣ/ਸੁਣਨ ਵਾਲਾ ਹੁੰਦਾ ਹੈ। ਉਤੇ-ਤਿੱਤੀ ਕਾਲਾਂ ਕਰਦੇ ਸਰੋਤੇ, ਵਿਚਾਰੇ ਰੇਡੀਓ ਹੋਸਟ ਨੂੰ ਚੰਗੀ ਤਰ੍ਹਾਂ ਭੂਮਿਕਾ ਵੀ ਨਹੀਂ ਬੰਨ੍ਹਣ ਦਿੰਦੇ। ਕਾਨੂੰਨ ਦੇ ਰਾਜ ਅਤੇ ਅਸਲ ਆਜ਼ਾਦ ਫਿਜ਼ਾਵਾਂ ਵਿਚ ਉਡਾਰੀਆਂ ਮਾਰਨ ਵਾਲੇ ਇਹ ਪਰਵਾਸੀ ਪੰਜਾਬੀ, ਰੇਡੀਓ 'ਤੇ ਦਿਲ ਦੀ ਖੂਬ ਭੜਾਸ ਕੱਢਦੇ ਹਨ। ਆਪਣੇ ਵਤਨ ਦੇ ਦੁਰ-ਪ੍ਰਬੰਧ ਅਤੇ ਸਿਆਸਤਦਾਨਾਂ ਦੀਆਂ ਤਿਕੜਮਬਾਜ਼ੀਆਂ ਤੋਂ ਰੱਜ ਕੇ ਦੁਖੀ ਹੋਏ ਪਰਵਾਸੀ, ਇਕ ਕਿਸਮ ਦੇ ਲਹੂ ਦੇ ਅੱਥਰੂ ਹੀ ਕੇਰਦੇ ਹੁੰਦੇ ਹਨ। ਜੰਮਣ ਭੋਇੰ ਤੋਂ ਦੂਰ ਰਹਿਣ ਦਾ ਹੇਰਵਾ, ਉਨ੍ਹਾਂ ਦੇ ਗੁੱਸੇ ਨੂੰ ਹੋਰ ਪਾਣ ਚਾੜ੍ਹ ਦਿੰਦਾ ਹੈ। ਹਰ ਤਰ੍ਹਾਂ ਦੇ ਸਰਕਾਰੀ ਕੁੰਡੇ ਤੋਂ ਆਜ਼ਾਦ ਸੋਸ਼ਲ ਮੀਡੀਆ ਤੋਂ ਮਿਲਦੀ ਪਲ-ਪਲ ਦੀ ਸਿੱਧੀ ਜਾਣਕਾਰੀ ਨਾਲ 'ਲੈਸ' ਹੋਏ ਸਰੋਤੇ, ਪੰਜਾਬ ਦੇ ਸੱਤਾਧਾਰੀਆਂ ਉਤੇ ਤਿੱਖੇ ਤੀਰਾਂ ਦੀ ਵਰਖਾ ਕਰਦੇ ਹਨ। ਇਕ-ਦੂਜੇ ਤੋਂ ਵਧ-ਵਧ ਕੇ ਗਰਮਾ-ਗਰਮ ਸਵਾਲਾਂ ਦੀ ਵਾਛੜ ਕਰਦੇ ਹੋਏ ਕਈ ਸਰੋਤੇ ਬਹੁਤੀ ਵਾਰੀ ਅ-ਸਭਿਅਕ ਲਫ਼ਜ਼ ਵੀ ਬੋਲ ਜਾਂਦੇ ਹਨ।

ਅਜਿਹੇ ਟਾਕ ਸ਼ੋਅ ਸੁਣਦਿਆਂ ਇਸ ਪੱਖੋਂ ਬੜੀ ਹੈਰਾਨੀ ਹੁੰਦੀ ਹੈ ਕਿ ਪੰਜਾਬ ਦੇ ਸੱਤਾਧਾਰੀਆਂ ਦੇ ਹਮਾਇਤੀਆਂ ਵਿਚੋਂ ਕੋਈ ਇੱਕ ਜਣਾ ਵੀ ਕਦੇ ਰੇਡੀਓ 'ਤੇ ਆਉਣ ਦੀ ਹਿੰਮਤ ਨਹੀਂ ਕਰਦਾ। ਇਨ੍ਹਾਂ ਪ੍ਰੋਗਰਾਮਾਂ ਨੂੰ ਗਹੁ ਨਾਲ ਸੁਣਦਿਆਂ, ਮੈਂ ਇਕ ਨੁਕਤਾ ਖਾਸ ਤੌਰ 'ਤੇ ਨੋਟ ਕੀਤਾ ਹੈ ਕਿ ਅਜਿਹੀ ਰੇਡੀਓ ਬਹਿਸ ਹਮੇਸ਼ਾ ਇਕਪਾਸੜ ਹੀ ਹੁੰਦੀ ਹੈ। ਹੁਕਮਰਾਨਾਂ ਦੇ ਪ੍ਰਸ਼ੰਸਕ, ਨਦਾਰਦ ਹੀ ਰਹਿੰਦੇ ਹਨ। ਉਹ ਕਦੇ ਵੀ ਕੋਈ ਸਿੱਧਾ-ਅਸਿੱਧਾ ਸਪਸ਼ਟੀਕਰਨ ਨਹੀਂ ਦਿੰਦੇ।

ਰੇਡੀਓ ਦੇ ਉਲਟ ਜੇ ਵਿਦੇਸ਼ਾਂ ਦੀਆਂ ਹਫ਼ਤਾਵਾਰੀ ਪੰਜਾਬੀ ਅਖ਼ਬਾਰਾਂ ਦੇਖੀਏ, ਉਨ੍ਹਾਂ ਵਿਚ ਸੱਤਾਧਾਰੀ ਪੱਖ ਦੀ ਪਿੱਠ ਥਾਪੜਨ ਵਾਲੇ ਮਹਾਂਰਥੀਆਂ ਨੇ ਮਨ-ਭਾਉਂਦੀਆਂ ਖ਼ਬਰਾਂ ਲਗਵਾਈਆਂ ਹੁੰਦੀਆਂ ਨੇ। ਕਿਸੇ ਇਕ-ਅੱਧ ਅਖ਼ਬਾਰ ਨੂੰ ਛੱਡ ਕੇ ਬੇਸ਼ੱਕ ਬਾਕੀ ਸਾਰੀਆਂ ਅਖ਼ਬਾਰਾਂ ਦੇ ਸੰਪਾਦਕੀ ਨੋਟ ਅਤੇ ਛਪੀ ਹੋਈ ਦੂਜੀ ਸਮੱਗਰੀ, ਪੰਜਾਬ ਦੀ ਵਰਤਮਾਨ ਹਕੂਮਤ ਦੇ ਬਖੀਏ ਉਧੇੜਨ ਵਾਲੀ ਹੁੰਦੀ ਹੈ, ਪਰ ਸੱਤਾ-ਪੱਖੀਆਂ ਦੇ ਸ਼ੁਭਚਿੰਤਕ, ਸਰਦੇ-ਪੁੱਜਦੇ ਹੋਣ ਕਰ ਕੇ ਵਧਾਈਆਂ ਦੇ ਇਸ਼ਤਿਹਾਰ ਛਪਵਾ ਕੇ ਆਪਣੀ ਹੋਂਦ ਜਤਲਾਉਂਦੇ ਰਹਿੰਦੇ ਨੇ। ਇਹ ਵਧਾਈਆਂ ਵੀ ਅਕਸਰ ਨਿਗੂਣੀਆਂ 'ਪ੍ਰਾਪਤੀਆਂ' ਦੀਆਂ ਹੀ ਹੁੰਦੀਆਂ ਹਨ ਜਿਨ੍ਹਾਂ ਨੂੰ ਪੜ੍ਹ ਕੇ ਪਾਠਕਾਂ ਦਾ ਮਨੋਰੰਜਨ ਹੋ ਜਾਂਦਾ ਹੋਵੇਗਾ। ਇਹ ਭੱਦਰਪੁਰਸ਼ ਦੇਸ਼ ਵਿਚਲੇ ਆਪਣੇ ਕਿਸੇ 'ਪਸੰਦੀਦਾ' ਆਗੂ ਨੂੰ ਮਿਲੇ 'ਅਹੁਦਿਆਂ ਦੇ ਚੋਗੇ' ਤੋਂ ਬਾਗੋ-ਬਾਗ ਹੁੰਦਿਆਂ 'ਖੁਸ਼ੀ ਦੀ ਲਹਿਰ ਦੌੜਨ' ਵਾਲੀਆਂ ਖ਼ਬਰਾਂ ਵੀ ਛਪਵਾ ਲੈਂਦੇ ਨੇ। ਵਿਦੇਸ਼ ਪਹੁੰਚੇ ਕਿਸੇ ਮੰਤਰੀ-ਸੰਤਰੀ ਦੇ ਮਾਣ-ਸਨਮਾਨ ਵਾਲੀਆਂ ਫੋਟੋਆਂ 'ਪੇਡ' ਸਫ਼ਿਆਂ 'ਤੇ ਵੀ ਲਗਵਾ ਲੈਂਦੇ ਨੇ ਜਿਨ੍ਹਾਂ ਵਿਚ ਸਾਫ ਦਿਸ ਰਿਹਾ ਹੁੰਦਾ ਹੈ ਕਿ ਕਿਵੇਂ ਇਕ-ਦੂਜੇ ਦੇ ਪੈਰ ਮਿੱਧ-ਮਿੱਧ ਕੇ ਅਤੇ ਵੱਖੀਆਂ 'ਚ ਕੂਹਣੀਆਂ ਮਾਰ-ਮਾਰ ਕੇ, ਆਗੂ ਦੀ ਕੁੱਛੜ 'ਚ ਵੜਨ ਦੀ ਪੂਰੀ ਕੋਸ਼ਿਸ਼ ਕੀਤੀ ਹੋਈ ਹੈ।

ਇਨ੍ਹਾਂ ਅਖ਼ਬਾਰਾਂ ਵਿਚ ਹੱਦ ਸਿਰੇ ਦੀ ਚਾਪਲੂਸੀ ਅਤੇ ਚਮਚਾਗਿਰੀ ਦਾ 'ਜਲੌਅ' ਦੇਖ ਕੇ ਬੜੀ ਹੈਰਾਨੀ ਹੁੰਦੀ ਹੈ ਕਿ ਜਦੋਂ ਇਨ੍ਹਾਂ ਹੀ ਸਿਆਸੀ ਰਾਜਸੀ ਲੀਡਰਾਂ ਦੇ ਕਾਰਨਾਮੇ ਰੇਡੀਓ



'ਤੇ ਪੁਣੇ ਜਾ ਰਹੇ ਹੁੰਦੇ ਹਨ, ਕਰਤੂਤਾਂ ਨੰਗੀਆਂ ਕੀਤੀਆਂ ਜਾ ਰਹੀਆਂ ਹੁੰਦੀਆਂ ਨੇ, ਤਦ ਇਨ੍ਹਾਂ ਦੇ ਇਹ ਪਰਵਾਸੀ ਸ਼ੁਭਚਿੰਤਕ, ਕੰਨਾਂ ਵਿਚ ਕੌੜਾ ਤੇਲ ਕਿਉਂ ਪਾ ਲੈਂਦੇ ਹੋਣਗੇ? ਇਨ੍ਹਾਂ ਨੂੰ ਆਪਣੇ 'ਮਾਲਕਾਂ' ਦੀ ਭੰਡੀ ਹੁੰਦੀ ਸੁਣ ਕੇ ਗੁੱਸਾ ਨਹੀਂ ਆਉਂਦਾ ਹੋਵੇਗਾ? ਕਥਿਤ ਸਨਮਾਨ ਸਮਾਰੋਹਾਂ ਵਿਚ ਗਜ-ਗਜ ਲੰਮੇ 'ਸਵਾਗਤੀ ਭਾਸ਼ਣ' ਦੇਣ ਵਾਲਿਆਂ ਬਾਰੇ ਇਹ ਤਾਂ ਸੋਚਿਆ ਨਹੀਂ ਜਾ ਸਕਦਾ ਕਿ ਉਨ੍ਹਾਂ ਨੂੰ ਰੇਡੀਓ 'ਤੇ ਬੋਲਣਾ ਨਹੀਂ ਆਉਂਦਾ ਹੋਵੇਗਾ। ਮੌਜੂਦਾ ਸੱਤਾ-ਪੱਖ ਦੀ ਖੁੰਬ ਠੱਪਣ ਵਾਲੇ ਟਾਕ ਸ਼ੋਆਂ ਨੂੰ ਇਹ ਲੋਕ ਸ਼ਾਇਦ 'ਦੇਖ ਕੇ ਹੀ ਅਣਡਿੱਠ' ਕਰ ਦਿੰਦੇ ਹੋਣਗੇ। ਆਖਰ 'ਆਪਣੀ ਸਰਕਾਰ' ਦੀ ਹੋ ਰਹੀ ਕਰੜੀ ਨੁਕਤਾਚੀਨੀ ਵਿਰੁਧ ਕਹਿਣ ਲਈ ਇਨ੍ਹਾਂ ਕੋਲ ਵੀ ਕੋਈ ਤਾਂ 'ਮਸਾਲਾ' ਹੋਵੇਗਾ ਹੀ ਜਿਹਦੇ ਕਰ ਕੇ ਦੁਨੀਆਂ ਭਰ ਵਿਚ 'ਤੋਏ-ਤੋਏ' ਹੋਣ ਦੇ ਬਾਵਜੂਦ ਇਹ ਹਾਕਮ ਧਿਰ ਦੇ ਸੋਹਲੇ ਗਾਈ ਜਾ ਰਹੇ ਨੇ।

ਬੀਤੇ ਦੋ ਕੁ ਹਫਤਿਆਂ ਵਿਚ ਇੰਗਲੈਂਡ ਅਤੇ ਅਮਰੀਕਾ ਦੇ ਪ੍ਰਸਿੱਧ ਰੇਡੀਓ ਸਟੇਸ਼ਨਾਂ ਤੋਂ ਉਪਰੋਥਲੀ ਪੰਜਾਬ ਮਾਮਲਿਆਂ ਬਾਰੇ ਟਾਕ ਸ਼ੋਅ ਪ੍ਰਸਾਰਿਤ ਹੋਏ ਜਿਨ੍ਹਾਂ ਵਿਚ ਬਾਦਲ ਦਲ ਨੂੰ ਸ਼੍ਰੋਮਣੀ ਅਕਾਲੀ ਦਲ ਨੂੰ ਕਹਾਉਣ 'ਤੇ ਜ਼ਬਰਦਸਤ ਇਤਰਾਜ਼ ਕਰਨ ਵਾਲੇ ਸਿੱਖ ਸਰੋਤਿਆਂ ਨੇ ਆਪਣੀਆਂ ਦਲੀਲਾਂ ਦਿੱਤੀਆਂ। ਉਨ੍ਹਾਂ ਦਾ ਕਹਿਣਾ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਬਣਾਏ ਸ਼੍ਰੋਮਣੀ ਅਕਾਲੀ ਦਲ ਦਾ ਕੋਈ 'ਇਜ਼ਹਾਰ ਆਲਮ' ਜਾਂ ਕੋਈ ਸ਼ਰਮਾ-ਵਰਮਾ ਉਪ-ਨਾਮ ਵਾਲਾ ਗੈਰ-ਸਿੱਖ 'ਮੀਤ ਪ੍ਰਧਾਨ' ਕਿਵੇਂ ਬਣਾਇਆ ਜਾ ਸਕਦਾ ਹੈ? ਬਹੁਤ ਸਾਰੇ ਸਰੋਤਿਆਂ ਨੇ ਸਜ਼ਾ ਭੁਗਤ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਲਈ ਮਰਨ ਵਰਤ ਰੱਖੇ ਜਾਣ ਦੇ ਬਾਵਜੂਦ ਕੋਈ ਕਾਰਵਾਈ ਨਾ ਹੋਣ, ਪਰ ਪਿੰਕੀ ਕੈਟ ਦੀ ਅਗਾਊਂ ਸਜ਼ਾ ਮੁਆਫੀ ਉਪਰ ਤਿੱਖੇ ਵਾਰ ਕਰਦਿਆਂ 'ਪੰਥਕ ਸਰਕਾਰ' ਨੂੰ ਪਾਣੀ ਪੀ-ਪੀ ਕੋਸਿਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਿਰੋਲ ਧਾਰਮਕ ਮਾਮਲਿਆਂ ਵਿਚ ਬਾਦਲ ਪਰਿਵਾਰ ਦੀ ਚੌਧਰ, ਖਾਸ ਕਰ ਕੇ ਸ੍ਰੀ ਕੋਹਲੀ ਨਾਂ ਦੇ ਇਕ ਅਫਸਰ ਦੀ ਸ਼੍ਰੋਮਣੀ ਕਮੇਟੀ ਵਿਚੋਂ ਬਰਤਰਫੀ ਅਤੇ ਬਹਾਲੀ ਦੇ ਮੁੱਦੇ ਦੀ ਸਾਰੇ ਸਰੋਤਿਆਂ ਨੇ ਇਕ ਆਵਾਜ਼ ਵਿਚ ਸਖਤ ਲਫ਼ਜ਼ਾਂ ਵਿਚ ਨਿੰਦਿਆ ਕੀਤੀ। ਇਸ ਤੋਂ ਇਲਾਵਾ ਕੇਂਦਰੀ ਮੰਤਰੀ ਅਰੁਣ ਜੇਤਲੀ ਵੱਲੋਂ ਪੰਜਾਬ ਸਰਕਾਰ ਦਾ ਠੂਠਾ ਖਾਲੀ ਮੋੜਨ ਨੂੰ ਸ੍ਰੀ ਬਾਦਲ ਦੀ ਸਿਆਸੀ ਤੇ ਰਾਜਸੀ ਨਾਕਾਮੀ ਗਰਦਾਨਦਿਆਂ ਸਭ ਸਰੋਤਿਆਂ ਨੇ ਸ੍ਰੀ ਬਾਦਲ ਦੀ ਸੋਚ ਨੂੰ ਜੰਮ ਕੇ ਰਗੜੇ ਲਾਏ। ਪੰਜਾਬ ਵਿਚ ਨਸ਼ਿਆਂ ਦੇ ਵਪਾਰ ਲਈ ਕਥਿਤ ਦੋਸ਼ੀ ਵਜ਼ੀਰਾਂ ਅਤੇ ਅਕਾਲੀ ਆਗੂਆਂ ਦੇ ਨਾਂ ਲੈ-ਲੈ ਕੇ ਪਰਵਾਸੀ ਪੰਜਾਬੀ ਇਉਂ ਦੰਦੀਆਂ ਕਰੀਚਦੇ ਆਪੇ ਤੋਂ ਬਾਹਰ ਹੋ ਰਹੇ ਸਨ, ਜਿਵੇਂ ਕਿਤੇ ਇਨ੍ਹਾਂ ਆਗੂਆਂ ਨੂੰ ਇਨ੍ਹਾਂ ਨੇ ਧੌਣਾਂ ਤੋਂ ਫੜਿਆ ਹੋਇਆ ਹੋਵੇ। ਮੌਜੂਦਾ ਹਕੂਮਤ ਨੂੰ ਲੰਮੇ ਹੱਥੀਂ ਲੈਂਦਿਆਂ ਸਾਰੇ ਸਰੋਤੇ ਉਸ ਨੂੰ ਪੰਜਾਬ ਦੇ ਮਾੜੇ ਹਾਲਾਤ ਲਈ ਮੁੱਖ ਦੋਸ਼ੀ ਮੰਨ ਰਹੇ ਸਨ।

ਇਨ੍ਹਾਂ ਦੋਹਾਂ ਹਫਤਿਆਂ ਦੀਆਂ ਇੰਗਲੈਂਡ ਤੇ ਅਮਰੀਕਨ ਪੰਜਾਬੀ ਅਖ਼ਬਾਰਾਂ ਮੈਂ ਨੈਟ 'ਤੇ ਵੀ ਪੜ੍ਹੀਆਂ ਅਤੇ ਕੁਝ ਖਾਸ ਅੰਕ ਮੇਰੇ ਮੇਜ਼ 'ਤੇ ਪਏ ਹਨ। ਸੰਜੋਗਵੱਸ ਇਨ੍ਹਾਂ ਹੀ ਦਿਨਾਂ ਵਿਚ ਪੰਜਾਬ ਦਾ ਰਾਜ-ਭਾਗ ਚਲਾ ਰਹੇ ਬਾਦਲ ਦਲ ਦੇ ਦੋ ਸੀਨੀਅਰ ਲੀਡਰ ਵਿਦੇਸ਼ ਪਧਾਰੇ। ਵੱਡੇ ਬਾਦਲ ਜੀ ਦੇ ਖਾਸ ਵਿਸ਼ਵਾਸ ਪਾਤਰ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਇੰਗਲੈਂਡ ਅਤੇ ਪੰਜਾਬ ਦੇ ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ ਅਮਰੀਕਾ ਦੌਰੇ 'ਤੇ ਆਏ। ਪ੍ਰਚੱਲਤ ਰੀਤੀ ਅਨੁਸਾਰ ਦੋਹਾਂ ਆਗੂਆਂ ਦੇ ਵੱਖ-ਵੱਖ ਸ਼ਹਿਰਾਂ ਵਿਚ ਸਨਮਾਨ ਸਮਾਗਮ ਹੋਏ। ਦੋਹਾਂ ਦੇਸ਼ਾਂ ਵਿਚ ਹੀ ਸਥਾਨਕ ਸਰਕਰਦਾ ਪੰਜਾਬੀਆਂ ਨੇ ਮੋਹਰੇ ਹੋ-ਹੋ ਕੇ ਇਨ੍ਹਾਂ ਦੋਹਾਂ ਆਗੂਆਂ ਨੂੰ 'ਬੁੱਕੇ' ਭੇਟ ਕੀਤੇ... ਦਾਅਵਤਾਂ ਦਿੱਤੀਆਂ... ਖਿ-ਖਿ ਕੇ ਫੋਟੋਆਂ ਖਿਚਵਾਈਆਂ।

ਅਖ਼ਬਾਰੀ ਰਿਪੋਰਟਾਂ ਦੱਸ ਰਹੀਆਂ ਨੇ ਕਿ ਇਨ੍ਹਾਂ ਸਨਮਾਨ ਸਮਾਗਮਾਂ ਵਿਚ ਲੋਕਲ ਗੁਰਦੁਆਰਾ ਕਮੇਟੀਆਂ ਦੇ ਅਹੁਦੇਦਾਰ ਅਤੇ ਹੋਰ ਸਿੱਖ ਸਭਾ/ਸੁਸਾਇਟੀਆਂ ਦੇ ਨੁਮਾਇੰਦੇ ਵੀ ਸ਼ਾਮਲ ਹਨ। ਇਨ੍ਹਾਂ ਸਮਾਗਮਾਂ ਦੀਆਂ ਖ਼ਬਰਾਂ ਵਿਚ ਹੋਰ ਬਥੇਰੀਆਂ ਘੋੜੀਆਂ ਗਾਈਆਂ ਹੋਈਆਂ ਨੇ, ਪਰ ਕਿਸੇ ਮਾਈ ਦੇ ਲਾਲ ਵੱਲੋਂ ਇਨ੍ਹਾਂ ਜ਼ਿੰਮੇਵਾਰ ਆਗੂਆਂ ਨੂੰ ਪੰਜਾਬ ਬਾਰੇ ਸਵਾਲ ਪੁੱਛਣ ਦਾ ਕੋਈ ਜ਼ਿਕਰ ਨਹੀਂ। ਰੇਡੀਓ ਟਾਕ ਸ਼ੋਆਂ ਵਾਲੀਆਂ ਜੋਸ਼ੀਲੀਆਂ ਫੌਜਾਂ ਦੇ ਸਿਪਾਹ-ਸਲਾਰਾਂ ਵਿਚੋਂ ਵੀ ਕੋਈ ਸੂਰਮਾ, ਇਨ੍ਹਾਂ ਸਵਾਗਤੀ ਸਮਾਗਮਾਂ ਵਿਚ ਗਰਜਦਾ ਦਿਖਾਈ ਨਹੀਂ ਦਿੰਦਾ। ਸਵਾਗਤ ਕਰਨ ਵਾਲਿਆਂ ਨੂੰ ਵੀ ਉਸ ਵੇਲੇ ਨਾ ਤਾਂ ਕੰਗਲਾ ਹੋ ਰਿਹਾ ਪੰਜਾਬ ਚੇਤੇ ਰਹਿੰਦਾ ਹੈ ਅਤੇ ਨਾ ਹੀ ਰੁੰਡ-ਮੁੰਡ ਹੋ ਰਹੀ ਸਿੱਖੀ ਦਾ ਕੋਈ ਦਰਦ ਜਾਗਦਾ ਹੈ।

ਇਹ ਹੈ ਪੁਰਖਿਆਂ ਦੇ ਦੇਸ਼ ਤੋਂ ਦੂਰ ਵੱਸਦੇ ਪੰਜਾਬੀਆਂ ਦੇ ਮੀਡੀਆ-ਪ੍ਰੇਮ ਦੀ ਪ੍ਰਵਾਜ਼ ਦਾ ਨਮੂਨਾ!

# ਜੰਮੂ ਕਸ਼ਮੀਰ ਦੀ ਕਰੋਪੀ ਦਾ ਪੋਸਟ ਮਾਰਟਮ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਕਸ਼ਮੀਰ ਦੀ ਕੁਦਰਤੀ ਕਰੋਪੀ ਦੀ ਅਸਲ ਜ਼ਿੰਮੇਵਾਰ ਜਿਹਲਮ ਨਦੀ ਦੇ ਆਸ-ਪਾਸ ਗੈਰ ਕਾਨੂੰਨੀ ਉਸਾਰੀ, ਡੱਲ ਝੀਲ ਦੇ ਕੰਢੇ ਉਸਰੇ ਹੋਟਲ, ਭੁਲਰ ਝੀਲ ਦੇ ਆਸ-ਪਾਸ ਵੱਸੇ ਪਿੰਡ ਅਤੇ ਗਿਣਤੀ ਮਿਣਤੀ ਤੋਂ ਕਿਤੇ ਜ਼ਿਆਦਾ ਵਸੋਂ ਅਤੇ ਉਨ੍ਹਾਂ ਦੀ ਚੂਹੀ ਦੌੜ ਹੈ। ਹੜ੍ਹ ਦੇ ਪਾਣੀ ਨੇ ਸਿਖਿਆ ਤੇ ਸਿਹਤ ਸੇਵਾਵਾਂ ਨੂੰ ਗੰਭੀਰ ਰੂਪ ਵਿਚ ਤਹਿਸ-ਨਹਿਸ ਕਰ ਛੱਡਿਆ ਹੈ। ਸ਼ਹਿਰ ਨੂੰ ਪਾਣੀ ਮੁਕਤ ਕਰਨ 'ਤੇ ਜਿਹਲਮ ਦੇ ਬੰਧ ਮੁੜ ਉਸਾਰਨ ਦੇ ਨਾਲ ਨਾਲ ਸਿਹਤ ਸਹੂਲਤਾਂ ਦੇਣਾ ਸਮੇਂ ਦੀ ਲੋੜ ਹੈ। ਪੂਰੀ ਦੀ ਪੂਰੀ ਵਸੋਂ ਅੰਤੜੀ ਰੋਗਾਂ, ਮਿਆਦੀ ਬੁਖਾਰ, ਨਿਮੋਨੀਆ ਤੇ ਹੈਜ਼ੇ ਦੀ ਲਪੇਟ ਵਿਚ ਆਈ ਜਾਪਦੀ ਹੈ। ਭਾਵੇਂ ਸੁਰੱਖਿਆ ਕੈਂਪਾਂ ਵਿਚ ਬੈਠੇ ਵਸਨੀਕਾਂ ਨੂੰ ਸੁੱਕੇ ਖੇਤਰਾਂ ਤੋਂ ਆਏ ਡਾਕਟਰਾਂ ਅਤੇ ਸਰਕਾਰ ਵਲੋਂ ਭੇਜੀਆਂ ਦਵਾਈਆਂ ਦੀ ਕੋਈ ਘਾਟ ਨਹੀਂ ਪਰ ਆਉਣ ਵਾਲੇ ਦਿਨਾਂ ਵਿਚ ਇਹ ਵਸੀਲੇ ਤਿਤਰ-ਬਿਤਰ ਹੁੰਦਿਆਂ ਦੇਰ ਨਹੀਂ ਲਗਣੀ।

ਤਸੱਲੀ ਵਾਲੀ ਗੱਲ ਤਾਂ ਇਹ ਹੈ ਕਿ ਸਮਾਜ ਸੇਵੀ ਸੰਸਥਾਵਾਂ ਤੇ ਉਨ੍ਹਾਂ ਦੇ ਸੇਵਕਾਂ ਨੇ ਸੁਰੱਖਿਆ ਸਮੱਗਰੀ ਪਹੁੰਚਾਉਣ ਤੇ ਹੜ੍ਹ ਪੀੜ੍ਹਤਾਂ ਨੂੰ ਮੋਢਿਆਂ 'ਤੇ ਚੁੱਕ ਕੇ ਸੁਰੱਖਿਅਤ ਸਥਾਨਾਂ 'ਤੇ ਪਹੁੰਚਾਉਣ ਦੀ ਕੋਈ ਕਸਰ ਨਹੀਂ ਛੱਡੀ। ਕੁਝ ਟੈਕਸੀ ਡਰਾਈਵਰਾਂ ਤੇ ਸ਼ਿਕਾਰਾ ਮਾਲਕਾਂ ਨੇ ਵੀ ਪੀੜਤਾਂ ਦੇ ਮੋਢੇ ਨਾ ਮੋਢਾ ਡਾਹ ਕੇ ਸਹਾਇਤਾ ਦਿੱਤੀ ਹੈ।

ਮੈਂ ਚੰਡੀਗੜ੍ਹ ਦੇ ਉਸ ਸੈਕਟਰ ਵਿਚ ਰਹਿੰਦਾ ਹਾਂ ਜਿਹੜਾ ਜਲ, ਥਲ ਤੇ ਹਵਾਈਸੈਨਾ ਲਈ ਰਾਖਵਾਂ ਰਖਿਆ ਗਿਆ ਸੀ। ਅਰੰਭਕ ਸਮਾਚਾਰ ਚੰਗੇ ਨਹੀਂ ਸਨ। ਖਾਸ ਕਰਕੇ ਸੁਰੱਖਿਆ ਕਾਰਜ ਵਿਚ ਰੁੱਝੇ ਇਕ ਥਲ ਸੈਨਾ ਦੇ ਸਿਪਾਹੀ ਦਾ ਅਤਿਵਾਦੀ ਗੋਲੀ ਦਾ ਸ਼ਿਕਾਰ ਹੋਣਾ। ਇਸ ਦੀ ਹਾਨੀ ਦੋਹਾਂ ਧਿਰਾਂ ਨੂੰ ਭੁਗਤਣੀ ਪਈ। ਥਲ ਸੈਨਿਕਾਂ ਨੂੰ 25 ਕਿੱਲੋ ਦੀ ਬੁਲੇਟ ਪਰੂਫ ਜੈਕਟ ਪਹਿਨਣੀ ਪਈ ਜਿਸ ਦੇ ਕਾਰਨ ਉਹ ਰਾਹਤ ਸਮਗਰੀ ਤੇ ਪੀੜਤਾਂ ਦਾ ਓਨਾ ਭਾਰ ਨਹੀਂ ਵੰਡਾ ਸਕੇ ਜਿੰਨਾ ਜੈਕਟ ਬਿਨਾ ਵੰਡਾ ਰਹੇ ਸਨ ਤੇ ਵੰਡਾ ਸਕਦੇ ਸਨ।

ਕੇਂਦਰੀ ਸਰਕਾਰ ਦੇ ਸਿਵਲ ਏਵੀਏਸ਼ਨ ਵਿਭਾਗ ਨੇ ਪ੍ਰਾਈਵੇਟ ਹਵਾਈ ਕੰਪਨੀਆਂ ਲਈ ਹੜ੍ਹ ਪੀੜਤਾਂ ਤੋਂ ਸੀਮਿਤ ਕਿਰਾਇਆ ਲੈਣ ਅਤੇ ਨਿਯਮਾਂ ਨੂੰ ਛਿੱਕੇ ਉਤੇ ਟੰਗ ਕੇ ਵੱਧ ਤੋਂ ਵੱਧ ਉਡਾਣਾਂ ਭਰਨ ਦੇ ਹੁਕਮ ਜਾਰੀ ਕਰਕੇ ਭਾਰਤੀ ਏਅਰ ਫੋਰਸ ਦਾ ਰੱਜ ਕੇ ਭਾਰ ਵੰਡਾਇਆ।

ਜਿਵੇਂ ਹੁੰਦਾ ਹੀ ਹੈ ਕਰੋਪੀ ਤੋਂ ਲਾਹਾ ਲੈਣ ਵਾਲੇ ਵੀ ਘੱਟ ਨਹੀਂ ਸਨ। ਵਾਦੀ ਦੇ ਕੁਝ ਸਥਾਨਕ ਵਸਨੀਕਾਂ ਨੇ ਬਾਹਰੋਂ ਆ ਕੇ ਦੁਕਾਨਦਾਰੀ ਕਰਨ ਵਾਲਿਆਂ ਨਾਲ ਵਧੀਕੀ ਵੀ ਕੀਤੀ। ਉਨ੍ਹਾਂ ਦਾ ਮਾਲ ਅਸਬਾਬ ਹੀ ਨਹੀਂ ਲੁੱਟਿਆ ਉਨ੍ਹਾਂ ਤੱਕ ਰਾਹਤ ਸਮਗਰੀ ਪਹੁੰਚਣ ਦੇ ਰਾਹ ਵਿਚ ਵੀ ਰੋੜੇ ਅਟਕਾਏ। ਅਪਣੀ ਲੋੜ ਤੋਂ ਵਧ ਪ੍ਰਾਪਤ ਹੋਏ ਕੰਬਲ, ਵਸਤਰ ਤੇ ਖਾਧ ਖੁਰਾਕ ਦਾ ਸਮਾਨ ਪੀੜਤਾਂ ਨੂੰ ਪਹੁੰਚਾਣ ਦੀ ਥਾਂ ਹੜ੍ਹ ਦੇ ਪਾਣੀਆਂ ਵਿਚ ਸੁੱਟਣ ਦੇ ਕਿੱਸੇ ਵੀ ਸੁਣਨ ਵਿਚ ਆਏ ਹਨ। ਇਹੋ ਜਿਹੀਆਂ ਇੱਕੜ ਦੁੱਕੜ ਘਟਨਾਵਾਂ ਨੂੰ ਛੱਡ ਕੇ ਸਮੁੱਚੀ ਵਸੋਂ ਇੱਕ ਦੂਜੇ ਦਾ ਦੁਖ ਵੰਡਾ ਰਹੀ ਸੀ। ਸਥਾਨਕ ਵਸੋਂ ਨੂੰ ਏਨਾ ਲਾਭ ਤਾਂ ਹੈ ਸੀ ਕਿ ਉਹ ਖਤਰੇ ਦੀ ਘੜੀ ਵੀ ਆਪਣੇ ਘਰਾਂ ਦਾ ਕੀਮਤੀ ਸਮਾਨ ਲੈ ਕੇ ਉਚੀਆਂ ਥਾਂਵਾਂ 'ਤੇ ਰਹਿ ਰਹੇ ਆਪਣੇ ਰਿਸ਼ਤੇਦਾਰਾਂ ਤੇ ਸਾਥੀਆਂ ਦੇ ਘਰੀ ਜਾ ਵੜੇ ਸਨ ਜਿਹੜਾ ਬਾਹਰੋਂ ਆ ਕੇ ਦੁਕਾਨਦਾਰ ਵਸਨੀਕਾਂ ਨੂੰ ਨਹੀਂ ਸੀ। ਪਰ ਇਹ ਸੋਚ ਕੇ ਚੱਲਣਾ ਪਵੇਗਾ ਕਿ ਪੁਲਾਂ ਦੇ ਟੁੱਟਣ ਜਾਂ ਕਮਜ਼ੋਰ ਹੋਣ ਨਾਲ ਆਵਾਜਾਈ ਅੰਤਾਂ ਦੀ ਕਠਿਨ ਹੋ ਚੁੱਕੀ ਹੈ। ਕਈ ਘਰਾਂ 'ਚ ਰਾਹਤ ਸਮੱਗਰੀ ਤਾਂ ਪਹੁੰਚ ਰਹੀ ਹੈ ਪਰ ਇਸ ਨੂੰ ਸਾਂਭਣ ਲਈ ਛੱਤ ਨਹੀਂ। ਕੋਈ ਆਟੇ ਦਾਲ ਨੂੰ ਕੀ ਕਰੇਗਾ, ਜੇ ਉਹਦਾ ਚੁਲ੍ਹਾ ਚੌਂਕਾ ਤੇ ਤਵਾ ਪਰਾਂਤ ਹੀ ਹੜ੍ਹ ਚੁੱਕੇ ਹਨ।

ਸ਼ੁਕਰ ਹੈ ਕਿ ਜਾਨੀ ਨੁਕਸਾਨ ਓਨਾ ਨਹੀਂ ਹੋਇਆ ਜਿੰਨੇ ਦਾ ਡਰ ਸੀ। ਬੰਦਾ ਮਾਲੀ ਹਾਨੀ ਨਾਲ ਤਾਂ ਨਜਿਠਦਾ ਆਇਆ ਹੈ, ਏਥੇ ਵੀ ਪਿਛੇ ਨਹੀਂ ਰਹਿਣ ਲੱਗਿਆ। ਸਰਕਾਰ ਨੂੰ ਵੀ ਚਾਹੀਦਾ ਹੈ ਕਿ ਰਾਹਤ ਸਮੱਗਰੀ ਦੇਣ ਸਮੇਂ ਪਛਾਣ ਪੱਤਰ ਜਾਂ ਪਿਛੋਕੜ ਜਾਣਨ ਨਾਲੋਂ ਸਹਾਇਤਾ ਦੇਣ ਵਿਚ ਅੱਗੇ ਵਧੇ। ਸਿਹਤ ਸੁਵਿਧਾਵਾਂ ਦਾ ਜਾਲ ਵਿਛਾਉਣ ਲਈ ਸਾਰੇ ਵਸੀਲੇ ਜੁਟਾਉਣ। ਸਥਿਤੀ ਹਾਲੀ ਵੀ ਗੰਭੀਰ ਹੈ। ਕਰੋਪੀ ਹੀ ਇਸ ਤਰ੍ਹਾਂ ਦੀ ਸੀ।

ਜਮਨਾ ਦੇ ਕੰਢੇ ਸਥਾਈ ਬੰਧਾਂ ਦੀ ਮੁਰੰਮਤ ਕਰਦੇ ਸਮੇਂ ਜਾਂ ਵਾਦੀ ਦੇ ਹੋਟਲ ਤੇ ਕਮਾਈ ਕੇਂਦਰਾਂ ਦੀ ਮੁੜ ਉਸਾਰੀ ਕਰਦੇ ਸਮੇਂ ਇਹ ਵੀ ਧਿਆਨ ਰੱਖਣ ਦੀ ਲੋੜ ਹੈ ਕਿ ਜਲ ਨਿਕਾਸ ਦੇ ਸੋਮੇ ਉਕਾ ਹੀ ਬੰਦ ਨਾ ਹੋਣ।



ਡਾ. ਐਨ ਐਨ ਵਿੱਗ

**ਇਧਰਲੇ ਪੰਜਾਬੀ ਡਾਕਟਰ ਦੀ ਲਾਹੌਰ ਵਿਚ ਬੱਲੇ ਬੱਲੇ:** ਲਾਹੌਰ (ਪਾਕਿਸਤਾਨੀ) ਵਿਚ ਡਾ. ਐਨ ਐਨ ਵਿੱਗ ਦੇ ਨਾਂ ਉਤੇ ਸਥਾਪਤ ਹੋਈ ਐਕਿਊਪੇਸ਼ਨਲ ਥੈਰੇਪੀ ਵਿਵਸਾਇਕ ਸਿਖਿਆ ਇਕਾਈ ਨੂੰ ਇਸ ਹਫਤੇ ਦਸ ਸਾਲ ਹੋ ਗਏ ਹਨ। ਡਾ. ਐਨ ਐਨ ਵਿੱਗ ਨੇ ਸੰਸਾਰ ਸਿਹਤ ਸੰਸਥਾ ਵਿਚ ਨੌਕਰੀ ਕਰਦਿਆਂ ਦੱਖਣੀ ਏਸ਼ੀਆ ਤੇ ਲਾਤੀਨੀ ਅਮਰੀਕਾ ਦੇ ਵੱਡੇ ਸ਼ਹਿਰਾਂ ਵਿਚ 22 ਮਨੋਚਿਕਿਤਸਕ ਇਕਾਈਆਂ ਦਾ ਵਿਕਾਸ ਕੀਤਾ। ਪਰ ਉਸ ਨੂੰ ਉਹ ਮਾਨਤਾ ਨਹੀਂ ਮਿਲੀ ਜੋ ਲਾਹੌਰ ਵਿਚ ਮਿਲੀ ਹੈ। ਪਾਕਿਸਤਾਨੀ ਪੰਜਾਬ ਦੀ ਰਾਜਧਾਨੀ ਵਿਚ, ਜਿੱਥੇ ਇੱਕ ਚੌਂਕ ਦਾ ਨਾਂ ਸ਼ਹੀਦ ਭਗਤ ਸਿੰਘ ਦੀ ਯਾਦ ਵਿਚ ਰੱਖਣ ਤੋਂ ਪਹਿਲਾਂ ਵੀਹ ਵਾਰੀ ਸੋਚਿਆ ਜਾਂਦਾ ਹੈ, ਪ੍ਰੋਫੈਸਰ ਵਿੱਗ ਦੇ ਨਾਂ ਉਤੇ ਸਾਂਝੇ ਪੰਜਾਬ ਦੇ ਜੰਮਪਲ ਡਾਕਟਰ ਨੂੰ ਇਹ ਸਨਮਾਨ ਮਿਲਣਾ ਮਹੱਤਵ ਰੱਖਦਾ ਹੈ। ਭਾਵੇਂ ਡਾ. ਵਿੱਗ ਮਨੋਚਿਕਿਤਸਾ ਦੇ ਮਾਹਰ ਹੋਣ ਕਾਰਨ ਪੀਜੀਆਈ ਚੰਡੀਗੜ੍ਹ ਤੇ ਏਮਜ਼ ਨਵੀਂ ਦਿੱਲੀ ਵਿਚ ਇਸ ਵਿਭਾਗ ਦੇ ਪ੍ਰੋਫੈਸਰ ਤੇ ਮੁਖੀ ਰਹਿ ਚੁੱਕੇ ਹਨ ਪਰ ਗਵਾਂਢੀ ਦੇਸ਼ ਵਲੋਂ ਦਿੱਤਾ ਜਾ ਰਿਹਾ ਸਨਮਾਨ ਸਭ ਤੋਂ ਉਤੇ ਹੈ।

**ਅੰਤਿਕਾ:** (ਇਕਬਾਲ ਅਜ਼ੀਮ)
ਬਾਰਹਾ! ਇਕਬਾਲ!
ਅਜ਼ਮ ਜੁਸਤਜੂ ਕੇ ਸਾਮਨੇ
ਹਾਦਸਾਤੇ ਜ਼ਿੰਦਗੀ ਕੋ
ਸਰ ਝੁਕਾ ਲੇਨਾ ਪੜਾ।

# ਸ਼ੱਕੀ ਹੈ 'ਮੇਕ ਇਨ ਇੰਡੀਆ' ਦੇ ਸੁਫਨੇ ਦੀ ਪਰਵਾਜ਼

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਦੋਂ ਅਮਰੀਕਾ ਦੌਰੇ ਲਈ ਭਾਰਤ ਤੋਂ ਗਿਆ ਅਤੇ ਜਰਮਨੀ ਵਿਚ ਇੱਕ ਰਾਤ ਲਈ ਰੁਕਿਆ ਹੋਇਆ ਸੀ, ਉਦੋਂ ਅਮਰੀਕਾ ਤੋਂ ਇੱਕ ਹਿੰਦੀ ਮੀਡੀਆ ਚੈਨਲ ਨੇ ਸਾਡੇ ਕੋਲੋਂ ਇਹ ਪੁੱਛ ਲਿਆ ਕਿ ਭਾਰਤੀ ਜਨਤਾ ਪਾਰਟੀ ਦਾ ਆਗੂ ਨਰਿੰਦਰ ਮੋਦੀ ਹੁਣ ਪ੍ਰਧਾਨ ਮੰਤਰੀ ਵਜੋਂ ਅਮਰੀਕਾ ਦਾ ਦੌਰਾ ਕਰਨ ਆ ਰਿਹਾ ਹੈ ਤਾਂ ਤੁਹਾਨੂੰ ਕਿਸ ਤਰ੍ਹਾਂ ਲੱਗਦਾ ਹੈ? ਸਾਡਾ ਜਵਾਬ ਸੀ ਕਿ ਉਹ ਭਾਰਤੀ ਜਨਤਾ ਪਾਰਟੀ ਦੇ ਆਗੂ ਵਜੋਂ ਨਹੀਂ, ਭਾਰਤੀ ਜਨਤਾ ਦੇ ਚੁਣੇ ਹੋਏ ਪ੍ਰਧਾਨ ਮੰਤਰੀ ਵਜੋਂ ਜਾ ਰਿਹਾ ਹੈ, ਇਸ ਲਈ ਰਾਜਨੀਤੀ ਦੇ ਪੱਖ ਤੋਂ ਕਿਸੇ ਦੇ ਕੋਈ ਮੱਤਭੇਦ ਵੀ ਹੋਣ, ਅਸੀਂ ਸਭ ਲੋਕ ਉਸ ਦੇ ਇਸ ਦੌਰੇ ਦੀ ਕਾਮਯਾਬੀ ਦੀ ਕਾਮਨਾ ਕਰਾਂਗੇ।

ਇਹ ਪਹਿਲਾ ਪੱਖ ਹੈ, ਜਿਸ ਵਿਚ ਸਾਡਾ ਸਭ ਦਾ ਫਰਜ਼ ਹੈ ਕਿ ਇਸ ਦੇਸ਼ ਦੇ ਇੱਕ ਸੌ ਪੰਝੀ ਕਰੋੜ ਲੋਕਾਂ ਦੇ ਪ੍ਰਤੀਨਿਧ ਵਜੋਂ ਉਸ ਦੀ ਕਾਮਯਾਬੀ ਦੀ ਕਾਮਨਾ ਕਰੀਏ, ਪਰ ਇਸ ਫਰਜ਼ ਦੇ ਨਾਲ ਸਾਡਾ ਇੱਕ ਨਾਗਰਿਕ ਵਜੋਂ ਹੱਕ ਵੀ ਹੈ ਕਿ ਅਸੀਂ ਉਸ ਵੱਲੋਂ ਚੁੱਕੇ ਜਾ ਰਹੇ ਕਦਮਾਂ ਦੀ ਚੀਰ-ਪਾੜ ਵੀ ਕਰਦੇ ਰਹੀਏ। ਸਿਰਫ ਕਦਮਾਂ ਦੀ ਨਹੀਂ, ਉਸ ਵੱਲੋਂ ਕੀਤੇ ਜਾਂਦੇ, ਜਾਂ ਸ਼ਾਇਦ ਪੜ੍ਹੇ ਜਾਂਦੇ, ਭਾਸ਼ਣਾਂ ਦੇ ਉਨ੍ਹਾਂ ਨੁਕਤਿਆਂ ਬਾਰੇ ਵੀ ਵਿਚਾਰ ਕਰੀਏ, ਜਿਨ੍ਹਾਂ ਨਾਲ ਇਸ ਦੇਸ਼ ਦੇ ਇੱਕ ਸੌ ਪੰਝੀ ਕਰੋੜ ਲੋਕਾਂ ਦੀ ਹੋਣੀ ਉਤੇ ਅਸਰ ਪੈ ਸਕਦਾ ਹੈ। ਅਸੀਂ ਭਾਸ਼ਣਾਂ ਨਾਲ 'ਪੜ੍ਹੇ ਜਾਂਦੇ' ਸ਼ਬਦ ਜੋੜਨ ਤੋਂ ਆਮ ਕਰ ਕੇ ਸੰਕੋਚ ਕਰਦੇ ਰਹੇ ਹਾਂ, ਜਦ ਕਿ ਭਾਜਪਾ ਆਗੂ ਖੁੱਲ੍ਹ ਕੇ ਕਹਿੰਦੇ ਹਨ ਕਿ ਸਾਡੇ ਕੋਲ ਲੀਡਰ ਹਨ ਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੋਵੇਂ ਰੀਡਰ ਹਨ, ਭਾਵ ਕਿ ਦਿੱਤੇ ਹੋਏ ਭਾਸ਼ਣ ਪੜ੍ਹਦੇ ਹਨ। ਅਸਲੀਅਤ ਇਹ ਹੈ ਕਿ ਕਈ ਭਾਜਪਾ ਆਗੂ ਵੀ ਹੋਰ ਲੋਕਾਂ ਦੇ ਲਿਖੇ ਭਾਸ਼ਣ ਪੜ੍ਹਦੇ ਹਨ। ਲਾਲ ਕ੍ਰਿਸ਼ਨ ਅਡਵਾਨੀ ਨੇ ਜਦੋਂ ਪਾਕਿਸਤਾਨ ਜਾ ਕੇ ਮੁਹੰਮਦ ਅਲੀ ਜਿਨਾਹ ਦੀ ਸਿਫਤ ਕਰ ਦਿੱਤੀ ਤੇ ਫਸ ਗਿਆ ਤਾਂ ਭੇਦ ਖੁੱਲ੍ਹਾ ਸੀ ਕਿ ਉਸ ਦਾ ਭਾਸ਼ਣ ਇੱਕ ਕਾਰਿੰਦੇ ਨੇ ਲਿਖਿਆ ਸੀ। ਬਿਹਾਰ ਵਿਚ ਨਰਿੰਦਰ ਮੋਦੀ ਨੇ ਸਿਕੰਦਰ ਬਾਦਸ਼ਾਹ ਨੂੰ ਬਿਹਾਰ ਦੇ ਲੋਕਾਂ ਵੱਲੋਂ ਕੁੱਟ ਕੇ ਭਜਾ ਦੇਣ ਦੀ ਗੱਲ ਕਹੀ ਅਤੇ ਪੁੱਠੀ ਪੈ ਗਈ ਤਾਂ ਪਤਾ ਲੱਗਾ ਕਿ ਉਹ ਭਾਸ਼ਣ ਵੀ ਇੱਕ ਕਿਰਾਏ ਦੀ ਕਲਮ ਤੋਂ ਲਿਖਾਇਆ ਗਿਆ ਸੀ। ਇਸ ਵਾਰੀ ਜਦੋਂ ਨਰਿੰਦਰ ਮੋਦੀ ਜਰਮਨੀ ਵਿਚ ਰਾਤ ਰੁਕਿਆ ਸੀ, ਭਾਰਤ ਵਿਚ ਇੱਕ ਟੀ ਵੀ ਚੈਨਲ ਨੇ ਇੱਕ ਪ੍ਰੋਗਰਾਮ ਅਟਲ ਬਿਹਾਰੀ ਵਾਜਪਾਈ ਬਾਰੇ ਪੇਸ਼ ਕਰਦੇ ਹੋਏ ਦੱਸਿਆ ਕਿ ਯੂ ਐਨ ਓ ਵਿਚ ਪਹਿਲੀ ਵਾਰੀ ਹਿੰਦੀ ਵਿਚ ਭਾਸ਼ਣ ਨਰਿੰਦਰ ਮੋਦੀ ਨੇ ਨਹੀਂ ਕਰਨਾ, ਸੈਂਤੀ ਸਾਲ ਪਹਿਲਾਂ ਇਹ ਕੰਮ ਵਾਜਪਾਈ ਸਾਹਿਬ ਨੇ ਕਰ ਦਿੱਤਾ ਸੀ। ਉਦੋਂ ਦਾ ਹਿੰਦੀ ਭਾਸ਼ਣ ਹੁੰਦਾ ਬੜਾ ਸੋਹਣਾ ਸੁਣਾ ਕੇ ਉਸ ਟੀ ਵੀ ਚੈਨਲ ਨੇ ਸ੍ਰੀਨਾਰਾਇਣ ਨਾਂ ਦਾ ਇੱਕ ਬੰਦਾ ਪੇਸ਼ ਕਰ ਦਿੱਤਾ ਕਿ ਵਾਜਪਾਈ ਦਾ ਉਹ ਭਾਸ਼ਣ ਉਦੋਂ ਇਸ ਨੇ ਲਿਖਿਆ ਸੀ, ਅਤੇ ਸ੍ਰੀਨਾਰਾਇਣ ਦੀ ਹੈਰਾਨ ਕਰਨ ਵਾਲੀ ਉਹ ਸਾਰੀ ਜ਼ਬਾਨੀ ਕਹਾਣੀ ਵੀ ਪੇਸ਼ ਕਰਵਾ ਦਿੱਤੀ।

ਮੇਰੇ ਵਰਗੇ ਬਹੁਤ ਸਾਰੇ ਲੋਕ ਇਹ ਭਰਮ ਪਾਲਦੇ ਰਹੇ ਹਨ ਕਿ ਰਾਜਸੀ ਪੱਖੋਂ ਜੋ ਮਰਜ਼ੀ ਨੁਕਸ ਕੱਢੇ ਜਾਣ, ਘੱਟੋ-ਘੱਟ ਵਾਜਪਾਈ ਦੀ ਭਾਸ਼ਣ-ਸ਼ੈਲੀ ਦੀ ਕਮਾਲ ਵਿਚ ਨੁਕਸ ਕੱਢਣਾ ਮੁਸ਼ਕਲ ਸੀ, ਕਿਉਂਕਿ ਉਹ ਲਫਜ਼ ਬਹੁਤ ਚੁਣ ਕੇ ਵਰਤਦਾ ਸੀ। ਉਹ ਤਾਂ ਖੁਦ ਨੂੰ ਕਵੀ ਵਜੋਂ ਵੀ ਪੇਸ਼ ਕਰ ਕੇ ਖੁਸ਼ ਹੁੰਦਾ ਸੀ। ਹੁਣ ਪਤਾ ਲੱਗਾ ਹੈ ਕਿ ਅਟਲ ਬਿਹਾਰੀ ਵਾਜਪਾਈ ਵੀ ਕਦੇ-ਕਦੇ ਭਾਸ਼ਣ ਕਰਨ ਵਾਲਾ ਲੀਡਰ ਨਾ ਹੋ ਕੇ ਭਾਸ਼ਣ ਪੜ੍ਹਨ ਵਾਲਾ ਰੀਡਰ ਬਣ ਜਾਂਦਾ ਸੀ। ਜੇ ਉਸ ਬਾਰੇ ਇਹ ਗੱਲ ਅੱਜ ਸਾਹਮਣੇ ਆਈ ਹੈ ਤਾਂ ਜਿਹੜੇ ਭਾਸ਼ਣ ਸਾਡਾ ਅੱਜ ਦਾ ਆਗੂ ਕਰ ਰਿਹਾ ਹੈ, ਕੱਲ੍ਹ ਨੂੰ ਉਨ੍ਹਾਂ ਬਾਰੇ ਵੀ ਕੋਈ ਕਹਾਣੀ ਬਾਹਰ ਆ ਸਕਦੀ ਹੈ। ਇਹ ਅੰਦਾਜ਼ੇ ਲਾਉਣ ਦਾ ਵੀ ਸਾਨੂੰ ਹੱਕ ਹੈ।




*ਨਵੀਂ ਦਿੱਲੀ 'ਚ 'ਮੇਕ ਇਨ ਇੰਡੀਆ' ਪ੍ਰੋਗਰਾਮ ਦੌਰਾਨ ਨਰਿੰਦਰ ਮੋਦੀ*

ਹਰ ਗੱਲ ਨਾਲ ਮੁੜ-ਮੁੜ 'ਹੱਕ' ਸ਼ਬਦ ਵਰਤਣ ਲਈ ਵੀ ਸਾਨੂੰ ਇੱਕ ਪੁਰਾਣੀ ਗੱਲ ਯਾਦ ਕਰਨੀ ਪੈਂਦੀ ਹੈ। ਡਾ. ਮਨਮੋਹਨ ਸਿੰਘ ਦੀ ਸਰਕਾਰ ਨੇ ਆਪਣੀ ਹੋਂਦ ਦੇ ਅਖੀਰਲੇ ਦਿਨਾਂ ਵਿਚ ਆਪਣੇ ਕੀਤੇ ਕੰਮਾਂ ਦੀ ਮਸ਼ਹੂਰੀ ਕੀਤੀ ਤਾਂ ਟੀ ਵੀ ਉਤੇ ਹਰ ਇਸ਼ਤਿਹਾਰੀ ਫਿਲਮ ਦੇ ਬਾਅਦ ਇਹ ਕਿਹਾ ਜਾਂਦਾ ਸੀ: 'ਭਾਰਤ ਕੇ ਨਿਰਮਾਣ ਮੇਂ ਹੱਕ ਹੈ ਮੇਰਾ।' ਉਦੋਂ ਇੱਕ ਜਲਸੇ ਵਿਚ ਨਰਿੰਦਰ ਮੋਦੀ ਨੇ ਮਜ਼ਾਕ ਉਡਾਉਂਦੇ ਹੋਏ ਕਿਹਾ ਸੀ ਕਿ "ਸਰਕਾਰ ਕਹਿ ਰਹੀ ਹੈ ਕਿ 'ਭਾਰਤ ਕੇ ਨਿਰਮਾਣ ਮੇਂ ਹੱਕ ਹੈ ਮੇਰਾ', ਮੈਂ ਕਹਿਤਾ ਹੂੰ ਕਿ ਭਾਰਤ ਕੇ ਨਿਰਮਾਣ ਮੇਂ ਸ਼ੱਕ ਹੈ ਮੇਰਾ।" ਜਿਸ ਹੱਕ ਨੂੰ ਸ਼ੱਕ ਕਹਿਣ ਲਈ ਇੱਕ ਨਾਗਰਿਕ ਦੇ ਹੱਕ ਦੀ ਵਰਤੋਂ ਉਸ ਵੇਲੇ ਨਰਿੰਦਰ ਮੋਦੀ ਨੇ ਕੀਤੀ ਸੀ, ਅੱਜ ਜਦੋਂ ਉਹ ਦੇਸ਼ ਦਾ ਪ੍ਰਧਾਨ ਮੰਤਰੀ ਬਣ ਚੁੱਕਾ ਹੈ, ਉਸੇ ਹੱਕ ਨਾਲ ਸ਼ੱਕ ਕਰਨ ਦਾ ਹੱਕ ਹੋਰ ਲੋਕ ਵੀ ਵਰਤ ਸਕਦੇ ਹਨ ਤੇ ਇਸ ਲਈ ਵਰਤ ਸਕਦੇ ਹਨ ਕਿ ਉਸ ਦੀ ਸਰਕਾਰ ਦੇ ਕਦਮ ਵੀ ਭਰੋਸਾ ਬੰਨ੍ਹਾਉਣ ਵਾਲੇ ਬਹੁਤੇ ਨਹੀਂ।

ਇਸ ਦੀ ਇੱਕ ਮਿਸਾਲ ਇਹ ਹੈ ਕਿ ਵਾਰਾਣਸੀ ਤੋਂ ਚੋਣ ਲੜਨ ਵੇਲੇ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਨਾ ਮੈਂ ਆਇਆ ਹਾਂ, ਨਾ ਕਿਸੇ ਨੇ ਮੈਨੂੰ ਇਥੇ ਭਿਜਵਾਇਆ ਹੈ, ਮੈਨੂੰ ਤਾਂ ਗੰਗਾ ਮਈਆ ਨੇ ਬੁਲਾਇਆ ਹੈ। ਉਸ ਨੇ ਕਿਹਾ ਸੀ ਕਿ ਉਸ ਦਾ ਮਿਸ਼ਨ ਹੈ ਕਿ ਗੰਗਾ ਦੀ ਸਫਾਈ ਕਰ ਕੇ ਵਿਖਾਉਣੀ ਹੈ। ਸਰਕਾਰ ਬਣੀ ਤੋਂ ਕੰਮ ਬੜੀ ਤੇਜ਼ੀ ਨਾਲ ਸ਼ੁਰੂ ਹੋ ਗਿਆ। ਜਦੋਂ ਸੁਪਰੀਮ ਕੋਰਟ ਵਿਚ ਇਸ ਦੀ ਯੋਜਨਾ ਪੇਸ਼ ਕੀਤੀ ਤਾਂ ਅੜਿੱਕਾ ਪੈ ਗਿਆ। ਹੁਣ ਸਰਕਾਰ ਕਹਿੰਦੀ ਹੈ ਕਿ ਇਸ ਕੰਮ ਵਿਚ ਅਠਾਰਾਂ ਕੁ ਸਾਲ ਲੱਗ ਜਾਣਗੇ। ਜਿਹੜੀ ਯੋਜਨਾ ਵਿਖਾਈ ਗਈ ਹੈ, ਉਸ ਤੋਂ ਸੁਪਰੀਮ ਕੋਰਟ ਸੰਤੁਸ਼ਟ ਨਹੀਂ ਹੋ ਸਕੀ। ਹੁਣ ਸਰਕਾਰ ਅੱਕੀਂ-ਪਲਾਹੀਂ ਹੱਥ ਮਾਰੀ ਜਾ ਰਹੀ ਹੈ। ਕਈ ਹੋਰ ਮੁੱਦਿਆਂ ਬਾਰੇ ਵੀ ਕਈ ਕਿੰਤੂ ਕੀਤੇ ਜਾ ਸਕਦੇ ਹਨ। ਪ੍ਰਧਾਨ ਮੰਤਰੀ ਨੇ ਜਿਹੜਾ ਤਾਜ਼ਾ ਕਦਮ 'ਮੇਕ ਇਨ ਇੰਡੀਆ' ਵਾਲਾ ਚੁੱਕ ਕੇ ਦੁਨੀਆਂ ਭਰ ਦੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਹੈ, ਬਹੁਤ ਸਾਰੇ ਕਿੰਤੂ ਉਸ ਬਾਰੇ ਵੀ ਕੀਤੇ ਜਾਣ ਲੱਗ ਪਏ ਹਨ।

ਕੌਣ ਭਾਰਤੀ ਨਾਗਰਿਕ ਹੋਵੇਗਾ, ਜਿਸ ਨੂੰ ਇਸ ਗੱਲੋਂ ਖੁਸ਼ੀ ਨਾ ਹੋਵੇਗੀ ਕਿ 'ਮੇਕ ਇਨ ਇੰਡੀਆ' ਦੇ ਨਾਅਰੇ ਉਤੇ ਜਦੋਂ ਅਮਲ ਵਿਚ ਹੋਵੇਗਾ ਤਾਂ ਇਥੇ ਰੋਜ਼ਗਾਰ ਵਧੇਗਾ ਤੇ ਖੁਸ਼ਹਾਲੀ ਆਵੇਗੀ? ਸੁਫਨਾ ਬੜਾ ਵਧੀਆ ਹੈ, ਪਰ ਸੁਫਨੇ ਦਾ ਮੁੱਢ ਵਧੀਆ ਨਹੀਂ ਬੰਨ੍ਹਿਆ ਜਾ ਸਕਿਆ। ਇਹ ਮੁੱਢ ਬੰਨ੍ਹਣ ਲਈ ਪ੍ਰਧਾਨ ਮੰਤਰੀ ਨੇ ਭਾਰਤ ਦੇ ਹਰ ਵੱਡੇ ਸਨਅਤਕਾਰ ਤੇ ਯੋਜਨਾਕਾਰ ਨੂੰ ਵਿਗਿਆਨ ਭਵਨ ਵਿਚ ਆਉਣ ਦਾ ਸੱਦਾ ਦਿੱਤਾ ਤੇ ਉਹ ਲੋਕ ਆ ਕੇ ਇਸ ਯੋਜਨਾ ਦੀਆਂ ਸਿਫਤਾਂ ਕਰਨ ਲੱਗ ਪਏ। ਸਿਫਤਾਂ ਉਹ ਕਰਨਗੇ ਹੀ, ਕਿਉਂਕਿ ਉਨ੍ਹਾਂ ਨੂੰ ਨਵੇਂ ਪ੍ਰਾਜੈਕਟਾਂ ਲਈ ਅਗਲੇ ਦਿਨੀਂ ਜ਼ਮੀਨਾਂ ਅਕੁਆਇਰ ਕਰਨ ਵਿਚ ਵੀ ਸਰਕਾਰ ਮਦਦ ਕਰੇਗੀ, ਨਿਯਮਾਂ-ਕਾਨੂੰਨਾਂ ਦੇ ਪੱਖ ਤੋਂ ਛੋਟਾਂ ਦੇਣ ਦੇ ਮਾਮਲੇ ਵਿਚ ਵੀ ਸਰਕਾਰ ਖੁੱਲ੍ਹ-ਦਿਲੀ ਦਿਖਾਵੇਗੀ, ਪਰ ਉਹ ਲੋਕ ਖੁਦ ਕਿੰਨੇ ਭਰੋਸੇ ਦੇ ਰਿਕਾਰਡ ਵਾਲੇ ਹਨ, ਇਹ ਵੇਖਣ ਦੀ ਲੋੜ ਕਿਸੇ ਨੇ ਨਹੀਂ ਸਮਝੀ, ਜਾਂ ਸਮਝ ਕੇ ਅਣਗੌਲੀ ਕਰ ਦਿੱਤੀ ਹੈ। ਸਤਾਰਾਂ ਸਾਲ ਪਹਿਲਾਂ ਤੀਸਰੀ ਵਾਰ ਪੰਜਾਬ ਦਾ ਮੁੱਖ ਮੰਤਰੀ ਬਣੇ ਪ੍ਰਕਾਸ਼ ਸਿੰਘ ਬਾਦਲ ਨੇ ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ ਦੇਣ ਦਾ ਵਾਅਦਾ ਕੀਤਾ ਅਤੇ ਵਿਕਾਸ ਦਾ ਇੱਕ ਚੈਕ ਪਹਿਲੇ ਦਿਨ ਹੀ ਉਸ ਸਰਪੰਚ ਨੂੰ ਦੇ ਦਿੱਤਾ ਸੀ, ਜਿਸ ਦੇ ਵਿਰੁਧ ਗਰਾਂਟ ਦੇ ਗਬਨ ਦਾ ਕੇਸ ਚੱਲ ਰਿਹਾ ਸੀ। 'ਮੇਕ ਇਨ ਇੰਡੀਆ' ਦੀ ਮੁਹਿੰਮ ਵਿੱਢਣ ਲਈ ਜਿਹੜੇ ਸਰਮਾਏਦਾਰ ਪੰਝੀ ਸਤੰਬਰ ਦੇ ਦਿਨ ਦਿੱਲੀ ਦੇ ਵਿਗਿਆਨ ਭਵਨ ਵਿਚ ਸੱਦੇ ਗਏ ਸਨ, ਉਨ੍ਹਾਂ ਦਾ ਰਿਕਾਰਡ ਵੀ ਉਸ ਸਰਪੰਚ ਵਾਲਾ ਹੀ ਹੈ।

ਜਿਸ ਦਿਨ 'ਮੇਕ ਇਨ ਇੰਡੀਆ' ਦਾ ਮੁੱਢ ਬੰਨ੍ਹਿਆ ਗਿਆ, ਉਸ ਦੇ ਇੱਕ ਦਿਨ ਪਹਿਲਾਂ ਦੇਸ਼ ਦੀ ਸੁਪਰੀਮ ਕੋਰਟ ਨੇ ਪਿਛਲੇ ਇੱਕੀ ਸਾਲਾਂ ਵਿਚ ਹੋਈਆਂ ਕੋਲੇ ਦੇ ਬਲਾਕਾਂ ਦੀਆਂ ਸਾਰੀਆਂ ਅਲਾਟਮੈਂਟਾਂ ਰੱਦ ਕਰ ਦਿੱਤੀਆਂ ਸਨ ਅਤੇ ਇਹ ਇੱਕ ਸਿੱਧਾ ਠੱਪਾ ਸੀ ਕਿ ਸਾਰਾ ਕੰਮ 'ਚੋਰਾਂ ਦੇ ਕੱਪੜੇ ਤੇ ਡਾਂਗਾਂ ਦੇ ਗਜ਼' ਮੁਤਾਬਕ ਹੋਇਆ ਸੀ। ਕੋਲੇ ਦੇ ਬਲਾਕਾਂ ਦੀਆਂ ਉਹ ਅਲਾਟਮੈਂਟਾਂ ਭਾਰਤ ਦੇ ਆਮ ਨਾਗਰਿਕਾਂ ਨੂੰ ਨਹੀਂ ਸਨ ਹੋਈਆਂ, ਬਹੁਤ ਵੱਡੇ ਸਰਮਾਏਦਾਰਾਂ ਨੂੰ ਕੀਤੀਆਂ ਗਈਆਂ ਸਨ। ਜਿਹੜੇ ਸਰਮਾਏਦਾਰਾਂ ਦੀਆਂ ਅਲਾਟਮੈਂਟਾਂ ਰੱਦ ਕਰ ਕੇ ਸੁਪਰੀਮ ਕੋਰਟ ਨੇ ਉਨ੍ਹਾਂ ਨੂੰ ਦਾਗੀ ਸਾਬਤ ਕਰ ਦਿੱਤਾ ਸੀ, ਉਨ੍ਹਾਂ ਵਿਚੋਂ ਬੱਤੀ ਸੇਠ ਉਸ ਦਿਨ ਪ੍ਰਧਾਨ ਮੰਤਰੀ ਦੇ 'ਮੇਕ ਇਨ ਇੰਡੀਆ' ਵਾਲੇ ਪ੍ਰੋਗਰਾਮ ਵਿਚ ਸੱਦੇ ਹੋਏ ਸਨ। ਕੋਲੇ ਵਰਗਾ ਇੱਕ ਸਕੈਂਡਲ ਟੈਲੀਕਾਮ ਦੇ ਟੂ ਜੀ ਸਪੈਕਟਰਮ ਦਾ ਸੀ। 'ਮੇਕ ਇਨ ਇੰਡੀਆ' ਪ੍ਰੋਗਰਾਮ ਲਈ ਸੱਦੇ ਗਏ ਲੋਕਾਂ ਵਿਚ ਨੌਂ ਜਣੇ ਉਹ ਸਨ, ਜਿਨ੍ਹਾਂ ਦਾ ਸਬੰਧ ਉਸ ਸਕੈਂਡਲ ਨਾਲ ਜੁੜਦਾ ਸੀ। ਘੱਟੋ-ਘੱਟ ਪੰਜ ਜਣੇ ਉਹ ਸਨ, ਜਿਨ੍ਹਾਂ ਉਤੇ ਸੁਪਰੀਮ ਕੋਰਟ ਵਿਚ ਇਹ ਦੋਸ਼ ਬੀਤੇ ਹਫਤੇ ਲੱਗ ਗਿਆ ਸੀ ਕਿ ਉਹ ਟੂ ਜੀ ਸਪੈਕਟਰਮ ਦੇ ਕੇਸ ਵਿਚੋਂ ਆਪਣੀ ਸੰਘੀ ਛੁਡਾਉਣ ਲਈ ਭਾਰਤ ਦੀ ਸਭ ਤੋਂ ਵੱਡੀ ਜਾਂਚ ਏਜੰਸੀ ਸੀ ਬੀ ਆਈ ਦੇ ਡਾਇਰੈਕਟਰ ਨੂੰ ਚੋਰੀ-ਛੁਪੇ ਉਸ ਦੇ ਘਰ ਜਾ ਕੇ ਮਿਲਦੇ ਰਹੇ ਸਨ। ਇਹ ਲੋਕ 'ਮੇਕ ਇਨ ਇੰਡੀਆ' ਦਾ ਹਿੱਸਾ ਬਣ ਗਏ ਹਨ ਤਾਂ ਇਸ ਯੋਜਨਾ ਦੀ ਕਾਮਯਾਬੀ ਉਤੇ ਸ਼ੱਕ ਕਰਨ ਦਾ ਹੱਕ ਹੈ ਭਾਰਤ ਦੇ ਨਾਗਰਿਕਾਂ ਦਾ।

ਸਾਨੂੰ ਇੱਕ ਹੋਰ ਗੱਲ ਇਸ ਪ੍ਰੋਗਰਾਮ ਤੋਂ ਬਾਅਦ ਪਤਾ ਲੱਗੀ ਤੇ ਉਹ ਇਸ ਤੋਂ ਵੀ ਵੱਧ ਹੈਰਾਨ ਕਰਨ ਵਾਲੀ ਹੋ ਸਕਦੀ ਹੈ। ਪਿਛਲੀ ਸਰਕਾਰ ਵੇਲੇ ਇੱਕ ਹੈਲੀਕਾਪਟਰ ਸੌਦੇ ਦਾ ਰੌਲਾ ਪਿਆ ਸੀ। ਉਸ ਸੌਦੇ ਵਿਚੋਂ ਮਾਲ ਛਕਣ ਵਾਲਿਆਂ ਵਿਚ ਕਾਂਗਰਸ ਦੇ ਬੰਦਿਆਂ ਦਾ ਵੱਧ ਨਾਂ ਆਉਂਦਾ ਸੀ, ਮਾਮਲਾ ਇਟਲੀ ਨਾਲ ਜੁੜਦਾ ਹੋਣ ਕਰ ਕੇ ਖੁਦ ਸੋਨੀਆ ਗਾਂਧੀ ਬਾਰੇ ਵੀ ਇਸ਼ਾਰੇ ਕੀਤੇ ਗਏ ਸਨ। ਜਿਸ ਅੰਤਰ-ਰਾਸ਼ਟਰੀ ਕੰਪਨੀ ਨੇ ਇਹ ਘਾਲਾ-ਮਾਲਾ ਕੀਤਾ ਸੀ, ਤੇ ਬਾਅਦ ਵਿਚ ਇਹ ਸੌਦਾ ਇਸ ਭ੍ਰਿਸ਼ਟਾਚਾਰ ਦੇ ਦੋਸ਼ ਕਾਰਨ ਰੱਦ ਕਰਨਾ ਪੈ ਗਿਆ ਸੀ, ਉਸ ਵਿਦੇਸ਼ੀ ਕੰਪਨੀ ਦਾ ਨਾਂ ਫਿਨਮਕੈਨਿਕਾ ਹੈ। ਭਾਰਤ ਸਰਕਾਰ ਦੇ ਨਵੇਂ ਪ੍ਰੋਗਰਾਮ 'ਮੇਕ ਇਨ ਇੰਡੀਆ' ਲਈ ਵਿਦੇਸ਼ ਦੇ ਜਿਨ੍ਹਾਂ ਲੋਕਾਂ ਨੂੰ ਸੱਦੇ ਦਿੱਤੇ ਗਏ ਹਨ, ਉਨ੍ਹਾਂ ਵਿਚ ਇਹ ਬੱਦੂ ਕੀਤੀ ਹੋਈ ਕੰਪਨੀ ਫਿਨਮਕੈਨਿਕਾ ਵੀ ਹੈ। ਉਸ ਕੰਪਨੀ ਨੂੰ ਸੱਦਣ ਦੇ ਬਾਅਦ ਇਸ ਪ੍ਰੋਗਰਾਮ ਦੇ ਬਾਰੇ ਸ਼ੱਕ ਕਰਨ ਦਾ ਹੱਕ ਭਾਰਤ ਦੇ ਕਿਸੇ ਵੀ ਨਾਗਰਿਕ ਨੂੰ ਹੋ ਸਕਦਾ ਹੈ।

ਅਸੀਂ ਭਾਰਤ ਦੇ ਪ੍ਰਧਾਨ ਮੰਤਰੀ, ਲੋਕਾਂ ਵੱਲੋਂ ਚੁਣੇ ਹੋਏ ਪ੍ਰਧਾਨ ਮੰਤਰੀ, ਦੀ ਨੀਤ ਉਤੇ ਸ਼ੱਕ ਨਹੀਂ ਕਰਦੇ ਤੇ ਹੁਣ ਜਦੋਂ ਵੋਡਾਫੋਨ ਵਰਗੀ ਵਿਦੇਸ਼ੀ ਕੰਪਨੀ ਦਾ ਮੁਖੀ ਵੀ ਕਹਿੰਦਾ ਹੈ ਕਿ ਸਰਕਾਰ ਦੀ ਨੀਤ ਚੰਗੀ ਹੈ ਤਾਂ ਨੀਤ ਉਤੇ ਸ਼ੱਕ ਕਰਨ ਦਾ ਸਾਡੇ ਵਰਗੇ ਲੋਕਾਂ ਦਾ ਸ਼ਾਇਦ ਹੱਕ ਵੀ ਨਾ ਮੰਨਿਆ ਜਾਵੇ, ਪਰ ਕੁਝ ਗੱਲਾਂ ਸੋਚਣ ਵਾਲੀਆਂ ਹਨ। ਪਹਿਲੀ ਗੱਲ ਇਹ ਕਿ ਗੱਲ ਆਗੂ ਦੀ ਨਹੀਂ, ਭ੍ਰਿਸ਼ਟ ਹੋ ਚੁੱਕੇ ਪ੍ਰਬੰਧ ਦੀ ਹੈ, ਜਿਸ ਵਿਚ ਹਰ ਪਾਰਟੀ ਭ੍ਰਿਸ਼ਟਾਚਾਰ ਦੇ ਖਿਲਾਫ ਬੋਲਦੀ ਹੈ ਤੇ ਹਰ ਪਾਰਟੀ ਭ੍ਰਿਸ਼ਟ ਲੋਕਾਂ ਨੂੰ ਨਾਲ ਲਾਈ ਫਿਰਦੀ ਹੈ। ਦੋ ਮਹੀਨੇ ਪਹਿਲਾਂ ਪੰਜਾਬ ਸਰਕਾਰ ਦੀ ਇਕ ਕਾਰਪੋਰੇਸ਼ਨ ਬਾਰੇ ਖਬਰ ਆਈ ਸੀ ਕਿ ਉਸ ਨੇ ਇੱਕ ਏਦਾਂ ਦੀ ਕੰਪਨੀ ਤੋਂ ਤਿੰਨ-ਚਾਰ ਕਰੋੜ ਰੁਪਏ ਦਾ ਦੁੱਧ ਖਰੀਦ ਲਿਆ, ਜਿਸ ਦੇ ਕੋਲ ਨਾ ਪਸ਼ੂਆਂ ਦੀ ਡੇਅਰੀ ਹੈ, ਨਾ ਉਸ ਨੇ ਕਿਤੋਂ ਕੋਈ ਦੁੱਧ ਖਰੀਦਿਆ ਹੈ, ਨਾ ਉਸ ਕੋਲ ਦੁੱਧ ਢੋਣ ਵਾਲੇ ਟਰੱਕ ਹਨ, ਪਰ ਦੁੱਧ ਵੇਚਣ ਦਾ ਖਾਤਾ ਉਸ ਦਾ ਮਾਲਾ-ਮਾਲ ਹੈ। ਉਸ ਤੋਂ ਪਹਿਲਾਂ ਸਾਡੇ ਨਾਲ ਦੇ ਰਾਜ ਹਿਮਾਚਲ ਪ੍ਰਦੇਸ਼ ਦੇ ਇੱਕ ਮੁੱਖ ਮੰਤਰੀ ਬਾਰੇ ਖਬਰ ਆਈ ਸੀ ਕਿ ਉਸ ਨੇ ਕਰੋੜਾਂ ਰੁਪਏ ਦੇ ਸੇਬ ਦੂਸਰੇ ਰਾਜਾਂ ਨੂੰ ਸਪਲਾਈ ਕਰ ਦਿੱਤੇ, ਪਰ ਗੱਡੀਆਂ ਦੇ ਜਿਹੜੇ ਨੰਬਰ ਲਿਖੇ ਗਏ, ਉਹ ਸਕੂਟਰਾਂ ਜਾਂ ਕਾਰਾਂ ਨੂੰ ਮਿਲੇ ਹੋਏ ਹਨ। ਭਾਰਤ ਦਾ ਕੋਈ ਰਾਜ ਤੇ ਕੋਈ ਹੈਸੀਅਤ ਰੱਖਦੀ ਪਾਰਟੀ ਇਸ ਤਰ੍ਹਾਂ ਦੇ ਦਾਗਾਂ ਤੋਂ ਬਚੀ ਹੋਈ ਨਹੀਂ। ਭਾਰਤ ਦੇਸ਼ ਉਹ ਹੈ, ਜਿਥੇ 'ਅਪਨੇ ਦੇਸ਼ ਮੇਂ ਕਪੜਾ ਬਨਤਾ, ਮੋਹਰ ਲੱਗੀ ਜਾਪਾਨ ਕੀ, ਜੈ ਬੋਲੋ ਬੇਈਮਾਨ ਕੀ' ਦਾ ਗਾਣਾ ਬੀਤੇ ਚਾਲੀ ਸਾਲਾਂ ਤੋਂ ਚੱਲ ਰਿਹਾ ਹੈ। ਨਰਿੰਦਰ ਮੋਦੀ ਇਸ ਵੇਲੇ ਕਿਸੇ ਚੋਣ ਮੁਹਿੰਮ ਲਈ ਲੱਗਾ ਹੋਇਆ ਭਾਰਤੀ ਜਨਤਾ ਪਾਰਟੀ ਦਾ ਆਗੂ ਨਹੀਂ, ਦੇਸ਼ ਦਾ ਪ੍ਰਧਾਨ ਮੰਤਰੀ ਹੈ ਤੇ ਉਸ ਦੀ ਇਸ ਮੁਹਿੰਮ ਦੀ ਕਾਮਯਾਬੀ ਦੀ ਕਾਮਨਾ ਕਰਨ ਨੂੰ ਅਸੀਂ ਵੀ ਤਿਆਰ ਹਾਂ, ਪਰ ਜਿਹੜੇ ਲੋਕਾਂ ਨੂੰ ਨਾਲ ਲੈ ਕੇ 'ਮੇਕ ਇਨ ਇੰਡੀਆ' ਦਾ ਮੁੱਢ ਬੰਨ੍ਹਿਆ ਗਿਆ ਹੈ, ਉਨ੍ਹਾਂ ਵੱਲ ਵੇਖ ਕੇ ਇਸ ਮੁਹਿੰਮ ਬਾਰੇ ਸ਼ੱਕ ਕਰਨ ਦਾ ਕੁਝ ਨਾ ਕੁਝ ਹੱਕ ਤਾਂ ਹੋਵੇਗਾ ਹੀ ਭਾਰਤ ਦੇ ਲੋਕਾਂ ਨੂੰ।



ਪੰਜਾਬ ਟਾਈਮਜ਼ ਦਾ ਨਾਂ ਲਓ
ਅਤੇ 50 ਮਿੰਟ ਮੁਫਤ ਲਓ

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

*24/7 Customer Service Available*

*Same rate for lanline and mobile.*

ਟੋਲ ਫਰੀ ਨੰਬਰ 1-888-652-6268
732-983-4332/4333

# ਫੋਰਬਜ਼ ਸੂਚੀ 'ਚ ਭਾਰਤੀ ਧਨਾਢਾਂ ਦੀ ਬੱਲੇ-ਬੱਲੇ

**ਸਿੰਗਾਪੁਰ:** ਭਾਰਤ ਦੇ 100 ਸਭ ਤੋਂ ਧਨਾਢ ਕਾਰੋਬਾਰੀਆਂ ਦੀ ਦੌਲਤ ਪਹਿਲੀ ਵਾਰ ਅਰਬਾਂ ਵਿਚ ਪੁੱਜ ਗਈ ਹੈ ਤੇ ਮੁਕੇਸ਼ ਅੰਬਾਨੀ ਲਗਾਤਾਰ ਅੱਠਵੇਂ ਸਾਲ ਭਾਰਤ ਦੇ ਧਨਾਢਾਂ ਦੀ ਸੂਚੀ ਵਿਚ ਸਭ ਤੋਂ ਅੱਗੇ ਚਲ ਰਿਹਾ ਹੈ। ਇਹ ਸੂਚੀ ਅਮਰੀਕਾ ਦੇ ਫੋਰਬਜ਼ ਮੈਗਜ਼ੀਨ ਨੇ ਤਿਆਰ ਕੀਤੀ ਹੈ ਜੋ ਹਰ ਸਾਲ ਇਹੋ ਜਿਹੀਆਂ ਸੂਚੀਆਂ ਛਾਪਦਾ ਰਹਿੰਦਾ ਹੈ। ਰਿਲਾਇੰਸ ਇੰਡਸਟਰੀਜ਼ ਲਿਮਟਿਡ ਦੇ ਮਾਲਕ ਦੀ ਕੁੱਲ ਦੌਲਤ 23.6 ਅਰਬ ਡਾਲਰ ਹੋ ਗਈ ਹੈ ਜੋ ਪਿਛਲੇ ਸਾਲ ਦੇ ਮੁਕਾਬਲੇ 2.6 ਅਰਬ ਡਾਲਰ ਜ਼ਿਆਦਾ ਹੈ।


ਅੰਬਾਨੀ ਤੋਂ ਬਾਅਦ ਦਿਲੀਪ ਸੰਘਵੀ ਦਾ ਨਾਂ ਆਉਂਦਾ ਹੈ ਜਿਸ ਦੀ ਦੌਲਤ ਵਿਚ ਇਕ ਸਾਲ ਦੌਰਾਨ 4.1 ਅਰਬ ਡਾਲਰ ਵਾਧਾ ਹੋਇਆ ਹੈ। ਉਸ ਨੇ ਸਟੀਲ ਦੇ ਕਾਰੋਬਾਰੀ ਲਕਸ਼ਮੀ ਮਿੱਤਲ (ਜਿਸ ਕੋਲ 15.8 ਅਰਬ ਡਾਲਰ ਦੀ ਦੌਲਤ ਹੈ) ਨੂੰ ਪਛਾੜ ਕੇ ਇਹ ਮੁਕਾਮ ਹਾਸਲ ਕੀਤਾ ਹੈ। ਮਿੱਤਲ ਐਤਕੀਂ ਇਸ ਸੂਚੀ ਵਿਚ ਪੰਜਵੇਂ ਸਥਾਨ 'ਤੇ ਹੈ। ਵਿਪਰੋ ਦੇ ਅਜ਼ੀਮ ਪ੍ਰੇਮਜੀ ਦੀ ਦੌਲਤ ਇਕ ਸਾਲ ਵਿਚ 13.8 ਅਰਬ ਡਾਲਰ ਤੋਂ ਵਧ ਕੇ 16.4 ਅਰਬ ਡਾਲਰ ਹੋ ਗਈ ਹੈ ਤੇ ਉਹ ਇਕ ਪੌੜੀ ਚੜ੍ਹ ਕੇ ਤੀਜੇ ਸਥਾਨ 'ਤੇ ਆ ਗਿਆ ਹੈ।

ਨਿਰਮਾਣ ਕੰਪਨੀ ਸ਼ਾਪੂਰਜੀ ਪਾਲੋਂਜੀ ਗਰੁੱਪ ਦਾ ਮਾਲਕ ਤੇ ਅੱਜ-ਕੱਲ੍ਹ ਟਾਟਾ ਸੰਨਜ਼ ਦੀ ਵਾਗਡੋਰ ਸੰਭਾਲ ਰਿਹਾ ਪਰਲੋਂਜੀ ਮਿਸਤਰੀ 15.9 ਅਰਬ ਡਾਲਰ ਦੀ ਕਮਾਈ ਨਾਲ ਚੌਥੇ ਸਥਾਨ 'ਤੇ ਹੈ।

ਫੋਰਬਜ਼ ਨੇ ਕਿਹਾ ਕਿ ਭਾਰਤ ਦੇ 100 ਸਭ ਤੋਂ ਧਨਾਢ ਕਾਰੋਬਾਰੀਆਂ ਦੇ 'ਅੱਛੇ ਦਿਨ' ਆ ਚੁੱਕੇ ਹਨ ਕਿਉਂਕਿ ਸਾਰਿਆਂ ਦੀ ਨਿੱਜੀ ਕਮਾਈ ਅਰਬਾਂ ਵਿਚ ਪੁੱਜ ਗਈ ਹੈ ਤੇ ਇਨ੍ਹਾਂ ਦੀ ਕੁੱਲ ਸੰਪਦਾ 346 ਅਰਬ ਡਾਲਰ ਹੋ ਗਈ ਜੋ 2013 ਵਿਚ 259 ਅਰਬ ਡਾਲਰ ਸੀ। ਲੰਘੀ ਮਈ ਵਿਚ ਭਾਰਤੀ ਜਨਤਾ ਪਾਰਟੀ ਦੀ ਸ਼ਾਨਦਾਰ ਜਿੱਤ ਕਰਕੇ ਸ਼ੇਅਰ ਬਾਜ਼ਾਰ ਵਿਚ ਜ਼ਬਰਦਸਤ ਉਛਾਲ ਆਇਆ ਹੈ ਤੇ ਜਨਵਰੀ ਤੋਂ ਲੈ ਕੇ ਹੁਣ ਤੱਕ ਇਸ ਵਿਚ 28 ਫੀਸਦੀ ਵਾਧਾ ਦਰਜ ਕੀਤਾ ਗਿਆ ਹੈ। ਇਸ ਦਾ ਸਭ ਤੋਂ ਵੱਧ ਲਾਹਾ ਬੰਦਰਗਾਹਾਂ ਦੇ ਕਾਰੋਬਾਰੀ ਗੌਤਮ ਅਡਾਨੀ ਨੂੰ ਮਿਲਿਆ ਜੋ 11 ਨੁਕਤੇ ਉਛਲ ਕੇ ਸੂਚੀ ਵਿਚ 11ਵੇਂ ਮੁਕਾਮ 'ਤੇ ਆ ਗਿਆ ਹੈ। ਉਸ ਦੀ ਨਿੱਜੀ ਕਮਾਈ 4.5 ਅਰਬ ਡਾਲਰ ਵਧ ਕੇ 7.1 ਅਰਬ ਡਾਲਰ ਹੋ ਗਈ ਹੈ।

ਪਿਛਲੇ ਸਾਲ ਦੇ 100 ਸਭ ਤੋਂ ਧਨਾਢਾਂ ਵਿਚ ਸ਼ਾਮਲ 89 ਵਿਚੋਂ 85 ਕਾਰੋਬਾਰੀਆਂ ਨੇ ਮੁੜ ਇਸ ਸੂਚੀ ਵਿਚ ਨਾਂ ਦਰਜ ਕਰਾਏ ਹਨ ਤੇ ਬਹੁਤ ਸਾਰੇ ਕਾਰੋਬਾਰੀਆਂ ਦੇ ਨਾਂ ਪਹਿਲੀ ਵਾਰ ਸ਼ਾਮਲ ਹੋਏ ਹਨ। ਇਨ੍ਹਾਂ ਵਿਚ ਕੀਮਤ ਰਾਏ ਗੁਪਤਾ (1.95 ਅਰਬ ਡਾਲਰ) 48ਵੇਂ, ਹੈਵਲਜ਼ ਦਾ ਚੇਅਰਮੈਨ ਵੀ.ਜੀ. ਸਿਧਾਰਥ (1.2 ਅਰਬ ਡਾਲਰ) 75ਵੇਂ, ਕੈਫੇ ਕੌਫੀ ਡੇਅ ਚੇਨ ਦਾ ਬਾਨੀ ਹਰਸ਼ ਗੋਇਨਕਾ (1.18 ਅਰਬ ਡਾਲਰ) 82ਵੇਂ ਤੇ ਸੰਜੀਵ ਗੋਇਨਕਾ (1.4 ਅਰਬ ਡਾਲਰ) 69ਵੇਂ ਸਥਾਨ 'ਤੇ ਹੈ।

## ਸੌ ਕਾਰੋਬਾਰੀਆਂ ਦੀ ਦੌਲਤ ਅਰਬਾਂ ਵਿਚ ਪੁੱਜੀ





### ਭਾਜਪਾ ਦੀ ਜਿੱਤ ਨੇ ਜਗਾਏ ਅਡਾਨੀ ਦੇ ਭਾਗ



ਫੋਰਬਜ਼ ਨੇ ਲਿਖਿਆ ਹੈ ਕਿ ਗੌਤਮ ਅਡਾਨੀ ਦੀਆਂ ਕੰਪਨੀਆਂ ਦੇ ਸ਼ੇਅਰ ਭਾਜਪਾ ਦੀ ਜਿੱਤ ਦੇ ਆਸਾਰ ਦੇ ਮੱਦੇਨਜ਼ਰ ਚੋਣਾਂ ਤੋਂ ਪਹਿਲਾਂ ਹੀ ਚੜ੍ਹਨ ਲੱਗ ਪਏ ਸਨ। ਇਸ ਨਾਲ ਉਸ ਦੀ ਨਿੱਜੀ ਦੌਲਤ ਵਿਚ 4.5 ਅਰਬ ਡਾਲਰ ਦਾ ਵਾਧਾ ਹੋਇਆ ਜੋ ਕਿਸੇ ਵੀ ਹੋਰ ਕਾਰੋਬਾਰੀ ਨੂੰ ਮਿਲੇ ਉਛਾਲ ਨਾਲੋਂ ਕਿਤੇ ਜ਼ਿਆਦਾ ਵੱਧ ਹੈ।

10 ਚੋਟੀ ਦੇ ਧਨਾਢਾਂ ਵਿਚ ਪਰਵਾਸੀ ਭਾਰਤੀ ਕਾਰੋਬਾਰੀ ਹਿੰਦੂਜਾ ਭਰਾ 13.3 ਅਰਬ ਡਾਲਰ ਦੀ ਦੌਲਤ ਨਾਲ ਛੇਵੇਂ ਸਥਾਨ, ਸ਼ਿਵ ਨਦਰ (12.5 ਅਰਬ ਡਾਲਰ) ਸੱਤਵੇਂ, ਗੋਦਰੇਜ ਘਰਾਣਾ (11.6 ਅਰਬ ਡਾਲਰ) ਅੱਠਵੇਂ, ਕੁਮਾਰ ਮੰਗਲਮ ਬਿਰਲਾ (9.2 ਅਰਬ ਡਾਲਰ) ਨੌਂਵੇਂ, ਸੁਨੀਲ ਮਿੱਤਲ (7.8 ਅਰਬ ਡਾਲਰ) 10ਵੇਂ ਸਥਾਨ 'ਤੇ ਹਨ।

## ਹਿੰਦੂਜਾ ਭਰਾ ਬਰਤਾਨੀਆ 'ਚ ਸਨਮਾਨਤ

**ਲੰਡਨ:** ਉੱਘੇ ਪਰਵਾਸੀ ਕਾਰੋਬਾਰੀਆਂ ਜੀ.ਪੀ. ਹਿੰਦੂਜਾ ਤੇ ਐਸ.ਪੀ. ਹਿੰਦੂਜਾ ਨੂੰ ਹਾਊਸ ਆਫ ਲਾਰਡਸ ਵਿਚ ਲਾਈਫ ਟਾਈਮ



ਅਚੀਵਮੈਂਟ ਪੁਰਸਕਾਰ ਨਾਲ ਸਨਮਾਨਤ ਕੀਤਾ ਹੈ। ਇਹ ਐਵਾਰਡ ਇੰਡੋ-ਯੂਰਪੀਨ ਬਿਜ਼ਨਸ ਫੋਰਮ ਵੱਲੋਂ ਸਥਾਪਤ ਕੀਤਾ ਗਿਆ ਹੈ। ਹਿੰਦੂਜਾ ਭਰਾਵਾਂ ਨੂੰ ਇਹ ਸਨਮਾਨ ਬਰਤਾਨੀਆ ਦੇ ਊਰਜਾ ਤੇ ਵਾਤਾਵਰਨ ਬਦਲਾਅ ਬਾਰੇ ਵਿਭਾਗ ਦੇ ਭਾਰਤੀ ਮੂਲ ਦੇ ਮੰਤਰੀ ਸੰਦੀਪ ਵਰਮਾ ਵੱਲੋਂ ਦਿੱਤਾ ਗਿਆ।

ਫੋਰਮ ਦੀ ਸਥਾਪਨਾ 2007 ਵਿਚ ਭਾਰਤੀ ਮੂਲ ਦੇ ਵਕੀਲ ਵਿਜੈ ਗੋਇਲ ਨੇ ਕੀਤੀ ਸੀ ਤਾਂ ਜੋ ਭਾਰਤ ਤੇ ਯੂਰਪੀਨ ਯੂਨੀਅਨ ਵਿਚਕਾਰ ਕਾਰੋਬਾਰੀ ਰਿਸ਼ਤਿਆਂ ਨੂੰ ਉਤਸ਼ਾਹਤ ਕੀਤਾ ਜਾ ਸਕੇ। ਵੇਦਾਂਤਾ ਰਿਸੋਰਸਿਜ਼ ਦੇ ਮੋਢੀ ਤੇ ਕਾਰਜਕਾਰੀ ਚੇਅਰਮੈਨ ਤੇ ਭਾਰਤੀ ਉੱਦਮੀ ਅਨਿਲ ਅਗਰਵਾਲ ਨੂੰ ਸਾਲ ਦੇ ਗਲੋਬਲ ਬਿਜ਼ਨਸਮੈਨ ਵਜੋਂ ਸਨਮਾਨਤ ਕੀਤਾ ਗਿਆ। ਉੱਘੇ ਕ੍ਰਿਕਟਰ ਕਪਿਲ ਦੇਵ ਨੂੰ ਵੀ ਸਮਾਗਮ ਦੌਰਾਨ ਲਾਈਫ ਟਾਈਮ ਅਚੀਵਮੈਂਟ ਪੁਰਸਕਾਰ ਨਾਲ ਨਿਵਾਜਿਆ ਗਿਆ। ਲੀਡਰਸ਼ਿਪ ਐਵਾਰਡ ਬ੍ਰਿਟੇਨ ਦੇ ਉਪ ਪ੍ਰਧਾਨ ਮੰਤਰੀ ਨਿੱਕ ਕਲੈੱਗ ਨੂੰ ਦਿੱਤਾ ਜਾਣਾ ਸੀ ਪਰ ਉਹ ਸਮਾਗਮ ਵਿਚ ਹਾਜ਼ਰ ਨਹੀਂ ਹੋ ਸਕੇ।



*ਸੈਨ ਹੋਜ਼ੇ ਦੇ ਮੇਅਰ ਲਈ ਚੋਣ ਲੜ ਰਹੇ ਡੇਵ ਕੋਰਟੇਜੀ ਲਈ ਗੁਰਦੁਆਰਾ ਸੈਨ ਹੋਜ਼ੇ ਦੇ ਸਟੇਜ ਸਕੱਤਰ ਭਾਈ ਪ੍ਰੀਤਮ ਸਿੰਘ ਗਰੇਵਾਲ ਦੇ ਘਰ ਫੰਡ ਇਕੱਠਾ ਕੀਤਾ ਗਿਆ। ਇਸ ਸਮੇਂ ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕਾ ਤੋਂ ਇਲਾਵਾ ਸ੍ਰੀ ਗੁਰੂ ਤੇਗ ਬਹਾਦਰ ਸਪੋਰਟਸ ਕਲੱਬ ਦੇ ਆਗੂ ਹਾਜ਼ਰ ਸਨ।*

# ਆਨੰਦਪੁਰ ਸਾਹਿਬ ਦੇ ਕਿਲ੍ਹਿਆਂ ਦੀ ਸੇਵਾ ਸ਼ੁਰੂ

**ਆਨੰਦਪੁਰ ਸਾਹਿਬ:** ਖਾਲਸੇ ਦੀ ਜਨਮ ਭੂਮੀ ਆਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਦੇ ਪੰਜ ਪੁਰਾਤਨ ਕਿਲ੍ਹਿਆਂ ਦੇ ਨਵੀਨੀਕਰਨ ਦੀ ਕਾਰ ਸੇਵਾ ਅਗਲੇ ਸਾਲ 19 ਜੂਨ ਤੱਕ ਮੁਕੰਮਲ ਕਰ ਦਿੱਤੀ ਜਾਵੇਗੀ ਤਾਂ ਜੋ ਆਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਸਮਾਗਮਾਂ ਮੌਕੇ ਸੰਗਤਾਂ ਇਨ੍ਹਾਂ ਕਿਲ੍ਹਿਆਂ ਦੇ ਦਰਸ਼ਨ ਕਰ ਸਕੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਕਿਹਾ ਕਿ ਗੁਰੂ ਤੇਗ ਬਹਾਦਰ ਵੱਲੋਂ ਵਸਾਈ ਪਵਿੱਤਰ ਨਗਰੀ ਦਾ 350 ਸਾਲਾ ਸਥਾਪਨਾ ਦਿਵਸ ਪੂਰੀ ਕੌਮ ਵੱਲੋਂ ਸ਼ਰਧਾ ਨਾਲ ਮਨਾਇਆ ਜਾਵੇਗਾ।

ਇਸ ਸ਼ਤਾਬਦੀ ਬਾਰੇ ਸਟਿਕਰ ਰਿਲੀਜ਼ ਕਰ ਦਿੱਤੇ ਗਏ ਹਨ, ਜਦੋਂਕਿ ਸਮਾਗਮਾਂ ਦੀ ਬਾਕੀ ਰੂਪ-ਰੇਖਾ ਸੰਗਤ ਨੂੰ ਛੇਤੀ ਦੱਸ ਦਿੱਤੀ ਜਾਵੇਗੀ। ਉਨ੍ਹਾਂ ਸਿੰਘ ਸਾਹਿਬ ਗਿਆਨੀ ਮੱਲ



ਸਿੰਘ ਵੱਲੋਂ ਇਸ ਸ਼ਤਾਬਦੀ ਨੂੰ ਸਫਲ ਬਣਾਉਣ ਦੀਆਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੀ ਸ਼ਲਾਘਾ ਕੀਤੀ। ਖਾਲਸੇ ਦੀ ਜਨਮ ਭੂਮੀ ਆਨੰਦਪੁਰ ਸਾਹਿਬ ਵਿਖੇ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਉਸਾਰੇ ਗਏ ਪੰਜ ਕਿਲ੍ਹਿਆਂ ਨੂੰ ਪੁਰਾਤਨ ਦਿੱਖ ਦੇਣ ਲਈ ਕਾਰ ਸੇਵਾ ਸ਼ੁਰੂ ਕੀਤੀ ਗਈ ਹੈ। ਇਸ ਤਹਿਤ ਕਿਲ੍ਹਾ ਆਨੰਦਗੜ੍ਹ ਸਾਹਿਬ ਦੀ ਕਾਰ ਸੇਵਾ ਬਾਬਾ ਲਾਭ ਸਿੰਘ, ਕਿਲ੍ਹਾ ਤਾਰਾਗੜ੍ਹ ਸਾਹਿਬ ਦੀ ਕਾਰ ਸੇਵਾ ਬਾਬਾ ਦਿਲਬਾਗ ਸਿੰਘ ਤੇ ਬਾਬਾ ਸੁਲੱਖਣ ਸਿੰਘ, ਕਿਲ੍ਹਾ ਹੋਲਗੜ੍ਹ ਸਾਹਿਬ ਦੀ ਕਾਰ ਸੇਵਾ ਬਾਬਾ ਅਮਰੀਕ ਸਿੰਘ ਪਟਿਆਲੇ ਵਾਲੇ, ਕਿਲ੍ਹਾ ਲੋਹਗੜ੍ਹ ਸਾਹਿਬ ਦੀ ਕਾਰ ਸੇਵਾ ਬਾਬਾ ਜੋਗਿੰਦਰ ਸਿੰਘ ਭੁਮੇਲੀ ਵਾਲੇ, ਕਿਲ੍ਹਾ ਫਤਿਹਗੜ੍ਹ ਸਾਹਿਬ ਦੀ ਕਾਰ ਸੇਵਾ ਬਾਬਾ ਬਚਨ ਸਿੰਘ ਦਿੱਲੀ ਵਾਲਿਆਂ ਨੂੰ ਸੌਂਪੀ ਗਈ ਹੈ।


ਗੁਰੂ ਗੋਬਿੰਦ ਸਿੰਘ ਦੇ ਨਿਵਾਸ ਦੀ ਉਸਾਰੀ ਦੀ ਸੇਵਾ ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ, ਗੁਰਦੁਆਰਾ ਭੋਰਾ ਸਾਹਿਬ ਨੂੰ ਸੁੰਦਰ ਬਣਾਉਣ ਦੀ ਸੇਵਾ ਬਾਬਾ ਖੁਸ਼ਹਾਲ ਸਿੰਘ ਤੇ ਬਾਬਾ ਅਵਤਾਰ ਸਿੰਘ ਟਿੱਬੀ ਸਾਹਿਬ ਵਾਲੇ, ਤਖ਼ਤ ਕੇਸਗੜ੍ਹ ਸਾਹਿਬ ਵਿਖੇ ਸੋਨੇ ਦੀ ਮੀਨਾਕਾਰੀ ਭਾਈ ਮਹਿੰਦਰ ਸਿੰਘ ਬਰਮਿੰਘਮ (ਯੂ.ਕੇ.) ਵਾਲੇ, ਤਖ਼ਤ ਕੇਸਗੜ੍ਹ ਸਾਹਿਬ ਵਿਖੇ ਤੰਬੂ ਸਾਹਿਬ ਦੇ ਦਰਵਾਜ਼ਿਆਂ ਦੀ ਸੇਵਾ ਬਾਬਾ ਭਾਗ ਸਿੰਘ ਮੁਖੀ ਦੁਆਬਾ ਨਿਰਮਲ ਮੰਡਲ, ਬੰਗਾ ਸ਼ਹੀਦ ਭਗਤ ਸਿੰਘ ਨਗਰ, ਗੁੰਬਦਾਂ ਦੀ ਮੀਨਾਕਾਰੀ ਦੀ ਸੇਵਾ ਜਗਦੀਸ਼ ਸਿੰਘ ਬਰਾੜ ਚਿੱਤਰਕਾਰ ਮਾਛੀਵਾੜਾ ਤੇ ਤਖ਼ਤ ਕੇਸਗੜ੍ਹ ਸਾਹਿਬ ਤੇ ਸਬੰਧਤ ਗੁਰਦੁਆਰੇ ਵਿਚ ਫੁੱਲ-ਬੂਟਿਆਂ ਦੀ ਸੇਵਾ ਮਨਜੀਤ ਸਿੰਘ ਗੰਗਾ ਨਰਸਰੀ ਵਾਲੇ ਜ਼ੀਰਕਪੁਰ ਤੇ ਬਾਬਾ ਖੁਸ਼ਹਾਲ ਸਿੰਘ ਤੇ ਬਾਬਾ ਅਵਤਾਰ ਸਿੰਘ ਟਿੱਬੀ ਸਾਹਿਬ ਵਾਲਿਆਂ ਨੂੰ ਸੌਂਪੀ ਗਈ ਹੈ।

ਉਨ੍ਹਾਂ ਕਿਹਾ ਕਿ ਆਨੰਦਪੁਰ ਸਾਹਿਬ ਦੇ ਚੌਗਿਰਦੇ ਨੂੰ ਹੋਰ ਖੂਬਸੂਰਤ ਬਣਾਉਣ ਲਈ ਤਕਰੀਬਨ ਸਾਢੇ ਤਿੰਨ ਲੱਖ ਬੂਟੇ ਲਾਏ ਜਾਣਗੇ। ਕਿਲ੍ਹਾ ਲੋਹਗੜ੍ਹ ਸਾਹਿਬ ਦੀ ਧਾਰਮਿਕ ਮਹੱਤਤਾ ਨੂੰ ਮੁੜ ਸੁਰਜੀਤ ਕਰਦੇ ਹੋਏ ਇਸ ਸਥਾਨ 'ਤੇ ਪੁਰਾਤਨ ਸ਼ਾਸਤਰਾਂ ਦੀ ਟਕਸਾਲ ਕਾਇਮ ਕੀਤੀ ਜਾਵੇਗੀ। ਇਸ ਵਿਚ ਸੰਗਤਾਂ ਨੂੰ ਪੁਰਾਤਨ ਸ਼ਾਸਤਰਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲੇਗਾ। ਉਨ੍ਹਾਂ ਸਿੱਖ ਸੰਗਤਾਂ ਨੂੰ ਆਨੰਦਪੁਰ ਸਾਹਿਬ ਦੀ 350 ਸਾਲਾ ਸ਼ਤਾਬਦੀ ਨੂੰ ਸਮਰਪਤ ਸਮਾਗਮਾਂ ਵਿਚ ਵਧ-ਚੜ੍ਹ ਕੇ ਪੁੱਜਣ ਦਾ ਸੱਦਾ ਦਿੱਤਾ।

## ਸੰਯੁਕਤ ਰਾਸ਼ਟਰ ਵੱਲੋਂ ਵਿਦੇਸ਼ੀ ਜਹਾਦੀਆਂ ਖ਼ਿਲਾਫ਼ ਮਤਾ ਪਾਸ

**ਸੰਯੁਕਤ ਰਾਸ਼ਟਰ (ਬਿਊਰੋ):** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਦੀ ਪ੍ਰਧਾਨਗੀ ਹੇਠ ਹੋਈ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੀ ਅਹਿਮ ਮੀਟਿੰਗ ਵਿਚ ਇਸਲਾਮਿਕ ਸਟੇਟ ਵਰਗੀਆਂ ਨਿਰਦਈ ਕੱਟੜ ਦਹਿਸ਼ਤਗਰਦ ਜਥੇਬੰਦੀਆਂ ਵਿਚ ਵਿਦੇਸ਼ੀ ਜਹਾਦੀਆਂ ਨੂੰ ਸ਼ਾਮਲ ਹੋਣ ਤੋਂ ਰੋਕਣ ਲਈ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ।

ਰਾਸ਼ਟਰਪਤੀ ਓਬਾਮਾ ਅਨੁਸਾਰ 80 ਦੇਸ਼ਾਂ ਦੇ ਤਕਰੀਬਨ ਪੰਦਰਾਂ ਹਜ਼ਾਰ ਜਹਾਦੀ ਪਿਛਲੇ ਕੁਝ ਸਾਲਾਂ ਦੌਰਾਨ ਸੀਰੀਆ ਪਹੁੰਚ ਕੇ ਅਲਕਾਇਦ, ਨੁਸਰਾ ਫਰੰਟ ਤੇ ਆਈ.ਐਸ.ਆਈ.ਐਲ. (ਇਸਲਾਮਿਕ ਸਟੇਟ) ਵਿਚ ਸ਼ਾਮਲ ਹੋਏ ਹਨ। ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਇਸ ਰੁਝਾਨ ਨੂੰ ਰੋਕਣ ਲਈ ਸਬੰਧਤ ਦੇਸ਼ ਸਖ਼ਤ ਕਦਮ ਚੁੱਕਣ।




**ਐਸ. ਅਸ਼ੋਕ ਭੌਰਾ ਦੀ ਪੁਸਤਕ 'ਮੇਰੇ ਸਮਿਆਂ ਦੀ ਪੰਜਾਬੀ ਗਾਇਕੀ', 'ਨੈਣ-ਨਕਸ਼' ਅਤੇ 'ਗੱਲੀਂ-ਬਾਤੀਂ' ਪ੍ਰਾਪਤ ਕਰਨ ਲਈ ਕਾਲ ਕਰੋ**

**ਫੋਨ: 510-512-3401**

# ਸਕੂਲ ਸਿੱਖਿਆ ਬੋਰਡ ਦੇ ਸਕੱਤਰ ਦੀ ਡਿਗਰੀ ਜਾਅਲੀ

**ਚੰਡੀਗੜ੍ਹ:** ਪੰਜਾਬ ਸਕੂਲ ਸਿੱਖਿਆ ਬੋਰਡ ਆਪਣੇ ਹੀ ਇਕ ਆਹਲਾ ਅਧਿਕਾਰੀ ਦੀ ਉਚ ਸਿੱਖਿਆ ਡਿਗਰੀ ਅਯੋਗ ਤੇ ਅਪ੍ਰਮਾਣਿਤ ਨਿਕਲ ਜਾਣ ਕਾਰਨ ਚਰਚਾ ਵਿਚ ਹੈ। ਹਾਈਕੋਰਟ ਦੇ ਹੁਕਮਾਂ ਉੱਤੇ ਬੋਰਡ ਦੇ ਸਕੱਤਰ ਗੁਰਿੰਦਰਪਾਲ ਸਿੰਘ ਬਾਠ ਦੀ ਐਮ.ਟੈਕ. ਡਿਗਰੀ ਦੀ ਪੜਤਾਲ ਪਿੱਛੋਂ ਇਹ ਖੁਲਾਸਾ ਹੋਇਆ ਹੈ।

ਸਿੱਖਿਆ ਵਿਭਾਗ ਦੀ ਪ੍ਰਿੰਸੀਪਲ ਸਕੱਤਰ ਅੰਜਲੀ ਭਾਵੜਾ ਵੱਲੋਂ ਪੜਤਾਲ ਰਿਪੋਰਟ ਬਾਬਤ ਦਾਇਰ ਕੀਤੇ ਹਲਫ਼ਨਾਮੇ ਵਿਚ ਦਾਅਵਾ ਕੀਤਾ ਗਿਆ ਹੈ ਕਿ ਹਾਈਕੋਰਟ ਵਿਚ ਸੁਣਵਾਈ ਅਧੀਨ ਕੇਸ 'ਤੇ ਜੁਆਬਦਾਤਾ ਗੁਰਿੰਦਰਪਾਲ ਸਿੰਘ ਵੱਲੋਂ ਅਗਰਵਾਲ ਕਾਲਜ ਮੁਹਾਲੀ ਦੇ ਬੋਨਾਫਾਈਡ ਵਿਦਿਆਰਥੀ ਵਜੋਂ ਕਰਨਾਟਕ ਸਟੇਟ ਓਪਨ ਯੂਨੀਵਰਸਿਟੀ ਤੋਂ ਹਾਸਲ ਕੀਤੀ ਗਈ ਐਮ.ਟੈਕ ਡਿਗਰੀ ਦੀ ਸੂਬਾ ਸਰਕਾਰ ਵੱਲੋਂ ਆਲ ਇੰਡੀਆ ਕਾਸਲ ਫਾਰ ਤਕਨੀਕੀ ਸਿੱਖਿਆ, ਪੰਜਾਬ ਤਕਨੀਕੀ ਸਿੱਖਿਆ ਤੇ ਯੂਨੀਵਰਸਿਟੀ ਗਰਾਂਟ ਕਮਿਸ਼ਨ ਨਾਲ ਤਾਲਮੇਲ ਕਰ ਪੜਤਾਲ ਕਰਵਾਈ ਹੈ ਜਿਸ ਦੇ ਨਤੀਜੇ ਵਜੋਂ ਇਹ ਡਿਗਰੀ ਅਯੋਗ ਤੇ ਪ੍ਰਵਾਨਗੀ ਯੋਗ ਨਾ ਹੋਣ ਦੀ ਪੁਸ਼ਟੀ ਹੋ ਗਈ ਹੈ।

ਅੰਜਲੀ ਭਾਵੜਾ ਨੇ ਆਪਣੇ ਹਲਫਨਾਮੇ ਵਿਚ ਸਪੱਸ਼ਟ ਕਿਹਾ ਹੈ ਕਿ ਸਰਕਾਰ ਨੇ ਇਸ ਬਾਬਤ 25 ਅਗਸਤ ਨੂੰ ਹੀ ਹਾਈਕੋਰਟ ਵਿਚਲੇ ਕੇਸ ਵਿਚ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਲਿਖੇ ਇਕ ਪੱਤਰ ਰਾਹੀਂ ਗੁਰਿੰਦਰਪਾਲ ਸਿੰਘ ਦੀ ਬੋਰਡ ਦੇ ਸਕੱਤਰ ਵਜੋਂ ਕੀਤੀ ਨਿਯੁਕਤੀ ਦੇ ਸਮੁੱਚੇ ਮਾਮਲੇ ਨੂੰ ਹੀ ਉਕਤ ਹਵਾਲੇ ਦੇ ਪ੍ਰਸੰਗ 'ਚ ਮੁੜ ਵਿਚਾਰਨ ਤੇ ਇਸ ਬਾਰੇ ਬਣਦੀ ਕਾਰਵਾਈ ਕਰਕੇ ਸੋਧਿਆ ਹਲਫ਼ਨਾਮਾ ਹਾਈਕੋਰਟ ਵਿਚ ਪੇਸ਼ ਕਰਨ ਲਈ ਕਹਿ ਦਿੱਤਾ ਹੈ। ਅੰਜਲੀ ਭਾਵੜਾ ਦਾ ਇਹ ਜੁਆਬ ਇਸ ਮੌਕੇ ਉੱਤੇ ਪੰਜਾਬ ਸਕੂਲ ਸਿੱਖਿਆ ਬੋਰਡ ਤਹਿਤ ਹੀ ਸਮਾਜਿਕ ਸਿੱਖਿਆ ਮਾਸਟਰ ਵਜੋਂ ਤਾਇਨਾਤ ਮਾਲਵਿੰਦਰ ਸਿੰਘ ਮਾਲੀ ਨਾਮੀ ਪਟੀਸ਼ਨਰ ਦੀ ਪਟੀਸ਼ਨ ਉੱਤੇ ਆਇਆ ਹੈ। ਜਾਣਕਾਰੀ ਮੁਤਾਬਕ ਇਹ ਤੱਥ ਵੀ ਪ੍ਰਾਪਤ ਹੋਏ ਹਨ ਕਿ 25 ਸਤੰਬਰ 2013 ਨੂੰ ਇਸ ਅਧਿਕਾਰੀ ਦੀ ਨਿਯੁਕਤੀ ਇਸੇ ਐਮ.ਟੈਕ ਡਿਗਰੀ ਦੇ ਆਧਾਰ 'ਤੇ ਪੰਜਾਬ ਦੇ ਮੌਜੂਦਾ ਪੰਚਾਇਤ ਮੰਤਰੀ ਤੇ ਸਾਬਕਾ ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਸਮੇਂ ਕੀਤੀ ਗਈ ਸੀ।







# Dhillon Truck Stop
## Dhillon Road Service

**Interstate 40, exit 356, San Jon, NM**

ਗਿੱਲ ਮੰਜ ਗੁਰਦਾਸਪੁਰ ਵਾਲੇ

# ਪੰਜਾਬੀ ਢਾਬਾ



24 ਘੰਟੇ ਖੁੱਲ੍ਹਾ

ਡੀਜ਼ਲ ਅਤੇ ਰੋਡ ਸਰਵਿਸ

**New & Used Tires**
**Oil Change**

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

**Ph:575-576-4111, 575-815-8536**

# The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law

**US IMMIGRATION**
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW**
*Divorce *Annulment
*International Custody

**INCORPORATIONS**
*International Contracts, Mergers
*Attorney Supreme Court of India
*Bankruptcy Consultation & Filing

**Contact numbers:**
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

# Jeeway Punjab Ent. & CVP Studios





## ਗਰੈਂਡ ਸਪਾਂਸਰ: ਵਾਈਟ ਲੋਟਸ-ਰੰਮੀ ਚੀਮਾ

**ਸਪਾਂਸਰ:** ਰਾਜ ਭਨੋਟ ਬੇਏਰੀਆ, ਹਰਜੀਤ ਸਵੈਚ ਰਿਐਲਟਰ, ਸੁਖਵਿੰਦਰ ਚੀਮਾ ਨਟੋਮਸ ਗੋਲਫ, ਮੇਜਰ ਸਿੰਘ, ਸੈਮ ਆਟੋ ਰਿਪੇਅਰ, ਸ਼ਿੰਗਾਰਾ ਰੱਲ੍ਹ ਐਸ ਆਰ ਫੂਡ ਯੂਬਾ ਸਿਟੀ, ਮਨਪ੍ਰੀਤ ਮੰਟੂ ਯੂਬਾ ਸਿਟੀ, ਸਾਬੀ ਟਰੱਕਿੰਗ ਯੂਬਾ ਸਿਟੀ, ਹਰਨੇਕ ਸਿੰਘ ਸਟਾਰ ਆਫ ਇੰਡੀਆ ਯੂਬਾ ਸਿਟੀ, ਓਂਕਾਰ ਸਿੰਘ ਯੂਬਾ ਸਿਟੀ, ਐਮ ਕੇ ਟਰੱਕਿੰਗ, ਮੈਣੀ ਸਾਹੀ ਲੋਨ ਅਫਸਰ ਯੂਬਾ ਸਿਟੀ, ਡਾਡਲੀ ਫਾਰਮ ਯੂਬਾ ਸਿਟੀ, ਧੀਰਾ ਨਿੱਜਰ, ਦਿਲ ਨਿੱਜਰ-ਰਿਐਲਟਰ, ਜੌਨ ਬੰਗਾ-ਰਿਐਲਟਰ, ਗੈਰੀ ਸਿੱਧੂ, ਗੈਰੀ ਖਹਿਰਾ-ਰਿਐਲਟਰ, ਅਮਰੀਕ ਸਿੰਘ ਪਰਹਾਰ-ਫਾਸਟ ਸਟਾਫ, ਬੀ ਜੇ ਗੇਅਰ, ਬੋਲੀਨਾ ਬ੍ਰਦਰਜ਼ ਲੈਂਡ ਸਕੇਪਿੰਗ, ਮਨਜੀਤ ਸਿਵੀਆ-ਸੈਵਰਿਨ, ਤਾਰਾ ਅਟਵਾਲ, ਪਿਟਰ ਦੁਸਾਂਝ, ਯੂ ਐਸ ਏ ਟਰੱਕ ਡਰਾਈਵਿੰਗ ਸਕੂਲ, ਨਵੀ ਭੰਡਾਲ, ਮਨਜੀਤ ਮੋਰ ਰਿਐਲਟਰ, ਗੁਲਿੰਦਰ ਗਿੱਲ-ਡੈਨੀ'ਜ਼, ਕੈਨੀ ਵਿਰਕ, ਜਸਪ੍ਰੀਤ ਸਿੰਘ ਅਟਾਰਨੀ, ਨੈਸ਼ਨਲ ਟਰੱਕ ਡਰਾਈਵਿੰਗ ਸਕੂਲ-ਸੈਕਰਾਮੈਂਟੋ, ਬਿਸ਼ਨ ਸਿੰਘ ਰੀਨੋ, ਨਵੀ ਰੀਨੋ, ਗੁਰਮੁਖ ਸਿੰਘ, ਕਿੰਦੂ ਭਲਵਾਨ, ਮੁਹੱਬਤ ਕੈਲੇ, ਡਾਇਮੰਡ ਕਲੱਬ ਸੈਕਰਾਮੈਂਟੋ, ਜਨਕ ਸਿੰਧਰਾ, ਅਮੈਰਿਕਨ ਟੂਰ ਐਂਡ ਟਰੈਵਲਜ਼, ਕਾਲਾ ਸੰਘਾ ਟਰੇਸੀ, ਭੁਪਿੰਦਰ ਸੰਘੇੜਾ, ਗੁਰੀ ਕੰਗ-ਰਿਐਲਟਰ, ਰਵਿੰਦਰ ਕਾਹਲੋਂ, ਬੌਬੀ ਗੋਸਲ ਫੋਰ ਪੁਆਇੰਟ, ਸੈਮ ਚਾਹਲ-ਰਿਐਲਟਰ, ਜੌਨੀ ਬੱਗਾ ਪੈਲਸ, ਚੀਨਾ ਜਿਊਲਰਜ਼ ਸੈਕਰਾਮੈਂਟੋ, ਦੀਦਾਰ ਸਿੰਘ ਬੈਂਸ-ਯੂਬਾ ਸਿਟੀ, ਬਲਜਿੰਦਰ ਜੌਹਲ, ਸਿਕੰਦਰ ਗਰੇਵਾਲ, ਡਿਕਸਨ ਢਾਬਾ, ਸੋਨੀ ਕੰਗ ਐਂਡ ਜੱਸ ਕੰਗ (ਕੰਗ ਕਮਿਊਨੀਕੇਸ਼ਨ), ਜਿੰਦ ਕੰਗ, ਪੰਜਾਬੀ ਅਮੈਰਿਕਨ ਹੈਰੀਟੇਜ ਸੁਸਾਇਟੀ-ਯੂਬਾ ਸਿਟੀ, ਨਟੋਮਸ ਤੀਆਂ-ਨਟੋਮਸ, ਲਾਈਵ ਓਕ ਤੀਆਂ, ਐਲਕ ਗਰੋਵ ਤੀਆਂ-ਐਲਕ ਗਰੋਵ, ਗੁਰਜਤਿੰਦਰ ਰੰਧਾਵਾ ਪੰਜਾਬ ਮੇਲ, ਕੇ ਪੀ ਸਿੰਘ, ਰੋਨੀ ਬੰਗਾ, ਮਨਪ੍ਰੀਤ ਗਰੇਵਾਲ, ਸੁੱਖੀ ਮਾਹਲ, ਜੌਹਨ ਗਿੱਲ ਅਤੇ ਮਾਈਕ ਗਿੱਲ, ਸੋਕਰ 700 ਯੂ ਐਸ ਏ, ਮਨਜੀਤ ਰੱਲ੍ਹ, ਜੈਕ ਅਤੇ ਪੌਲ ਰਾਮ (ਸਵਰਗੀ ਸ੍ਰੀ ਲਾਹੌਰੀ ਰਾਮ ਪਰਿਵਾਰ)।

**ਟਿਕਟਾਂ ਖਰੀਦਣ ਲਈ ਇਨ੍ਹਾਂ ਸਟੋਰਾਂ 'ਤੇ ਸੰਪਰਕ ਕਰੋ: ਇੰਡੀਆ ਮਾਰਕਿਟ ਐਲਕਰੋਨ ਰੋਡ; ਇੰਡੀਆ ਮਾਰਕਿਟ ਫੁਟਹਿਲ ਰੋਡ-ਰੋਜ਼ਵਿਲ; ਸਪਾਈਸ ਆਫ ਇੰਡੀਆ-ਐਂਟੀਲੋਪ; ਸਾਨ ਮਾਰਕਿਟ ਨਾਰਥ ਗੇਟ-ਨਟੋਮਸ; ਨਟੋਮਸ ਫੈਬਰਿਕ ਐਂਡ ਗਰੌਸਰੀ-ਨਟੋਮਸ; ਬੱਗਾ ਪੈਲਸ ਫਲੋਰਨ ਰੋਡ-ਸੈਕਰਾਮੈਂਟੋ; ਦੇਸੀ ਬਾਜ਼ਾਰ ਸਟਾਕਟਨ ਬੁਲੇਵਾਰਡ-ਸਟਾਕਟਨ; ਇੰਡੀਆ ਐਂਡ ਸਪਾਈਸ-ਵੁਡਲੈਂਡ; ਦਿੱਲੀ ਬਾਜ਼ਾਰ ਵੈਸਟ ਸੈਕਰਾਮੈਂਟੋ; ਐਲ ਏ ਮਰਚਨਡਾਈਜ਼-ਯੂਬਾ ਸਿਟੀ; ਮਾਨ ਬ੍ਰਦਰਜ਼ ਮੀਟ ਸ਼ਾਪ-ਯੂਬਾ ਸਿਟੀ; ਬੰਬੇ ਵੀਡੀਓ-ਯੂਬਾ ਸਿਟੀ।**

## ਵੀ ਆਈ ਪੀ ਅਤੇ ਵੀ ਵੀ ਆਈ ਪੀ ਟਿਕਟਾਂ ਲੈਣ ਲਈ ਸੰਪਰਕ ਕਰੋ, ਜੱਸੀ ਬੰਗਾ ਫੋਨ: 916-796-5003




**Gold Coin Rafael Ticket $10 at the ticket booth.**
**Sponsored by Chinna Jewelers Sacramento**
**Ph: 916-956-3094**

# ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ

ਸੁਣਿਆ ਹੋਵ ਸੀ ਤੁਸਾਂ ਨੇ ਵਤਨ ਵਾਲੋ, ਅਸੀਂ ਲੱਖਾਂ ਹੀ ਕਸ਼ਟ ਉਠਾ ਗਏ ਹਾਂ।
ਸਦੀਆਂ ਰਹੇ ਗੁਲਾਮ, ਨਾ ਤਾਣ ਟੁੱਟਾ, ਸਾਰੀ ਖਲਕ ਨੂੰ ਸਬਕ ਸਿਖਾ ਗਏ ਹਾਂ।

**ਕਾਮਾਗਾਟਾ ਮਾਰੂ ਦੀ ਸ਼ਤਾਬਦੀ ਵਰ੍ਹੇ ਅਤੇ ਆਜ਼ਾਦੀ ਦੀ ਲੜਾਈ ਦੇ ਇਤਿਹਾਸ ਦੇ ਖ਼ੂਨੀ ਵਰਕੇ ਨੂੰ ਸਮਰਪਿਤ**

# ਮੇਲਾ ਗਦਰੀ ਬਾਬਿਆਂ ਦਾ

## ਐਤਵਾਰ, 12 ਅਕਤੂਬਰ 2014

(ਦੁਪਹਿਰ 12 ਤੋਂ ਰਾਤ 8 ਵਜੇ ਤੱਕ)

**ਸਥਾਨ: ਐਸ.ਈ.ਐਸ. ਹਾਲ**


10428 ਈਸਟ ਸਟਾਕਟਨ ਬੁਲੇਵਾਰਡ
ਐਲਕ ਗਰੋਵ, ਸੈਕਰਾਮੈਂਟੋ, ਕੈਲੀਫੋਰਨੀਆ - 95624

*ਤੇਗੋਂ ਕੇ ਸਾਏ ਮੇਂ ਪਲ ਕਰ ਜਵਾਨ ਹੁਏ ਹੈਂ, ਇਕ ਖੇਲ ਸਮਝਤੇ ਹੈਂ ਫਾਂਸੀ ਪੇ ਝੂਲ ਜਾਨਾ।*

**ਸਤਿਕਾਰਯੋਗ ਭੈਣੋ ਤੇ ਭਰਾਓ,**

ਕਾਮਾਗਾਟਾ ਮਾਰੂ ਦੀ ਬਜਬਜ ਘਾਟ ‘ਤੇ ਵਾਪਰੀ ਘਟਨਾ ਨੇ ਭਾਰਤੀ ਉਪ ਮਹਾਦੀਪ ਦੇ ਵਿਸਤ੍ਰਿਤ ਜਨਸਮੂਹ ਨੂੰ ਝੰਜੋੜ ਕੇ ਰੱਖ ਦਿੱਤਾ ਅਤੇ ਮਨਾਂ ਵਿਚ ਆਜ਼ਾਦੀ ਦੀ ਪ੍ਰਾਪਤੀ ਲਈ ਕੁਰਬਾਨ ਹੋਣ ਦੀ ਜਵਾਲਾ ਹੋਰ ਭੜਕਾ ਦਿੱਤੀ ਜਿਸ ਨੇ ਕੌਮੀ ਘੋਲ ਦੀਆਂ ਹੋਰ ਲਹਿਰਾਂ ਨੂੰ ਜਨਮ ਦਿੱਤਾ। ਇਸ ਸਾਲ ਦਾ ਮੇਲਾ ਉਸ ਸਾਕੇ ਦੇ ਸ਼ਹੀਦਾਂ ਤੇ ਸੂਰਮਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਦਾ ਸ਼ਤਾਬਦੀ ਵਰ੍ਹਾ ਹੈ। ਇਸ ਨੂੰ ਮਨਾਉਣ ਲਈ ਸਾਰੀਆਂ ਭਰਾਤਰੀ ਜਥੇਬੰਦੀਆਂ ਤੇ ਇਥੇ ਵਸਦੇ ਲੋਕਾਂ ਦੇ ਜਨ ਸਮੂਹ ਨੂੰ ਮੇਲੇ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੰਦੇ ਹਾਂ।





*ਬਾਬਾ ਸੋਹਣ ਸਿੰਘ ਭਕਨਾ*



*ਗਾਇਕ ਸੁਰਿੰਦਰ ਸ਼ਿੰਦਾ*

**ਮੇਲੇ ਵਿਚ ਪਹੁੰਚ ਰਹੇ ਕਲਾਕਾਰ**

ਸੁਰਿੰਦਰ ਸ਼ਿੰਦਾ, ਸੁਲਤਾਨ ਅਖਤਰ, ਸੰਨੀ ਬੱਬਰ, ਜੀਤਾ ਗਿੱਲ, ਜੀਵਨ ਰੱਤੂ; ਅਤੇ ਗੁਰਨਾਮ ਸਿੰਘ ਭੰਡਾਲ ਦਾ ਢਾਡੀ ਜਥਾ ਬੀਰ ਰਸੀ ਵਾਰਾਂ ਪੇਸ਼ ਕਰੇਗਾ; ਮੰਚ ਸੰਚਾਲਕ: ਨੀਲਮ ਸੈਣੀ

**ਪੁੱਜ ਰਹੀਆਂ ਸ਼ਖ਼ਸੀਅਤਾਂ**

ਅਰਜੀਤ ਸਿੰਘ ਪੁੱਤਰ ਭਾਈ ਕਪੂਰ ਸਿੰਘ ਕਾਉਂਕੇ, ਜਗਦੀਸ਼ ਖੰਗੂੜਾ, ਦਲਵਿੰਦਰ ਸਿੰਘ ਧੂਤ, ਕਿਰਪਾਲ ਸਿੰਘ ਸੰਧੂ, ਬੀਬੀ ਕਰਨੈਲ ਕੌਰ ਈਸੜੂ

**ਗਦਰੀ ਸੂਰਬੀਰਾਂ ਦੀਆਂ ਤਸਵੀਰਾਂ ਅਤੇ ਉਨ੍ਹਾਂ ਨਾਲ ਸਬੰਧਤ ਵਸਤਾਂ ਦੀ ਪ੍ਰਦਰਸ਼ਨੀ ਲਾਈ ਜਾਵੇਗੀ**

*ਭੰਗੜਾ ਤੇ ਗਿੱਧਾ ਵਿਸ਼ੇਸ਼ ਖਿੱਚ ਦਾ ਕੇਂਦਰ ਹੋਣਗੇ*

ਮੁਫ਼ਤ ਖਾਣਾ, ਪਾਰਕਿੰਗ ਤੇ ਦਾਖਲਾ ਵੀ ਮੁਫ਼ਤ

**ਫਰੀ ਮੈਡੀਕਲ ਕੈਂਪ**

| | | |
|---|---|---|
| ਪ੍ਰਧਾਨ: ਸੁਰਿੰਦਰ ਸਿੰਘ ਬਿੰਦਰਾ | ਸਕੱਤਰ: ਬਜਿੰਦਰ ਸਿੰਘ ਭੱਟੀ | ਸਮਿਤਰ ਸਿੰਘ ਉਪਲ |
| 916-420-2390 | 209-480-2275 | 530-695-1716 |
| ਮੀਤ ਪ੍ਰਧਾਨ: ਕਰਮਜੀਤ ਸਿੰਘ ਕੰਗ | ਮੀਤ ਸਕੱਤਰ: ਐਸ ਐਸ ਸਿੱਧੂ | ਬਲਵੰਤ ਬਾਂਕਾ |
| 661-205-5214 | 661-302-5611 | 916-271-4216 |

**ਪ੍ਰਬੰਧਕ:** ਜਰਨੈਲ ਸਿੰਘ ਸਰਪੰਚ, ਗਿਆਨ ਸਿੰਘ ਬਿਲਗਾ, ਕਸ਼ਮੀਰ ਸਿੰਘ ਕਾਂਗਣਾ, ਜਗਜੀਤ ਸਿੰਘ ਗਿੱਲ, ਹਰਪਾਲ ਸਿੰਘ ਸੰਘਾ, ਮਲਕੀਅਤ ਸਿੰਘ ਬੈਂਸ, ਸੁਰਿੰਦਰ ਸਿੰਘ ਗਿੱਲ, ਅਮਰਜੀਤ ਸਿੰਘ ਰਾਏ, ਪ੍ਰਿਤਪਾਲ ਸਿੰਘ ਭੋਗਲ, ਪਰਮਜੀਤ ਸਿੰਘ ਸੰਧੂ, ਕਮਲ ਬੰਗਾ, ਬਲਵਿੰਦਰ ਸੰਧੂ ਲੈਥਰੋਪ, ਜੁਝਾਰ ਗਿੱਲ, ਗੁਰਦਿਆਲ ਚੰਦ, ਜਸਮੇਲ ਸਿੰਘ ਚਿੱਟੀ, ਅਵਤਾਰ ਸਿੰਘ ਡੋਡ, ਸਤਵਿੰਦਰ ਸਿੰਘ ਬਾਠ, ਹਰਪ੍ਰੀਤ ਢਿੱਲੋਂ, ਸੁਰਿੰਦਰ ਸਿੰਘ, ਰਾਕੇਸ਼ ਬੈਂਸ, ਸਵਿੰਦਰ ਸਿੰਘ ਭਾਰਤਾ, ਫਰੈਂਕ ਜੌਹਨਸਨ।

**ਸਪਾਂਸਰ:** ਗੁਰਚਰਨ ਸਿੰਘ ਰੱਕੜ, ਜਗਦੀਸ਼ ਖੰਗੂੜਾ, ਦਲਵਿੰਦਰ ਸਿੰਘ ਧੂਤ, ਮਲਕੀਅਤ ਬੋਪਾਰਾਏ, ਸਿਕੰਦਰ ਸਿੰਘ ਜੱਸੜ, ਗੁਰਚਰਨ ਸਿੰਘ ਬੈਂਸ, ਇੰਡਸ ਵੈਲੀ ਚੈਂਬਰ ਆਫ਼ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਯੂਨਾਈਟਿਡ ਸਪੋਰਟਸ ਕਲੱਬ (ਅਮੋਲਕ ਸਿੰਘ ਗਾਖਲ-ਚੇਅਰਮੈਨ, ਬਲਵੀਰ ਸਿੰਘ ਭਾਟੀਆ-ਪ੍ਰਧਾਨ), ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ, ਜਸਪ੍ਰੀਤ ਸਿੰਘ ਐਡਵੋਕੇਟ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਹਰਿਆਣਾ ਅਮੈਰਿਕਨ ਐਸੋਸੀਏਸ਼ਨ-ਕੈਲੀਫੋਰਨੀਆ, ਏਂਜਲ ਲਿਮੋਜ਼ੀਨ ਕਾਸਤਰੋ ਵੈਲੀ, ਅਮਰੀਕ ਸਿੰਘ ਕਲਕਟ, ਗੁਰਮੁਖ ਸਿੰਘ ਸੰਧੂ, ਰਛਪਾਲ ਸਿੰਘ ਫਰਵਾਲਾ, ਜੋਗਾ ਸਿੰਘ ਔਜਲਾ, ਸਵਰਨ ਸਿੰਘ ਔਜਲਾ, ਵਿਨੋਦ ਕੰਬੋਜ, ਬੰਤ ਕੰਦੋਲਾ, ਸੁਖਦੇਵ ਲੰਬੜ, ਸੋਨੀ ਸਿੰਘ, ਐਸ.ਪੀ. ਸਿੰਘ, ਗੁਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਜੈਕ ਅਤੇ ਪਾਲ ਰਾਮ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਨੋਰਕਾਲ ਸਕਿਉਰਿਟੀ-ਨਰਿੰਦਰਪਾਲ ਸਿੰਘ ਹੁੰਦਲ, ਅਮਰਜੀਤ ਭੁੱਲਰ, ਜਸਬੀਰ ਕੁਲਾਰ, ਪਿਆਰਾ ਸਿੰਘ ਗੋਸਲ, ਮਾਈਕ ਸਿੰਘ ਯੂਬਾ ਸਿਟੀ, ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਰਾਜੂ ਭਗਵੰਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਚਰਨ ਬਡਵਾਲ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼, ਮੱਖਣ ਸਿੰਘ, ਸਰਹੱਦੀ ਫੈਮਿਲੀ, ਮਾਸਟਰ ਦਿਲਬਾਗ ਸਿੰਘ, ਪੰਜਾਬੀ ਵਿਰਸਾ ਸੰਭਾਲ ਸੁਸਾਇਟੀ, ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਅਜਮੇਰ ਸਿੰਘ ਭੋਗਲ, ਡਾ. ਯਾਦਵਿੰਦਰ ਸਿੰਘ ਕੰਗ, ਡਾ. ਸੁਖਦੀਪ ਸਿੰਘ ਸੰਧੂ ਅਤੇ ਪਰਿਵਾਰ, ਛਿੰਦਾ ਉਪਲ, ਕਮਲ ਗਿੱਲ (ਪੈਨਮਾ ਫਾਰਮੇਸੀ, ਗਿੱਲ ਫਾਰਮੇਸੀ), ਸ਼ਿੰਗਾਰਾ ਰਾਮ, ਸੰਨੀ, ਕੇਹਰ ਸਿੰਘ ਸੰਧੂ, ਪਰਗਨ ਸਿੰਘ ਬੈਂਸ, ਅਸ਼ੋਕ ਰਾਏ, ਅਵਤਾਰ ਸਿੰਘ ਦੁਸਾਂਝ, ਅਵਤਾਰ ਸਿੰਘ ਚਾਹਲ, ਅਵਤਾਰ ਸਿੰਘ ਅਟਵਾਲ, ਸਵਰਨ ਸਿੰਘ ਗਿੱਲ, ਜਸਚਰਨ ਸਿੰਘ ਗਿੱਲ, ਡਾ. ਗੁਰਦਿਆਲ ਸਿੰਘ, ਸੁਰਜੀਤ ਸਿੰਘ ਢਿੱਲੋਂ, ਬਖਸ਼ੀਸ਼ ਸਿੰਘ ਗਿੱਲ, ਜਸਬੀਰ ਸਿੰਘ, ਪਰਮਜੀਤ ਸਿੰਘ ਭੁੱਟਾ, ਸਤਵੀਰ ਸਿੰਘ ਖਪਰਾ, ਪਲਵਿੰਦਰ ਸਿੰਘ ਭੱਟੀ, ਜੱਸੀ ਸਿੰਘ ਸੰਘਾ, ਧੀਰਾ ਨਿੱਜਰ, ਗੁਲਿੰਦਰ ਗਿੱਲ (ਡੈਨੀ‘ਜ਼ ਰੈਸਟੋਰੈਂਟ), ਗੁਰਦੀਪ ਗਿੱਲ, ਜਨਕ ਰਾਜ ਸਿਧਰਾ, ਬਲਵਿੰਦਰ ਡੁਲਕੂ, ਗੋਲਡਨ ਸਟੇਟ ਇੰਕ, ਪਾਲ ਲਿੱਕਰਜ਼, ਇੰਡੀਆ ਗਾਰਡਨ, ਰਾਜ ਭਨੋਟ, ਸੰਤੋਖ ਸਿੰਘ ਜੱਜ, ਪਰਮਜੀਤ ਸਿੰਘ ਬਿੰਦ, ਭਾਖੜੀ ਲਾਅ ਫਰਮ ਤੇ ਸਾਬੀ ਸਿੰਘ ਟਰੱਕਿੰਗ, ਸੋਢੀ ਸਜਾਵਨਪੁਰ, ਵਨ ਸਟਾਪ ਆਟੋ ਰਿਪੇਅਰ, ਜਸਵੀਰ ਸਿੰਘ ਕੁਲਾਰ, ਲੀਜੈਂਟ ਟਰਾਂਸਪੋਰਟ, ਬਲਬੀਰ ਸਿੰਘ ਸੰਧੂ, ਜੇ ਜੇ ਜੀ ਐਸ ਫੂਡ ਸਰਵਿਸ ਇੰਕ, ਰਾਜ ਬਰਾੜ, ਪਰਮਜੀਤ ਸਿੰਘ ਦੁਸਾਂਝ।

**ਫੋਟੋਗ੍ਰਾਫੀ ਅਤੇ ਵੀਡੀਓ: ਓਮਨੀ ਵੀਡੀਓ**

# ਵਲਾਇਤ ਤੋਂ ਦਿਸਦਾ ਬੰਗਾਲ...




*ਲੰਡਨ ਵੱਸਦੇ ਨੌਜਵਾਨ ਬੰਗਲਾ ਨਾਵਲਕਾਰ ਨੀਲ ਮੁਖਰਜੀ ਦਾ ਨਵਾਂ ਨਾਵਲ 'ਦਿ ਲਾਈਵਜ਼ ਆਫ ਅਦਰਜ਼' 2014 ਦੇ ਮੈਨ ਬੁੱਕਰਜ਼ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ ਹੈ। ਇਸ ਨਾਵਲ ਵਿਚ ਬੰਗਾਲ ਦੇ ਉਸ ਦੌਰ ਨੂੰ ਮੁੜ ਪੇਸ਼ ਕੀਤਾ ਗਿਆ ਹੈ ਜਦੋਂ ਨੌਜਵਾਨ ਜਾਗਦੇ ਨੈਣਾਂ ਵਿਚ ਸੁਪਨੇ ਭਰ ਕੇ ਘਰੋਂ ਨਿਕਲ ਤੁਰੇ ਸਨ। ਨੀਲ ਉਨ੍ਹਾਂ ਨੌਜਵਾਨਾਂ ਦੀ ਕਹਾਣੀ ਨੂੰ ਅੱਜ ਕਬਾਇਲੀ ਇਲਾਕਿਆਂ ਵਿਚ ਜੂਝ ਰਹੇ ਇਨਕਲਾਬੀਆਂ ਤੱਕ ਲੈ ਆਇਆ ਹੈ।*

ਬਰਤਾਨੀਆ ਦੀ ਰਾਜਧਾਨੀ ਲੰਡਨ ਵਿਚ ਰਹਿੰਦੇ ਬੰਗਲਾ ਮੂਲ ਦੇ ਨਾਵਲਕਾਰ ਨੀਲ ਮੁਖਰਜੀ ਦੇ ਨਾਵਲ 'ਦਿ ਲਾਈਵਜ਼ ਆਫ ਅਦਰਜ਼' (2014) ਨੂੰ ਸਾਲ 2014 ਦੇ ਮੈਨ ਬੁੱਕਰਜ਼ ਪੁਰਸਕਾਰ ਲਈ ਨਾਮਜ਼ਦ ਕੀਤੇ 6 ਨਾਵਲਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ। ਨੀਲ ਮੁਖਰਜੀ ਇਸ ਤੋਂ ਪਹਿਲਾਂ 'ਪਾਸਟ ਕੰਟੀਨਿਊਸ' (2008) ਅਤੇ 'ਏ ਲਾਈਫ ਅਪਾਰਟ' (2010) ਦੀ ਰਚਨਾ ਕਰ ਚੁੱਕਾ ਹੈ। ਨੀਲ ਦੇ ਇਸ ਨਵੇਂ ਨਾਵਲ ਦੀ ਬਣਤ, ਬੁਣਤੀ

ਗੁਰਬਖਸ਼ ਸਿੰਘ ਸੋਢੀ

ਅਤੇ ਬਿਰਤਾਂਤ ਢੰਗ ਕਰਨ ਵਾਲਾ ਹੈ। ਨਾਵਲ ਵਿਚ ਬੰਗਾਲ 'ਚ 1943 ਵਿਚ ਪਏ ਅਕਾਲ ਦੇ ਵੇਰਵੇ ਦਰਜ ਹਨ ਅਤੇ ਇਸ ਤੋਂ ਅਗਾਂਹ ਕਹਾਣੀ ਤੁਰਦੀ-ਤੁਰਦੀ 1960ਵਿਆਂ ਵਿਚ ਉਠੀ ਨਕਸਲਬਾੜੀ ਲਹਿਰ ਤੱਕ ਜਾ ਪੁੱਜਦੀ ਹੈ। ਲੇਖਕ ਨੇ ਬੰਗਾਲ ਦੇ ਇਸ ਦੌਰ ਨੂੰ ਰੂਹ ਨਾਲ ਆਪਣੇ ਇਸ ਨਾਵਲ ਵਿਚ ਬਿਆਨ ਕੀਤਾ ਹੈ।

ਦਰਅਸਲ 'ਦਿ ਲਾਈਵਜ਼ ਆਫ ਅਦਰਜ਼' ਵਿਚ ਲੇਖਕ ਨੇ ਬੰਗਾਲ ਦੇ ਇਕ ਪਰਿਵਾਰ ਦਾ ਖਾਕਾ ਉਲੀਕਿਆ ਸੀ। ਇਸ ਘੋਸ਼ ਪਰਿਵਾਰ ਦਾ ਮੁਖੀ ਸੋਮਨਾਥ ਨਾਂ ਦਾ ਪਾਤਰ ਹੈ ਜਿਸ ਨੂੰ ਲੇਖਕ ਅੰਤਾਂ ਦੀ ਨਫਰਤ ਕਰਦਾ ਹੈ, ਪਰ ਆਪਣਾ ਨਾਵਲ ਲਿਖਣ ਲਈ ਜਦੋਂ ਲੇਖਕ ਨੇ ਕੋਲਕਾਤਾ ਗਾਹਿਆ ਤਾਂ ਉਸ ਨੂੰ 1960ਵਿਆਂ ਵਾਲੇ ਬੰਗਾਲ ਦਾ ਖੋਜ-ਖੁਰਾ ਨੱਪਣਾ ਪਿਆ। ਉਦੋਂ ਦੇ ਹਾਲਾਤ ਬਾਰੇ ਪੜ੍ਹਦਿਆਂ-ਸੁਣਦਿਆਂ ਉਸ ਦਾ ਵਾਹ ਨਕਸਲਵਾਦੀ ਲਹਿਰ ਨਾਲ ਪੈ ਗਿਆ। ਪਹਿਲਾਂ ਇਸ ਲਹਿਰ ਬਾਰੇ ਨੀਲ ਨੇ ਮਾੜਾ-ਮੋਟਾ ਹੀ ਸੁਣਿਆ ਸੀ। ਇਹ ਦੌਰ ਉਸ ਦੇ ਜਨਮ ਤੋਂ ਪਹਿਲਾਂ ਹੀ ਵਰਤ-ਵਾਪਰ ਚੁੱਕਾ ਸੀ, ਪਰ ਜਿਉਂ-ਜਿਉਂ ਉਹ ਇਸ ਲਹਿਰ ਬਾਰੇ ਜਾਣਦਾ ਗਿਆ, ਉਸ ਦੇ ਨਾਵਲ ਲਈ ਮਸੌਦਾ ਤਿਆਰ ਹੁੰਦਾ ਗਿਆ। ਆਖਰ ਉਸ ਦੇ ਇਸ ਨਾਵਲ ਵਿਚ ਘੋਸ਼ ਪਰਿਵਾਰ ਦਾ ਇਕ ਮੈਂਬਰ ਸੁਪ੍ਰਤੀਕ ਆਣ ਵੜਿਆ ਜਿਹੜਾ ਨਕਸਲਵਾਦ ਤੋਂ ਅਸਰ ਲੈ ਕੇ ਇਨਕਲਾਬ ਲਿਆਉਣ ਲਈ ਘਰੋਂ ਨਿਕਲ ਤੁਰਦਾ ਹੈ। ਇਸ ਨਕਸਲਵਾਦੀ ਪਾਤਰ ਅਤੇ ਉਸ ਦੇ ਨਾਲ ਦੇ ਸਾਥੀਆਂ ਦੀ ਸੰਜੀਦਗੀ ਤੇ ਚੰਗੇਰੀ ਜ਼ਿੰਦਗੀ ਦੀ ਤੜਫਾਹਟ ਨੂੰ ਨੀਲ ਮੁਖਰਜੀ ਅੱਜ ਦੇ ਮਾਓਵਾਦੀ ਅੰਦੋਲਨ ਤੱਕ ਲੈ ਆਇਆ ਜਿਸ ਨੂੰ ਕੈਂਬ੍ਰਿਜ ਪੜ੍ਹੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਦੇਸ਼ ਦੇ ਸਭ ਤੋਂ ਵੱਡੀ ਅੰਦਰੂਨੀ ਸਮੱਸਿਆ ਕਰਾਰ ਦਿੱਤਾ ਸੀ ਅਤੇ ਜਿਸ ਨੂੰ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਵੀ ਵੱਡੀ ਸਮੱਸਿਆ ਗਿਣਦੀ ਹੈ।




*ਨਾਵਲ 'ਦਿ ਲਾਈਵਜ਼ ਆਫ ਅਦਰਜ਼' ਦਾ ਟਾਈਟਲ।*

ਇਸ ਨਾਵਲ ਵਿਚ ਨੀਲ ਨੇ ਘੋਸ਼ ਪਰਿਵਾਰ ਦੀ ਅਣਵਿਆਹੀ ਕੁੜੀ ਦਾ ਪਾਤਰ-ਚਿਤਰਨ ਬਹੁਤ ਰੂਹ ਨਾਲ ਕੀਤਾ ਹੈ। ਨਾਵਲ ਵਿਚ ਇਸ ਪਾਤਰ ਦਾ ਨਾਂ ਛਾਇਆ ਹੈ ਅਤੇ ਜਿਨ੍ਹਾਂ ਹਾਲਾਤ ਨਾਲ ਉਹ ਦੋ-ਚਾਰ ਹੁੰਦੀ ਹੈ, ਉਹ ਇਸ ਖੂਬਸੂਰਤ ਰਚਨਾ ਦਾ ਹਾਸਲ ਹੈ। ਪਿਛਲੇ ਸਮੇਂ ਦੌਰਾਨ ਆਏ ਨਾਵਲਾਂ ਵਿਚੋਂ 'ਦਿ ਲਾਈਵਜ਼ ਆਫ ਅਦਰਜ਼' ਅਜਿਹਾ ਦੂਜਾ ਵੱਡਾ ਨਾਵਲ ਹੈ ਜਿਸ ਵਿਚ ਮਾਓਵਾਦ ਦੀ ਚਰਚਾ ਭਰਪੂਰ ਰੂਪ ਵਿਚ ਕੀਤੀ ਗਈ ਹੈ। ਇਸ ਤੋਂ ਪਹਿਲਾਂ ਝੁੰਪਾ ਲਹਿਰੀ ਨੇ ਨਾਵਲ 'ਦਿ ਲੋਅਲੈਂਡ' ਲਿਖਿਆ ਸੀ। ਇਹ ਨਾਵਲ ਦੋ ਭਰਾਵਾਂ ਦੀ ਕਹਾਣੀ ਹੈ ਜਿਨ੍ਹਾਂ ਵਿਚੋਂ ਇਕ ਨਕਸਲਵਾਦੀ ਬਣ ਜਾਂਦਾ ਹੈ। ਇਹ ਨਾਵਲ ਵੀ ਵੱਕਾਰੀ ਬੁੱਕਰਜ਼ ਇਨਾਮ ਲਈ ਨਾਮਜ਼ਦ ਹੋਇਆ ਸੀ। ਨੀਲ ਮੁਖਰਜੀ ਇਸ ਨੂੰ ਇਤਫਾਕ ਦੱਸਦਾ ਹੈ, ਪਰ ਨੀਲ ਦਾ ਨਾਵਲ ਝੁੰਪਾ ਦੇ ਨਾਵਲ ਤੋਂ ਐਨ ਵੱਖਰਾ ਅਤੇ ਵਿਲੱਖਣ ਹੈ। ਇਸ ਵਿਚ ਜਿਸ ਬੰਗਾਲ ਦੇ ਦਰਸ਼ਨ ਹੋਏ ਹਨ, ਉਹ 'ਦਿ ਲੋਅਲੈਂਡ' ਵਿਚੋਂ ਤਕਰੀਬਨ ਹੀ ਗਾਇਬ ਹੈ।

ਇਸ ਨਾਵਲ ਦੇ ਹੋਏ ਰਿਵਿਊਜ਼ ਤੋਂ ਨੀਲ ਮੁਖਰਜੀ ਥੋੜ੍ਹਾ ਔਖਾ ਹੈ। ਉਸ ਦਾ ਆਖਣਾ ਹੈ ਕਿ ਰਿਵਿਊਕਾਰਾਂ ਨੇ ਇਸ ਨਾਵਲ ਨੂੰ ਇਕ ਪਰਿਵਾਰ ਦੀ ਕਹਾਣੀ ਗਰਦਾਨ ਕੇ ਕੰਮ ਚਲਾਉਣ ਦਾ ਯਤਨ ਕੀਤਾ ਹੈ। ਉਸ ਮੁਤਾਬਕ, ਇਹ ਨਾਵਲ ਕਿਸੇ ਇਕੱਲੇ-ਇਕਹਿਰੇ ਪਰਿਵਾਰ ਬਾਰੇ ਨਹੀਂ ਹੈ, ਇਹ ਤਾਂ 1960ਵਿਆਂ ਦੇ ਉਸ ਦੌਰ ਦੀ ਕਹਾਣੀ ਹੈ ਜਦੋਂ ਨਵੀਂ ਪੀੜ੍ਹੀ ਦਿਲ ਵਿਚ ਸੁਪਨੇ ਸੰਜੋਈ ਆਸਮਾਨ ਵਿਚੋਂ ਤਾਰੇ ਤੋੜ ਕੇ ਲਿਆਉਣ ਲਈ ਕਾਹਲੀ ਸੀ। ਇਨ੍ਹਾਂ ਸੁੱਚੇ-ਸੱਚੇ ਸੁਪਨਿਆਂ ਦੀ ਵਿਆਖਿਆ ਤਕਰੀਬਨ ਅੱਧੀ ਸਦੀ ਬਾਅਦ ਨੀਲ ਮੁਖਰਜੀ ਨੇ ਇਕ ਵਾਰ ਫਿਰ ਕਰਨ ਦਾ ਯਤਨ ਕੀਤਾ ਹੈ। ਉਸ ਦਾ ਇਹ ਯਤਨ ਕਾਮਯਾਬ ਰਿਹਾ ਹੈ। ਇਹ ਨਾਵਲ ਪੈਂਦੀ ਸੱਟੇ ਹੀ ਬੁੱਕਰਜ਼ ਇਨਾਮ ਵਾਲਿਆਂ ਦੀ ਨਜ਼ਰੇ ਚੜ੍ਹ ਗਿਆ ਹੈ। ਨੀਲ ਅੱਜ ਕੱਲ੍ਹ ਨਾਵਲ ਦੇ ਨੌਜਵਾਨ ਪਾਤਰ ਵਾਂਗ ਵਿਚ ਹਵਾ ਵਿਚ ਉਡਾਰੀਆਂ ਭਰ ਰਿਹਾ ਹੈ।




*ਪੱਛਮੀ ਬੰਗਾਲ ਦੇ ਦਾਰਜੀਲਿੰਗ ਜ਼ਿਲ੍ਹੇ ਦਾ ਪਿੰਡ ਨਕਸਲਬਾੜੀ ਜਿਥੋਂ 1960ਵਿਆਂ ਦੇ ਅਖੀਰ ਵਿਚ ਤਬਦੀਲੀ ਲਈ ਤਿੱਖੀ ਲਹਿਰ ਉਠੀ ਅਤੇ ਦੇਖਦਿਆਂ-ਦੇਖਦਿਆਂ ਪੂਰੇ ਦੇਸ਼ ਵਿਚ ਛਾ ਗਈ। ਪੰਜਾਬ 'ਤੇ ਵੀ ਇਸ ਦਾ ਸਿੱਧਾ ਅਸਰ ਪਿਆ ਸੀ।*

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 11 ਅਕਤੂਬਰ 2014 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-137



*ਜਸਦੀਪ ਸਿੰਘ ਖੰਨਾ, ਫੋਨ: 91-94630-57786*

*ਰੌਲੀ ਪਾਵੇ ਲਾਊਡ ਸਪੀਕਰ, ਨਵੀਂ ਆਈ ਏ ਘੋੜੀ।*
*ਮੰਜੇ-ਬਾਹੀ ਨਾਲੋਂ ਲਾਹ ਕੇ, ਹੁਣ ਇੰਜਣ 'ਤੇ ਜੋੜੀ।*
*ਹੱਥੋਂ ਹੱਥ ਵਟਾ ਲਓ ਆ ਕੇ, ਬਚਨੀ ਤੇ ਬਲਬੀਰ ਕੁੜੇ।*
*ਸੇਵੀਆਂ ਖਾਧੇ ਨਹੀਂ ਮੰਨਦਾ, ਕਦੇ ਵੀ ਗੁੱਗਾ ਪੀਰ ਕੁੜੇ।*

## ਕੈਪਸ਼ਨ ਮੁਕਾਬਲਾ-135



ਮੰਜੇ ਤਾਈਂ ਬਣਾ ਕੇ ਅੱਡਾ
ਰੰਗ ਬਿਰੰਗਾ ਤਣਿਆ ਤਾਣਾ।
ਪੋਰੀਆਂ ਤਾਈਂ ਬਣਾ ਕੇ ਠੋਕੇ
ਪਾ ਕੇ ਉਗਲਾਂ ਭਰਿਆ ਬਾਣਾ।
ਸਿਰਿਆਂ ਉਪਰ ਬਣਾ ਕੇ ਹਰੜਾਂ
ਰੰਗੀਲਾ ਨਾਲਾ ਇਹ ਬਣ ਜਾਣਾ।

*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

---

ਆ ਗਈਆਂ ਜੀਨ ਦੀਆਂ ਪੈਂਟਾਂ
ਉਨ੍ਹਾਂ ਵਿਚ ਪੈਂਦੇ ਨਹੀਂ ਨਾਲੇ।
ਲੋਕ ਬੋਲੀਆਂ ਵਿਚ ਹੀ ਰਹਿ ਗਏ
ਨਾਲੇ ਸ਼ਹਿਰ ਪਟਿਆਲੇ ਵਾਲੇ।
ਨਾਰ ਮਾਹੀ ਨੂੰ ਕਹਿੰਦੀ ਸੀ
ਜੇ ਜਿੰਦ ਮਾਹੀ ਚੱਲਿਓਂ ਪਟਿਆਲੇ।
ਉਥੋਂ ਲਿਆਵੀਂ ਰੇਸ਼ਮੀ ਨਾਲੇ
ਅੱਧੇ ਚਿੱਟੇ ਤੇ ਅੱਧੇ ਕਾਲੇ।
ਹਰ ਪਿੰਡ-ਸ਼ਹਿਰ ਦੇ ਘਰਾਂ ਵਿਚ
ਸੀ ਇਸ ਦਾ ਪਸਾਰ।
ਆਇਆ ਪੱਛਮੀ ਪਹਿਰਾਵਾ
ਲੋਕਾਂ ਦਿੱਤਾ ਆਪਣਾ ਵਿਰਸਾ ਵਿਸਾਰ।

*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-690-8403*

ਘਰ ਦੇ ਕੰਮ ਮੁਕਾ ਕੇ ਸਾਰੇ
ਆਣ ਪੀੜ੍ਹਾ ਡਾਹਿਆ ਬੀਬੀ ਨੇ।
ਰੰਗ-ਬਰੰਗੇ ਧਾਗਿਆਂ ਦੇ ਨਾਲ
ਫਿਰ ਤਾਣਾ ਪਾਇਆ ਬੀਬੀ ਨੇ।
ਨੂੰਹਾਂ-ਧੀਆਂ, ਨਣਾਨਾਂ-ਭਾਬੀਆਂ ਲਈ
ਇਕ ਇਕ ਨਾਲਾ ਬਣਾਇਆ ਬੀਬੀ ਨੇ।
ਹੱਥ ਦਾ ਹੁਨਰ ਕਿਉਂ ਐਵੇਂ ਛੱਡਾਂ
ਇਹ ਸਬਕ ਸਿਖਾਇਆ ਬੀਬੀ ਨੇ।

*-ਹਰਮਨਜੀਤ ਕੌਰ ਤੁੰਗ*

---

ਸੂਫ ਦੇ ਘੱਗਰੇ ਤੇ ਸਲਵਾਰਾਂ ਨਾ ਰਹੇ
ਹੁਣ ਨਾਲੇ ਬੁਣਨ ਮਸ਼ੀਨਾਂ।
ਬਾਣੇ ਸਭ ਅੰਗਰੇਜ਼ੀ ਹੋ ਗਏ
ਹੁਣ ਕੁੜੀਆਂ ਪਾਉਂਦੀਆਂ ਜੀਨਾਂ।
ਫੋਨ, ਕਿਤਾਬਾਂ, ਲੈਪਟਾਪ 'ਚ ਉਲਝੇ
ਹੁਣ ਭੁੱਲਿਆ ਹੁਨਰ ਸ਼ੌਕੀਨਾਂ।
ਦਸਤਕਾਰੀ ਦਾ ਬਸ ਭੋਗ ਪੈ ਗਿਆ
ਹੁਣ ਪ੍ਰਧਾਨ ਹੋਈਆਂ ਮਸ਼ੀਨਾਂ।

*-ਸੇਵਾ ਸਿੰਘ ਨੂਰਪੁਰੀ*
*ਫੋਨ: 408-912-3438*

---

ਕੱਲ ਮੈਂ ਮੰਜਾ ਬੁਣਿਆ
ਤੇ ਅੱਜ ਬੁਣਾਂ ਮੈਂ ਨਾਲਾ।
ਸਾਈਕਲ ਉਤੇ ਜਾ ਕੇ
ਮੈਂ ਧਾਗਾ ਲਿਆਂਦਾ ਸਾਰਾ।
ਸਾਈਕਲ ਕੰਧੋਲੀ ਨਾਲ ਧਰਿਆ
ਤੇ ਤਾਣਾ ਤਣਿਆ।
ਪਹੁ ਫੁਟਾਲੇ ਉਠ ਕੇ
ਮੈਂ ਨਾਲਾ ਬੁਣਿਆ।

*-ਹਰਦੇਸ ਮਿਨਹਾਸ, ਟੈਕਸਸ।*
*ਫੋਨ: 313-492-9560*

---

ਯੁਗ ਮਸ਼ੀਨੀ ਦੇ ਵਿਚ
ਹੱਥੀਂ ਬੁਣਦਾ ਨਾਲੇ ਕੌਣ?
ਨਾਲੇ ਬੁਣਨ ਵਾਲਾ ਅੱਡਾ
ਅੱਜ ਕੱਲ੍ਹ ਸੰਭਾਲੇ ਕੌਣ?

*-ਜੱਸੀ ਵਿਰਕ, ਨਿਊ ਜਰਸੀ।*


WEBSITE: DHOLRADIO.ORG

Dholradio.org

**Dhol Radio**

*ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ*

Request Song



Listen On Phone

Live Calls: USA 1-951-824-6365
Canada 1-604-210-1955
Skype: DHOLRADIO.ORG
1PM to 3PM
9:30PM To 11:30PM (IST)
Listen By Call: USA 702-489-0211
UK 44-20-3519-1210

Music 24/7

*Application for android and iPhone- Dhol Radio*

## ਮੁੰਬਈ ਧਮਾਕੇ: ਸੁਪਰੀਮ ਕੋਰਟ ਵੱਲੋਂ ਮੈਨਨ ਦੀ ਫਾਂਸੀ 'ਤੇ ਰੋਕ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ 1993 ਦੇ ਮੁੰਬਈ ਧਮਾਕਿਆਂ ਦੇ ਦੋਸ਼ੀ ਯਾਕੂਬ ਅਬਦੁੱਲ ਰੱਜ਼ਾਕ ਮੈਨਨ ਦੀ ਫਾਂਸੀ ਉਤੇ ਰੋਕ ਲਾ ਦਿੱਤੀ ਹੈ। ਅਦਾਲਤ ਨੇ ਮਹਾਂਰਾਸ਼ਟਰ ਸਰਕਾਰ ਨੂੰ ਮੈਨਨ ਵੱਲੋਂ ਦਾਇਰ ਨਜ਼ਰਸਾਨੀ ਪਟੀਸ਼ਨ 'ਤੇ ਨੋਟਿਸ ਜਾਰੀ ਕਰ ਦਿੱਤਾ ਹੈ। ਪਟੀਸ਼ਨ ਵਿਚ ਮੈਨਨ ਨੇ ਅਦਾਲਤ ਦੇ ਦੋ ਸਤੰਬਰ ਵਾਲੇ ਉਸ ਫੈਸਲੇ ਨੂੰ ਆਧਾਰ ਬਣਾਇਆ ਗਿਆ, ਜਿਸ ਵਿਚ ਕਿਹਾ ਗਿਆ ਸੀ ਕਿ ਫਾਂਸੀ ਦੀ ਸਜ਼ਾਯਾਫ਼ਤਾ ਕੈਦੀਆਂ ਦੀ ਸੁਣਵਾਈ ਖੁੱਲ੍ਹੀ ਅਦਾਲਤ ਵਿਚ ਹੋਣੀ ਚਾਹੀਦੀ ਹੈ।


## ਈਬੋਲਾ ਦੇ ਟਾਕਰੇ ਲਈ ਭਾਰਤ ਇਕ ਕਰੋੜ ਡਾਲਰ ਦੇਵੇਗਾ

**ਨਵੀਂ ਦਿੱਲੀ:** ਭਾਰਤ ਈਬੋਲਾ ਦੀ ਮਹਾਂਮਾਰੀ ਦੇ ਟਾਕਰੇ ਲਈ ਸੰਯੁਕਤ ਰਾਸ਼ਟਰ ਫੰਡ ਵਿਚ ਇਕ ਕਰੋੜ ਡਾਲਰ ਦਾ ਯੋਗਦਾਨ ਪਾਵੇਗਾ। ਇਸ ਭਿਆਨਕ ਰੋਗ ਕਾਰਨ ਪੱਛਮੀ ਅਫਰੀਕਾ ਵਿਚ ਹੁਣ ਤੱਕ 2600 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ। ਇਸ ਰਕਮ ਤੋਂ ਇਲਾਵਾ ਈਬੋਲਾ ਦਾ ਪਸਾਰ ਰੋਕਣ ਲਈ ਵਿਸ਼ੇਸ਼ ਵਸਤਰ ਖਰੀਦਣ ਲਈ ਵੀ 20 ਲੱਖ ਡਾਲਰ ਦਿੱਤੇ ਜਾਣਗੇ।

**Jammu Chiropractic**

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu
*Doctor of Chiropractic*
Ph: 510-940-8236
1090 La Playa Dr., Hayward CA 94545

**M.K. Nijjar DDS**
**Ruchi Nijjar DDS**

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*

*Treatments & Prevention of Gum Diseases New Patients & Children Welcome*

**510-794-7058**

WWW.DRNIJJAR.COM

*(Across From Washigton Hospital & Bart)*
*1895 Mowry Ave. Ste 104 Fremont*

**ਪੰਜਾਬ ਟਰੱਕ ਵਾਸ਼ ਐਂਡ ਰਿਪੇਅਰ**

Punjab Truck Wash & Repair 2301 Simpson Street, Kingsburg, CA 93631

*ਫਰੀਵੇ ਦੇ ਬਹੁਤ ਨਜ਼ਦੀਕ- 99 ਨਾਰਥ ਤੋਂ ਐਗਜ਼ਿਟ 112, 99 ਸਾਊਥ ਤੋਂ ਐਗਜ਼ਿਟ 114*





*ਨਵੇਂ ਪੁਰਾਣੇ ਟਾਇਰ *ਬਰੇਕ *ਆਇਲ ਚੇਂਜ *ਰੀਅਰਐਂਡ *ਸਸਪੈਂਸ਼ਨ *ਇੰਸ਼ਪੈਕਸ਼ਨ *ਕਲੱਚ *ਵੈਲਡਿੰਗ

Oil Change Special $179.99
Labour $55 per hour
All major and minor repairs.

ਤਸੱਲੀਬਖਸ਼ ਕੰਮ ਵਾਜਬ ਰੇਟ

*Free Parking*






ਸੁਖਵਿੰਦਰ ਸਿੰਘ ਸੁੱਖ, ਗਰਜਾ ਸਿੰਘ
ਫੋਨ: 559-897-2323, ਸੈਲ: 209-923-1110

# ਪੰਜਾਬ ਵਿਚ ਸਿਹਤ ਸਹੂਲਤਾਂ ਦੀ ਹਾਲਤ ਹੋਰ ਵਿਗੜੀ

**ਚੰਡੀਗੜ੍ਹ:** ਪੰਜਾਬ ਵਿਚ ਸਿਹਤ ਸਹੂਲਤਾਂ ਦੀ ਹਾਲਤ ਦਿਨੋ-ਦਿਨ ਵਿਗੜਦੀ ਜਾ ਰਹੀ ਹੈ। ਡਾਕਟਰ ਸਰਕਾਰੀ ਨੌਕਰੀ ਦੇ ਨਾਲ-ਨਾਲ ਆਪਣੀ ਦੁਕਾਨਦਾਰੀ ਖੋਲ੍ਹੀ ਬੈਠੇ ਹਨ। ਸੂਬੇ ਵਿਚ 24 ਹਜ਼ਾਰ ਤੋਂ ਵਧੇਰੇ ਡਾਕਟਰਾਂ ਦਾ ਸਰਕਾਰ ਕੋਲ ਕੋਈ ਰਿਕਾਰਡ ਹੀ ਨਹੀਂ। ਇਹ ਡਾਕਟਰ ਸੂਬੇ ਦੇ ਮੈਡੀਕਲ ਕੌਂਸਲ ਐਕਟ ਤਹਿਤ ਰਜਿਸਟਰਡ ਨਹੀਂ ਹਨ। ਭਰੋਸੇਯੋਗ ਸੂਤਰਾਂ ਮੁਤਾਬਕ ਸਾਲ 2010 ਵਿਚ ਪੰਜਾਬ ਸਰਕਾਰ ਨੇ ਸਬੰਧਤ ਐਕਟ ਵਿਚ ਅਹਿਮ ਸੋਧਾਂ ਕਰਦਿਆਂ ਪੰਜਾਬ ਵਿਚ ਆਪਣਾ ਕਾਰੋਬਾਰ ਕਰਨ ਵਾਲੇ ਸਮੂਹ ਡਾਕਟਰਾਂ ਲਈ ਪੰਜਾਬ ਮੈਡੀਕਲ ਕੌਂਸਲ ਨਾਲ ਰਜਿਸਟ੍ਰੇਸ਼ਨ ਯਕੀਨੀ ਬਣਾ ਦਿੱਤੀ ਸੀ। ਐਕਟ ਵਿਚ ਸੋਧ ਵੇਲੇ ਜੁਟਾਏ ਗਏ ਅੰਕੜਿਆਂ ਅਨੁਸਾਰ ਪੰਜਾਬ ਵਿਚ ਤਕਰੀਬਨ 40 ਹਜ਼ਾਰ ਡਾਕਟਰ ਪ੍ਰੈਕਟਿਸ ਕਰ ਰਹੇ ਸਨ, ਪਰ ਉਨ੍ਹਾਂ ਵਿਚੋਂ ਸਿਰਫ 16 ਹਜ਼ਾਰ ਡਾਕਟਰਾਂ ਨੇ ਹੀ ਐਕਟ ਨਾਲ ਰਜਿਸਟ੍ਰੇਸ਼ਨ ਕਰਵਾਈ।

ਪੰਜਾਬ ਮੈਡੀਕਲ ਕੌਂਸਲ ਰਜਿਸਟ੍ਰੇਸ਼ਨ ਐਕਟ, 1916 ਤਹਿਤ ਸਰਕਾਰੀ ਤੇ ਗ਼ੈਰ ਸਰਕਾਰੀ ਡਾਕਟਰਾਂ ਲਈ ਹਰੇਕ ਪੰਜ ਸਾਲਾਂ ਬਾਅਦ ਰਜਿਸਟ੍ਰੇਸ਼ਨ ਸਰਟੀਫਿਕੇਟ ਨਵਿਆਉਣਾ ਲਾਜ਼ਮੀ ਕੀਤਾ ਗਿਆ ਹੈ। ਐਮ.ਬੀ.ਬੀ.ਐਸ. ਦੀ ਡਿਗਰੀ ਪਾਸ ਕਰਨ ਤੋਂ ਬਾਅਦ ਹਰੇਕ ਡਾਕਟਰ ਨੂੰ ਪੰਜਾਬ ਮੈਡੀਕਲ ਕੌਂਸਲ ਕੋਲ ਰਜਿਸਟ੍ਰੇਸ਼ਨ ਕਰਾਉਣੀ ਲਾਜ਼ਮੀ ਹੈ ਤੇ ਉਸ ਤੋਂ ਬਾਅਦ ਹਰ ਪੰਜ ਸਾਲਾਂ ਬਾਅਦ ਇਸ ਨੂੰ ਨਵਿਆਉਣ ਦੀਆਂ ਹਦਾਇਤਾਂ ਹਨ। ਕੁੱਲ 40 ਹਜ਼ਾਰ ਵਿਚੋਂ 12 ਹਜ਼ਾਰ ਨੇ ਲਾਇਸੈਂਸ ਨਵਿਆਉਣ ਦੀ ਲੋੜ ਨਹੀਂ ਸਮਝੀ ਹੈ। ਇਹ ਵੀ ਪਤਾ ਲੱਗਿਆ ਹੈ ਕਿ ਕੌਂਸਲ ਦੇ ਵੋਟਰਾਂ ਦੀ ਗਿਣਤੀ ਵੀ ਘਟ ਕੇ ਦਸ ਹਜ਼ਾਰ ਰਹਿ ਗਈ ਹੈ।

ਇਕ ਹੋਰ ਜਾਣਕਾਰੀ ਅਨੁਸਾਰ ਮੈਡੀਕਲ ਕੌਂਸਲ ਵੱਲੋਂ ਸਾਲ 2011 ਵਿਚ ਰਜਿਸਟ੍ਰੇਸ਼ਨ ਨਵਿਆਉਣ ਲਈ ਹਰੇਕ ਡਾਕਟਰ ਵਾਸਤੇ ਸਾਲ ਦੇ ਦਸ ਕਰੈਡਿਟਾਂ ਦੀ ਸ਼ਰਤ ਲਾ ਦਿੱਤੀ ਸੀ। ਇਹ ਸ਼ਰਤ ਸਰਕਾਰੀ ਤੇ ਗ਼ੈਰ ਸਰਕਾਰੀ ਡਾਕਟਰਾਂ 'ਤੇ ਲਾਗੂ ਹੁੰਦੀ ਹੈ। ਇਹ ਕਰੈਡਿਟ ਮੈਡੀਕਲ ਕਾਨਫਰੰਸਾਂ ਵਿਚ ਸ਼ਾਮਲ ਹੋਣ ਜਾਂ ਖੋਜ ਪੱਤਰ ਲਿਖਣ ਲਈ ਦਿੱਤੇ ਜਾਂਦੇ ਹਨ।

ਉਦਾਹਰਣ ਵਜੋਂ ਮੈਡੀਕਲ ਜਰਨਲ ਵਿਚ ਇਕ ਲੇਖ ਛਪਣ ਦੇ ਪੰਜ ਤੇ ਮੈਡੀਕਲ ਕਾਨਫਰੰਸ ਦੇ ਬਾਰ੍ਹਾਂ ਕਰੈਡਿਟ ਰੱਖੇ ਗਏ ਹਨ। ਪੰਜਾਬ ਵਿਚ ਕੰਮ ਕਰਦੇ ਵੱਡੀ ਗਿਣਤੀ ਡਾਕਟਰ ਇਹ ਕਰੈਡਿਟ ਪ੍ਰਾਪਤ ਕਰਨ ਨਾਲੋਂ ਪ੍ਰੈਕਟਿਸ ਨੂੰ ਵਧੇਰੇ ਸਮਾਂ ਦੇਣ ਨੂੰ ਪਹਿਲ ਦੇ ਰਹੇ ਹਨ, ਇਸ ਕਰਕੇ ਉਨ੍ਹਾਂ ਦੇ ਤਿੰਨ ਸਾਲਾਂ ਦੇ 30 ਕਰੈਡਿਟ ਬਣਨ ਤੋਂ ਰਹਿ ਗਏ ਹਨ, ਜਿਸ ਦੇ ਸਿੱਟੇ ਵਜੋਂ ਰਜਿਸਟ੍ਰੇਸ਼ਨ ਨਵਿਆਉਣ ਤੋਂ ਟਾਲਾ ਵੱਟਿਆ ਜਾ ਰਿਹਾ ਹੈ। ਰਜਿਸਟ੍ਰੇਸ਼ਨ ਫ਼ੀਸ ਇਕ ਹਜ਼ਾਰ ਰੁਪਏ ਹੈ ਜਦਕਿ ਇਕ ਹਜ਼ਾਰ ਰੁਪਏ ਪ੍ਰਤੀ ਸਾਲ ਜੁਰਮਾਨਾ ਰੱਖਿਆ ਗਿਆ ਹੈ। ਸੂਤਰ ਦੱਸਦੇ ਹਨ ਕਿ ਕੌਂਸਲ ਵੱਲੋਂ ਡਾਕਟਰਾਂ ਨੂੰ ਰਜਿਸਟ੍ਰੇਸ਼ਨ ਖ਼ਤਮ ਹੋਣ ਤੋਂ ਬਾਅਦ ਇਕ-ਇਕ ਸਾਲ ਦੀ ਦਿੱਤੀ ਮੋਹਲਤ ਵੀ ਮੁੱਕ ਗਈ ਹੈ। ਕੌਂਸਲ ਦਾ ਮੰਨਣਾ ਹੈ ਕਿ ਰਜਿਸਟਰਡ ਡਾਕਟਰਾਂ ਵਿਚੋਂ ਅੱਠ ਹਜ਼ਾਰ ਦੇ ਤਕਰੀਬਨ ਪ੍ਰੈਕਟਿਸ ਵੀ ਛੱਡ ਗਏ ਹਨ।

## 24 ਹਜ਼ਾਰ ਗੈਰ-ਲਾਇਸੰਸੀ ਡਾਕਟਰ ਖੋਲ੍ਹੀ ਬੈਠੇ ਨੇ ਦੁਕਾਨਾਂ



## ਸੁਖਬੀਰ ਵੱਲੋਂ ਸਖ਼ਤ ਕਾਰਵਾਈ ਦੇ ਹੁਕਮ

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਐਕਟ ਤੋਂ ਉਲਟ ਕੰਮ ਕਰਨ ਵਾਲੇ ਡਾਕਟਰਾਂ ਖਿਲਾਫ਼ ਕਾਰਵਾਈ ਲਈ ਪੰਜਾਬ ਮੈਡੀਕਲ ਕੌਂਸਲ ਨੂੰ ਛੁੱਟੀ ਦੇ ਦਿੱਤੀ ਹੈ। ਉਨ੍ਹਾਂ ਡਾਕਟਰਾਂ ਦੇ ਅੰਕੜੇ ਇਕੱਤਰ ਕਰਨ ਦੇ ਹੁਕਮ ਵੀ ਜਾਰੀ ਕੀਤੇ। ਉਨ੍ਹਾਂ ਇਕੋ ਸਾਲਟ ਵਾਲੀ ਦਵਾਈ ਦੀ ਇਕ ਹੀ ਘੱਟੋ-ਘੱਟ ਕੀਮਤ ਤੈਅ ਕਰਨ ਬਾਰੇ ਕੇਂਦਰੀ ਕੈਮੀਕਲ ਮੰਤਰਾਲੇ ਨਾਲ ਸੰਪਰਕ ਕਰਨ ਦੇ ਹੁਕਮ ਦਿੱਤੇ। ਉਨ੍ਹਾਂ ਪ੍ਰਾਈਵੇਟ ਹਸਪਤਾਲਾਂ, ਐਕਸਰੇ ਕੇਂਦਰ, ਪੈਰਾ-ਮੈਡੀਕਲ ਤੇ ਖ਼ੂਨ ਜਾਂਚ ਕੇਂਦਰਾਂ ਨੂੰ ਪੰਜਾਬ ਮੈਡੀਕਲ ਕੌਂਸਲ ਤਹਿਤ ਰਜਿਸਟ੍ਰੇਸ਼ਨ ਕਰਾਉਣ ਲਈ ਹਾਮੀ ਭਰੀ ਅਤੇ ਲੈਬ, ਐਕਸਰੇ ਤੇ ਆਪਰੇਸ਼ਨ ਥਿਏਟਰ ਤਕਨੀਸ਼ੀਅਨਾਂ ਨੂੰ ਕੌਂਸਲ ਦੇ ਘੇਰੇ ਵਿਚ ਲਿਆਉਣ ਦੀਆਂ ਹਦਾਇਤਾਂ ਜਾਰੀ ਕਰਨ ਦਾ ਭਰੋਸਾ ਦਿੱਤਾ।

# ਓਬਾਮਾ ਦੇ ਆਲੋਚਕ ਭਾਰਤੀ ਲੇਖਕ ਨੂੰ ਮਿਲੀ ਸਜ਼ਾ

**ਨਿਊ ਯਾਰਕ:** ਕੰਜ਼ਰਵੇਟਿਵ ਭਾਰਤੀ-ਅਮਰੀਕੀ ਲੇਖਕ ਤੇ ਓਬਾਮਾ ਦੇ ਆਲੋਚਕ ਦਿਨੇਸ਼ ਡਿਸੂਜ਼ਾ ਜਿਸ ਨੇ ਅਮਰੀਕੀ ਫੈਡਰਲ ਚੋਣ ਮੁਹਿੰਮ ਦੇ ਕਾਨੂੰਨਾਂ ਦੀ ਅਵੱਗਿਆ ਕਰਨ ਦਾ ਇਕਬਾਲ ਕੀਤਾ ਸੀ, ਜੇਲ੍ਹ ਜਾਣ ਤੋਂ ਬਚ ਗਿਆ ਪਰ ਉਸ ਨੂੰ ਪੰਜ ਸਾਲਾਂ ਲਈ ਪ੍ਰੋਬੇਸ਼ਨ ਤਹਿਤ ਰਹਿਣਾ ਪਵੇਗਾ। ਲੋਕ ਸੇਵਾ ਨਿਭਾਉਣੀ ਪਵੇਗੀ ਤੇ 30000 ਡਾਲਰ ਦਾ ਜੁਰਮਾਨਾ ਤਾਰਨਾ ਪਵੇਗਾ।

ਕੈਲੀਫੋਰਨੀਆ ਦੇ 53 ਸਾਲਾ ਡਿਸੂਜ਼ਾ ਨੂੰ ਜ਼ਿਲ੍ਹਾ ਜੱਜ ਰਿਚਰਡ ਬਰਮੈਨ ਨੇ ਸੰਘੀ ਚੋਣ ਮੁਹਿੰਮ ਦੇ ਕਾਨੂੰਨ ਤੋੜਨ ਤੇ ਹੋਰਨਾਂ ਦੇ ਨਾਵਾਂ ਹੇਠ ਅਮਰੀਕਾ ਦੀ ਸੈਨੇਟ ਲਈ ਮੁਹਿੰਮ ਵਿਚ ਗੈਰਕਾਨੂੰਨੀ ਢੰਗ ਨਾਲ ਚੰਦੇ ਜਮ੍ਹਾਂ ਕਰਾਉਣ ਦਾ ਦੋਸ਼ੀ ਪਾਇਆ ਸੀ।

ਮੈਨਹਟਨ ਦੀ ਸੰਘੀ ਅਦਾਲਤ ਨੇ ਉਸ ਨੂੰ ਪੰਜ ਸਾਲ ਪ੍ਰੋਬੇਸ਼ਨ ਹੇਠ ਰੱਖੇ ਜਾਣ ਦੀ ਸਜ਼ਾ ਸੁਣਾਈ ਹੈ। ਪਹਿਲੇ ਸਾਲ ਦੇ ਅੱਠ ਮਹੀਨੇ ਉਸ ਨੂੰ ਸਮੁਦਾਇਕ ਸੇਵਾ ਕਰਨੀ ਪਵੇਗੀ। ਇਸ ਤੋਂ ਇਲਾਵਾ ਜੱਜ ਨੇ ਉਸ ਨੂੰ ਪੰਜ ਸਾਲਾਂ ਦੌਰਾਨ ਚਾਰ ਹਫ਼ਤੇ ਅੱਠ ਘੰਟੇ ਲੋਕ ਸੇਵਾ ਕਰਨ ਤੇ ਹਫ਼ਤਾਵਾਰੀ ਕਾਊਂਸਲਿੰਗ ਲੈਣ ਤੇ 30 ਹਜ਼ਾਰ ਡਾਲਰ ਜੁਰਮਾਨਾ ਵੀ ਕੀਤਾ ਹੈ।

ਮੈਨਹਟਨ ਦੇ ਅਮਰੀਕੀ ਅਟਾਰਨੀ ਪ੍ਰੀਤ ਭਗਰਾ ਨੇ ਕਿਹਾ ਕਿ ਡਿਸੂਜ਼ਾ ਨੇ ਸੈਨੇਟ ਦੀ ਚੋਣ ਮੁਹਿੰਮ ਦੌਰਾਨ ਗ਼ੈਰਕਾਨੂੰਨੀ ਢੰਗ ਨਾਲ 10 ਹਜ਼ਾਰ ਡਾਲਰ ਜਮ੍ਹਾਂ ਕਰਾਉਣ ਦੀ ਕੋਸ਼ਿਸ਼ ਕੀਤੀ ਸੀ। ਉਸ 'ਤੇ ਗਲਤ ਬਿਆਨੀ ਕਰਨ ਦਾ ਵੀ ਦੋਸ਼ ਸੀ। ਮੁੰਬਈ ਦੇ ਜੰਮਪਲ ਡਿਸੂਜ਼ਾ ਨੇ 20 ਮਈ ਨੂੰ ਆਪਣੇ ਦੋਸ਼ ਮੰਨ ਲਏ ਸਨ ਤੇ ਕਿਹਾ ਸੀ ਕਿ ਉਸ ਨੇ 20000 ਡਾਲਰ ਸੈਨੇਟ ਦੀ ਮੁਹਿੰਮ ਲਈ ਚੰਦਾ ਦੇਣ ਦੀ ਕੋਸ਼ਿਸ਼ ਕੀਤੀ ਸੀ। ਚੋਣ ਕਾਨੂੰਨ ਤਹਿਤ ਕਿਸੇ ਉਮੀਦਵਾਰ ਲਈ 5000 ਡਾਲਰ ਤੋਂ ਵੱਧ ਚੰਦਾ ਦੇਣ 'ਤੇ ਮਨਾਹੀ ਹੈ।


# ਬਰਾੜ ਪਰਿਵਾਰ ਦੀ ਜ਼ਮੀਨ ਨਿਲਾਮ ਕਰਨ ਦੇ ਹੁਕਮ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਹਰਚਰਨ ਸਿੰਘ ਬਰਾੜ ਦੇ ਪਰਿਵਾਰ ਨੂੰ ਝਟਕਾ ਦਿੰਦਿਆਂ ਸੂਬੇ ਦੇ ਕਰਜ਼ਾ ਵਸੂਲੀ ਟ੍ਰਿਬਿਊਨਲ ਨੇ ਕਰਜ਼ੇ ਬਦਲੇ ਗਹਿਣੇ ਧਰੀ ਜ਼ਮੀਨ ਦੀ ਨਿਲਾਮੀ ਦੇ ਅਧਿਕਾਰ ਬੈਂਕ ਨੂੰ ਦੇ ਦਿੱਤੇ ਹਨ। ਟ੍ਰਿਬਿਊਨਲ ਦੇ ਪ੍ਰੀਜ਼ਾਈਡਿੰਗ ਅਫ਼ਸਰ ਵੱਲੋਂ ਇਹ ਹੁਕਮ ਭਾਰਤੀ ਸਟੇਟ ਬੈਂਕ (ਐਸ.ਬੀ.ਆਈ.) ਬਨਾਮ ਹਰਗੋਬਿੰਦ ਮਿਲਕਟੈਕ ਦੇ ਮਾਮਲੇ ਵਿਚ ਸੁਣਾਏ ਗਏ। ਇਸ ਕੰਪਨੀ ਦਾ ਚੇਅਰਮੈਨ ਮਰਹੂਮ ਮੁੱਖ ਮੰਤਰੀ ਦਾ ਪੋਤਰਾ ਹਰਸਿਮਰਨ ਸਿੰਘ ਬਰਾੜ ਹੈ। ਕੰਪਨੀ ਨੇ ਬਰਾੜ ਪਰਿਵਾਰ ਦੀ 449 ਕਨਾਲ 11 ਮਰਲੇ ਜ਼ਮੀਨ, ਜੋ ਕਿ ਜੱਦੀ ਹੈ ਤੇ ਪਿੰਡ ਸਰਾਏਨਾਗਾ (ਮੁਕਤਸਰ ਸਾਹਿਬ) ਵਿਚ ਸਥਿਤ ਹੈ, ਨੂੰ ਗਹਿਣੇ ਧਰ ਕੇ ਸਾਲ 2006 ਵਿਚ ਐਸ.ਬੀ.ਆਈ. ਤੋਂ 190 ਲੱਖ ਰੁਪਏ ਟਰਮ ਲੋਨ (ਮਿਆਦੀ ਕਰਜ਼ਾ) ਲਿਆ ਸੀ ਤੇ 12 ਕਰੋੜ ਰੁਪਏ ਦੀ ਕੈਸ਼ ਕਰੈਡਿਟ ਲਿਮਟ ਬਣਾਈ ਸੀ। ਬੈਂਕ ਨੇ 2012 ਤੱਕ ਦੇ ਕਰਜ਼ੇ ਦਾ ਲੇਖਾ-ਜੋਖਾ ਕਰਦਿਆਂ 2.28 ਕਰੋੜ ਰੁਪਏ ਦੀ ਵਸੂਲੀ ਦਾ ਮਾਮਲਾ ਕਰਜ਼ਾ ਵਸੂਲੀ ਟ੍ਰਿਬਿਊਨਲ ਵਿਚ ਦਾਇਰ ਕੀਤਾ ਸੀ।

ਐਸ.ਬੀ.ਆਈ. ਨੇ ਟ੍ਰਿਬਿਊਨਲ ਵਿਚ ਕੇਸ ਦਾਇਰ ਕਰਦਿਆਂ ਦੋਸ਼ ਲਾਇਆ ਸੀ ਕਿ ਕਰਜ਼ਦਾਰਾਂ ਵੱਲੋਂ ਕਰਜ਼ੇ ਦੀ ਅਦਾਇਗੀ ਤੇ ਹੋਰਨਾਂ ਵਿੱਤੀ ਲੈਣ-ਦੇਣ ਦੀਆਂ ਸ਼ਰਤਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ। ਬੈਂਕ ਦਾ ਕਹਿਣਾ ਹੈ ਕਿ ਕਰਜ਼ੇ ਦੀ ਵਸੂਲੀ ਲਈ ਕੰਪਨੀ ਨਾਲ ਕਈ ਵਾਰੀ ਪੱਤਰ ਵਿਹਾਰ ਕੀਤਾ ਗਿਆ ਪਰ ਕੋਈ ਜਵਾਬ ਨਹੀਂ ਦਿੱਤਾ ਗਿਆ। ਕਰਜ਼ਦਾਰਾਂ ਦੇ ਰੁਖ਼ ਕਾਰਨ ਭਾਰਤੀ ਰਿਜ਼ਰਵ ਬੈਂਕ ਤੇ ਸੇਬੀ ਦੇ ਨਿਯਮਾਂ ਨੂੰ ਮੁੱਖ ਰਖਦਿਆਂ ਕਰਜ਼ੇ ਵਾਲਾ ਖ਼ਾਤਾ 'ਗੈਰ-ਪਦਾਇਸ਼ੀ ਅਸਾਸੇ' (ਐਨ.ਪੀ.ਏ.) ਦੀ ਸੂਚੀ ਵਿਚ ਸ਼ਾਮਲ ਕਰ ਦਿੱਤਾ।

ਟ੍ਰਿਬਿਊਨਲ ਦੇ ਹੁਕਮਾਂ ਤੋ ਇਹ ਤੱਥ ਵੀ ਸਾਹਮਣੇ ਆਇਆ ਹੈ ਕਿ ਉਕਤ ਕੰਪਨੀ ਨੇ ਟ੍ਰਿਬਿਊਨਲ ਵਿਚ ਚੱਲ ਰਹੇ ਕੇਸ ਵਿਚ ਵੀ ਕੋਈ ਜਵਾਬ ਦੇਣਾ ਮੁਨਾਸਿਬ ਨਹੀਂ ਸਮਝਿਆ। ਇਨ੍ਹਾਂ ਤੱਥਾਂ ਨੂੰ ਘੋਖਦਿਆਂ ਕਰਜ਼ਾ ਵਸੂਲੀ ਟ੍ਰਿਬਿਊਨਲ ਨੇ ਬੈਂਕ ਨੂੰ ਕਰਜ਼ੇ ਬਦਲੇ ਗਹਿਣੇ ਲਈ ਜ਼ਮੀਨ ਨਿਲਾਮ ਕਰਕੇ ਕਰਜ਼ੇ ਦੀ ਭਰਪਾਈ ਕਰਨ ਦੇ ਹੁਕਮ ਦੇ ਦਿੱਤੇ ਹਨ। ਇਹ ਵੀ ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਨੌਂ ਸਤੰਬਰ ਨੂੰ ਇਕ ਫੈਸਲੇ ਰਾਹੀਂ ਟ੍ਰਿਬਿਊਨਲ ਨੇ ਐਸ.ਬੀ.ਆਈ. ਦੇ ਅਧਿਕਾਰੀਆਂ ਵੱਲੋਂ ਕਰਜ਼ੇ ਦੀ ਵਸੂਲੀ ਦੀ ਥਾਂ ਯਕਮੁਸ਼ਤ ਸਕੀਮ ਦਾ ਲਾਭ ਦੇਣ ਦਾ ਨੋਟਿਸ ਲਿਆ ਸੀ। ਟ੍ਰਿਬਿਊਨਲ ਨੇ ਬੈਂਕ ਤੇ ਕਰਜ਼ਦਾਰਾਂ ਦੀ ਇਸ ਯੋਜਨਾ ਨੂੰ ਸਿਰੇ ਨਹੀਂ ਸੀ ਚੜ੍ਹਨ ਦਿੱਤਾ ਸੀ ਤੇ ਬੈਂਕ ਅਧਿਕਾਰੀਆਂ ਨੂੰ ਫਟਕਾਰ ਵੀ ਲਾਈ ਸੀ। ਟ੍ਰਿਬਿਊਨਲ ਦਾ ਇਹ ਵੀ ਕਹਿਣਾ ਹੈ ਕਿ ਜੇਕਰ ਉਕਤ ਜ਼ਮੀਨ ਨਾਲ ਕਰਜ਼ੇ ਦੀ ਵਸੂਲੀ ਨਹੀਂ ਹੁੰਦੀ ਤਾਂ ਹੋਰ ਸੰਪਤੀ ਦਾ ਹਿਸਾਬ ਵੀ ਲਗਾਇਆ ਜਾ ਸਕਦਾ ਹੈ। ਬੈਂਕ ਕੋਲ ਗਹਿਣੇ ਪਈ 449 ਕਨਾਲ 11 ਮਰਲੇ ਜ਼ਮੀਨ ਮਰਹੂਮ ਹਰਚਰਨ ਸਿੰਘ ਬਰਾੜ, ਉਨ੍ਹਾਂ ਦੇ ਮਰਹੂਮ ਪੁੱਤਰ ਕੰਵਰਜੀਤ ਸਿੰਘ ਬਰਾੜ, ਪੁੱਤਰੀ ਕੰਵਲਜੀਤ ਕੌਰ ਬਰਾੜ ਦੇ ਨਾਂ ਹੈ।

## ਕਰਜ਼ਾ ਨਾ ਮੋੜਨ 'ਤੇ ਟ੍ਰਿਬਿਊਨਲ ਨੇ ਸੁਣਾਇਆ ਫੈਸਲਾ



# ਖਾੜਕੂ ਗੁਰਦੀਪ ਸਿੰਘ ਰਾਣਾ ਵੱਲੋਂ ਆਤਮ-ਸਮਰਪਣ

**ਰਾਜਪੁਰਾ:** ਜਗਤਾਰ ਸਿੰਘ ਹਵਾਰਾ ਜੇਲ੍ਹ ਤੋੜ ਕਾਂਡ ਵਿਚ ਮਦਦਗਾਰ ਤੇ ਅਖੌਤੀ ਸਾਧ ਪਿਆਰਾ ਸਿੰਘ ਭਨਿਆਰਾਂ ਵਾਲੇ 'ਤੇ ਹਮਲੇ ਦੇ ਮਾਮਲੇ ਵਿਚ ਨਾਮਜ਼ਦ ਗੁਰਦੀਪ ਸਿੰਘ ਰਾਣਾ ਨੇ ਅਦਾਲਤ ਵਿਚ ਆਤਮ-ਸਮਰਪਣ ਕਰ ਦਿੱਤਾ।

ਆਤਮ-ਸਮਰਪਣ ਦੀ ਸੂਚਨਾ ਮਿਲਦੇ ਹੀ ਬਨੂੜ ਪੁਲਿਸ ਦੀ ਟੀਮ ਰਾਜਪੁਰਾ ਪਹੁੰਚੀ ਤੇ ਖਾੜਕੂ ਗੁਰਦੀਪ ਸਿੰਘ ਰਾਣਾ ਦਾ ਪੁਲਿਸ ਰਿਮਾਂਡ ਮੰਗਿਆ ਪਰ ਜੱਜ ਨੇ ਉਸ ਨੂੰ 10 ਅਕੂਤਬਰ ਤਕ ਜੁਡੀਸੀਅਲ ਰੀਮਾਂਡ 'ਤੇ ਪਟਿਆਲਾ ਜੇਲ੍ਹ ਭੇਜ ਦਿਤਾ। ਬਨੂੜ ਦੇ ਥਾਣਾ ਮੁਖੀ ਦੀਵਿੰਦਰ ਅਤਰੀ ਨੇ ਦੱਸਿਆ ਕਿ ਗੁਰਦੀਪ ਸਿੰਘ ਰਾਣਾ ਨੇ ਜਗਤਾਰ ਸਿੰਘ ਹਵਾਰਾ ਜੇਲ੍ਹ ਤੋੜ ਕਾਂਡ ਵਿਚ ਮਦਦ ਕੀਤੀ ਸੀ ਤੇ ਉਹ ਅਖੌਤੀ ਸਾਧ ਪਿਆਰਾ ਸਿੰਘ ਭਨਿਆਰਾਂ ਵਾਲੇ 'ਤੇ ਹਮਲੇ ਦੇ ਮਾਮਲੇ ਵਿਚ ਵੀ ਨਾਮਜ਼ਦ ਸੀ।

ਬਨੂੜ ਪੁਲਿਸ ਨੇ ਉਸ ਵਿਰੁਧ ਧਾਰਾ 399,406,411 ਤੇ ਆਰਮਜ਼ ਐਕਟ 25/54/59 ਤਹਿਤ ਮਾਮਲਾ ਦਰਜ ਕੀਤਾ ਹੋਇਆ ਹੈ ਤੇ ਪੁਲਿਸ ਉਸ ਦੀ ਭਾਲ ਵਿਚ ਛਾਪੇ ਮਾਰ ਰਹੀ ਸੀ। ਉਧਰ ਗੁਰਦੀਪ ਸਿੰਘ ਰਾਣਾ ਦਾ ਕਹਿਣਾ ਹੈ ਕਿ ਪੁਲਿਸ ਉਸ ਨੂੰ ਨਵੇਂ ਮਾਮਲੇ ਵਿਚ ਫਸਾਉਣਾ ਚਾਹੁੰਦੀ ਸੀ ਜਿਸ ਕਰ ਕੇ ਉਹ ਕੁਝ ਸਮੇਂ ਲਈ ਰੂਪੋਸ਼ ਹੋ ਗਿਆ ਸੀ। ਉਸ ਨੇ ਦੋਸ਼ ਲਾਇਆ ਕਿ ਪੁਲਿਸ ਉਸ ਦੇ ਪਰਵਾਰਕ ਜੀਆਂ ਤੇ ਉਸ ਦੇ ਰਿਸ਼ਤੇਦਾਰਾਂ ਨੂੰ ਜਾਣ-ਬੁਝ ਕੇ ਪ੍ਰੇਸ਼ਾਨ ਕਰ ਰਹੀ ਸੀ।

# ਐਨ.ਆਰ.ਆਈ. ਵੱਲੋਂ ਅਕਾਲੀ ਆਗੂ 'ਤੇ ਜ਼ਮੀਨ ਦੱਬਣ ਦੇ ਦੋਸ਼

**ਚੰਡੀਗੜ੍ਹ:** ਜ਼ਿਲ੍ਹਾ ਕਪੂਰਥਲਾ ਦੇ ਪਿੰਡ ਸੁੱਜੋਕਾਲੀਆ ਵਾਸੀ ਐਨ.ਆਰ.ਆਈ. ਔਰਤ ਤੇ ਉਸਦੇ ਪੁੱਤਰ ਨੇ ਪੰਜਾਬ ਦੀ ਸਾਬਕਾ ਮੰਤਰੀ ਤੇ ਸੀਨੀਅਰ ਅਕਾਲੀ ਆਗੂ ਡਾ. ਉਪਿੰਦਰਜੀਤ ਕੌਰ 'ਤੇ ਗੰਭੀਰ ਦੋਸ਼ ਲਾਏ ਹਨ ਕਿ ਉਸਦੇ ਸਮਰਥਕਾਂ ਵੱਲੋਂ ਉਨ੍ਹਾਂ ਦੀ ਜ਼ਮੀਨ ਦੇ ਕੁਝ ਹਿੱਸੇ 'ਤੇ ਜਬਰੀ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤੇ ਬੀਬੀ ਵੱਲੋਂ ਉਨ੍ਹਾਂ ਦਾ ਬਚਾਅ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਕਪੂਰਥਲਾ ਵਿਚ ਸੁਲਤਾਨਪੁਰ ਲੋਧੀ ਵਿਚ ਪੈਂਦੇ ਪਿੰਡ ਸੁੱਜੋਕਾਲੀਆ ਦੀ ਵਸਨੀਕ ਰਵਿੰਦਰ ਕੌਰ, ਜੋ ਅਮਰੀਕਾ ਦੇ ਨਿਊ ਜਰਸੀ ਵਿਚ ਰਹਿ ਰਹੀ ਹੈ ਤੇ ਉਸਦੇ ਪੁੱਤਰ ਨਵਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਕੋਲ ਪਿੰਡ ਦੇ ਗੁਰਦੁਆਰੇ ਨੇੜੇ ਸਾਢੇ ਚਾਰ ਏਕੜ ਵਾਹੀਯੋਗ ਜ਼ਮੀਨ ਹੈ ਤੇ ਇਸ ਵਿਚੋਂ 19 ਮਰਲਿਆਂ ਨੂੰ ਛੱਡ ਕੇ ਬਾਕੀ ਸਾਰੀ ਜ਼ਮੀਨ ਖੇਤੀ ਲਈ ਵਰਤੀ ਜਾ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਪਿੰਡ ਦੇ ਪੰਚਾਇਤ ਮੈਂਬਰ ਦਰਸ਼ਨ ਸਿੰਘ, ਜੋ ਕਿ ਡਾ. ਉਪਿੰਦਰਜੀਤ ਕੌਰ ਦਾ ਕਰੀਬੀ ਹੈ ਤੇ ਉਸਦੇ ਸਮਰਥਕਾਂ ਵੱਲੋਂ ਉਨ੍ਹਾਂ ਦੀ 19 ਮਰਲੇ ਵਾਹੀਯੋਗ ਜ਼ਮੀਨ ਵਿਚੋਂ ਚਾਰ ਮਰਲੇ ਜ਼ਮੀਨ 'ਤੇ ਖਾਲ ਬਣਾਉਣ ਲਈ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਚਾਂ ਵੱਲੋਂ ਉਨ੍ਹਾਂ ਨੂੰ ਝੂਠੇ ਕੇਸ ਵਿਚ ਫਸਾਉਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਰਵਿੰਦਰ ਕੌਰ ਨੇ ਕਿਹਾ ਕਿ ਉਸਦੇ ਪੁੱਤਰ ਨੂੰ ਪੁਲਿਸ ਵੱਲੋਂ ਥਾਣੇ ਬੁਲਾ ਕੇ ਸਿਆਸੀ ਦਬਾਅ ਹੇਠ ਤੰਗ ਪ੍ਰੇਸ਼ਾਨ ਕੀਤਾ ਜਾਂਦਾ ਸੀ।



ਦੂਜੇ ਪਾਸੇ ਦਰਸ਼ਨ ਸਿੰਘ ਨੇ ਕਿਹਾ ਕਿ ਰਵਿੰਦਰ ਕੌਰ ਤੇ ਉਸਦੇ ਪੁੱਤਰ ਵੱਲੋਂ ਬਿਨਾਂ ਕਿਸੇ ਮੁੱਦੇ ਤੋਂ ਰੌਲਾ ਪਾਇਆ ਜਾ ਰਿਹਾ ਹੈ। ਉਸਨੇ ਕਿਹਾ ਕਿ ਅਸੀਂ ਤਾਂ ਪੁਰਾਣੇ ਖਾਲ, ਜੋ ਫਰਵਰੀ ਤੱਕ ਚੱਲਦਾ ਸੀ ਤੇ ਰਵਿੰਦਰ ਕੌਰ ਦੇ ਪਰਿਵਾਰ ਵੱਲੋਂ ਖ਼ਤਮ ਕਰ ਦਿੱਤਾ ਗਿਆ ਸੀ, ਨੂੰ ਵੀ ਮੁੜ ਚਾਲੂ ਕਰਨ ਦਾ ਯਤਨ ਨਹੀਂ ਕੀਤਾ। ਅਸੀਂ ਕਿਸੇ ਜ਼ਮੀਨ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਨਹੀਂ ਕੀਤੀ।

## ਝਗੜੇ ਨਾਲ ਕੋਈ ਲੈਣਾ ਦੇਣਾ ਨਹੀਂ: ਉਪਿੰਦਰਜੀਤ

ਅਕਾਲੀ ਆਗੂ ਅਤੇ ਸਾਬਕਾ ਮੰਤਰੀ ਡਾ. ਉਪਿੰਦਰਜੀਤ ਕੌਰ ਨੇ ਕਿਹਾ ਕਿ ਦੋ ਪਰਿਵਾਰਾਂ ਦੇ ਝਗੜੇ ਵਿਚ ਬਿਨਾਂ ਕਿਸੇ ਕਾਰਨ ਉਨ੍ਹਾਂ ਨੂੰ ਘੜੀਸਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਦੋਵਾਂ ਪਰਿਵਾਰਾਂ ਦੇ ਵਧੀਆ ਸਬੰਧ ਸਨ ਉਦੋਂ ਤੱਕ ਇਹ ਖਾਲ ਚੱਲਦਾ ਸੀ ਤੇ ਦੋਵਾਂ ਧਿਰਾਂ ਦੇ ਝਗੜੇ ਮਗਰੋਂ ਇਕ ਧਿਰ ਨੇ ਖਾਲ ਬੰਦ ਕਰ ਦਿੱਤਾ। ਪ੍ਰਸ਼ਾਸਨ ਵੱਲੋਂ ਜ਼ਮੀਨਦੋਜ਼ ਪਾਈਪਾਂ ਪਾ ਕੇ ਮਸਲਾ ਹੱਲ ਕਰਨ ਦਾ ਸੁਝਾਅ ਵੀ ਦਿੱਤਾ ਸੀ ਪਰ ਐਨ.ਆਰ.ਆਈ. ਧਿਰ ਇਸ ਲਈ ਵੀ ਤਿਆਰ ਨਹੀਂ ਹੈ।

ਉਨ੍ਹਾਂ ਨੇ ਸਾਰੇ ਦੋਸ਼ਾਂ ਨੂੰ ਝੂਠ ਦਾ ਪੁਲੰਦਾ ਆਖਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਉਹ ਦੋਵੇਂ ਧਿਰਾਂ ਵਿਚੋਂ ਕਿਸੇ ਨੂੰ ਵੀ ਨਿੱਜੀ ਤੌਰ 'ਤੇ ਨਹੀਂ ਜਾਣਦੇ ਪਰ ਉਨ੍ਹਾਂ ਨੇ ਇਸ ਮਾਮਲੇ ਦੀ ਜਾਣਕਾਰੀ ਹੋਣ ਦੀ ਗੱਲ ਕਬੂਲਦਿਆਂ ਕਿਹਾ ਕਿ ਉਨ੍ਹਾਂ ਨੇ ਦੋਵਾਂ ਧਿਰਾਂ ਵਿਚਾਲੇ ਰਾਜ਼ੀਨਾਮਾ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ।

# ਸਿੱਖ ਕੌਮ ਦਾ ਸ਼ਾਹ ਅਸਵਾਰ ਰਾਜਨੀਤੀਵੇਤਾ-ਗੰਗਾ ਸਿੰਘ ਢਿੱਲੋਂ

ਏਕ ਦਾਨਾ ਕਾਫੀ ਹੈ
ਤਖਲੀਦਿ ਚਮਨ ਕੇ ਲੀਏ,
ਮਰਦਿ ਵਾਹਿਦ ਸੇ,
ਅਦਾਰੇ ਭੀ ਨਿਕਲ ਆਤੇ ਹੈਂ।

ਉਰਦੂ ਸ਼ਾਇਰ ਮੁਹੰਮਦ ਇਕਬਾਲ ਦਾ ਇਹ ਸ਼ੇਅਰ ਮਰਹੂਮ ਸ. ਗੰਗਾ ਸਿੰਘ ਢਿਲੋਂ 'ਤੇ ਬਿਲਕੁਲ ਢੁੱਕਦਾ ਹੈ। ਇਹ ਦੁਖ ਦੀ ਗੱਲ ਹੈ ਕਿ ਗੁਰੂ ਦਾ ਉਹ ਸਿੱਖ ਜਿਸ ਨੇ ਆਪਣੇ ਕੀਤੇ ਕੌਲ ਇਕਰਾਰ ਨੂੰ ਆਖਰੀ ਦਮ ਤਕ ਨਿਭਾਇਆ, ਸਿੱਖ ਕੌਮ ਨੇ ਉਸ ਨੂੰ ਸਮਝਣ ਦਾ ਯਤਨ ਹੀ ਨਹੀਂ ਕੀਤਾ ਸਗੋਂ ਕੁਝ ਸਾਡੇ ਆਪਣੇ ਹੀ ਉਸ ਨੂੰ ਸ਼ੱਕ ਦੀਆਂ ਨਜ਼ਰਾਂ ਨਾਲ ਦੇਖਦੇ ਰਹੇ, ਕੋਈ ਉਸ ਨੂੰ

**ਡਾ. ਤਰਲੋਚਨ ਸਿੰਘ ਨਾਹਲ**
**ਕੈਲੀਫੋਰਨੀਆ**
**emial: tnahal99@yahoo.com**

ਪਾਕਿਸਤਾਨ ਦਾ ਏਜੰਟ ਕਹਿੰਦਾ ਰਿਹਾ ਤੇ ਕੋਈ ਕੁਝ ਹੋਰ।

ਸ. ਗੰਗਾ ਸਿੰਘ ਢਿਲੋਂ ਦਾ ਜਨਮ 1928 ਈ. ਵਿਚ ਸ੍ਰੀ ਨਨਕਾਣਾ ਸਾਹਿਬ ਤੋਂ ਅੱਠ ਮੀਲ ਦੂਰ ਚੱਕ 18, ਜ਼ਿਲਾ ਸ਼ੇਖੂਪੁਰਾ ਵਿਚ ਪਿਤਾ ਸ. ਕਾਹਨ ਸਿੰਘ ਦੇ ਘਰ ਹੋਇਆ। ਇਨ੍ਹਾਂ ਦਾ ਜੱਦੀ ਪਿੰਡ ਦੂਗੈਚ ਭਸੀਨ ਸੀ। ਉਸ ਤੋਂ ਪਹਿਲਾਂ ਕਿਸੇ ਸਮੇਂ ਇਨ੍ਹਾਂ ਦੇ ਵੱਡੇ ਵਡੇਰੇ ਪੰਜਵੜ, ਜ਼ਿਲਾ ਅੰਮ੍ਰਿਤਸਰ ਵਿਚ ਵਸਦੇ ਸਨ। ਸ. ਢਿੱਲੋਂ ਨੇ ਮੁਢਲੀ ਸਿੱਖਿਆ ਨਾਲ ਲਗਦੇ ਪਿੰਡ ਚੱਕ 19 ਅਤੇ ਹਾਈ ਸਕੂਲ ਦੀ ਪੜ੍ਹਾਈ ਨਨਕਾਣਾ ਸਾਹਿਬ ਖਾਲਸਾ ਹਾਈ ਸਕੂਲ ਤੋਂ ਕੀਤੀ। ਉਸ ਉਪਰੰਤ



*11 ਅਪਰੈਲ 1999 ਨੂੰ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਐਲਾਨ ਕਰਨ ਸਮੇਂ (ਖੱਬਿਓਂ ਸੱਜੇ) ਚੌਧਰੀ ਹਾਮਿਦ ਅਲੀ ਖਾਨ (ਪ੍ਰਧਾਨ ਨਨਕਾਣਾ ਸਾਹਿਬ ਫਾਊਂਡੇਸ਼ਨ), ਸ. ਗੰਗਾ ਸਿੰਘ ਢਿੱਲੋਂ ਅਤੇ ਪਾਕਿਸਤਾਨ ਦੇ ਤਤਕਾਲੀ ਰਾਸ਼ਟਰਪਤੀ ਜਨਾਬ ਰਫੀਕ ਤਾਰਿਰ*

ਉਨ੍ਹਾਂ ਨੇ ਸਿੱਖ ਨੈਸ਼ਨਲ ਖਾਲਜ ਲਾਹੌਰ ਵਿਚ ਦਾਖਲਾ ਲੈ ਲਿਆ।

ਉਸ ਵੇਲੇ ਹਿੰਦੋਸਤਾਨ ਦੀ ਵੰਡ ਦੀਆਂ ਤਿਆਰੀਆਂ ਹੋ ਰਹੀਆਂ ਸਨ ਅਤੇ ਭਾਰਤੀ ਉਪਦੀਪ ਵਿਚ ਬਹੁਤ ਧਾਰਮਿਕ, ਸਮਾਜਕ, ਅਤੇ ਰਾਜਸੀ ਉਥਲ ਪੁਥਲ ਹੋ ਰਹੀ ਸੀ। ਸੈਂਕੜੇ ਸਾਲਾਂ ਤੋਂ ਇਕਠੀਆਂ ਵਸਦੀਆਂ ਕੌਮਾਂ ਇਕ ਦੂਜੇ ਦੀਆਂ ਦੁਸ਼ਮਣ ਬਣ ਬੈਠੀਆਂ ਸਨ। ਹਿੰਦੋਸਤਾਨ ਦੀ ਵੰਡ ਹੋ ਕੇ ਇਸ ਵਿਚੋਂ ਮੁਸਲਮਾਨਾਂ ਦਾ ਮੁਲਕ ਪਾਕਿਸਤਾਨ ਬਣ ਰਿਹਾ ਸੀ।


ਪ੍ਰਭੁਸੱਤਾਸੰਪੰਨ ਸਿੱਖ ਸਟੇਟ ਵਾਸਤੇ ਮੰਗ ਵੀ 1940 ਤੋਂ ਹੀ ਸ਼ੁਰੂ ਹੋ ਗਈ ਸੀ। ਸਾਲ 1946 ਵਿਚ ਸਿੱਖ ਸਟੇਟ ਦੀ ਪ੍ਰਾਪਤੀ ਵਾਸਤੇ ਤਿੰਨ ਕਿਤਾਬਾਂ ਵੀ ਲਿਖੀਆਂ ਜਾ ਚੁੱਕੀਆਂ ਸਨ। ਮਾਰਚ 9, 1946 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਨੇ ਵੀ ਸਿੱਖ ਸਟੇਟ ਦੀ ਕਾਇਮੀ ਲਈ ਮਤਾ ਪਾਸ ਕਰ ਦਿਤਾ ਸੀ। ਸ. ਗੰਗਾ ਸਿੰਘ ਢਿਲੋਂ ਅਤੇ ਉਸ ਦੇ ਨੌਜੁਆਨ ਵਿਦਿਆਰਥੀ ਦੋਸਤ ਇਨ੍ਹਾਂ ਆਉਣ ਵਾਲੀਆਂ ਰਾਜਸੀ ਤਬਦੀਲੀਆਂ ਤੋਂ ਅਣਭਿੱਜ ਨਹੀਂ ਸਨ। ਇਹੀ ਕਾਰਨ ਸੀ ਕਿ ਜਦੋਂ ਮੁਸਲਮਾਨਾਂ ਵਲੋਂ ਪਾਕਿਸਤਾਨ ਦੇ ਪੱਖ ਵਿਚ ਨਾਅਰੇ ਲਾਹੌਰ ਅਤੇ ਹੋਰ ਸ਼ਹਿਰਾਂ ਵਿਚ ਲਗਦੇ ਤਾਂ ਸ. ਗੰਗਾ ਸਿੰਘ ਢਿਲੋਂ ਅਤੇ ਉਸ ਦੇ ਸਾਥੀਆਂ ਨੇ ਵੀ ਲਾਹੌਰ ਦੀਆਂ ਗਲੀਆਂ 'ਚ ਇਹ ਨਾਅਰਾ ਲਾਇਆ: ਅਗਰ ਬਣੇਗਾ ਪਾਕਿਸਤਾਨ, ਲੈ ਕੇ ਰਹੇਂਗੇ ਖਾਲਿਸਤਾਨ।

ਉਸ ਸਮੇਂ ਦੇ ਹਾਲਾਤ ਬਾਰੇ 22 ਜੂਨ 1947 ਦੀ 'ਟਾਈਮਜ਼ ਆਫ ਇੰਡੀਆ' ਵਿਚ ਖੁਸ਼ਵੰਤ ਸਿੰਘ ਲਿਖਦਾ ਹੈ, "ਹਰ ਇਨਸਾਨ ਪੱਖਪਾਤੀ ਸੀ। ਪੁਲਿਸ ਅਤੇ ਅਦਾਲਤਾਂ ਇਕ-ਪਾਸੜ ਹੋ ਕੇ ਸਕੈਂਡਲ ਦਾ ਰੂਪ ਧਾਰ ਗਈਆਂ ਸਨ। ਗੁੰਡਿਆਂ ਦੀ ਪੁਸ਼ਤਪਨਾਹੀ ਪੁਲਿਸ ਕਰ ਰਹੀ ਸੀ ਜੋ ਕਿ ਜ਼ਿਆਦਾਤਰ ਮੁਸਲਿਮ ਸੀ। ਲਾਹੌਰ ਹਾਈ ਕੋਰਟ ਦੇ ਮੇਰੇ ਆਖਰੀ ਗੇੜੇ ਸਮੇਂ ਮੈਂ ਸਿੱਖ ਨੈਸ਼ਨਲ ਕਾਲਜ ਦੇ ਇਕ ਦਰਜਨ ਵਿਦਿਆਰਥੀਆਂ ਨੂੰ ਹਥਕੜੀਆਂ ਵਿਚ ਦੇਖਿਆ। ਉਨ੍ਹਾਂ ਉਤੇ ਜੀ. ਟੀ. ਰੋਡ ਤੇ ਕੁਝ ਮੁਸਲਮਾਨਾਂ ਨੂੰ ਮਾਰਨ ਦੇ ਦੋਸ਼ ਸਨ। ਇਕ ਮੁਸਲਮਾਨ ਮੈਜਿਸਟਰੇਟ ਨੇ ਉਨ੍ਹਾਂ ਦੀ ਜ਼ਮਾਨਤ ਲੈਣ ਤੋਂ ਨਾਂਹ ਕਰ ਦਿੱਤੀ ਸੀ। ਨਤੀਜੇ ਵਜੋਂ ਉਨ੍ਹਾਂ ਨੂੰ ਲਾਹੌਰ ਦੀ ਹਾਈ ਕੋਰਟ ਦੇ ਸਿਰਫ ਇਕੋ ਸਿੱਖ ਜੱਜ ਤੇਜਾ ਸਿੰਘ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ ਜਿਸ ਨੇ ਉਨ੍ਹਾਂ ਨੂੰ ਜ਼ਮਾਨਤ ਤੇ ਛੱਡ ਦਿੱਤਾ। ਖਾਲਿਸਤਾਨ ਦੇ ਹੱਕ ਵਿਚ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਨਾਅਰਾ ਲਾਇਆ, ਗੰਗਾ ਸਿੰਘ ਢਿੱਲੋਂ ਉਨ੍ਹਾਂ ਵਿਚੋਂ ਇਕ ਸੀ।"

ਸ.ਢਿਲੋਂ ਅਨੁਸਾਰ ਉਨ੍ਹਾਂ 'ਤੇ ਲਾਏ ਕਤਲ ਦੇ ਦੋਸ਼ ਬਿਲਕੁਲ ਝੂਠੇ ਸਨ। ਤਕਨੀਕੀ ਤੌਰ ਤੇ ਉਹ ਜ਼ਮਾਨਤ 'ਤੇ ਹੀ ਰਹੇ ਭਾਵੇਂ ਉਹ ਬਾਅਦ ਵਿਚ ਅਨੇਕਾਂ ਵਾਰ ਪਾਕਿਸਤਾਨ ਜਾਂਦੇ ਰਹੇ ਹਨ।

ਗੰਗਾ ਸਿੰਘ ਢਿੱਲੋਂ ਦੇ ਪਿਤਾ ਸ. ਕਾਹਨ ਸਿੰਘ ਨੂੰ ਵੰਡ ਦੇ ਦਿਨਾਂ ਵਿਚ, ਜਦੋਂ ਉਹ ਸਿੱਖਾਂ ਅਤੇ ਮੁਸਲਮਾਨਾਂ ਵਿਚ ਹੋਏ ਕਿਸੇ ਝਗੜੇ ਨੂੰ ਸੁਲਝਾ ਰਹੇ ਸਨ, ਪਾਕਿਸਤਾਨੀ ਫੌਜ ਨੇ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ ਸੀ। ਉਸ ਪਿਛੋਂ ਬਸ ਕੁਝ ਹੀ ਦਿਨਾਂ ਬਾਦ ਇਹ ਪਰਿਵਾਰ ਘਰ-ਘਾਟ ਛੱਡ ਕੇ ਪੂਰਬੀ ਪੰਜਾਬ ਵਿਚ ਆ ਗਿਆ। ਉਥੇ ਕੁਝ ਸਮੇਂ ਲਈ ਸ. ਈਸ਼ਰ ਸਿੰਘ ਮਝੈਲ ਨੇ ਇਨ੍ਹਾਂ ਦੀ ਮਦਦ ਕੀਤੀ। ਬਾਅਦ ਵਿਚ ਇਹ ਬੱਸੀ ਪਠਾਣਾਂ (ਜ਼ਿਲਾ ਫਤਿਹਗੜ੍ਹ ਸਾਹਿਬ) ਆ ਗਏ ਜਿਥੇ ਗੰਗਾ ਸਿੰਘ ਢਿੱਲੋਂ ਦਾ ਮੇਲ ਸ. ਜੋਗਿੰਦਰ ਸਿੰਘ ਮਾਨ (ਸ. ਸਿਮਰਨਜੀਤ ਸਿੰਘ ਮਾਨ ਦੇ ਪਿਤਾ) ਨਾਲ ਹੋਇਆ। ਉਹ ਇਨ੍ਹਾਂ ਦੇ ਪਿਤਾ ਜੀ ਦੇ ਦੋਸਤ ਸਨ। ਸ. ਜੋਗਿੰਦਰ ਸਿੰਘ ਮਾਨ ਦਾ ਉਸ ਵੇਲੇ ਸਿੱਖਾਂ ਵਿਚ ਬਹੁਤ ਨਾਮ ਸੀ ਅਤੇ ਉਨ੍ਹਾਂ ਇਸ 17 ਸਾਲ ਦੇ ਸਿੱਖ ਨੌਜੁਆਨ ਦੀ ਸਰਪ੍ਰਸਤੀ ਅਤੇ ਹਰ ਤਰ੍ਹਾਂ ਦੀ ਮਦਦ ਕੀਤੀ।

ਹਿੰਦੋਸਤਾਨ ਦੀ ਵੰਡ ਸਮੇਂ ਨਨਕਾਣਾ ਸਾਹਿਬ ਸਮੇਤ ਸਿੱਖਾਂ ਦੇ ਬਹੁਤ ਗੁਰਦੁਆਰੇ ਅਤੇ ਗੁਰਧਾਮ ਪਾਕਿਸਤਾਨ ਵਿਚ ਰਹਿ ਗਏ। ਉਨ੍ਹਾਂ ਦੀ ਸੇਵਾ-ਸੰਭਾਲ ਕਰਨ ਵਾਲਾ ਵੀ ਕੋਈ ਉਥੇ ਨਾ ਰਿਹਾ। ਦੋਹਾਂ ਮੁਲਕਾਂ ਵਿਚ ਇਕ ਦੂਜੇ ਦੇ ਧਾਰਮਿਕ ਅਸਥਾਨਾਂ ਦੀ ਸੇਵਾ-ਸੰਭਾਲ ਲਈ 1950ਵਿਆਂ ਵਿਚ ਆਪਸੀ ਸਮਝੌਤੇ ਵੀ ਹੋਏ ਜੋ ਕਿ ਸਿਰਫ ਸਰਕਾਰੀ ਪੱਧਰ 'ਤੇ ਹੋਏ ਜਿਨ੍ਹਾਂ ਵਿਚ ਕੋਈ ਵੀ ਸਿੱਖ ਪ੍ਰਤੀਨਿਧ ਨਹੀਂ ਸੀ। ਨਤੀਜਨ ਨਨਕਾਣਾ ਸਾਹਿਬ ਸਮੇਤ ਸਿੱਖਾਂ ਦੇ ਸਾਰੇ



*ਸ. ਗੰਗਾ ਸਿੰਘ ਢਿੱਲੋਂ*

ਗੁਰਦੁਆਰੇ ਅਤੇ ਗੁਰਧਾਮ ਔਕਾਫ ਬੋਰਡ ਦੇ ਅਧੀਨ ਆ ਗਏ ਅਤੇ ਇਨ੍ਹਾਂ ਨੂੰ "ਈਵੈਕੂਈ ਪ੍ਰਾਪਰਟੀ" ਐਲਾਨ ਕੀਤਾ ਗਿਆ ਜਿਸ ਦਾ ਸਰਲ ਭਾਵ ਇਹ ਹੈ ਕਿ ਇਨ੍ਹਾਂ ਗੁਰਦੁਆਰਿਆਂ ਅਤੇ ਗੁਰਧਾਮਾਂ ਦਾ ਕੋਈ ਵਾਰਿਸ ਨਹੀਂ ਰਿਹਾ।

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਦਾ ਜਨਮ ਅਸਥਾਨ ਜਿਥੇ ਸ. ਢਿੱਲੋਂ ਨੇ ਆਪਣੇ ਬਚਪਨ ਅਤੇ ਜੁਆਨੀ ਦੇ ਬਹੁਤ ਅਹਿਮ ਸਾਲ ਗੁਜਾਰੇ ਹੋਣ, ਉਸ ਨੂੰ ਲਾਵਾਰਿਸ ਐਲਾਨ ਕਰਨ ਨਾਲ ਸ. ਗੰਗਾ ਸਿੰਘ ਢਿੱਲੋਂ ਦਾ ਕੋਮਲ ਹਿਰਦਾ ਵਲੂੰਧਰਿਆ ਗਿਆ। ਉਹ ਇਸ ਨੂੰ ਕਦੀ ਵੀ ਸਵੀਕਾਰ ਨਹੀਂ ਕਰ ਸਕਦਾ ਸੀ ਅਤੇ ਨਾ ਹੀ ਉਸ ਨੇ ਕੀਤਾ। ਉਸ ਦੀ ਦਲੀਲ ਸੀ ਕਿ ਕੀ ਮੁਸਲਮਾਨ ਜਾਂ ਇਸਾਈ ਕਦੀ ਇਹ ਬਰਦਾਸ਼ਤ ਕਰ ਸਕਣਗੇ ਕਿ ਉਨ੍ਹਾਂ ਦੇ ਪਵਿਤਰ ਅਸਥਾਨ ਮੱਕਾ ਸ਼ਰੀਫ ਜਾਂ ਜੈਰੁਸ਼ਲਮ ਨੂੰ ਕਿਸੇ ਵੀ ਹਾਲਤ ਵਿਚ ਲਾਵਾਰਿਸ ਐਲਾਨ ਕਰ ਦਿਤਾ ਜਾਏ?

ਗੁਰਦੁਆਰਿਆਂ ਦੀ ਸੇਵਾ-ਸੰਭਾਲ ਦਾ ਮਸਲਾ ਗੰਗਾ ਸਿੰਘ ਢਿੱਲੋਂ ਨੇ ਕਈ ਵਾਰ ਸਿੱਖ ਲੀਡਰਾਂ ਕੋਲ ਵੀ ਉਠਾਇਆ ਪਰ ਉਨ੍ਹਾਂ ਕੋਈ ਹੁੰਗਾਰਾ ਨਾ ਭਰਿਆ। ਨਤੀਜੇ ਵਜੋਂ ਸ. ਢਿੱਲੋਂ ਨੇ ਕਾਫੀ ਵਾਵੇਲਾ ਵੀ ਖੜਾ ਕੀਤਾ ਅਤੇ ਹੋਰ ਕਈ ਸਾਥੀਆਂ ਸਮੇਤ ਡੇਢ ਸਾਲ ਨਾਭਾ ਜੇਲ੍ਹ ਵਿਚ ਵੀ ਰਹੇ। ਸ. ਜੋਗਿੰਦਰ ਸਿੰਘ ਮਾਨ ਨੇ ਇਹ ਸੋਚ ਕੇ ਕਿ ਇਹ ਨੌਜੁਆਨ ਹਿੰਦੋਸਤਾਨ ਵਿਚ ਰਹਿ ਕੇ ਵੱਡੀ ਮੁਸੀਬਤ ਵਿਚ ਪੈ ਸਕਦਾ ਹੈ, ਆਪਣੇ ਕੋਲੋਂ ਖਰਚ ਕਰ ਕੇ ਉਸ ਨੂੰ ਅਮਰੀਕਾ ਭੇਜਿਆ ਅਤੇ ਸੁਝਾਅ ਦਿਤਾ ਕਿ ਇਸ ਮਸਲੇ 'ਤੇ ਉਹ ਅਮਰੀਕਾ ਵਰਗੇ ਮੁਲਕ ਵਿਚ ਰਹਿ ਕੇ ਵਧੀਆ ਤਰੀਕੇ ਨਾਲ ਕੰਮ ਕਰ ਸਕਦਾ ਹੈ।

ਗੰਗਾ ਸਿੰਘ ਢਿੱਲੋਂ ਅਮਰੀਕਾ ਵਿਚ ਟਿਕ ਕੇ ਨਹੀਂ ਬੈਠਿਆ, ਇਸ ਕਾਰਜ ਲਈ ਜਿਥੋਂ ਵੀ ਮਾੜਾ ਮੋਟਾ ਹੁੰਗਾਰਾ ਜਾਂ ਮੌਕਾ ਮਿਲਿਆ, ਉਸ ਨੂੰ ਗਵਾਇਆ ਨਹੀਂ। ਇਸ ਕਾਰਜ ਲਈ ਉਨ੍ਹਾਂ ਹਿੰਦੋਸਤਾਨ ਅਤੇ ਪਾਕਿਸਤਾਨ ਦੇ ਹਰ ਲੀਡਰ ਨਾਲ ਸੰਪਰਕ ਪੈਦਾ ਕਰਨ ਦਾ ਯਤਨ ਕੀਤਾ। ਇਸ ਵਿਚ ਉਨ੍ਹਾਂ ਨੂੰ ਪਹਿਲੀ ਕਾਮਯਾਬੀ 1975 ਵਿਚ ਮਿਲੀ ਜਦੋਂ ਉਨ੍ਹਾਂ ਅਮਰੀਕਾ ਵਿਚ ਸ੍ਰੀ ਨਨਕਾਣਾ ਸਾਹਿਬ ਫਾਊਂਡੇਸ਼ਨ ਵਾਸ਼ਿੰਗਟਨ ਡੀ ਸੀ ਦੀ ਸਥਾਪਨਾ ਕੀਤੀ। ਪਾਕਿਸਤਾਨ ਵਿਚ ਵੱਡੇ-ਵੱਡੇ ਲੀਡਰਾਂ ਨਾਲ ਸਬੰਧ ਪੈਦਾ ਕੀਤੇ, ਜਿਨ੍ਹਾਂ ਵਿਚ ਚੌਧਰੀ ਜ਼ਹੂਰ ਇਲਾਹੀ (ਮੈਂਬਰ ਨੈਸ਼ਨਲ ਅਸੈਂਬਲੀ), ਰਾਸ਼ਟਰਪਤੀ ਜਨਰਲ ਜ਼ੀਆ ਉਲ ਹੱਕ, ਰਫੀਕ ਤਾਰਿਰ ਅਤੇ ਜਨਰਲ ਪ੍ਰਵੇਜ਼ ਮੁਸ਼ਰਫ, ਪ੍ਰਧਾਨ ਮੰਤਰੀ ਚੌਧਰੀ ਸ਼ੁਜਾਤ ਹੁਸੈਨ ਆਦਿ ਸ਼ਾਮਲ ਸਨ। ਗੰਗਾ ਸਿੰਘ ਢਿੱਲੋਂ ਵਿਚ ਇਹ ਵੱਡੀ ਸਿਫਤ ਸੀ ਕਿ ਉਹ ਪਾਕਿਸਤਾਨ ਦੇ ਧਾਰਮਿਕ ਅਤੇ ਰਾਜਸੀ ਮਾਹੌਲ ਨੂੰ ਬਹੁਤ ਬਰੀਕੀ ਨਾਲ ਸਮਝਦੇ ਸਨ। ਉਨ੍ਹਾਂ ਨੇ ਸਿੱਖਾਂ ਦੇ ਮਸਲੇ ਅਮਰੀਕਨ ਕਾਂਗਰਸਮੈਨਾਂ ਅਤੇ ਸੈਨੇਟਰਾਂ ਤਾਈਂ ਪਹੁੰਚਾਏ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸ.ਢਿੱਲੋਂ ਮੌਜੂਦਾ ਖਾਲਿਸਤਾਨ ਸੰਘਰਸ਼ ਦੇ ਮੋਢੀਆਂ ਵਿਚੋਂ ਸਨ ਪਰ ਉਹ 1984 ਤੋਂ ਬਾਦ ਵਿਚ ਪੈਦਾ ਹੋਏ ਖਾਲਿਸਤਾਨੀਆਂ ਨਾਲੋਂ ਬਹੁਤ ਵੱਖਰੇ ਸਨ। ਉਨ੍ਹਾਂ ਦੀ ਸੋਚ, ਅੰਦਾਜ਼ ਅਤੇ ਕੰਮ ਕਰਨ ਦਾ ਤਰੀਕਾ ਵੱਖਰਾ ਸੀ।

1985 ਵਿਚ ਸ. ਢਿਲੋਂ ਨੇ ਬਿਆਨ ਦਿੱਤਾ, "ਅਸੀਂ ਸਿਰਫ ਜ਼ਮੀਨ ਦਾ ਟੁਕੜਾ ਨਹੀਂ ਭਾਲ ਰਹੇ। ਅਸੀਂ ਉਹ ਇਲਾਕਾ ਭਾਲ ਰਹੇ ਹਾਂ ਜਿਥੇ ਸਿੱਖ ਆਪਣੇ ਬੱਚਿਆਂ ਅਤੇ ਔਰਤਾਂ ਦੀ ਹਿਫਾਜ਼ਤ ਕਰ ਸਕਣ। ਉਹ ਥਾਂ ਜਿੱਥੇ ਸਿੱਖ ਆਪਣੀ ਕਿਸਮਤ ਨੂੰ ਆਪ ਬਣਾ ਸਕਣ-ਜਿਥੇ ਸਾਡੇ ਧਾਰਮਿਕ ਅਸਥਾਨਾਂ ਨੂੰ ਫੌਜ ਦੇ ਟੈਂਕਾਂ ਨਾਲ ਤਬਾਹ



*ਸ. ਗੰਗਾ ਸਿੰਘ ਢਿੱਲੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਚੌਧਰੀ ਸ਼ੁਜਾਤ ਹੁਸੈਨ ਨਾਲ*

ਨਾ ਕੀਤਾ ਜਾਏ। ਤੁਸੀਂ ਉਸ ਨੂੰ ਆਜ਼ਾਦ ਪੰਜਾਬ ਕਹਿ ਲਉ ਜਾਂ ਪ੍ਰਭੁਸੱਤਾਸੰਪੰਨ ਮੁਲਕ ਜਾਂ ਖਾਲਿਸਤਾਨ। ਅਸੀਂ ਸਿੱਖ ਕੌਮ ਵਾਸਤੇ ਉਸ ਦੇ ਘਰ ਦੀ ਮੰਗ ਕਰਦੇ ਹਾਂ।"

1993 ਵਿਚ ਉਨ੍ਹਾਂ ਇਕ ਹੋਰ ਸੰਸਥਾ "ਨਨਕਾਣਾ ਸਾਹਿਬ ਫਾਊਂਡੇਸ਼ਨ" ਬਣਾਈ। ਇਸ ਦਾ ਕਾਰਜ ਖੇਤਰ ਸਿਰਫ ਪਾਕਸਿਤਾਨ ਹੀ ਸੀ ਅਤੇ ਇਸ ਦਾ ਮੁਖ ਮੰਤਵ ਸਿੱਖਾਂ ਅਤੇ ਮੁਸਲਮਾਨਾਂ ਵਿਚ ਭਰਾਤਰੀ ਭਾਵ ਪੈਦਾ ਕਰਨਾ, ਨਨਕਾਣਾ ਸਾਹਿਬ ਵਿਚ ਆ ਵਸੇ ਗਰੀਬ ਸਿੱਖਾਂ ਲਈ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਨੇ, ਗਰੀਬਾਂ ਲਈ ਹਸਪਤਾਲ ਖੋਲਣਾ ਆਦਿ ਸੀ। ਇਸ ਸੰਸਥਾ ਦਾ ਨੀਂਹ ਪੱਥਰ 19 ਜੂਨ 1994 ਨੂੰ ਨਨਕਾਣਾ ਸਾਹਿਬ ਵਿਖੇ ਰਾਏ ਬਸ਼ੀਰ ਅਹਿਮਦ ਖਾਨ ਭੱਟੀ (ਮੈਂਬਰ ਨੈਸ਼ਨਲ ਅਸੈਂਬਲੀ) ਨੇ ਰੱਖਿਆ ਜੋ ਕਿ ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂ ਅਤੇ ਸਮਕਾਲੀ ਚੌਧਰੀ ਰਾਏ ਬੁਲਾਰ ਦੇ ਖਾਨਦਾਨ ਦੇ ਸਭ ਤੋਂ ਵਡੇਰੀ ਉਮਰ ਦੇ ਵਾਰਸ ਸਨ। ਉਸ ਮੌਕੇ ਤਕਰੀਬਨ 700 ਮੁਸਲਮਾਨ, ਸਿੱਖ ਅਤੇ ਈਸਾਈ ਹਾਜ਼ਰ ਸਨ। ਇਸ ਵਿਸ਼ਾਲ ਬਿਲਡਿੰਗ ਦੀ ਉਸਾਰੀ ਬਹੁਤ ਅਛੇ ਤਰੀਕੇ ਨਾਲ ਹੋ ਰਹੀ ਸੀ ਅਤੇ ਚਾਰ ਦੀਵਾਰੀ ਮੁਕੰਮਲ ਹੋ ਗਈ ਸੀ, ਪਰ ਜਦੋਂ ਬੇਨਜ਼ੀਰ ਭੁਟੋ ਤਾਕਤ ਵਿਚ ਆਈ ਤਾਂ ਉਸ ਇਸ ਦੀ ਉਸਾਰੀ ਵਿਚ ਰੋਕ ਪਾ ਦਿੱਤੀ।

ਸ. ਗੰਗਾ ਸਿੰਘ ਢਿੱਲੋਂ ਨੇ 1965 ਵਿਚ ਅਮਰੀਕਨ ਰਾਸ਼ਟਰਪਤੀ ਸਵਰਗਵਾਸੀ ਜਾਹਨ ਐਫ ਕੈਨੇਡੀ ਦੇ ਨਾਮ 'ਤੇ ਫੀਲਡ ਹਾਕੀ ਟੂਰਨਾਮੈਂਟ ਸ਼ੁਰੂ ਕੀਤਾ ਜਿਸ ਲਈ ਜਗ੍ਹਾ ਅਮਰੀਕਨ ਕਾਂਗਰਸ ਨੇ ਦਿੱਤੀ। ਇਹ ਟੂਰਨਾਮੈਂਟ ਅਜ ਅਮਰੀਕਾ ਵਿਚ ਸਭ ਤੋਂ ਵੱਡਾ ਸਾਲਾਨਾ ਟੂਰਨਾਮੈਂਟ ਹੈ ਜਿਸ ਵਿਚ ਅਮਰੀਕਾ, ਕੈਨੈਡਾ, ਅਤੇ ਹੋਰ ਬਹੁਤ ਸਾਰੇ ਮੁਲਕਾਂ ਦੀਆਂ ਟੀਮਾਂ ਭਾਗ ਲੈਂਦੀਆਂ ਹਨ। ਪਿਛਲੇ ਤਿੰਨ ਕੁ ਸਾਲ ਦੇ ਅਰਸੇ ਵਿਚ ਜੂਨੀਅਰ ਹਾਕੀ ਟੀਮ ਵਿਚ ਘੱਟੋ ਘੱਟ ਚਾਰ ਸਿੱਖ ਖਿਡਾਰੀ ਖੇਡ ਚੁਕੇ ਹਨ।

ਸ. ਗੰਗਾ ਸਿੰਘ ਢਿੱਲੋਂ ਨੇ ਪਾਕਿਸਤਾਨ ਵਿਚ ਸਿੱਖ ਹਾਈਜੈਕਰਾਂ ਦੀ ਪੈਰਵੀ ਕੀਤੀ ਅਤੇ ਉਨ੍ਹਾਂ ਨੂੰ ਕਾਨੂੰਨੀ ਸਹਾਇਤਾ ਵੀ ਦੁਆਈ।

ਅਜ ਸ. ਢਿੱਲੋਂ ਇਸ ਦੁਨੀਆਂ ਵਿਚ ਨਹੀਂ ਰਹੇ। ਉਨ੍ਹਾਂ ਦੇ ਯਤਨਾਂ ਸਦਕਾ ਅਜ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਸੇਵਾ-ਸੰਭਾਲ ਅਗੇ ਨਾਲੋਂ ਬਹੁਤ ਬੇਹਤਰ ਹੈ ਅਤੇ ਇਹ ਸਿੱਖਾਂ ਦੀ ਸਥਾਨਕ ਕਮੇਟੀ ਵਲੋਂ ਬਾਹਰ ਵਸਦੇ ਸਿੱਖਾਂ ਦੇ ਸਹਿਯੋਗ ਨਾਲ ਹੋ ਰਹੀ ਹੈ। ਅਜ ਤੋਂ 30-40 ਸਾਲ ਪਹਿਲਾਂ ਸਿੱਖ ਯਾਤਰੂਆਂ ਲਈ ਪਾਕਿਸਤਾਨ ਜਾਣਾ ਬਹੁਤ ਔਖਾ ਸੀ ਅਤੇ ਸਰਾਂਵਾਂ ਦੀ ਹਾਲਤ ਵੀ ਬਹੁਤ ਖਸਤਾ ਸੀ। ਜਿਹੜੇ ਵੀਰ ਅਜੇ ਵੀ ਉਨ੍ਹਾਂ ਨੂੰ ਭੰਡੀ ਜਾ ਰਹੇ ਹਨ, ਮੇਰੀ ਉਨ੍ਹਾਂ ਅਗੇ ਬੇਨਤੀ ਹੈ ਕਿ ਉਹ ਅੱਗੇ ਆਉਣ ਅਤੇ ਸ.ਗੰਗਾ ਸਿੰਘ ਢਿਲੋਂ ਵਲੋਂ ਵਿੱਢੇ ਕੰਮ ਸੰਪੂਰਨ ਕਰਨ ਦਾ ਉਪਰਾਲਾ ਕਰਨ। 23 ਸਤੰਬਰ ਨੂੰ ਉਹ ਸਦੀਵੀ ਵਿਛੋੜਾ ਦੇ ਗਏ ਅਤੇ ਆਪਣੇ ਪਿਛੇ ਪਤਨੀ, ਤਿੰਨ ਪੁੱਤਰ ਅਤੇ ਇਕ ਧੀ ਛਡ ਗਏ ਹਨ।



*ਪਾਕਿਸਤਾਨ ਦੇ ਰਾਸ਼ਟਰਪਤੀ ਜਨਰਲ ਜ਼ੀਆ ਉਲ ਹੱਕ ਤੇ ਗੰਗਾ ਸਿੰਘ ਢਿੱਲੋਂ*



**ਜਥੇਦਾਰ ਗੁਰਚਰਨ ਸਿੰਘ ਟੌਹੜਾ ਵਲੋਂ ਸ. ਗੰਗਾ ਸਿੰਘ ਢਿੱਲੋਂ ਨੂੰ ਲਿਖੇ ਪੱਤਰ ਦਾ ਉਤਾਰਾ**

ਪੱਤਰ ਨੰ: 1234 31 ਮਈ, 1979

ਪਿਆਰੇ ਸਰਦਾਰ ਗੰਗਾ ਸਿੰਘ ਜੀ,
ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹ॥

ਆਪ ਦੇ ਕਿਰਪਾ-ਪੱਤਰ ਮਿਤੀ 2-5-79 ਲਈ ਧੰਨਵਾਦੀ ਹਾਂ। ਬੜੀ ਖੁਸ਼ੀ ਦੀ ਗੱਲ ਹੈ ਕਿ ਸਤਿਗੁਰੂ ਜੀ ਨੇ ਆਪ ਜੀ ਦੇ ਯਤਨਾਂ ਅਤੇ ਉਪਰਾਲਿਆਂ ਨੂੰ ਸਫਲਤਾ ਬਖਸ਼ੀ ਹੈ ਅਤੇ ਪਾਕਿਸਤਾਨ ਵਿਚ ਰਹਿ ਗਏ ਧਾਰਮਿਕ ਅਸਥਾਨਾਂ ਦਾ ਪ੍ਰਬੰਧ ਪੰਥ ਨੂੰ ਸੌਂਪਣ ਲਈ ਗਲਬਾਤ ਕਰਨ ਹਿੱਤ ਪਾਕਿਸਤਾਨ ਸਰਕਾਰ ਦਾ ਸੱਦਾ ਪੱਤਰ ਆਪ ਜੀ ਨੂੰ ਮਿਲ ਗਿਆ ਹੈ। ਸਰਦਾਰ ਨਰਾਇਣ ਸਿੰਘ ਜੀ ਸਨਾਵਰ ਪਟਿਆਲਾ ਨੂੰ ਮੈਂ ਗਲਬਾਤ ਕਰਨ ਲਈ ਨਾਲ ਜਾਣ ਹਿੱਤ ਲਿਖ ਰਿਹਾ ਹਾਂ।

ਡੈਪੂਟੇਸ਼ਨ ਦੇ ਮੈਂਬਰਾਂ ਦੇ ਦਰਸ਼ਨਾਂ ਦੀ ਸਾਨੂੰ ਇਥੇ ਉਡੀਕ ਰਹੇਗੀ। ਸਤਿਗੁਰੂ ਜੀ ਦੀਆਂ ਮੇਹਰਾਂ ਅਤੇ ਪੰਥ ਦੀਆਂ ਸ਼ੁਭ ਇਛਾਵਾਂ ਆਪ ਜੀ ਨਾਲ ਹਨ।

ਸਤਿਕਾਰ ਸਹਿਤ,
ਸ਼ੁਭਚਿੰਤਕ,
-ਦਸਤਖਤ
(ਗੁਰਚਰਨ ਸਿੰਘ ਟੌਹੜਾ)

**ਤੇਰੀਆਂ ਗਲੀਆਂ-11**



***ਮੈਂ ਆਪਣੇ ਪਿੰਡ ਨੰਗਲ ਸ਼ਾਮਾ ਦੀਆਂ ਗਲੀਆਂ, ਨਾਲੀਆਂ, ਖੇਤਾਂ, ਖੂਹਾਂ, ਖੰਡਰਾਂ, ਦਰਖਤਾਂ, ਫਸਲਾਂ, ਤੀਵੀਂਆਂ, ਬੰਦਿਆਂ, ਇਸ ਦੀ ਮਿੱਟੀ ਦੇ ਕਿਣਕਿਆਂ ਉਤੇ ਕਵਿਤਾ ਲਿਖਣੀ ਚਾਹੁੰਦਾ ਹਾਂ। ਮੈਂ ਪਿੰਡ ਬਾਰੇ ਇੰਨੀਆਂ ਕਵਿਤਾਵਾਂ ਲਿਖਣਾ ਚਾਹੁੰਦਾ ਹਾਂ ਜਿੰਨੀਆਂ ਮੈਂ ਸਾਰੀ ਉਮਰ ਲਾ ਕੇ ਵੀ ਲਿਖ ਨਾ ਸਕਾਂ, ਪਰ ਚਾਹੁੰਦੇ ਹੋਏ ਵੀ ਨਹੀਂ ਲਿਖ ਸਕਦਾ, ਕਿਉਂਕਿ ਮੈਨੂੰ ਕਵਿਤਾ ਨਾ ਲਿਖਣ ਦਾ ਸਰਾਪ ਹੈ। ਦਰਅਸਲ ਮੈਂ ਰੱਜ ਕੇ ਪਿੰਡ ਦੀ ਮਿੱਟੀ ਖਾਣਾ ਚਾਹੁੰਦਾ ਹਾਂ; ਸਾਰੀ-ਸਾਰੀ ਰਾਤ ਜਗਦੀਆਂ ਰੌਸ਼ਨੀਆਂ ਦੇ ਸ਼ਹਿਰ (ਚੰਡੀਗੜ੍ਹ) ਵਿਚ ਮੈਂ ਬਹੁਤ ਭੁੱਖਾ ਰਹਿ ਗਿਆ ਹਾਂ। -ਦਲਬੀਰ ਸਿੰਘ***

***'ਬਾਬਿਆਂ ਦੀ ਕੰਧ' ਵਿਚ ਪੱਤਰਕਾਰ ਦਲਬੀਰ ਸਿੰਘ ਨੇ ਪਿੰਡ ਦੀਆਂ ਪੁਰਾਣੀਆਂ ਗੱਲਾਂ ਛੋਹੀਆਂ ਹਨ। ਇਸ ਲੇਖ ਦੀ ਚਿਣਾਈ ਇਸ ਤਰ੍ਹਾਂ ਦੀ ਕੀਤੀ ਗਈ ਹੈ ਕਿ ਪੁਰਾਣੇ ਪਿੰਡ ਦੇ ਨਾਲ-ਨਾਲ ਬਦਲ ਰਹੇ ਦ੍ਰਿਸ਼ ਵੀ ਅੱਖਾਂ ਅੱਗੇ ਘੁੰਮਣ ਲਗਦੇ ਹਨ। ਮਰਹੂਮ ਦਲਬੀਰ ਸਿੰਘ (20 ਅਗਸਤ 1949-28 ਜੁਲਾਈ 2007) ਦੀ ਇਹ ਸਵੈ-ਜੀਵਨੀ 'ਤੇਰੀਆਂ ਗਲੀਆਂ' ਕੋਈ ਸਵੈ-ਜੀਵਨੀ ਨਹੀਂ; ਇਹ ਉਹਦੇ ਆਪਣੇ ਪਿੰਡ ਨੰਗਲ ਸ਼ਾਮਾ ਦੀਆਂ ਹੀ ਗੱਲਾਂ ਹਨ। ਇਹ ਅਸਲ ਵਿਚ ਨੰਗਲ ਸ਼ਾਮਾ ਦੀਆਂ ਗੱਲਾਂ ਵੀ ਨਹੀਂ, ਇਹ ਤਾਂ ਸਗੋਂ ਸਮੁੱਚੇ ਪੰਜਾਬ ਦੇ ਪਿੰਡਾਂ, ਲੋਕਾਂ ਅਤੇ ਆਲੇ-ਦੁਆਲੇ ਬਾਰੇ ਬੜੀਆਂ ਸਿੱਧੀਆਂ ਅਤੇ ਸੂਖਮ ਬਾਤਾਂ ਹਨ। ਇਸ ਸਵੈ-ਜੀਵਨੀ ਵਿਚ ਉਹਨੇ ਆਪਣੀ ਧੀ ਸੁਪਨੀਤ ਕੌਰ ਨੂੰ ਆਪਣਾ ਪਿੰਡ ਦਿਖਾਉਣ ਦੇ ਬਹਾਨੇ ਪੰਜਾਬ ਦੇ ਪਿੰਡਾਂ ਦੀ ਕਹਾਣੀ ਜੋੜੀ ਹੈ ਜੋ ਪਿਛਲੇ ਕਈ ਦਹਾਕਿਆਂ ਤੋਂ ਬਹੁਤ ਤੇਜ਼ੀ ਨਾਲ ਬਦਲੇ ਹਨ। -ਸੰਪਾਦਕ***

# ਬਾਬਿਆਂ ਦੀ ਕੰਧ

ਠੇਕੇਦਾਰਾਂ ਦੀ ਨਵੀਂ ਕੋਠੀ ਨੂੰ ਦੋਂਹ ਪਾਸੀ ਗਲੀਆਂ ਲਗਦੀਆਂ ਹਨ। ਮੁੱਖ ਦਰਵਾਜ਼ਾ ਫਿਰਨੀ ਵੱਲ ਹੈ। ਕੋਠੀ ਦੀ ਖੱਬੀ ਬਾਹੀ ਦੇ ਨਾਲ ਬੀਹੀ ਲਗਦੀ ਹੈ ਜਿਹੜੀ ਸੱਜੇ ਪਾਸੇ ਢਿਲਵਾਂ ਪਿੰਡ ਨੂੰ ਜਾਂਦੀ ਹੈ ਤੇ ਖੱਬੇ ਪਾਸੇ ਨੂੰ ਪਿੰਡ ਦੇ ਅੰਦਰ ਵੱਲ। ਢਿਲਵਾਂ ਵਾਲੇ ਪਾਸੇ ਕਿਸੇ ਵੇਲੇ ਬਾਰੀਆਂ ਦੇ ਟੱਬਰ ਨੇ ਪਿੰਡ ਵਿਚੋਂ ਉਠ ਕੇ ਬਾਹਰਵਾਰ ਘਰ ਪਾ ਲਏ ਸਨ। ਇਸ ਪਾਸੇ ਮਸਾਂ ਚਾਰ-ਪੰਜ ਹੀ ਘਰ ਸਨ। ਬਾਕੀ ਸਾਰਾ ਪਿੰਡ ਖੱਬੇ ਪਾਸੇ ਸੀ।

ਜਿਥੇ ਠੇਕੇਦਾਰਾਂ ਦੀ ਕੋਠੀ ਦਾ ਕੋਨਾ ਹੈ, ਐਨ ਉਥੇ ਹੀ ਰਸਤੇ ਜਾਂ ਗਲੀ ਦੇ ਪਾਰ 'ਬਾਬਿਆਂ ਦੀ ਕੰਧ' ਹੁੰਦੀ ਸੀ। ਬਾਬਿਆਂ ਦੀ ਕੰਧ ਦੀ ਸਾਡੇ ਪਿੰਡ ਵਿਚ ਬਹੁਤ ਮਹੱਤਤਾ ਸੀ ਕਿਉਂਕਿ ਇਹ ਇਕ ਤਰ੍ਹਾਂ ਨਾਲ ਮੁੰਡਿਆਂ-ਖੁੰਡਿਆਂ ਦੀ ਸੱਥ ਦਾ ਕੰਮ ਦਿੰਦੀ ਸੀ। ਬਾਬਿਆਂ ਦੇ ਘਰ ਭਾਵੇਂ ਇਸੇ ਬੀਹੀ ਦੇ ਪਾਰਲੇ ਸਿਰੇ 'ਤੇ ਸਨ ਜਿਥੋਂ ਪਿੰਡ ਦੀਆਂ ਭੀੜੀਆਂ ਗਲੀਆਂ ਸ਼ੁਰੂ ਹੁੰਦੀਆਂ ਸਨ, ਪਰ ਉਨ੍ਹਾਂ ਦੇ ਖੇਤ ਐਨ ਪਿੰਡ ਦੀ ਨਿਆਈਂ ਵਿਚ ਸਨ। ਇਸ ਪਾਸੇ ਵੀ ਬਾਬਿਆਂ ਦਾ ਹੀ ਖੇਤ ਸੀ ਜਿਸ ਕਾਰਨ ਇਸ ਕੰਧ ਨੂੰ ਬਾਬਿਆਂ ਦੀ ਕੰਧ ਕਹਿੰਦੇ ਸਨ।

ਉਸ ਦੇ ਨਾਲ ਦੀ ਹੀ ਇਹ ਰਸਤਾ ਲੰਘਦਾ ਸੀ। ਇਹ ਰਸਤਾ ਬਾਬਿਆਂ ਦੇ ਇਸ ਖੇਤ ਨੂੰ ਬਾਕੀ ਦੇ ਖੇਤਾਂ ਨਾਲੋਂ ਅਲੱਗ ਕਰਦਾ ਸੀ। ਇਸ ਨੂੰ ਹੀ ਪਿੰਡ ਦੀ ਫਿਰਨੀ ਕਹਿੰਦੇ ਸਨ। ਇਸ ਤਰ੍ਹਾਂ ਇਕ ਰਸਤਾ ਬਾਬਿਆਂ ਦੇ ਖੇਤ ਨੂੰ ਨਿਧਾਨ ਸਿੰਘ ਦੇ ਖੇਤਾਂ ਨਾਲੋਂ ਅਲੱਗ ਕਰਦਾ ਸੀ ਤੇ ਇਹ ਨਿਧਾਨ ਸਿੰਘ ਦੇ ਖੂਹ ਤੋਂ ਸੱਜੇ ਪਾਸੇ ਮੁੜ ਕੇ ਉਸ ਰੇਤੀਲੇ ਟਿੱਬੇ ਵੱਲ ਮੁੜ ਜਾਂਦਾ ਸੀ ਜਿਸ ਨੂੰ 'ਬਾਬਿਆਂ ਦੀ ਵੱਟ' ਕਹਿੰਦੇ ਸਨ। ਇਸ ਤਰ੍ਹਾਂ ਪਿੰਡ ਦੇ ਇਸ ਪਾਸੇ ਵੱਲ ਦੇ ਇਕੱਲੇ ਰਹਿ ਗਏ ਖੇਤ ਦੇ ਕਿਨਾਰੇ ਬਾਬਿਆਂ ਨੇ ਕਰੀਬ ਪੰਜਾਹ ਮੀਟਰ ਲੰਬੀ ਤੇ ਆਮ ਆਦਮੀ ਦੇ ਮੋਢਿਆਂ ਤਕ ਆਉਂਦੀ ਕਰੀਬ ਪੰਜ ਫੁੱਟੀ ਕੰਧ ਉਸਾਰ ਦਿਤੀ ਸੀ। ਉਨ੍ਹਾਂ ਦਾ ਮਨਸ਼ਾ ਇਹ ਰਿਹਾ ਹੋਵੇਗਾ ਕਿ ਆਉਂਦੇ ਜਾਂਦੇ ਲੋਕ ਇਸ ਖੇਤ ਦੀ ਫਸਲ ਨੂੰ ਨਾ ਮਿੱਧਣ।

ਵੈਸੇ ਕਿਸੇ ਨੇ ਵੀ ਬਾਬਿਆਂ ਤੋਂ ਪੁੱਛਿਆ ਨਹੀਂ ਸੀ ਕਿ ਉਨ੍ਹਾਂ ਨੇ ਇਹ ਕੰਧ ਕਿਉਂ ਉਸਾਰੀ ਸੀ। ਬਾਬਿਆਂ ਦੀ ਅੱਲ 'ਬਾਬੇ' ਕਿਉਂ ਪਈ, ਇਸ ਦਾ ਵੀ ਕਿਸੇ ਨੂੰ ਕੋਈ ਪਤਾ ਨਹੀਂ। ਜਦੋਂ ਹਾਲੇ ਗੁਰਦਿਆਲ ਲਾਲੀ ਜਿਉਂਦਾ ਸੀ, ਤਾਂ ਮੈਂ ਉਸ ਨੂੰ ਇਹ ਸਵਾਲ ਕੀਤਾ ਸੀ। ਗੁਰਦਿਆਲ ਲਾਲੀ ਨੂੰ ਪਿੰਡ ਦੇ ਸਾਰੇ ਲਾਲੀਆਂ ਦੇ ਕੁਰਸੀਨਾਮੇ ਅਤੇ ਸਮੁੱਚੇ ਇਤਿਹਾਸ ਦਾ ਪਤਾ ਸੀ। ਉਸ ਮੁਤਾਬਕ ਨੰਗਲ ਸ਼ਾਮਾ ਦੇ ਸਾਰੇ ਦੇ ਸਾਰੇ ਜੱਟ ਪਰਿਵਾਰ ਇਕੋ ਹੀ ਵਡੇਰੇ ਰੱਤਾ ਦੀ ਔਲਾਦ ਹਨ। ਰੱਤਾ ਕਰੀਬ ਸੱਤ ਸੌ ਸਾਲ ਪਹਿਲਾਂ ਅਰਥਾਤ ਬਾਰਵੀਂ ਸਦੀ ਵਿਚ ਮਾਝੇ ਦੇ ਕਿਸੇ ਪਿੰਡ ਵਿਚੋਂ ਉਠ ਕੇ ਆਇਆ ਸੀ। ਰੱਤੇ ਦੀ ਔਲਾਦ ਅਗਾਂਹ ਇਸ ਤਰ੍ਹਾਂ ਵਧੀ ਕਿ 19ਵੀਂ ਸਦੀ ਤਕ ਆਉਂਦਿਆਂ ਬਾਬਿਆਂ ਦੀਆਂ ਪੁਸ਼ਤਾਂ ਪਿੱਛੇ ਰਹਿ ਗਈਆਂ, ਤੇ ਹੋਰ ਲਾਲੀਆਂ ਦੇ ਬਾਬੇ ਜਾਂ ਦਾਦੇ ਦੇ ਬਰਾਬਰ ਹੋ ਗਈਆਂ। ਕਈ ਜਵਾਨ ਤੇ ਹਮਉਮਰ ਵੀ ਹੋਰ ਲੋਕਾਂ ਦੇ 'ਬਾਬੇ' ਹੋ ਗਏ। ਇਸੇ ਕਰ ਕੇ ਹੀ ਉਨ੍ਹਾਂ ਨੂੰ 'ਬਾਬੇ' ਕਹਿਣ ਲੱਗ ਪਏ ਸਨ।

ਉਂਜ ਵੀ ਜਿਹੜਾ ਕੁਰਸੀਨਾਮਾ ਗੁਰਦਿਆਲ ਲਾਲੀ ਨੇ ਮੈਨੂੰ ਦਿਤਾ ਸੀ, ਉਸ ਮੁਤਾਬਕ ਰੱਤੇ ਤੋਂ ਬਾਅਦ ਜਿਥੇ ਹੋਰਾਂ ਦੀਆਂ ਇੱਕੀ ਪੀੜ੍ਹੀਆਂ ਹੋ ਚੁਕੀਆਂ ਸਨ, ਉਥੇ ਬਾਬਿਆਂ ਦੀਆਂ ਸਿਰਫ ਤੇਰਾਂ ਹੀ ਹੋਈਆਂ ਸਨ। ਇਸ ਦਾ ਇਕ ਕਾਰਨ ਖਬਰੇ ਇਹ ਹੋ ਸਕਦਾ ਹੈ ਕਿ ਲੰਬੇ ਸਮੇਂ ਤਕ ਬਾਬਿਆਂ ਦੀਆਂ ਉਮਰਾਂ ਲੰਬੀਆਂ ਹੁੰਦੀਆਂ ਹੋਣਗੀਆਂ ਜਾਂ ਉਨ੍ਹਾਂ ਦੀ ਔਲਾਦ ਜੰਮਣ ਦਾ ਸਿਲਸਿਲਾ ਦੇਰ ਉਮਰ ਤਕ ਚਲਦਾ ਰਿਹਾ ਹੋਵੇਗਾ।

ਖੈਰ, ਇਥੇ ਚਰਚਾ ਬਾਬਿਆਂ ਦੇ ਟੱਬਰ ਦੇ ਕੁਰਸੀਨਾਮੇ ਦੀ ਨਹੀਂ, ਸਗੋਂ ਉਨ੍ਹਾਂ ਦੀ ਉਸ ਕੰਧ ਦੀ ਕਰ ਰਹੇ ਹਾਂ। ਇਸ ਕੰਧ ਦੇ ਸਾਹਮਣੇ ਉਹ ਤੌੜ ਹੁੰਦਾ ਸੀ ਜਿਥੇ ਅੱਜ ਕੱਲ੍ਹ ਠੇਕੇਦਾਰ ਦਲਜੀਤ ਸਿੰਘ ਲਾਲੀ ਦੀ ਨਵੀਂ ਕੋਠੀ ਬਣੀ ਹੋਈ ਹੈ। ਇਸ ਤੌੜ ਦੇ ਇਕ ਸਿਰੇ ਉਤੇ ਹੀ ਅਰਜਨ ਸਿੰਘ ਲੁਹਾਰ ਦਾ ਖਰਾਸ ਤੇ 'ਕਾਰਖਾਨਾ' ਹੁੰਦਾ ਸੀ।

ਇਸ ਕੰਧ ਦੇ ਪਿਛਲੇ ਪਾਸੇ ਖੇਤ ਹੁੰਦਾ ਸੀ ਅਤੇ ਬਾਬਿਆਂ ਦੀ ਇਹ ਕੰਧ ਸਿਰਫ਼ ਮੁੰਡਿਆਂ-ਖੁੰਡਿਆਂ ਦੀ ਨਹੀਂ ਸਗੋਂ ਕਈ ਵਾਰੀ ਬੁੱਢਿਆਂ ਦੀ ਸੱਥ ਦਾ ਕੰਮ ਵੀ ਕਰਦੀ ਸੀ। ਨੌਜਵਾਨ ਮੁੰਡੇ ਗਰਮੀਆਂ ਵਿਚ ਸ਼ਾਮ ਵੇਲੇ ਤੇ ਸਰਦੀਆਂ ਵਿਚ ਦੁਪਹਿਰ ਵੇਲੇ ਇਸ ਕੰਧ ਕੋਲ ਖੜ੍ਹੇ ਗੱਪਾਂ ਮਾਰਦੇ ਅਤੇ ਆਉਂਦੀਆਂ-ਜਾਂਦੀਆਂ ਕੁੜੀਆਂ ਤਾੜਦੇ ਰਹਿੰਦੇ ਸਨ। ਪਿੰਡ ਦੀਆਂ ਧੀਆਂ ਭੈਣਾਂ ਦੇ ਮਾਮਲੇ ਵਿਚ ਕਿਉਂਕਿ ਅੱਖ ਸ਼ਰਮ ਹੁੰਦੀ ਸੀ, ਤੇ ਬਹੁਤੀ ਵਾਰੀ ਲੰਘ ਰਹੀ ਕੁੜੀ ਦਾ ਕੋਈ ਭਰਾ ਜਾਂ ਰਿਸ਼ਤੇਦਾਰ ਢਾਣੀ ਵਿਚ ਸ਼ਾਮਲ ਹੁੰਦਾ ਸੀ, ਇਸ ਲਈ ਕਿਸੇ ਕਿਸਮ ਦੀ ਸ਼ਰਾਰਤ ਨਹੀਂ ਸੀ ਹੁੰਦੀ।

ਕੁਝ ਮੁੰਡੇ ਕੰਧ ਉਤੇ ਬੈਠੇ ਹੁੰਦੇ, ਕੁਝ ਹੇਠਾਂ ਬੀਹੀ ਵਿਚ ਖੜ੍ਹੇ ਹੁੰਦੇ। ਜ਼ਮਾਨੇ ਭਰ ਦੀਆਂ ਗੱਲਾਂ ਚਲਦੀਆਂ। ਜਿਸ ਵੀ ਵਿਸ਼ੇ ਉਤੇ ਗੱਲ ਛਿੜ ਜਾਵੇ, ਉਸ ਦੀ ਚੰਗੀ ਤਰ੍ਹਾਂ ਜੁਗਾਲੀ ਕੀਤੀ ਜਾਂਦੀ। ਸਿਆਸਤ ਦੀ ਉਦੋਂ ਹਾਲੇ ਬਹੁਤੀ ਸਮਝ ਨਹੀਂ ਸੀ ਆਈ। ਰੇਡੀਓ ਬਹੁਤ ਘੱਟ ਘਰਾਂ ਵਿਚ ਸਨ। ਟੈਲੀਵਿਜ਼ਨ ਤਾਂ ਖੈਰ ਆਇਆ ਹੀ ਬਹੁਤ ਮਗਰੋਂ ਸੀ। ਇਸ ਬਾਰੇ ਤਾਂ ਉਨ੍ਹੀਂ ਦਿਨੀਂ ਕਿਸੇ ਨੇ ਸੋਚਿਆ ਤੱਕ ਵੀ ਨਹੀਂ ਸੀ।

ਰੇਡੀਓ ਸਭ ਤੋਂ ਪਹਿਲਾਂ ਝਿਊਰਾਂ ਦੇ ਹਰਬੰਸ ਸਿੰਘ ਨੇ ਲਿਆਂਦਾ ਸੀ ਜਿਹੜਾ ਜਲੰਧਰ ਰੈਣਕ ਬਾਜ਼ਾਰ ਵਿਚ ਸਾਈਕਲਾਂ ਦੀ ਦੁਕਾਨ ਉਤੇ ਕੰਮ ਕਰਦਾ ਸੀ। ਫਿਰ ਸਰਕਾਰ ਵੱਲੋਂ ਵੀ ਪੰਚਾਇਤ ਨੂੰ ਰੇਡੀਓ ਅਤੇ ਲਾਊਡ ਸਪੀਕਰ ਦਿੱਤਾ ਗਿਆ ਸੀ ਜਿਸ ਉਤੇ ਸਵੇਰ ਸ਼ਾਮ ਪਿੰਡ ਨੂੰ ਦੇਹਾਤੀ ਪ੍ਰੋਗਰਾਮ ਤੇ ਹੋਰ ਪ੍ਰੋਗਰਾਮ ਸੁਣਾਏ ਜਾਂਦੇ ਸਨ, ਪਰ ਇਸ ਦਾ ਚਾਅ ਥੋੜ੍ਹੇ ਦਿਨ ਹੀ ਰਿਹਾ ਸੀ। ਅਸਲ 'ਰੇਡੀਓ' ਦਾ ਸਥਾਨ ਤਾਂ ਬਾਬਿਆਂ ਦੀ ਇਹ ਕੰਧ ਹੀ ਸੀ।

ਸਿਆਲਾਂ ਦੀ ਰੁੱਤੇ ਖੇਸਾਂ ਦੀਆਂ ਬੁੱਕਲਾਂ ਮਾਰੀ ਮੁੰਡੇ ਉਥੇ ਖੜ੍ਹੇ ਸੁਣੀਆਂ ਸੁਣਾਈਆਂ ਗੱਲਾਂ ਕਰਦੇ ਰਹਿੰਦੇ। ਧੁੱਪ ਸੇਕਣ ਦੇ ਨਾਲ-ਨਾਲ ਕਿਸੇ ਨਾ ਕਿਸੇ ਅਖਬਾਰ ਵਿਚ ਛਪੀ ਖਬਰ ਦੀ ਚਰਚਾ ਕਰਦੇ। ਹਾਲੇ ਪ੍ਰਧਾਨ ਮੰਤਰੀ ਦੀ ਕੁਰਸੀ ਉਤੇ ਪੰਡਤ ਜਵਾਹਰ ਲਾਲ ਨਹਿਰੂ ਹੀ ਬਿਰਾਜਮਾਨ ਸਨ। ਉਨ੍ਹਾਂ ਬਾਰੇ ਅਕਸਰ ਚਰਚਾ ਹੁੰਦੀ ਸੀ ਪਰ ਬਹੁਤੀ ਵਾਰੀ ਗੱਪਾਂ ਹੀ ਚਲਦੀਆਂ ਸਨ। ਗੱਪਾਂ ਮਾਰਨ ਵਿਚ ਲਹਿੰਬਰ ਗੱਪੀ ਤੋਂ ਇਲਾਵਾ ਬਾਹਮਣਾਂ ਦੇ ਮੇਸ਼ੀ ਮੋਹਰੀ ਹੁੰਦੇ ਸਨ।

ਕਿਹੜੀ ਤੀਵੀਂ ਕਿਹੜੇ ਬੰਦੇ ਨਾਲ ਰਲੀ ਹੋਈ ਹੈ, ਕਿਹੜੀ ਕੁੜੀ ਪਿੱਛੇ ਕਿਹੜਾ ਮੁੰਡਾ ਪਿਆ ਹੋਇਆ ਹੈ, ਕਿਹੜੀ ਕਿਥੇ ਵਿਆਹੀ ਜਾਣ ਵਾਲੀ ਹੈ, ਆਦਿ ਮਸਲੇ ਚਸਕੇ ਲੈ-ਲੈ ਵਿਚਾਰੇ ਜਾਂਦੇ ਸਨ। ਨੌਜਵਾਨਾਂ ਨੂੰ ਸੈਕਸ ਦੀ ਪਹਿਲੀ ਸਿਖਿਆ ਇਸੇ ਕੰਧ ਉਤੇ ਬੈਠਿਆਂ ਹਾਸਲ ਹੁੰਦੀ ਸੀ। ਗੱਲ ਕੀ, ਇਸ ਕੰਧ ਤੋਂ ਪਿੰਡ ਦੀ ਕੋਈ ਵੀ ਐਸੀ ਗੱਲ ਲੁਕਵੀਂ ਨਹੀਂ ਸੀ ਰਹਿੰਦੀ ਜਿਹੜੀ ਪਿੰਡ ਦੇ ਕਿਸੇ ਵੀ ਕੋਨੇ ਤਾਂ ਕੀ, ਕਿਸੇ ਵੀ ਘਰ ਵਿਚ ਵੀ ਕਿਉਂ ਨਾ ਵਾਪਰੀ ਹੋਵੇ।

ਆਮ ਤੌਰ ਉਤੇ ਇਸ ਕੰਧ ਉਤੇ ਬਹੁਤ ਸ਼ੁਗਲ ਮੇਲੇ ਹੁੰਦੇ ਸਨ। ਸ਼ਰਾਰਤਾਂ ਕੀਤੀਆਂ ਜਾਂਦੀਆਂ ਸਨ। ਬਾਰੀਆਂ ਦੇ ਇਕ ਬੁੜ੍ਹੇ ਨੂੰ ਲਗਪਗ ਰੋਜ਼ ਹੀ ਰੋਕ ਕੇ ਪੁੱਛਿਆ ਜਾਂਦਾ ਕਿ ਬਾਬਾ ਉਹ ਗੱਲ ਸੁਣਾ ਜਦੋਂ ਤੂੰ ਸਾਡੀ ਦਾਦੀ ਨੂੰ ਦੇਖਣ ਗਿਆ ਸੀ। ਉਸ ਬੁੜ੍ਹੇ ਨੇ ਤੁਰੰਤ ਸ਼ੁਰੂ ਹੋ ਜਾਣਾ- 'ਮੱਲੋ, ਫੱਗਣ ਦੇ ਦਿਨ ਸੀ। ਦਾਦੀ ਤੁਹਾਡੀ ਦਾ ਪਿੰਡ ਸੀਗਾ ਹੁਸ਼ਿਆਰਪੁਰ ਤੋਂ ਰਤਾ ਕੁ ਉਰੇ। ਪਿੰਡ ਦੀ ਨੈਣ ਨਾਲ ਮੈਂ ਅੱਟੀ-ਸੱਟੀ ਲਾ ਲਈ ਕਿ ਫਲਾਣੇ ਦਿਨ ਮੈਂ ਸਵੇਰ ਵੇਲੇ ਪਿੰਡ ਦੇ ਬਾਹਰਵਾਰ ਆਊਂਗਾ। ਤਾਰਾ ਚੜ੍ਹਦੇ ਨੂੰ ਮੈਂ ਸੜਕੇ ਸੜਕ ਤੁਰ ਪਿਆ। ਹਲਕਾ-ਹਲਕਾ ਪਾਲਾ ਉਤਰ ਰਿਹਾ ਸੀ। ਮੈਂ ਖੇਸ ਦੀ ਬੁੱਕਲ ਮਾਰੀ ਹੋਈ ਸੀ। ਤੁਰਦੇ-ਤੁਰਦੇ ਊਂਘ ਆ ਗਈ। ਹਾਲੇ ਦਿਨ ਦੀ ਲਾਲੀ ਨਹੀਂ ਸੀ ਲੱਗੀ, ਮੈਂ ਸੜਕ ਦੇ ਸੱਜੇ ਪਾਸੇ ਭੱਠੇ ਦੇਖੇ। ਕਿਸੇ ਲੰਘ ਰਹੇ ਬੰਦੇ ਨੂੰ ਪੁੱਛਿਆ ਕਿ ਇਹ ਕਿਹੜੇ ਪਿੰਡ ਦੇ ਭੱਠੇ ਹਨ? ਉਸ ਕਿਹਾ ਕਿ ਇਹ ਤਾਂ ਨੰਗਲ ਸ਼ਾਮਾ ਦੇ ਭੱਠੇ ਹਨ। ਮੈਂ ਮੁੜ ਕੇ ਆਪਣੇ ਹੀ ਪਿੰਡ ਆ ਗਿਆ ਸੀ।'

ਅਸੀਂ ਪੁੱਛਣਾ ਕਿ ਬਾਬਾ ਇਹ ਹੋਇਆ ਕਿਦਾਂ? ਉਸ ਕਹਿਣਾ, 'ਮੱਲੋ, ਤੁਰਦੇ-ਤੁਰਦੇ ਜਦੋਂ ਊਂਘ ਆ ਗਈ ਤਾਂ ਖੇਸ ਦੀ ਬੁੱਕਲ ਢਿੱਲੀ ਹੋ ਗਈ। ਸੁੱਤ ਉਨੀਂਦੇ ਵਿਚ ਹੀ ਮੈਂ ਬੁੱਕਲ ਫੇਰ ਮਾਰ ਲਈ। ਇੱਦਾਂ ਕਰਦੇ ਦਾ ਮੂੰਹ ਪਿਛਲੇ ਪਾਸੇ ਨੂੰ ਭਉਂ ਗਿਆ। ਬੱਸ, ਮੈਂ ਸਹੁਰੇ ਘਰ ਜਾਣ ਦੀ ਥਾਂ ਵਾਪਸ ਪਿੰਡ ਆ ਗਿਆ।'



ਕੋਠੇ ਚੜ੍ਹ ਕੇ ਖਿੱਚੀ ਪਿੰਡ ਨੰਗਲ ਸ਼ਾਮਾ ਦੀ ਤਸਵੀਰ।

ਇਸ ਬੁੜ੍ਹੇ ਨੂੰ ਇਕ ਹੋਰ ਆਦਤ ਸੀ। ਗਰਮੀਆਂ ਦੀ ਤਿੱਖੜ ਦੁਪਹਿਰ ਜਦੋਂ ਲੋਕ ਦਰਖਤਾਂ ਦੀ ਛਾਂਵੇਂ ਬੈਠੇ ਬਾਰਾਂ ਟਾਹਣੀ ਜਾਂ ਤਾਸ਼ ਖੇਡ ਰਹੇ ਹੁੰਦੇ ਜਾਂ ਵਾਣ ਵੱਟ ਰਹੇ ਹੁੰਦੇ ਜਾਂ ਸੁਸਤਾ ਰਹੇ ਹੁੰਦੇ, ਉਹ ਤੂੜੀ ਵਾਲੇ ਕੋਠੇ ਵਿਚ ਰਜਾਈ ਲੈ ਕੇ ਪਿਆ ਹੁੰਦਾ। ਉਸ ਨੂੰ ਪੁੱਛਣਾ ਕਿ ਉਹ ਇੱਦਾਂ ਕਿਉਂ ਕਰਦਾ ਹੈ? ਉਸ ਕਹਿਣਾ, 'ਮੱਲੋ, ਜਦੋਂ ਸਰੀਰ ਗਰਮੀ ਨਾਲ ਪੂਰੀ ਤਰ੍ਹਾਂ ਭਿੱਜ ਜਾਂਦੈ, ਉਦੋਂ ਰਜਾਈ ਦਾ ਪੱਲਾ ਰਤਾ ਕੁ ਚੁੱਕਣ ਉਤੇ ਜਿਹੜੀ ਹਵਾ ਆਉਂਦੀ ਹੈ, ਉਸ ਵਰਗੀ ਠੰਢੀ ਹਵਾ ਹੋਰ ਕੋਈ ਨਹੀਂ ਹੁੰਦੀ ਤੇ ਉਸ ਵਰਗਾ ਸੁਆਦ ਹੋਰ ਕੋਈ ਨਹੀਂ ਹੁੰਦਾ।'

ਇਸ ਕੰਧ ਉਤੇ ਬੈਠਿਆਂ ਹੀ ਨੌਜਵਾਨ ਸਭਾਵਾਂ ਦੀ ਕਈ ਵਾਰ ਸਥਾਪਨਾ ਕੀਤੀ ਗਈ। ਕਿਸੇ ਵੇਲੇ ਵੀ ਬਾਕਾਇਦਾ ਮੀਟਿੰਗ ਸੱਦਣ ਦੀ ਲੋੜ ਨਹੀਂ ਸੀ ਪੈਂਦੀ। ਹਰ ਵਾਰੀ ਹੀ ਆਪਣੇ ਆਪ ਇਕੱਠੇ ਹੋਏ ਮੁੰਡੇ ਫੈਸਲਾ ਕਰ ਲੈਂਦੇ ਕਿ ਚਲੋ ਨੌਜਵਾਨ ਸਭਾ ਬਣਾਈਏ। ਉਸੇ ਵੇਲੇ ਪ੍ਰਧਾਨ ਤੇ ਸਕੱਤਰ ਚੁਣ ਲਏ ਜਾਂਦੇ। ਉਸੇ ਵੇਲੇ ਹੀ ਫੈਸਲਾ ਕਰ ਲਿਆ ਜਾਂਦਾ ਕਿ ਸਭਾ ਨੇ ਕਿਹੜਾ ਕੰਮ ਕਰਨਾ ਹੈ। ਬਹੁਤੀ ਵਾਰੀ ਤਾਂ ਪਿੰਡ ਦੀ ਫਿਰਨੀ ਜਿਹੜੀ ਕੱਚੀ ਹੀ ਹੁੰਦੀ ਸੀ, ਉਤੇ ਮਿੱਟੀ ਪਾਉਣ ਦਾ ਕੰਮ ਕੀਤਾ ਜਾਂਦਾ ਸੀ।

ਫਿਰਨੀ ਉਤੇ ਗੱਡੇ ਅਤੇ ਹੋਰ ਵਾਹਨ ਲੰਘਣ ਕਾਰਨ, ਖਾਸ ਕਰ ਕੇ ਬਰਸਾਤਾਂ ਦੇ ਦਿਨੀਂ ਚਿੱਕੜ ਹੋ ਜਾਂਦਾ ਸੀ। ਪਿੰਡ ਦੀਆਂ ਬਾਕੀ ਗਲੀਆਂ ਲਗਭਗ ਪੱਕੀਆਂ ਸਨ। ਇਸੇ ਲਈ ਲੈ-ਦੇ ਕੇ ਕੱਚੀ ਫਿਰਨੀ ਉਤੇ ਮਿੱਟੀ ਪਾਉਣ ਦਾ ਕੰਮ ਹੀ ਰਹਿ ਜਾਂਦਾ। ਅਗਲੇ ਦਿਨ ਹੀ ਕਿਸੇ ਨਾ ਕਿਸੇ ਦੀ ਟਰਾਲੀ ਮੰਗ ਲਈ ਜਾਂਦੀ ਤੇ ਸਾਰੇ ਜਣੇ ਰਲ ਕੇ ਬਾਬਿਆਂ ਦੀ ਹੀ ਵੱਟ ਤੋਂ ਮਿੱਟੀ ਲਿਆ-ਲਿਆ ਕੇ ਫਿਰਨੀ ਉਤੇ ਪਾਉਣ ਲਗਦੇ। ਦਿਹਾੜੀ ਵਿਚ ਹੀ ਇਹ ਕੰਮ ਸਿਰੇ ਚੜ੍ਹ ਜਾਂਦਾ। ਅਗਲੇ ਕਈ ਦਿਨ ਕੀਤੇ ਗਏ ਕੰਮ ਦੀ ਚਰਚਾ ਚਲਦੀ ਰਹਿੰਦੀ।

ਜਾਂ ਫਿਰ ਬਾਬਿਆਂ ਦੀ ਕੰਧ ਉਤੇ ਬਣੀ ਨੌਜਵਾਨ ਸਭਾ ਕੋਈ ਨਾ ਕੋਈ ਟੂਰਨਾਮੈਂਟ ਕਰਵਾਉਣ ਦਾ ਫੈਸਲਾ ਕਰ ਲੈਂਦੀ। ਵੈਸੇ ਤਾਂ ਕਦੇ-ਕਦੇ ਫੁਟਬਾਲ ਦਾ ਟੂਰਨਾਮੈਂਟ ਵੀ ਹੁੰਦਾ, ਪਰ ਬਹੁਤੀ ਵਾਰੀ ਕਬੱਡੀ ਦਾ ਹੀ ਟੂਰਨਾਮੈਂਟ ਕਰਵਾਇਆ ਜਾਂਦਾ। ਇਸ ਦਾ ਕਾਰਨ ਇਹ ਸੀ ਕਿ ਫੁਟਬਾਲ ਲਈ ਲੋੜੀਂਦੀ ਗਰਾਊਂਡ ਪਿੰਡ ਕੋਲ ਨਹੀਂ ਸੀ। ਕਬੱਡੀ ਲਈ ਤਾਂ ਕਿਸੇ ਵੀ ਖੇਤ ਦਾ ਵਾਹਣ ਵਰਤ ਲਿਆ ਜਾਂਦਾ ਸੀ। ਅਗਲੀ ਵਾਰੀ ਇਮਤਿਹਾਨਾਂ ਦਾ ਸਮਾਂ ਲੰਘਣ ਮਗਰੋਂ ਫਿਰ ਨਵੀਂ ਸਭਾ ਬਣ ਜਾਂਦੀ। ਇਹ ਸਿਲਸਿਲਾ ਲਗਾਤਾਰ ਚਲਦਾ ਰਿਹਾ। ਇਕ ਵਾਰੀ ਮੈਂ ਵੀ ਸਭਾ ਦਾ ਜਨਰਲ ਸਕੱਤਰ ਚੁਣਿਆ ਗਿਆ ਸਾਂ ਅਤੇ ਕਬੱਡੀ ਟੂਰਨਾਮੈਂਟ ਕਰਵਾਇਆ ਸੀ। ਇਹ ਸੰਨ 1971-72 ਦੀ ਗੱਲ ਹੈ।

ਬਾਬਿਆਂ ਦੀ ਕੰਧ ਹਾਲਾਂਕਿ ਪਿੰਡ ਦਾ ਪੰਚਾਇਤ ਘਰ ਨਹੀਂ ਸੀ, ਪਰ ਇਹ ਨੌਜਵਾਨਾਂ ਦੀ ਪਾਰਲੀਮੈਂਟ ਜ਼ਰੂਰ ਸੀ। ਇਸ ਪਾਰਲੀਮੈਂਟ ਵਿਚ ਭਾਵੇਂ ਅੱਜ ਕੱਲ੍ਹ ਦੀ ਭਾਰਤੀ ਪਾਰਲੀਮੈਂਟ ਵਾਂਗ ਜੂਤ-ਪਤਾਣ ਨਹੀਂ ਚਲਦਾ, ਪਰ ਕਦੇ-ਕਦੇ ਹਲਕੇ-ਫੁਲਕੇ ਝਗੜੇ ਜ਼ਰੂਰ ਹੋ ਜਾਂਦੇ ਸਨ। ਫਿਰ ਵੀ ਕਦੇ ਲੜਾਈ ਗੰਭੀਰ ਰੂਪ ਧਾਰਨ ਨਹੀਂ ਸੀ ਕਰਦੀ। ਬਹੁਤੀ ਵਾਰੀ ਇਹ ਲੜਾਈ ਕਿਸੇ ਨਿੱਕੀ ਜਿਹੀ ਗੱਲ ਤੋਂ ਹੀ ਸ਼ੁਰੂ ਹੁੰਦੀ ਸੀ। ਕਦੇ-ਕਦੇ ਹੂਰੋ-ਮੁੱਕੀ ਵੀ ਹੋ ਜਾਂਦੀ, ਪਰ ਬਾਕੀ ਦੇ ਮੁੰਡੇ ਨਾਲ ਹੀ ਰਾਜ਼ੀਨਾਵਾਂ ਕਰਵਾ ਲੈਂਦੇ, ਜਾਂ ਫਿਰ ਕਈ ਵਾਰੀ ਕੁਸ਼ਤੀਆਂ ਕਰ ਕੇ 'ਕੱਟਾ ਕੱਟੀ ਕੱਢਣ' ਦੀ ਸਕੀਮ ਬਣ ਜਾਂਦੀ ਸੀ। ਕੁਸ਼ਤੀ ਲਈ ਦਿਨ ਵੀ ਮਿੱਥ ਲਿਆ ਜਾਂਦਾ ਸੀ।

ਲੋਹੜੀ ਤੋਂ ਕਈ ਦਿਨ ਪਹਿਲਾਂ ਬਾਬਿਆਂ ਦੀ ਇਸ ਕੰਧ ਉਤੇ ਬੈਠ ਕੇ ਸਕੀਮਾਂ ਬਣਦੀਆਂ ਸਨ ਕਿ ਲੋਹੜੀ ਵਾਲੇ ਦਿਨ ਕਿਸ ਦੀਆਂ ਕਾਨਿਆਂ ਦੀਆਂ ਪੂਲੀਆਂ, ਕਿਸ ਦੇ ਘਰ ਮੂਹਰੇ ਪਿਆ ਲੱਕੜ ਦਾ ਮੁੱਢ, ਕਿਸ ਦੀਆਂ ਪੁਰਾਣੀਆਂ ਖਿੜਕੀਆਂ ਜਾਂ ਦਰਵਾਜ਼ੇ, ਕਿਸ ਦੀ ਕੋਈ ਲੱਕੜ ਚੋਰੀ ਕਰ ਕੇ ਲਿਆਉਣੀ ਹੈ। ਇਹ ਸਾਮਾਨ ਪਹਿਲਾਂ ਹੀ 'ਨਜ਼ਰ ਹੇਠ' ਰੱਖਿਆ ਜਾਂਦਾ ਸੀ।

ਇੰਨੀ ਇਤਿਹਾਸਕ ਕੰਧ ਕਿਥੇ ਗਈ? ਬੇਟੀ ਦੇ ਇਸ ਸਵਾਲ ਦੇ ਜਵਾਬ ਵਿਚ ਮੈਂ ਦੱਸਦਾ ਹਾਂ ਕਿ ਸਮੇਂ ਦੇ ਗੇੜ ਵਿਚ ਤਾਂ ਕਿਲ੍ਹੇ ਤਕ ਢਹਿ ਜਾਂਦੇ ਹਨ, ਇਕ ਬੇਚਾਰੀ ਕੰਧ ਦੀ ਕੀ ਮਜਾਲ ਹੈ? ਵੈਸੇ ਵੀ ਸ਼ਹਿਰ ਦੇ ਨੇੜੇ ਆਉਣ ਕਰ ਕੇ ਹੁਣ ਮੇਰੇ ਪਿੰਡ ਦੀ ਨੁਹਾਰ ਬਦਲ ਰਹੀ ਹੈ। ਸਮੇਂ ਦੀ ਮਾਰ ਨੇ ਬਾਬਿਆਂ ਦੀ ਕੰਧ ਵੀ ਢਾਹ ਦਿੱਤੀ ਹੈ, 'ਬਾਬਿਆਂ ਦੀ ਵੱਟ' (ਟਿੱਬਾ) ਵੀ ਚੁੱਕੀ ਗਈ ਹੈ ਤੇ ਬਾਬਿਆਂ ਦੀ ਜ਼ਮੀਨ ਦੇ ਵੀ ਪਲਾਟ ਕੱਟੇ ਜਾਣ ਲੱਗੇ ਹਨ।

***(ਚਲਦਾ)***

## ਦੇਸੀ ਭੂਤ

ਤੂੜੀ ਵਾਲੇ ਕੋਠੇ ਵਿਚੋਂ ਘਬਰਾ ਕੇ ਭੱਜੇ ਆਉਂਦੇ ਨੌਕਰ ਨੂੰ ਜੈਲਦਾਰ ਨੇ ਪੁੱਛਿਆ, "ਓਏ ਕੀ ਹੋਇਆ ਫੁੰਮਣਾ! ਐਂ ਭੱਜਿਆ ਆਉਨੈਂ ਜਿਵੇਂ ਭੂਤ ਪੈ ਗਿਆ ਹੋਵੇ ਮਗਰ?"

ਹਫੇ ਹੋਏ ਫੁੰਮਣ ਨੇ ਜੈਲਦਾਰ ਦੇ ਪੈਰਾਂ ਕੋਲ ਬੈਠਦਿਆਂ ਕਿਹਾ, "ਹਾਂ ਸਰਦਾਰ ਜੀ, ਭੂਤ ਡਾਂਗ ਲਈ ਫਿਰਦੈ ਕੋਠੇ 'ਚ। ਜਦ ਉਸ ਨੇ ਮੈਨੂੰ ਕਿਹਾ- ਇਧਰ ਆ ਕੇ ਗੱਲ ਸੁਣ ਮੇਰੀ, ਤਾਂ ਮੇਰੇ ਸਾਹ ਸੂਤੇ ਗਏ। ਮੈਂ ਘਬਰਾ ਕੇ ਬਾਹਰ ਨੂੰ ਭੱਜ ਆਇਆ। ਭਾਵੇਂ ਤੁਸੀਂ ਅੰਦਰ ਜਾ ਕੇ ਦੇਖ ਲਓ, ਸੱਚੀ ਗੱਲ ਹੈ ਇਹ।"

ਜੈਲਦਾਰ ਸਮਗਲਰ ਸੀ, ਉਸ ਨੇ ਲੱਕ ਨਾਲੋਂ ਪਿਸਤੌਲ ਲਾਹ ਕੇ ਹੱਥ 'ਚ ਫੜਦਿਆਂ ਕਿਹਾ, "ਕਮਾਲ ਐ! ਚੱਲ ਦਿਖਾ ਮੈਨੂੰ, ਕਰਾਂ ਮੈਂ ਭੂਤ ਦੀ ਐਸੀ ਤੈਸੀ...।" ਮੁੱਛ ਨੂੰ ਤਾਅ ਦਿੰਦਾ ਹੋਇਆ ਜੈਲਦਾਰ ਅੱਗੇ ਅੱਗੇ ਅਤੇ ਸਹਿਮਿਆ ਹੋਇਆ ਨੌਕਰ ਪਿਛੇ ਪਿਛੇ, ਤੂੜੀ ਵਾਲੇ ਕੋਠੇ ਦੇ ਦਰ ਅੱਗੇ ਪਹੁੰਚੇ ਤਾਂ ਸਾਹਮਣੇ ਮਹਾਤਮਾ ਗਾਂਧੀ ਨੂੰ ਡਾਂਗ ਲਈ ਖੜ੍ਹਾ ਵੇਖ ਕੇ ਜੈਲਦਾਰ ਦੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ। ਉਸ ਨੇ ਸੰਭਾਲਣ ਦੀ ਕੋਸ਼ਿਸ਼ ਕਰਦਿਆਂ, ਫੁਰਤੀ ਨਾਲ ਪਿਸਤੌਲ ਕੋਟੀ ਦੀ ਜੇਬ ਵਿਚ ਪਾ ਕੇ ਜ਼ੋਰ ਨਾਲ 'ਜੈ ਹਿੰਦ' ਕਿਹਾ।

ਗਾਂਧੀ ਨੇ ਡਾਂਗ ਨਾਲ ਧਰਤੀ ਠਕੋਰਦਿਆਂ ਪੁੱਛਿਆ, "ਓਏ ਭਲੇ ਮਾਣਸੋ! ਮੈਨੂੰ ਨੋਟਾਂ ਉਤੇ ਛਾਪ ਕੇ ਬੋਰੀਆਂ ਭਰ ਕੇ ਤੂੜੀ ਵਾਲੇ ਕੋਠੇ ਵਿਚ ਦੱਬਣ ਲਈ ਬਾਪੂ ਬਣਾਇਐ। ਗਰਮੀ ਨਾਲ ਮੇਰਾ ਸਾਹ ਘੁਟਿਆ ਪਿਆ। ਕੁਝ ਸ਼ਰਮ ਕਰੋ!"

ਝੁਕ ਕੇ ਪ੍ਰਣਾਮ ਕਰਦਿਆਂ ਜੈਲਦਾਰ ਨਿਮਰਤਾ ਨਾਲ ਬੋਲਿਆ, "ਖਿਮਾ ਕਰਨਾ ਬਾਪੂ ਜੀ, ਅੱਗੇ ਤੋਂ ਤੁਹਾਨੂੰ ਏ ਸੀ ਰੂਮ ਵਿਚ ਹੀ ਰੱਖਿਆ ਕਰਾਂਗੇ, ਜਾਂ ਫਿਰ ਵਿਦੇਸ਼ੀ ਬੈਂਕਾਂ ਵਿਚ!"

***-ਅਵਤਾਰ ਸਿੰਘ ਹੰਸਰਾ***
***ਫੋਨ: 661-368-6572***

## ਵਿਅੰਗ

# ...ਤੇ ਬਬਲੀ ਹਾਰ ਕੇ ਜਿੱਤ ਗਈ!

## ਨੋਕ-ਝੋਕ



ਐਸ. ਅਸ਼ੋਕ ਭੌਰਾ

***ਦੁਨੀਆਂ ਇਸ ਯਤਨ ਵਿਚ ਵੀ ਲੱਗ ਗਈ ਹੈ ਕਿ ਗਾਂ ਸ਼ਾਇਦ ਕੱਟਾ ਛੱਡਣ ਨਾਲ ਵੀ ਦੁੱਧ ਚੋਣ ਦੇ ਦੇਵੇਗੀ, ਪਰ ਇੱਦਾਂ ਹੋਵੇਗਾ ਨਹੀਂ, ਕਿਉਂਕਿ ਜੀਭ ਬੁੱਲ੍ਹਾਂ ਤੋਂ ਨਹੀਂ, ਦੰਦਾਂ ਦੇ ਵੀ ਅੰਦਰ ਰਹੇਗੀ। ਭਾਰਤ ਵਿਚੋਂ ਜਾਤ ਪ੍ਰਥਾ ਇਸ ਕਰ ਕੇ ਨਹੀਂ ਮੁੱਕ ਰਹੀ ਕਿਉਂਕਿ ਵਿਗਿਆਨਕ ਯੁੱਗ ਵਿਚ ਬ੍ਰਾਹਮਣ ਹੀ ਬ੍ਰਹਮ ਗਿਆਨੀ ਅਖਵਾਉਣ ਦੇ ਭਰਮ ਵਿਚ ਹੈ। ਜਵਾਨੀ ਦੇ ਨਸ਼ੇ ਵਾਲੇ ਜ਼ੋਰ ਵਿਚ ਪਿਆਰ ਟੁੱਟ ਵੀ ਜਾਵੇ, ਤਾਂ ਉਨਾ ਕੁ ਅਸਰ ਹੁੰਦਾ ਹੈ, ਜਿੰਨਾ ਸ਼ਰਾਬੀ ਦਾ ਸਵੇਰੇ ਨਸ਼ਾ ਉਤਰਨ ਵੇਲੇ ਹੋਇਆ ਹੋਵੇ। ਕਈਆਂ ਨੇ ਪਿਆਰ ਵੀ ਕੀਤਾ, ਫਿਰ ਇਸ ਨੂੰ ਵਿਆਹ ਦੇ ਅਮਲ ਵਿਚ ਵੀ ਲਿਆਂਦਾ, ਪਰ ਜਦੋਂ ਤਲਾਕ ਦਾ ਮੌਛਾ ਪਿਆ, ਤਾਂ ਫਿਰ ਪਤਾ ਲੱਗਾ ਕਿ ਛਤੀਰ ਟੁੱਟਣ ਨਾਲ ਛੱਤਾਂ ਵੀ ਡਿੱਗ ਪੈਂਦੀਆਂ ਹਨ। ਅਸਮਾਨ ਵਿਚ ਉਡਦੀ ਚਿੜੀ ਨੇ ਪਿੱਛੇ ਆਉਂਦੇ ਕਾਂ ਨੂੰ ਵੇਖ ਕੇ ਪੁੱਛਿਆ, "ਕਿਧਰ ਹਲਕਿਆ ਆਉਨੈਂ?" ਕਾਂ ਨੇ ਹਮਦਰਦੀ ਵਾਲਾ ਮੂੰਹ ਬਣਾਉਂਦਿਆਂ ਕਿਹਾ, "ਹੇਠਾਂ ਦੋ ਚਿੜੇ ਵਿਉਂਤ ਘੜ ਰਹੇ ਸਨ ਕਿ ਅੱਜ ਚਿੜੀ ਘੇਰਨੀ ਆ, ਤੇਰੀ ਹਿਫ਼ਾਜ਼ਤ ਲਈ ਆਇਆਂ।" ਚਿੜੀ ਨੇ ਅਣਖ ਵਿਚ ਤਾਅਨਾ ਮਾਰਿਆ, "ਲੁੱਚਿਆਂ ਦੇ ਰਹਿਮ ਨਾਲੋਂ ਸ਼ਰੀਫਾਂ ਦੀ ਕੁਪੱਤ ਵੀ ਚੰਗੀ ਹੁੰਦੀ ਹੈ। ਨਾਲੇ ਮੈਨੂੰ ਲਗਦੈ, ਤੂੰ ਅੱਜ ਕੱਲ੍ਹ ਕਿਸੇ ਡੇਰੇ ਦੀ ਕੰਧ 'ਤੇ ਜਾ ਕੇ ਬੈਠਦਾ ਹੋਣਾ... ਦਫ਼ਾ ਹੋ, ਬਿੱਲੀਆਂ ਹਾਲੇ ਬਘਿਆੜਾਂ 'ਤੇ ਵਿਸ਼ਵਾਸ ਨਹੀਂ ਕਰਨ ਲੱਗੀਆਂ।" ਅਸਲ ਵਿਚ ਕਈ ਕਤਲ, ਗਲਾ ਘੁੱਟ ਕੇ ਵੀ ਕੀਤੇ ਜਾ ਸਕਦੇ ਹਨ। ਔਰਤ ਤੋਂ ਮਜਬੂਰੀਆਂ ਵਿਚ ਕਿਤੇ ਬੇਵਫਾਈ ਹੋ ਜਾਵੇ, ਸਮਾਜ ਦੀਆਂ ਜ਼ੰਜੀਰਾਂ ਪੈਰ ਨਾ ਪੁੱਟਣ ਦੇਣ, ਤਾਂ ਲੋਕ ਬੂਹੇ ਵਿਚੋਂ ਬਾਹਰ ਮੂੰਹ ਕੱਢ ਕੇ ਫਿੱਟੇ ਮੂੰਹ ਕਹਿਣ ਵਿਚ ਦੇਰੀ ਕਰਨਾ ਗੁਨਾਹ ਸਮਝ ਰਹੇ ਹੁੰਦੇ ਹਨ, ਪਰ ਜਿਨ੍ਹਾਂ ਮਰਦਾਂ ਨੇ ਬੇਵਫਾਈਆਂ ਦਾ ਅੱਕ ਘਰ ਵਿਚ ਬੀਜਿਆ ਹੋਇਆ ਹੈ, ਉਥੇ ਸੰਦਲ ਦੇ ਸ਼ਰਬਤ ਦਾ ਅਰਥ ਕੀ ਹੋ ਸਕਦਾ ਹੈ? ਕਈ ਥਾਂ ਬੀਨ ਤਾਂ ਵੱਜ ਰਹੀ ਹੈ, ਪਰ ਸੱਪ ਮੇਲ੍ਹਣ ਦੀ ਬਜਾਏ ਗੁੱਸੇਖੋਰ ਹੋਈ ਜਾ ਰਿਹੈ। ਸੁਕਰਾਤ ਨੇ ਸਿਰਫ਼ ਬੋਲਿਆ ਹੈ, ਲਿਖਿਆ ਉਹਦੇ ਚੇਲੇ ਪਲੈਟੋ ਨੇ ਹੈ, ਤੇ ਹੁਣ ਅਕਸਰ ਇੱਦਾਂ ਹੋਣ ਲੱਗ ਪਿਆ ਹੈ ਕਿ ਗੁੰਗੇ ਕਥਾ ਤਾਂ ਇਸ਼ਾਰਿਆਂ ਨਾਲ ਕਰ ਰਹੇ ਹੁੰਦੇ ਹਨ, ਪਰ ਸਮਝ ਸੌਖਿਆਂ ਹੀ ਕਈ ਜ਼ੁਬਾਨਾਂ ਵਾਲਿਆਂ ਨਾਲੋਂ ਵੀ ਵੱਧ ਤੇ ਛੇਤੀ ਆ ਜਾਂਦੀ ਹੈ; ਜਿਵੇਂ:***

ਯੁੱਗਾਂ ਤੋਂ ਧਰਮ ਮਨੁੱਖ ਨੂੰ ਸੁਖਾਲਾ ਕਰਨ ਲਈ, ਪਾਪ ਤੋਂ ਮੁਕਤੀ ਤੇ ਇਮਾਨਦਾਰੀ ਵਾਲਾ ਜੀਵਨ ਜਿਉਣ ਦਾ ਉਪਦੇਸ਼ ਦਿੰਦਾ ਆਇਆ ਹੈ, ਪਰ ਕਦੇ ਸੋਚਿਆ ਕਿ ਕੋਈ ਵੀ ਸਰਕਾਰ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਮੁਕਾਉਣ ਦਾ ਦਾਅਵਾ ਕਰਨ ਵਿਚ ਸਫ਼ਲ ਹੋ ਗਈ ਹੋਵੇ? ਇੱਦਾਂ ਹੋ ਨਹੀਂ ਸਕੇਗਾ, ਕਿਉਂਕਿ ਫ਼ਿਰ ਧਰਤੀ 'ਤੇ ਬੰਦੇ ਨਹੀਂ, ਦੇਵਤੇ ਰਹਿਣ ਲੱਗ ਪੈਣਗੇ; ਥਾਣਿਆਂ ਵਿਚ ਕਿੱਲੀ ਨਾਲ ਸਿਰਫ਼ ਵਰਦੀਆਂ ਟੰਗੀਆਂ ਮਿਲਣਗੀਆਂ; ਸੰਤਰੀਆਂ 'ਤੇ ਜੇਲ੍ਹਾਂ ਵਿਚ ਨਸ਼ੇ ਵੇਚਣ ਦਾ ਇਲਜ਼ਾਮ ਤਾਂ ਚਲੋ ਕੋਈ ਨਹੀਂ ਲਾਵੇਗਾ, ਪਰ ਊਂ ਵੀ ਜੇਲ੍ਹਾਂ ਵਿਚ ਕੁੱਤਾ ਘੜੀਸਿਆ ਜਾਵੇਗਾ; ਵਿਗਿਆਨ ਆਤਮ ਹੱਤਿਆ ਕਰ ਲਵੇਗਾ; ਹਸਪਤਾਲਾਂ ਨੂੰ ਜਿੰਦਰੇ ਲੱਗਣਗੇ; ਬਾਬੇ ਤੇ ਸਾਧ ਵਿਹਲੇ ਹੋ ਜਾਣਗੇ; ਧਾਰਮਿਕ ਸਥਾਨਾਂ ਤੋਂ ਗੋਲਕਾਂ ਚੁੱਕ ਹੋ ਜਾਣਗੀਆਂ; ਤੇ ਸਭ ਤੋਂ ਵੱਡੀ ਗੱਲ ਇਹ ਹੋਵੇਗੀ ਕਿ ਅਖ਼ਬਾਰਾਂ ਕੋਲ ਛਾਪਣ ਲਈ ਕੁਝ ਵੀ ਨਹੀਂ ਬਚੇਗਾ। ਖੈਰ! ਇਹ ਸਾਰੀ ਖਿਆਲਾਂ ਦੀ ਜੁਗਲਬੰਦੀ ਹੀ ਹੈ, ਕਿਉਂਕਿ ਮਨੁੱਖ ਆਪਣੇ ਤਾਣੇ ਵਿਚੋਂ ਖੁਦ ਹੀ ਕਦੇ ਨਿਕਲਣਾ ਚੰਗਾ ਨਹੀਂ ਸਮਝੇਗਾ। ਨਾਲੇ ਫ਼ਿਰ ਜੈਕਾਰੇ ਤੇ ਨਾਅਰੇ ਦੋਵੇਂ ਹੀ ਮੁੱਕ ਜਾਣਗੇ।

ਕਾਂ, ਕੋਇਲ ਨਾਲ ਝਗੜ ਰਿਹਾ ਸੀ। ਉਹ ਵਿਚਾਰੀ ਕੁਝ ਬੋਲਣ ਦੀ ਥਾਂ ਨੀਵੀਂ ਪਾ ਕੇ ਰੋਈ ਜਾ ਰਹੀ ਸੀ। ਕੋਲੋਂ ਲੰਘਦੇ ਕਬੂਤਰ ਨੇ ਕਿਹਾ, "ਇਹਨੂੰ ਕੰਜਰ ਦੇ ਨੂੰ ਜੁਆਬ ਦੇ ਠੋਕ ਕੇ।" ਉਹ ਹੌਲੀ ਦੇਣੀ ਕਹਿਣ ਲੱਗੀ, "ਭਰਾਵਾ ਕੰਜਰਾਂ ਨੂੰ ਕਿਸੇ ਯੁੱਗ ਵਿਚ ਕੋਈ ਭਲਾਮਾਣਸ ਹਰਾ ਨਹੀਂ ਸਕਿਆ ਹੈ। ਮੈਂ ਮਿੱਠਾ ਬੋਲਾਂਗੀ, ਇਹ ਜ਼ਹਿਰ ਉਗਲੇਗਾ।" ਕੋਲੋਂ ਲੰਘਦੇ ਤੋਤੇ ਨੇ ਕਬੂਤਰ ਨੂੰ ਗਲਵੱਕੜੀ ਵਿਚ ਲੈ ਕੇ ਇਸ਼ਾਰਾ ਕੀਤਾ, "ਓ ਰੱਬ ਦਿਆ ਭੋਲਿਆ ਬੰਦਿਆ! ਕਾਹਨੂੰ ਜਾਭਾਂ ਘਸਾਉਨੈਂ... ਸੱਪ ਤੇ ਕਾਂ ਦੀ ਉਪਰ ਵਾਲੇ ਨੇ ਉਮਰ ਇਸ ਕਰ ਕੇ ਲੰਮੀ ਰੱਖੀ ਹੈ ਤਾਂ ਕਿ ਲੁੱਚੇ ਚੌਧਰ ਕਰਦੇ ਰਹਿਣ ਤੇ ਉਨ੍ਹਾਂ ਦੇ ਚਮਚੇ ਸੱਪ ਬਣ ਕੇ ਡੰਗੀ ਜਾਣ ਲੋਕਾਂ ਨੂੰ।" ਸੱਚ ਨਹੀਂ ਲਗਦਾ ਕਿ ਸੰਤ ਅਤੇ ਨੇਤਾ ਹੁਣ ਆ ਕੇ ਆਹਮੋ-ਸਾਹਮਣੇ ਹੋਏ ਹਨ। ਸੰਤ ਜੋ ਕੁਝ ਤਿਆਗਣ ਨੂੰ ਕਹਿ ਰਿਹਾ ਹੈ, ਨੇਤਾ ਉਸੇ ਦੀਆਂ ਗ੍ਰਾਂਟਾਂ ਵੰਡਣ ਲੱਗੇ ਹੋਏ ਹਨ, ਤੇ ਜ਼ਹਿਰ ਦਾ ਇਹ ਪ੍ਰਸਾਦ ਲੈਣ ਲਈ ਲੋਕੀਂ ਫਿਰ ਮੰਗ ਪੱਤਰ ਦੇਣ ਲਈ ਕਾਹਲੇ ਪਏ ਹੋਏ ਨੇ।

ਇਸ ਗੱਲ ਨੂੰ ਵੀ ਹੁਣ ਸਦੀਵੀ ਸੱਚ ਵਾਂਗ ਸਵੀਕਾਰ ਕਰ ਲੈਣਾ ਚਾਹੀਦਾ ਹੈ ਕਿ ਔਰਤ ਜਾਤੀ ਹਾਲੇ ਆਉਣ ਵਾਲੇ ਸਮੇਂ ਵਿਚ ਹੋਰ ਦੁਖੀ ਹੋਵੇਗੀ, ਕਿਉਂਕਿ ਧਰਮ ਦਾ ਬਹੁਤਾ ਕਾਰਜ ਫ਼ਿਰ 'ਮਹਾਂਪੁਰਸ਼ਾਂ' ਦੇ ਹੱਥਾਂ ਵਿਚ ਜਾ ਰਿਹਾ ਹੈ। ਹੁਣ ਪਰਬਤਾਂ ਵਿਚੋਂ ਦੇਵੀਆਂ ਪ੍ਰਗਟ ਹੋਣ ਦੀ ਆਸ ਮੁੱਕ ਰਹੀ ਹੈ। ਊਂ ਵੀ 'ਭੈਰੋਂ' ਥਾਂ-ਥਾਂ ਰਾਹ ਘੇਰੀ ਬੈਠੇ ਹਨ।

ਕਈ ਵਾਰ ਬੀਹੀ ਅੰਦਰ ਦਾਖ਼ਲ ਹੋਣ ਲਈ ਰਾਹ ਤਾਂ ਭਾਵੇਂ ਦੋ ਹੁੰਦੇ ਹਨ, ਪਰ ਬਾਹਰ ਨਿਕਲਣ ਲਈ ਇਕ ਹੀ ਬਚਦਾ ਹੈ। ਕਈਆਂ ਨੇ ਮੁੱਛ ਤਾਂ ਖੜ੍ਹੀ ਰੱਖੀ ਹੁੰਦੀ ਹੈ, ਪਰ ਆਪ ਲੰਮੇ ਪਏ ਹੁੰਦੇ ਹਨ। ਹੇਠਾਂ ਜ਼ਰਾ ਅੰਤਰ-ਗਿਆਨ ਦੇ ਦੀਵੇ ਬਾਲ ਦੇ ਦੇਖਿਓ... ਲੱਗੇਗਾ ਜਿਵੇਂ ਮੁਰਦੇ ਦੇ ਨਹਾ ਕੇ ਪਾਏ ਜਾਣ ਵਾਲੇ ਲੀੜਿਆਂ ਨਾਲ ਦਰਜੀ ਨੇ ਕਾਹਲੀ-ਕਾਹਲੀ ਵਿਚ ਜੇਬ੍ਹ ਵੀ ਲਗਾ ਦਿੱਤੀ ਹੋਵੇ।

...ਕੰਮੋ ਨੇ ਜਦੋਂ ਪ੍ਰਵੀਨ ਦੇ ਗਲ ਨਾਲ ਲੱਗ ਕੇ ਧਾਹ ਗਲਵੱਕੜੀ ਪਾਈ, ਤਾਂ ਉਹਨੂੰ ਆਵਾਜ਼ ਤੋਂ ਪਤਾ ਲੱਗਾ ਕਿ ਇਹ ਤਾਂ ਨਾ ਸਿਰਫ਼ ਮੇਰੇ ਬਚਪਨ ਦੀ ਸਹੇਲੀ ਐ, ਸਗੋਂ ਮੇਰੇ ਬਾਪੂ ਦੇ ਕਾਮੇ ਯਾਰ ਦੀ ਧੀ ਕੰਮੋ ਐ।



"ਨੀ ਤੂੰ ਤਾਂ ਹੀਰ ਦ ੀ ਭੈ ੰਣ ਲੱਗਦੀ ਹੁੰਦੀ ਸੀ, ਆਹ ਕੀ ਧੁਆਂਖੀ ਜਿਹੀ ਹੋਈ ਫ਼ਿਰਦੀ ਏਂ?" ਪ੍ਰਵੀਨ ਨੇ ਸਵਾਲ ਵਿਚ ਲੋਹੜੇ ਦੀ ਹੈਰਾਨੀ ਪ੍ਰਗਟ ਕੀਤੀ।

"ਭੈਣ, ਤੂੰ ਨਹੀਂ ਜਾਣਦੀ... ਹਾਲੇ ਤੱਕ ਨਾ ਕਿਸੇ ਗਰੀਬ ਨੇ ਜਵਾਨੀ ਮਾਣੀ ਆ, ਤੇ ਨਾ ਕਿਸੇ ਨੂੰ ਪੋਹ ਦੀ ਚਾਨਣੀ ਦਾ ਭਾਅ ਰਿਹੈ।"

"ਨੀ ਤੂੰ ਨਾਭਿਓਂ ਜੈਪੁਰ 'ਕੱਲੀ ਕਿੱਦਾਂ ਪੁੱਜ ਗਈ?"

"ਜਦੋਂ ਬਿਪਤਾ ਦੇ ਘੁੱਗੂ ਵੱਜਦੇ ਨੇ, ਸਮੁੰਦਰ ਵੀ ਵਗਦੇ ਨਾਲਿਆਂ ਵਰਗੇ ਲੱਗਣ ਲਗਦੇ ਆ। ਨਾਲ ਹੀ ਅਹਿ ਤੇਰਾ ਭਾਣਜਾ ਅਮਰੀਕ ਵੀ ਬਾਹਰ ਮਾਸੜ ਕੋਲ ਬੈਠਾ।"

"ਚਿਰ ਹੋ ਗਿਆ ਦੇਖੇ ਨੂੰ। ਬੜਾ ਸੁਨੱਖਾ ਸੀ ਅਮਰੀਕ। ਬਿੱਲੀਆਂ ਅੱਖਾਂ, ਕਾਲੇ ਵਾਲ, ਗੋਰਾ ਨਿਛੋਹ ਰੰਗ।"

"ਜਦੋਂ ਹੰਸ ਰੂੜੀਆਂ 'ਤੇ ਘੁੰਮਣ ਲੱਗ ਪਏ ਤਾਂ ਉਹ ਹੰਸ ਨਹੀਂ ਰਹਿੰਦਾ। ਪਿਉ ਕੰਜਰ ਤਾਂ ਜਿਵੇਂ ਕਿਵੇਂ ਮਰਿਆ ਈ ਸੀ, ਇਹਨੂੰ ਦਿਹਾੜੀ-ਦੱਪਾ ਕਰ ਕੇ ਔਖਾ ਪਾਲਿਆ। ਦਸ ਜਮਾਤਾਂ ਪੜ੍ਹਾਇਆ। ਇਹਨੂੰ ਇਹ ਵੀ ਸ਼ਰਮ ਨੀ, ਪਈ ਮਾਂ ਕੈਂਸਰ ਨਾਲ ਮਰਨ ਕਿਨਾਰੇ ਐ... ਬਦਮਾਸ਼ਾਂ ਦੀ ਇਕ ਕੁੜੀ ਨਾਲ ਲਾਈ ਬੈਠਾ। ਉਹ ਇਹਨੂੰ ਮਾਰਨ ਨੂੰ ਫਿਰ ਰਹੇ ਨੇ। ਬਿੱਲੀ ਵਾਂਗ ਬਲੂੰਗੜਾ ਲੈ ਕੇ ਸੱਤ ਘਰ ਨਹੀਂ, ਇਕੋ ਤੇਰੇ ਘਰ ਆਈ ਆਂ। ਪ੍ਰਾਹੁਣੀ ਬਣ ਕੇ ਨਹੀਂ, ਚਾਰ ਦਿਨ ਜਿਉਣ ਲਈ।"

ਤੇ ਬਾਤ ਤੇ ਹੁੰਗਾਰੇ ਵਾਂਗ ਦੋਵੇਂ ਪਲਾਂ ਵਿਚ ਇਕ-ਦੂਜੇ ਦੇ ਦਰਦ 'ਤੇ ਫ਼ਹੇ ਰੱਖ ਕੇ ਫੂਕਾਂ ਮਾਰਨ ਲੱਗ ਪਈਆਂ ਸਨ।

ਫ਼ਿਰ ਪ੍ਰਵੀਨ ਹੋਰਾਂ ਦੀ ਮੁਨਿਆਰੀ ਦੀ ਦੁਕਾਨ 'ਤੇ ਅਮਰੀਕ ਕੰਮ ਤਾਂ ਕਰਨ ਲੱਗ ਪਿਆ ਸੀ, ਪਰ ਗਮਾਂ ਤੇ ਕੈਂਸਰ ਨਾਲ ਸੜ ਕੇ ਸੁਆਹ ਹੋਈ ਕੰਮੋ ਨੂੰ ਸੁੱਖ ਦਾ ਸਾਹ ਆਉਣ ਤੋਂ ਪਹਿਲਾਂ ਹੀ ਉਹਦੇ ਸਾਹ ਮੁੱਕ ਗਏ। ਨਾਭੇ ਦੀ ਆਬੋ-ਹਵਾ ਵਿਚ ਕਦੇ ਸ਼ੀਰੀ ਵਾਂਗ ਘੁੰਮਦੀ ਕੰਮੋ ਉਮਰ ਦੇ 50ਵੇਂ ਵਰ੍ਹੇ ਵਿਚ ਜੈਪੁਰ ਦੇ ਸ਼ਮਸ਼ਾਨਘਾਟ ਵਿਚ ਰਾਖ ਹੋ ਗਈ।

ਪ੍ਰਵੀਨ ਨੇ ਆਪਣੇ ਪਤੀ ਸੁਹੇਲ ਨੇ ਪੁੱਛਿਆ, "ਅਮਰੀਕ ਕਿਆ ਕਰੇਗਾ, ਮਨਿਆਰੀ ਦੀ ਦੁਕਾਨ 'ਤੇ ਇਹਦਾ ਦਿਲ ਵੀ ਨਹੀਂ ਲਗਦਾ ਬਹੁਤਾ। ਕਿਉਂ ਨੀ ਆਪਣੇ ਮਿੱਤਰ ਪ੍ਰਵੇਸ਼ ਚੰਦਰ ਨੂੰ ਕਹਿ ਕੇ ਉਹਦੇ ਕੋਲ ਰਖਵਾ ਦਿੰਦੇ। ਘੋੜਿਆਂ ਤੋਂ ਲੈ ਕੇ ਬਦਾਮਾਂ ਤੱਕ ਦਾ ਕਾਰੋਬਾਰ ਐ, ਮਾੜਾ ਮੋਟਾ ਹਿਸਾਬ-ਕਿਤਾਬ ਦਫ਼ਤਰ ਵਿਚ ਬਹਿ ਕੇ ਕਰ ਲਿਆ ਕਰੇਗਾ।"

ਪ੍ਰਵੀਨ ਦੀ ਤਜਵੀਜ਼ ਅਮਲ ਵਿਚ ਬਦਲ ਗਈ। ਪ੍ਰਵੇਸ਼ ਨੂੰ ਅਮਰੀਕ ਮਿਲਿਆ ਤਾਂ ਸਾਰੇ ਦੁੱਖ ਦਾ ਤਾਂ ਪਤਾ ਲੱਗ ਹੀ ਗਿਆ, ਪਰ ਰਾਜ ਕੁਮਾਰਾਂ ਵਰਗੀ ਦਿੱਖ ਨੇ ਉਹਨੂੰ ਗਰੀਬ ਦੀ ਜ਼ਿੰਦਗੀ ਨਾਲ ਪੂਰੇ ਦਾ ਪੂਰਾ ਮੋਹ ਲਿਆ।

"ਸੁਹੇਲ ਮਿੱਤਰਾ! ਹੁਣ ਅਮਰੀਕ ਮੇਰੇ ਮਹਿਲਾਂ ਵਿਚ ਆਉਣ-ਜਾਣ ਵਾਲੇ ਦੀ ਦੇਖ-ਭਾਲ ਤੇ ਗੱਲ-ਬਾਤ ਕਰਿਆ ਕਰੇਗਾ। ਬੇਟਾ ਮੇਰਾ ਜੋਧਪੁਰ ਵਾਲਾ ਕਾਰੋਬਾਰ ਦੇਖਦੈ, ਬੇਟੀ ਤੇ ਪਤਨੀ ਹੀ ਘਰ ਹੁੰਦੀਆਂ। ਨਾਲੇ ਆਪਾਂ ਸਾਰੇ ਪਟਿਆਲਵੀ ਪੰਜਾਬੀ ਭਰਾ ਹਾਂ।"

...ਤੇ ਅਮਰੀਕ ਦੀ ਜ਼ਿੰਦਗੀ ਵਿਚ ਨਵੇਂ ਰੰਗ ਭਰੇ ਜਾਣ ਲੱਗ ਪਏ।

ਫਿਰ ਛੇ ਕੁ ਸਾਲ ਅਮਰੀਕ ਦੇ ਬੜੇ ਸੁਖਾਲੇ ਲੰਘ ਗਏ। ਇਕ ਦਿਨ ਉਹਨੇ ਕਿਹਾ, "ਅੰਕਲ, ਮੈਂ ਪੰਜਾਬ ਜਾਣਾ ਚਾਹੁੰਦਾ। ਤੁਹਾਡੇ ਕੋਲ ਬਿਜਲੀ ਮਹਿਕਮੇ ਦਾ ਇਕ ਐਕਸੀਅਨ ਸੀ ਆਉਂਦਾ ਹੁੰਦਾ ਲੁਧਿਆਣਿਓਂ... ਉਹਨੂੰ ਕਹਿ ਕੇ ਉਥੇ ਹੀ ਛੋਟੀ ਮੋਟੀ ਨੌਕਰੀ ਦੁਆ ਦਿਓ।"

ਸਾਲ ਛੇ ਮਹੀਨੇ ਤਾਂ ਪ੍ਰਵੇਸ਼ ਨੇ ਧਿਆਨ ਨਾ ਦਿੱਤਾ, ਪਰ ਫਿਰ ਉਹਦੀ ਬੇਟੀ ਬਬਲੀ ਵੀ ਅਮਰੀਕ ਦੀ ਸਿਫਾਰਿਸ਼ ਕਰਨ ਲੱਗ ਪਈ, "ਡੈਡੀ ਕਰਾ ਦਿਓ ਨਾ ਵਿਚਾਰੇ ਅਮਰੀਕ ਦਾ ਕੰਮ, ਇਥੇ ਹੁਣ ਉਦਾਸ ਜਿਹਾ ਰਹਿੰਦੈ।"

ਕੌਡਾਂ ਆਖਰ ਸਿੱਧੀਆਂ ਪਈਆਂ, ਤਾਂ ਉਸੇ ਐਕਸੀਅਨ ਨੇ ਪ੍ਰਵੇਸ਼ ਦੀ ਸਿਫ਼ਾਰਸ਼ ਮੰਨ ਲਈ, ਪਰ ਕੰਮ ਵਰਕ-ਚਾਰਜ ਵਾਲਾ ਕੱਚੇ ਕਾਮਿਆਂ ਵਾਲਾ ਹੀ ਮਿਲਿਆ।

ਅਮਰੀਕ ਪੂਰਾ ਖੁਸ਼ ਸੀ, ਤੇ ਬਬਲੀ ਉਸ ਤੋਂ ਵੀ ਵੱਧ, ਕਿਉਂਕਿ ਕਈ ਰਾਜ਼ ਉਹੋ ਜਿਹੇ ਹੀ ਹੁੰਦੇ ਹਨ ਜਿਵੇਂ ਕੁਝ ਜ਼ਿੰਦਰਿਆਂ ਦੀਆਂ ਕੁੰਜੀਆਂ ਸੜਕਾਂ ਕਿਨਾਰੇ ਬੈਠੇ ਕਾਰੀਗਰਾਂ ਤੋਂ ਨਵੀਆਂ ਹੀ ਬਣਾਉਣੀਆਂ ਪੈਂਦੀਆਂ ਹਨ।

ਅਮਰੀਕ ਗਿਆ ਸੀ ਤਾਂ ਦੁੱਖਾਂ ਮਾਰੀ ਮਾਂ ਕੰਮੋ ਨਾਲ ਸੀ, ਪਰ ਕੁਝ ਸੁਖਾਲਾ ਹੋ ਕੇ ਹੁਣ ਪਰਤ ਤਾਂ ਰਿਹਾ ਸੀ, ਪਰ ਮਾਂ ਤੋਂ ਬਿਨਾਂ! ਜਦੋਂ ਉਹਨੂੰ ਐਕਸੀਅਨ ਨੇ ਲੁਧਿਆਣੇ ਪੁੱਜਣ ਲਈ ਕਿਹਾ ਤਾਂ ਮਨ ਵਿਚ ਆਇਆ ਕਿ ਇਥੇ ਤਾਂ ਬਸਤੀ ਵਿਚ ਆਪਣਾ ਪੁਰਾਣਾ ਗੁਆਂਢੀ ਪਿੰਡੋਂ ਇਕ ਬੇਲੀ ਰਹਿੰਦੈ ਸਰਬਣ, ਉਹਦੇ ਕੋਲ ਚੱਲਾਂਗੇ।

ਫੌਜੀ ਵਾਂਗ ਬਿਸਤਰਾ ਬੰਨ੍ਹ ਕੇ ਲੁਧਿਆਣੇ ਪੁੱਜ ਗਿਆ, ਨੌਕਰੀ 'ਤੇ ਵੀ ਹਾਜ਼ਰੀ ਦੇ ਦਿੱਤੀ, ਸਰਬਣ ਵੀ ਟੱਕਰ ਪਿਆ, ਤੇ ਦੋ ਕੁ ਮਹੀਨੇ ਵਿਚ ਕਿਰਾਏ 'ਤੇ ਮਕਾਨ ਵੀ ਲੈ ਲਿਆ।

...ਸਿਆਲ ਦੀਆਂ ਲੱਗੀਆਂ ਰੋਹੀਆਂ ਵਿਚ ਪ੍ਰਗਟ ਹੋ ਗਈਆਂ। ਅਮਰੀਕ ਦੇ ਇਸ਼ਕ ਵਿਚ ਝੱਲੀ ਹੋਈ ਬਬਲੀ ਵੀ ਮਗਰੇ ਚਾਰ ਪੈਸੇ ਤੇ ਗਹਿਣੇ ਲੈ ਕੇ ਲੁਧਿਆਣੇ ਆਣ ਪੁੱਜੀ। ਅਗਲੇ ਹੀ ਦਿਨ ਲਾਵਾਂ ਲਈਆਂ, ਤੇ ਵਿਆਹ ਕਾਨੂੰਨ ਦੇ ਖਾਤੇ ਵਿਚ ਵੀ ਚੜ੍ਹ ਗਿਆ।

ਜਦੋਂ ਚੌਥੇ ਕੁ ਦਿਨ ਪ੍ਰਵੇਸ਼ ਲੁਧਿਆਣੇ ਪੁੱਜਿਆ ਤਾਂ ਫ਼ਿਰ ਪਤਾ ਲੱਗਾ ਕਿ ਅਮਰੀਕ ਨੂੰ ਜੈਪੁਰ ਚੰਗਾ ਕਿਉਂ ਨਹੀਂ ਸੀ ਲਗਦਾ, ਤੇ ਬਬਲੀ ਪਿਉ 'ਤੇ ਜ਼ੋਰ ਕਿਉਂ ਪਾ ਰਹੀ ਸੀ।

ਸਿਆਣੇ ਬਾਪ ਨੇ ਸਮਾਜ ਦੀ ਖੇਹ ਸਿਰ ਪੁਆਉਣ ਨਾਲੋਂ ਇਸ ਭਾਣੇ ਨੂੰ ਤਾਂ ਮਿੱਠਾ ਕਰ ਕੇ ਮੰਨ ਲਿਆ, ਪਰ ਗੁੱਸੇ ਵਿਚ ਧੀ ਨੂੰ ਇਹ ਜ਼ਰੂਰ ਕਿਹਾ, "ਮੈਨੂੰ ਕਦੇ ਸ਼ਕਲ ਨਾ ਵਿਖਾਈਂ", ਪਰ ਉਹਨੇ ਐਕਸੀਅਨ ਦੀ ਤਜਵੀਜ਼ 'ਤੇ ਵੀ ਅਮਰੀਕ ਨੂੰ ਨੌਕਰੀਓਂ ਹਟਾਉਣ ਦੀ ਸਿਫ਼ਾਰਿਸ਼ ਨਾ ਮੰਨੀ।

ਸਿਆਣਿਆਂ ਦੇ ਕਹਿਣ ਵਾਂਗ ਵਕਤ ਦੇ ਗੁਜ਼ਰਨ ਨਾਲ ਕਈ ਵੱਡੇ-ਵੱਡੇ ਰਿਸ਼ਤਿਆਂ ਦੇ ਨਿੱਘ ਵੀ ਠੰਢੇ-ਠਾਰ ਹੋ ਜਾਂਦੇ ਹਨ। ਬਬਲੀ ਮੁਹੱਬਤ ਦੇ ਤੀਜੇ ਵਰ੍ਹੇ ਧੀ ਦੀ ਮਾਂ ਬਣ ਗਈ। ਬਾਪ ਦਾ ਗਹਿਣਾ-ਗੱਟਾ ਖਰਚਿਆਂ ਵਿਚ ਰੁੜ੍ਹ ਗਿਆ, ਤੇ ਇਸ਼ਕ ਦਾ ਭੂਤ ਵੀ ਲਹਿ ਕੇ ਦੋਹਾਂ ਨੂੰ ਚਿੜਾਉਣ ਲੱਗ ਪਿਆ।

ਸ਼ਿਕਾਰ ਖੇਡਣ ਦੇ ਸ਼ੌਕੀਨ ਦੀ ਦੁਨੀਆਂ ਰਾਜਿਆਂ-ਮਹਾਰਾਜਿਆਂ ਤੋਂ ਲੈ ਕੇ ਬੜੀ ਵਚਿੱਤਰ ਰਹੀ ਹੈ। ਵਕਤ ਦੇ ਹਿਸਾਬ ਨਾਲ ਹਥਿਆਰ ਨਾ ਵੀ ਚੱਲਣ, ਸ਼ਿਕਾਰ ਹੱਥਾਂ ਨਾਲ ਖੇਡਣ ਦੇ ਯਤਨ ਵੀ ਕਰਨ ਲੱਗ ਪੈਂਦੇ ਹਨ।

ਅਮਰੀਕ ਚਲੋ ਦਾਰੂ ਦਾ ਘੁੱਟ ਤਾਂ ਕਦੇ-ਕਦੇ ਤੋਂ ਨਿੱਤ ਪੀਣ ਲੱਗ ਪਿਆ ਸੀ, ਪਰ ਉਹਦਾ ਸਰਬਣ ਦੇ ਘਰ ਆਉਣਾ-ਜਾਣਾ ਲਗਾਤਾਰ ਵਧਣ ਕਰ ਕੇ ਉਹ ਚਿੰਤਤ ਹੋਈ ਜਾਂਦੀ ਸੀ। ਰੱਜ ਕੇ ਸੁਨੱਖੀ ਬਬਲੀ ਨੂੰ ਸ਼ੀਸ਼ੇ ਵਿਚ ਆਪਣਾ ਚਿਹਰਾ ਉਹੋ ਜਿਹਾ ਨਹੀਂ ਸੀ ਲੱਗ ਰਿਹਾ। ਬਾਦਸ਼ਾਹ ਬਾਪ ਦਾ ਸਿਰ ਤੋਂ ਚੁੱਕਿਆ ਹੱਥ ਵੀ ਹੁਣ ਹਉਕਾ ਬਣਦਾ ਜਾ ਰਿਹਾ ਸੀ... ਤੇ ਜਿਹੜੀ ਦਮਯੰਤੀ ਨੇ ਦੇਵਤਿਆਂ ਨੂੰ ਛੱਡ ਕੇ ਅਮਰੀਕ ਨੂੰ ਰਾਜੇ ਨਲ ਵਾਂਗ ਚੁਣਿਆ ਸੀ, ਵਕਤ ਦੇ ਨਾਲ-ਨਾਲ ਉਹ ਵੀ ਉਹਦੇ ਨਾਲ ਨਹੀਂ ਸੀ।

ਸਰਬਣ ਇਕ ਦਿਨ ਜਦੋਂ ਘਰ ਆਇਆ ਤਾਂ ਉਹਨੇ ਦੋਹਾਂ ਅੱਗੇ ਵਿਸ਼ਵਾਸ ਦੀ ਮੂਰਤ ਵਾਂਗ ਕਿਹਾ, "ਅਮਰੀਕ, ਮੈਂ ਦੁਬਈ ਚੱਲਿਆਂ। ਗੁਜ਼ਾਰਾ ਚੰਗਾ ਤੁਰ ਪਵੇਗਾ। ਬੱਚੇ ਹਾਲੇ ਛੋਟੇ ਨੇ, ਘਰ ਰਾਜ ਦਾ ਖਿਆਲ ਰੱਖੀਂ। ਇਕ ਤਾਂ ਆਂਢ-ਗੁਆਂਢ ਵਿਚ ਬੈਲੀ ਜਿਹੇ ਲੋਕ ਰਹਿੰਦੇ ਨੇ ਬੱਕਰੀਆਂ-ਭੇਡਾਂ ਚਾਰਨ ਵਾਲੇ, ਊਂ ਵੀ ਰਾਜ ਡਰਾਕਲ ਐ, ਛੇਤੀ ਸਾਹ ਸੂਤ ਲੈਂਦੀ ਐ। ਅਮਰੀਕ, ਦੂਜੇ ਚੌਥੇ ਗੇੜਾ ਮਾਰਦਾ ਰਹੀਂ।"

ਬਬਲੀ ਜਾਣ ਗਈ ਸੀ ਕਿ ਰਾਜ ਵੀ ਸੁਨੱਖੀ ਹੈ ਤੇ ਅਮਰੀਕ ਦੀ ਸਭ ਤੋਂ ਵੱਡੀ ਕਮਜ਼ੋਰੀ ਔਰਤ ਐ। ਸਰਬਣ ਨੂੰ ਦੁਬਈ ਗਏ ਨੂੰ ਡੂਢ ਕੁ ਸਾਲ ਹੋ ਗਿਆ ਸੀ, ਪਰ ਅਮਰੀਕਾ ਦਾ ਨਿੱਤ ਤੀਏ ਦਿਨ ਉਨ੍ਹਾਂ ਦੇ ਘਰ ਡਾਂਗ 'ਤੇ ਡੇਰਾ ਰੱਖਣਾ ਬਬਲੀ ਨੂੰ ਕਿਸੇ ਤਰ੍ਹਾਂ ਵੀ ਰਾਸ ਨਹੀਂ ਸੀ ਆ ਰਿਹਾ। ਰਾਜ ਤੇ ਅਮਰੀਕ ਦੇ ਸਬੰਧਾਂ 'ਤੇ ਸ਼ੱਕ ਹੁਣ ਯਕੀਨ ਵਿਚ ਇਸ ਕਰ ਕੇ ਬਦਲ ਰਿਹਾ ਸੀ, ਕਿਉਂਕਿ ਸਰਬਣ ਦਾ ਆਂਢ-ਗੁਆਂਢ ਜਿਹੜੀਆਂ ਗੱਲਾਂ ਕਰਨ ਲੱਗ ਪਿਆ ਸੀ, ਉਨ੍ਹਾਂ ਦੀ ਹਵਾ ਬਬਲੀ ਤੱਕ ਪੁੱਜ ਰਹੀ ਸੀ। ਇਸੇ ਲਈ ਘਰ ਵਿਚ ਕਲੇਸ਼ ਦਾ ਦੌਰ ਸ਼ੁਰੂ ਹੋ ਗਿਆ।

ਰੱਬ ਨੇ ਹੱਥ ਵਿਖਾਉਣ ਲਈ ਜਿਵੇਂ ਅਮਰੀਕ ਵੱਲ ਜ਼ਿਆਦਾ ਹੀ ਵੱਡਾ ਹੱਥ ਕੱਢ ਲਿਆ ਹੋਵੇ। ਬਬਲੀ ਕਿਤੇ ਗੁਆਂਢੀਆਂ ਨਾਲ ਨਾਨਕੇ ਮੇਲ ਵਿਚ ਕਿਸੇ ਵਿਆਹ 'ਤੇ ਚਲੀ ਗਈ, ਤੇ ਪਿਛੋਂ ਅਮਰੀਕ ਬੇਫਿਕਰਾ ਹੋ ਕੇ ਸਰਬਣ ਦੇ ਘਰੇ। ਅੱਧੀ ਰਾਤ ਜਦੋਂ ਉਹਦੇ ਘਰ ਦੇ ਬਾਹਰ ਕਾਰ ਦਾ ਹਾਰਨ ਵੱਜਿਆ, ਤਾਂ ਰਾਜ ਕਹਿਣ ਲੱਗੀ, "ਭੱਜ ਜਾਹ ਅਮਰੀਕ, ਲੱਗਦੈ ਸਰਬਣ ਆ ਗਿਐ।"

ਮਿਰਜ਼ੇ ਨੇ ਸਾਹਿਬਾਂ ਦਾ ਕਹਿਣਾ ਤਾਂ ਮੰਨ ਲਿਆ, ਪਰ ਉਹ ਬੱਕੀ 'ਤੇ ਛਾਲ ਮਾਰ ਕੇ ਚੜ੍ਹਨ ਦੀ ਥਾਂ ਜਦੋਂ ਕੰਧ ਟੱਪ ਕੇ ਗੁਆਂਢੀਆਂ ਵੱਲ ਉਤਰਨ ਲੱਗਾ ਤਾਂ ਬਨੇਰੇ ਦੀ ਇੱਟ ਪੁੱਟ ਹੋਣ ਨਾਲ ਗੇਂਦ ਵਾਂਗ ਹੇਠਾਂ ਡਿਗ ਪੈਂਦਾ ਤਾਂ ਕੋਈ ਗੱਲ

*(ਬਾਕੀ ਸਫਾ 32 'ਤੇ)*

## ਗੱਲ ਬਣੀ ਕਿ ਨਹੀਂ

*-ਐਸ. ਅਸ਼ੋਕ ਭੌਰਾ*

### ਕੁੱਤੇ ਦਾ ਲੱਕ

ਜੋਬਨ ਰੁੱਤੇ ਵਿਧਵਾ ਦੀ ਨਾ ਸੁੱਕਦੀ ਵੇਖੀ ਅੱਖ।
ਘਰ ਵਿਚ ਫੱਕਾ ਕਦੀ ਨਾ ਛੱਡਦੀ ਇਕ-ਦੂਜੇ 'ਤੇ ਸ਼ੱਕ।
ਠਗਿਆ ਜਾਂਦਾ ਨਾਲ ਇਸ਼ਾਰਿਆਂ ਭੋਲਾ-ਭਾਲਾ ਬੰਦਾ,
ਨਾਲ ਵੇਸਵਾ ਨਖਰੇ ਦੇ ਵਿਚ ਜਦੋਂ ਚੜ੍ਹਾਉਂਦੀ ਨੱਕ।
ਰਥਵਾਨ, ਜੋਗੀ ਤੇ ਭੱਖੜਾ ਮੰਗਦੇ ਆਏ ਧੁਰੋਂ ਹੀ ਔੜਾਂ,
ਨਹੀਂ ਮਾਰੂਥਲ ਵਿਚ ਸੁੱਕਦਾ ਵੇਖਿਆ ਕਦੇ ਕਿਸੇ ਨੇ ਅੱਕ।
ਪਿੰਡਾ ਖੁਰਕਣ ਨਾ ਸਰਕਾਰਾਂ ਲੱਖਾਂ ਕਰੋ ਮੁਜ਼ਾਹਰੇ,
ਘੱਲੂਘਾਰਿਆਂ ਨਾਲ ਹੀ ਮਿਲਦੇ ਵੇਖੇ ਨੇ ਅਸੀਂ ਹੱਕ।
ਉੱਲੂ, ਆਸ਼ਕ, ਚੋਰ ਮੇਲ੍ਹਦੇ ਵਿਚ ਕਾਲੀਆਂ ਰਾਤਾਂ ਦੇ,
ਚਾਰ ਕੁ ਦਿਨ ਹੀ ਲੜਦੀ ਮਿੱਤਰੋ ਵਿਚ ਜੁਆਨੀ ਅੱਖ।
ਨਹੀਂ ਰੋਕਿਆਂ ਰੁਕਦੇ ਦੇਖੇ ਚੜ੍ਹੇ ਹੜ੍ਹਾਂ ਦੇ ਪਾਣੀ,
ਨਾ ਬੰਨਿਆਂ ਤੋਂ ਦਰਿਆਵਾਂ ਦਾ ਪਾਣੀ ਹੁੰਦਾ ਡੱਕ।
ਕੌਡੀ ਦੇ ਨਹੀਂ ਰਹਿੰਦੇ 'ਭੌਰੇ' ਹੋਣ ਗੁਣਾਂ ਵਿਚ ਪੂਰੇ,
ਬੰਦੇ ਦਾ ਜੇ ਚੂਲਾ ਟੁੱਟ ਜਾਏ ਜਾਂ ਕੁੱਤੇ ਦਾ ਲੱਕ।

## ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

# ਕੂੜਿਆਰ ਕੂੜਿਆਰੀ ਜਾਇ ਰਲੇ...

ਗੁਰੂ ਰਾਮਦਾਸ ਸਤਿਗੁਰੂ ਦੀ ਸੰਗਤਿ ਵਿਚ ਬੈਠਣ ਵਾਲੇ ਅਤੇ ਸਤਿਗੁਰੂ ਦੀ ਸੰਗਤਿ ਨਾ ਕਰ ਸਕਣ ਯੋਗ ਮਨੁੱਖਾਂ ਵਿਚ ਨਿਖੇੜਾ ਕਰਦਿਆਂ ਦੱਸਦੇ ਹਨ ਕਿ ਨਿਰਦਈ ਕਿਸਮ ਦੇ ਅਰਥਾਤ ਕਠੋਰ ਮਨ ਵਾਲੇ ਮਨੁੱਖ ਸਤਿਗੁਰ ਦੀ ਸੰਗਤਿ ਨਹੀਂ ਕਰਦੇ। ਸਤਿਗੁਰ ਦੀ ਸੰਗਤਿ ਵਿਚ ਸੱਚ ਦਾ ਵਰਤਾਰਾ ਹੁੰਦਾ ਹੈ, ਸੱਚ ਦੀ ਗੱਲ ਕੀਤੀ ਜਾਂਦੀ ਹੈ, ਇਸ ਲਈ ਉਥੇ ਕੂੜ ਦੇ ਵਪਾਰੀਆਂ ਦਾ ਮਨ ਨਹੀਂ ਲੱਗਦਾ, ਉਨ੍ਹਾਂ ਦਾ ਮਨ ਉਦਾਸ ਹੋ ਜਾਂਦਾ ਹੈ। ਉਹ ਸਤਿਗੁਰ ਦੀ ਸੰਗਤਿ 'ਚ ਆਪਣਾ ਸਮਾਂ ਵੱਲ-ਛਲ ਕਰਕੇ ਲੰਘਾਉਂਦੇ ਹਨ ਅਤੇ ਫਿਰ ਝੂਠੇ ਅਤੇ ਫਰੇਬੀ ਮਨੁੱਖਾਂ ਪਾਸ ਹੀ ਜਾ ਕੇ ਬੈਠ ਜਾਂਦੇ ਹਨ। ਕੋਈ ਵੀ ਆਪਣੇ ਮਨ ਵਿਚ ਇਸ ਗੱਲ ਦੀ ਵਿਚਾਰ ਅਤੇ ਫੈਸਲਾ ਕਰਕੇ ਦੇਖ ਲਵੇ, ਸੱਚੇ ਮਨੁੱਖ ਦੇ ਮਨ 'ਤੇ ਝੂਠ ਦਾ ਕੋਈ ਅਸਰ ਨਹੀਂ ਹੁੰਦਾ, ਉਸ ਦੇ ਮਨ ਵਿਚ ਝੂਠ ਨੂੰ ਕੋਈ ਥਾਂ ਨਹੀਂ ਹੁੰਦੀ। ਝੂਠੇ ਝੂਠਿਆਂ ਵਿਚ ਜਾ ਕੇ ਬੈਠਦੇ ਹਨ ਅਤੇ ਸੱਚੇ ਸਿੱਖ ਸਤਿਗੁਰ ਦੀ ਸੰਗਤਿ ਕਰਦੇ ਹਨ (ਜਿਹੋ ਜਿਹੀ ਕਿਸੇ ਮਨੁੱਖ ਦੀ ਬਿਰਤੀ ਹੁੰਦੀ ਹੈ, ਉਹ ਉਸੇ ਕਿਸਮ ਦੀ ਸੰਗਤਿ ਕਰਦਾ ਹੈ),

ਜਿਨ ਕੈ ਚਿਤ ਕਠੋਰ ਹਹਿ
ਸੇ ਬਹਹਿ ਨ ਸਤਿਗੁਰ ਪਾਸਿ॥
ਓਥੈ ਸਚੁ ਵਰਤਦਾ
ਕੂੜਿਆਰਾ ਚਿਤ ਉਦਾਸਿ॥
ਓਇ ਵਲੁ ਛਲੁ ਕਰਿ ਝਤਿ ਕਢਦੇ
ਫਿਰਿ ਜਾਇ ਬਹਹਿ ਕੂੜਿਆਰਾ ਪਾਸਿ॥
ਵਿਚਿ ਸਚੇ ਕੂੜੁ ਨ ਗਡਈ
ਮਨਿ ਵੇਖਹੁ ਕੋ ਨਿਰਜਾਸਿ॥
ਕੂੜਿਆਰ ਕੂੜਿਆਰੀ ਜਾਇ ਰਲੇ
ਸਚਿਆਰ ਸਿਖ ਬੈਠੇ ਸਤਿਗੁਰ ਪਾਸਿ॥੨੬॥
(ਪੰਨਾ ੩੧੪)

ਅਗਲੇ ਸਲੋਕ ਵਿਚ ਗੁਰੂ ਅਰਜਨ ਦੇਵ ਦੱਸਦੇ ਹਨ ਕਿ ਨਿੰਦਕ ਕਿਸਮ ਦੇ ਮਨੁੱਖ ਪਹਿਲਾਂ ਹੀ ਆਪਣੇ ਬੁਰੇ ਕੰਮਾਂ ਕਰਕੇ ਚੰਗੇ ਪਾਸੇ ਤੋਂ ਅਰਥਾਤ ਨਾਮ ਵਾਲੇ ਪਾਸੇ ਤੋਂ ਮਰੇ ਹੁੰਦੇ ਹਨ ਅਤੇ ਜੋ ਕੁਝ ਬਾਕੀ ਬਚੇ ਵੀ ਹੁੰਦੇ ਹਨ, ਉਨ੍ਹਾਂ ਨੂੰ ਉਨ੍ਹਾਂ ਦੇ ਕੀਤੇ ਕੰਮਾਂ ਕਰਕੇ ਨਾਮ ਵੱਲੋਂ ਮਾਰਨ ਦਾ ਆਹਰ ਅਕਾਲ ਪੁਰਖ ਆਪ ਹੀ ਕਰ ਦਿੰਦਾ ਹੈ। ਪਰਮਾਤਮਾ ਦਾ ਨਾਮ ਸਿਮਰਨ ਕਰਨ ਵਾਲੇ ਮਨੁੱਖਾਂ ਦਾ ਰਾਖਾ ਅਕਾਲ ਪੁਰਖ ਸਭ ਥਾਂਵਾਂ 'ਤੇ ਇਹ ਪਰਗਟ ਖੇਲ ਕਰ ਰਿਹਾ ਹੈ,

ਰਹਦੇ ਖੁਹਦੇ ਨਿੰਦਕ ਮਾਰਿਅਨੁ
ਕਰਿ ਆਪੇ ਆਹਰੁ॥
ਸੰਤ ਸਹਾਈ ਨਾਨਕਾ
ਵਰਤੈ ਸਭ ਜਾਹਰੁ॥੧॥ (ਪੰਨਾ ੩੧੫)

ਅਗਲੇ ਸਲੋਕ ਵਿਚ ਵੀ ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ ਕਿ ਜਿਹੜੇ ਮਨੁੱਖ ਪਹਿਲਾਂ ਹੀ ਅਕਾਲ ਪੁਰਖ ਵੱਲੋਂ ਖੁੰਝੇ ਹੋਏ ਹਨ ਉਹ ਫਿਰ ਹੋਰ ਕੋਈ ਆਸਰਾ ਕਿੱਥੋਂ ਲੈ ਸਕਦੇ ਹਨ? ਗੁਰੂ ਸਾਹਿਬ ਕਹਿੰਦੇ ਹਨ ਕਿ ਅਜਿਹੇ ਮਨੁੱਖ ਅਕਾਲ ਪੁਰਖ ਵੱਲੋਂ ਆਪ ਹੀ ਮਾਰੇ ਹੋਏ ਹਨ ਜੋ ਸਭ ਕੁਝ ਕਰ ਸਕਣ ਦੇ ਸਮਰੱਥ ਹੈ, ਜੋ ਸਾਰੀ ਦੁਨੀਆਂ ਦਾ ਰਚਣਹਾਰਾ ਅਤੇ ਆਸਰਾ ਹੈ,

ਮੁੰਢਹੁ ਭੁਲੇ ਮੁੰਢ ਤੇ ਕਿਥੈ ਪਾਇਨਿ ਹਥੁ॥
ਤਿੰਨੈ ਮਾਰੇ ਨਾਨਕਾ
ਜਿ ਕਰਣ ਕਾਰਣ ਸਮਰਥੁ॥੨॥
(ਪੰਨਾ ੩੧੫)

ਅਗਲੀ ਪਉੜੀ 'ਚ ਗੁਰੂ ਰਾਮਦਾਸ ਉਨ੍ਹਾਂ ਲੋਕਾਂ ਦੀ ਗੱਲ ਕਰਦੇ ਹਨ ਜੋ ਲੁਕ ਛਿਪ ਕੇ ਬੁਰੇ ਕੰਮ ਕਰਦੇ ਹਨ, ਰਾਤ ਦੇ ਹਨੇਰੇ ਦਾ ਫਾਇਦਾ ਉਠਾਉਂਦੇ ਹਨ ਅਤੇ ਸੋਚਦੇ ਹਨ ਕਿ ਸਾਨੂੰ ਕੋਈ ਵੀ ਦੇਖ ਨਹੀਂ ਰਿਹਾ। ਪਰ ਉਹ ਅਕਾਲ ਪੁਰਖ, ਦੁਨੀਆਂ ਦਾ ਮਾਲਕ ਸਭ ਕੁਝ ਜਾਣਦਾ ਹੈ, ਉਸ ਕੋਲੋਂ ਮਨੁੱਖ ਦਾ ਕੋਈ ਵੀ ਕਾਰਜ ਲੁਕਿਆ ਹੋਇਆ ਨਹੀਂ ਰਹਿ ਸਕਦਾ, ਉਸ ਦੀਆਂ ਨਜ਼ਰਾਂ ਤੋਂ ਕੁਝ ਵੀ ਛੁਪ ਨਹੀਂ ਸਕਦਾ। ਗੁਰੂ ਸਾਹਿਬ ਕਹਿੰਦੇ ਹਨ ਕਿ ਮਨੁੱਖ ਆਪਣੇ ਬੁਰੇ ਕੰਮਾਂ ਨੂੰ ਅੰਜਾਮ ਦੇਣ ਲਈ ਰਾਤ ਦੇ ਹਨੇਰੇ ਵਿਚ ਫਾਹੇ ਲੈ ਕੇ ਦੂਸਰਿਆਂ ਨੂੰ ਲੁੱਟਣ ਲਈ ਤੁਰਦੇ ਹਨ ਪਰ ਉਹ ਅਕਾਲ ਪੁਰਖ ਸਭ ਕੁਝ ਜਾਣਦਾ ਹੈ। ਅੰਦਰਲੇ ਥਾਂਵਾਂ ਵਿਚ ਛੁਪ ਕੇ ਪਰਾਈਆਂ ਇਸਤਰੀਆਂ ਨੂੰ ਬੁਰੀ ਨਜ਼ਰ ਨਾਲ ਤੱਕਦੇ ਹਨ, ਔਖੇ ਥਾਂਵਾਂ 'ਤੇ ਸੰਨ੍ਹ ਲਾਉਂਦੇ ਹਨ, ਪਾੜ ਲਾਉਂਦੇ ਹਨ ਅਤੇ ਸ਼ਰਾਬ ਨੂੰ ਮਿੱਠਾ ਕਰਕੇ ਇਸ ਨੂੰ ਪੀਣ ਦਾ ਅਨੰਦ ਮਾਣਦੇ ਹਨ। ਪਰ ਅਖੀਰ ਵਿਚ ਉਨ੍ਹਾਂ ਨੂੰ ਆਪਣੇ ਕੀਤੇ ਹੋਏ ਇਨ੍ਹਾਂ ਕੰਮਾਂ ਕਰਕੇ ਪਛਤਾਉਣਾ ਪੈਂਦਾ ਹੈ ਕਿਉਂਕਿ ਹਰ ਮਨੁੱਖ ਨੂੰ ਆਪਣੇ ਕੀਤੇ ਹੋਏ ਕਰਮਾਂ ਦਾ ਫਲ ਤਾਂ ਭੁਗਤਣਾ ਹੀ ਪੈਂਦਾ ਹੈ। ਅੰਤਮ ਫੈਸਲੇ ਵੇਲੇ ਮੌਤ ਦਾ ਫਰਿਸ਼ਤਾ ਬੁਰੇ ਕੰਮ ਕਰਨ ਵਾਲਿਆਂ ਨੂੰ ਇਸ ਤਰ੍ਹਾਂ ਪੀੜਦਾ ਹੈ ਜਿਵੇਂ ਤੇਲ ਕੱਢਣ ਲਈ ਘਾਣੀ ਵਿਚ ਤਿਲ ਪੀੜੇ ਜਾਂਦੇ ਹਨ,

ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ॥
ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ॥
ਸੰਨ੍ਹੀ ਦੇਨਿ ਵਿਖੰਮ ਥਾਇ ਮਿਠਾ ਮਦੁ ਮਾਣੀ॥
ਕਰਮੀ ਆਪੋ ਆਪਣੀ ਆਪੇ ਪਛੁਤਾਣੀ॥
ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥੨੭॥
(ਪੰਨਾ ੩੧੫)

ਅਗਲੇ ਸਲੋਕ ਵਿਚ ਗੁਰੂ ਅਰਜਨ ਦੇਵ ਉਸ ਅਕਾਲ ਪੁਰਖ ਦੇ ਸੇਵਕਾਂ ਵਿਚ ਅਤੇ ਪਰਮਾਤਮਾ ਤੋਂ ਬਿਨਾ ਕਿਸੇ ਹੋਰ ਦੀ ਸੇਵਾ ਕਰਨ ਵਾਲਿਆਂ ਵਿਚ ਨਿਖੇੜਾ ਕਰਦੇ ਹਨ। ਗੁਰੂ ਸਾਹਿਬ ਦੱਸਦੇ ਹਨ ਕਿ ਅਕਾਲ ਪੁਰਖ ਦੀ ਹਜ਼ੂਰੀ ਵਿਚ ਪਰਮਾਤਮਾ ਦੇ ਸੇਵਕ ਹੀ ਪਰਵਾਨ ਕੀਤੇ ਜਾਂਦੇ ਹਨ, ਉਨ੍ਹਾਂ ਦੀ ਕੀਤੀ ਸੇਵਾ ਹੀ ਕਬੂਲ ਪੈਂਦੀ ਹੈ। ਜਿਹੜੇ ਉਸ ਅਕਾਲ ਪੁਰਖ ਨੂੰ ਛੱਡ ਕੇ ਕਿਸੇ ਦੂਜੇ ਦੀ ਸੇਵਾ ਕਰਦੇ ਹਨ, ਉਹ ਮੂਰਖ ਹਨ ਅਤੇ ਖਪ ਖਪ ਕੇ ਮਰਦੇ ਹਨ,

ਸੇਵਕ ਸਚੇ ਸਾਹ ਕੇ ਸੇਈ ਪਰਵਾਣੁ॥
ਦੂਜਾ ਸੇਵਨਿ ਨਾਨਕਾ ਸੇ ਪਚਿ ਪਚਿ ਮੁਏ ਅਜਾਣ॥੧॥
(ਪੰਨਾ ੩੧੫)

ਗੁਰੂ ਅਰਜਨ ਦੇਵ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਮੁੱਢੋਂ ਹੀ ਕੀਤੇ ਕਰਮਾਂ ਦੇ ਕਾਰਨ ਜੋ ਸੰਸਕਾਰ ਰੂਪ ਲੇਖ ਪਰਮਾਤਮਾ ਵੱਲੋਂ ਲਿਖੇ ਗਏ ਹਨ, ਉਹ ਮਿਟਾਇਆਂ ਮਿਟ ਨਹੀਂ ਸਕਦੇ, ਮਨੁੱਖ ਦੇ ਨਾਲ ਹੀ ਚੱਲਦੇ ਹਨ। ਗੁਰੂ ਸਾਹਿਬ ਨਸੀਹਤ ਕਰਦੇ ਹਨ ਕਿ ਅਕਾਲ ਪੁਰਖ ਦੇ ਨਾਮ ਰੂਪੀ-ਧਨ ਅਤੇ ਨਾਮ ਦਾ ਸੌਦਾ ਇਕੱਠਾ ਕਰੋ ਅਤੇ ਨਾਮ ਦਾ ਸਿਮਰਨ ਕਰੋ ਇਸ ਨਾਲ ਹੀ ਪਿਛਲੇ ਲੇਖ ਮਿਟ ਸਕਦੇ ਹਨ ਅਰਥਾਤ ਇਕੱਠੇ ਕੀਤੇ ਸੰਸਕਾਰ ਬਦਲੇ ਜਾ ਸਕਦੇ ਹਨ,

ਜੋ ਧੁਰਿ ਲਿਖਿਆ ਲੇਖੁ
ਪ੍ਰਭ ਮੇਟਣਾ ਨ ਜਾਇ॥
ਰਾਮ ਨਾਮੁ ਧਨੁ ਵਖਰੋ
ਨਾਨਕ ਸਦਾ ਧਿਆਇ॥੨॥ (ਪੰਨਾ ੩੧੫)

ਅੱਗੇ ਪਉੜੀ ਵਿਚ ਗੁਰੂ ਰਾਮਦਾਸ ਦੱਸਦੇ ਹਨ ਕਿ ਜਿਸ ਮਨੁੱਖ ਨੂੰ ਰੱਬ ਵੱਲੋਂ ਹੀ ਠੇਡਾ ਵੱਜਿਆ ਹੋਵੇ ਉਹ ਆਪਣਾ ਪੈਰ ਕਿੱਥੇ ਟਿਕਾਵੇ ਅਰਥਾਤ ਜਿਸ ਮਨੁੱਖ ਨੂੰ ਰੱਬ ਵੱਲੋਂ ਹੀ ਔਝੜੀਂ ਪਾ ਦਿੱਤਾ ਗਿਆ ਹੋਵੇ ਉਹ ਜੀਵਨ ਦੇ ਸਹੀ ਰਸਤੇ 'ਤੇ ਕਿਵੇਂ ਚੱਲੇ। ਅਜਿਹਾ ਮਨੁੱਖ ਅਣਗਿਣਤ ਪਾਪ ਕਮਾਉਂਦਾ ਹੈ ਅਤੇ ਹਰ ਰੋਜ਼ ਵਿਸ਼ੇ-ਵਿਕਾਰਾਂ ਰੂਪੀ ਜ਼ਹਿਰ ਖਾਂਦਾ ਹੈ ਅਰਥਾਤ ਵਿਸ਼ੇ-ਵਿਕਾਰਾਂ ਵਿਚ ਪਿਆ ਰਹਿੰਦਾ ਹੈ। ਅਜਿਹਾ ਮਨੁੱਖ ਦੂਸਰਿਆਂ ਦੇ ਐਬ, ਔਗੁਣ ਲੱਭਦਾ ਰਹਿੰਦਾ ਹੈ ਅਤੇ ਖੁਆਰ ਹੁੰਦਾ ਹੈ ਅਤੇ ਆਪਣੇ ਅੰਦਰ ਹੀ ਅੰਦਰ ਸੜਦਾ ਰਹਿੰਦਾ ਹੈ। ਜਿਸ ਨੂੰ ਅਕਾਲ ਪੁਰਖ ਆਪ ਸਜਾ ਦਿੰਦਾ ਹੈ, ਉਸ ਦੀ ਰੱਖਿਆ ਭਲਾਂ ਫਿਰ ਕੌਣ ਕਰ ਸਕਦਾ ਹੈ? ਗੁਰੂ ਸਾਹਿਬ ਕਹਿੰਦੇ ਹਨ ਕਿ ਇਸ ਪਾਪਾਂ ਦੀ ਜ਼ਹਿਰ ਤੋਂ ਬਚਣ ਲਈ ਉਸ ਅਕਾਲ ਪੁਰਖ ਦਾ ਓਟ-ਆਸਰਾ ਲਵੋ ਜੋ ਅਲੱਖ ਹੈ, ਅਦ੍ਰਿਸ਼ਟ ਹੈ,

ਨਾਰਾਇਣਿ ਲਇਆ ਨਾਠੂੰਗੜਾ ਪੈਰ ਕਿਥੈ ਰਖੈ॥
ਕਰਦਾ ਪਾਪ ਅਮਿਤਿਆ ਨਿਤ ਵਿਸੋ ਚਖੈ॥
ਨਿੰਦਾ ਕਰਦਾ ਪਚਿ ਮੁਆ ਵਿਚਿ ਦੇਹੀ ਭਖੈ॥
ਸਚੈ ਸਾਹਿਬਿ ਮਾਰਿਆ ਕਉਣੁ ਤਿਸ ਨੋ ਰਖੈ॥
ਨਾਨਕ ਤਿਸੁ ਸਰਣਾਗਤੀ ਜੋ ਪੁਰਖੁ ਅਲਖੈ॥੨੮॥
(ਪੰਨਾ ੩੧੫)

ਅਗਲੇ ਸਲੋਕ ਵਿਚ ਗੁਰੂ ਅਰਜਨ ਦੇਵ ਅਕ੍ਰਿਤਘਣਾਂ ਦੀ ਗੱਲ ਕਰਦੇ ਹਨ ਅਰਥਾਤ ਉਹ ਮਨੁੱਖ ਜਿਹੜੇ ਉਨ੍ਹਾਂ ਦਾ ਭਲਾ ਕਰਨ ਵਾਲਿਆਂ ਨਾਲ ਹੀ ਧੋਖਾ ਕਰਦੇ ਹਨ। ਅਕ੍ਰਿਤਘਣ ਨੂੰ ਗੁਰਮਤਿ ਦਰਸ਼ਨ ਵਿਚ ਸਭ ਤੋਂ ਮਾੜਾ, ਘਟੀਆ ਮਨੁੱਖ ਮੰਨਿਆ ਜਾਂਦਾ ਹੈ। ਭਾਈ ਗੁਰਦਾਸ ਨੇ 35ਵੀਂ ਵਾਰ ਦੀ 9ਵੀਂ ਪਉੜੀ ਵਿਚ ਅਕ੍ਰਿਤਘਣ ਦੀ ਬਿਰਤੀ ਬਾਰੇ ਦੱਸਿਆ ਹੈ ਕਿ ਇੱਕ ਨੀਵੀਂ ਬਿਰਤੀ ਵਾਲੀ ਔਰਤ ਸ਼ਰਾਬ ਵਿਚ ਕੁੱਤੇ ਦਾ ਮਾਸ ਰਿੰਨ੍ਹ ਕੇ, ਉਸ ਨੂੰ ਮਨੁੱਖ ਦੀ ਖੋਪੜੀ ਵਿਚ ਰੱਖ ਕੇ ਜਿਸ ਵਿਚੋਂ ਗੰਦੀ ਬੋਅ ਆ ਰਹੀ ਸੀ, ਰੱਤ ਨਾਲ ਭਿੱਜੇ ਹੋਏ ਕੱਪੜੇ ਨਾਲ ਕੱਜ ਕੇ, ਭੋਗ-ਬਿਲਾਸ ਕਰਨ ਤੋਂ ਬਾਅਦ ਲੈ ਕੇ ਜਾ ਰਹੀ ਸੀ ਤਾਂ ਕਿਸੇ ਨੇ ਪੁੱਛ ਲਿਆ ਕਿ ਇਸ ਨੂੰ ਇਸ ਤਰ੍ਹਾਂ ਢਕ ਕੇ ਕਿਉਂ ਲੈ ਕੇ ਜਾ ਰਹੀ ਹੈਂ? ਤਾਂ ਪੁੱਛਣ ਤੇ ਉਸ ਦਾ ਉਤਰ ਸੀ, ਇਸ ਲਈ ਕਿ ਅਕ੍ਰਿਤਘਣ ਦੀ ਨਜ਼ਰ ਨਾ ਲੱਗ ਜਾਵੇ। ਭਾਈ ਗੁਰਦਾਸ ਨੇ ਗੁਰਮਤਿ ਦੇ ਸਿਧਾਂਤਾਂ ਨੂੰ ਸਮਝਾਉਣ ਲਈ ਆਮ ਜੀਵਨ ਵਿਚੋਂ ਉਸ ਵੇਲੇ ਦੇ ਸਮਾਜ ਵਿਚ ਪ੍ਰਚੱਲਤ ਤਰ੍ਹਾਂ ਤਰ੍ਹਾਂ ਦੀਆਂ ਧਾਰਨਾਵਾਂ ਦੀ ਵਰਤੋਂ ਕੀਤੀ ਹੈ। ਗੁਰੂ ਅਰਜਨ ਦੇਵ ਫੁਰਮਾਉਂਦੇ ਹਨ ਕਿ ਅਕ੍ਰਿਤਘਣ ਅਕਾਲ ਪੁਰਖ ਵੱਲੋਂ ਮਾਰੇ ਹੋਏ ਭਾਵ ਸਰਾਪੇ ਹੋਏ ਮਨੁੱਖ ਹੁੰਦੇ ਹਨ ਜਿਨ੍ਹਾਂ ਦਾ ਰੈਣ-ਬਸੇਰਾ ਦੁੱਖ-ਰੂਪ ਘੋਰ ਨਰਕ ਹੁੰਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਅਕ੍ਰਿਤਘਣ ਇਨ੍ਹਾਂ ਦੁੱਖਾਂ ਵਿਚ ਖੁਆਰ ਹੋ ਹੋ ਕੇ ਖਪਦੇ ਅਤੇ ਮਰਦੇ ਹਨ,

ਨਰਕ ਘੋਰ ਬਹੁ ਦੁਖ ਘਣੇ
ਅਕਿਰਤਘਣਾ ਕਾ ਥਾਨੁ॥
ਤਿਨਿ ਪ੍ਰਭਿ ਮਾਰੇ ਨਾਨਕਾ
ਹੋਇ ਹੋਇ ਮੁਏ ਹਰਾਮੁ॥੧॥ (ਪੰਨਾ ੩੧੫)

ਅਗਲੇ ਸਲੋਕ 'ਚ ਗੁਰੂ ਅਰਜਨ ਦੇਵ ਨਿੰਦਕ ਦੀ ਗੱਲ ਕਰਦੇ ਹਨ ਕਿ ਅਕਾਲ ਪੁਰਖ ਨੇ ਹਰ ਰੋਗ ਦੀ ਦਵਾਈ ਬਣਾਈ ਹੈ ਪਰ ਦੂਸਰਿਆਂ ਦੀ ਨਿੰਦਾ-ਚੁਗਲੀ ਕਰਨ ਵਾਲੇ ਮਨੁੱਖ ਦਾ ਕੋਈ ਇਲਾਜ ਨਹੀਂ ਹੋ ਸਕਦਾ, ਕੋਈ ਅਜਿਹੀ ਦਵਾਈ ਪ੍ਰਾਪਤ ਨਹੀਂ ਹੈ ਜੋ ਨਿੰਦਾ-ਰੋਗ ਦਾ ਇਲਾਜ ਕਰ ਸਕੇ। ਗੁਰੂ ਜੀ ਕਹਿੰਦੇ ਹਨ ਕਿ ਅਕਾਲ ਪੁਰਖ ਨੇ ਆਪ ਹੀ ਨਿੰਦਕਾਂ ਨੂੰ ਭਰਮਾਂ ਵਿਚ, ਭੁਲੇਖੇ ਵਿਚ ਪਾਇਆ ਹੋਇਆ ਹੈ। ਉਹ ਆਪਣੇ ਕੀਤੇ ਨਿੰਦਾ ਵਰਗੇ ਮੰਦੇ ਕੰਮਾਂ ਕਾਰਨ ਖਪ ਖਪ ਕੇ ਜੂਨਾਂ ਵਿਚ ਪਏ ਰਹਿੰਦੇ ਹਨ। ਉਨ੍ਹਾਂ ਨੂੰ ਅਕਾਲ ਪੁਰਖ ਦੇ ਚਰਨਾਂ 'ਚ ਕੋਈ ਥਾਂ ਪ੍ਰਾਪਤ ਨਹੀਂ ਹੁੰਦੀ,

ਅਵਖਧ ਸਭੇ ਕੀਤਿਅਨੁ
ਨਿੰਦਕ ਕਾ ਦਾਰੂ ਨਾਹਿ॥
ਆਪਿ ਭੁਲਾਏ ਨਾਨਕਾ
ਪਚਿ ਪਚਿ ਜੋਨੀ ਪਾਹਿ॥੨॥ (ਪੰਨਾ ੩੧੫)

ਗੁਰਮਤਿ ਦਰਸ਼ਨ ਵਿਚ ਅਕਾਲ ਪੁਰਖ ਦੇ ਸੱਚੇ ਨਾਮ ਨੂੰ ਸਭ ਤੋਂ ਕੀਮਤੀ ਦੌਲਤ ਮੰਨਿਆ ਹੈ ਜੋ ਕਦੀ ਖਤਮ ਨਹੀਂ ਹੁੰਦੀ, ਜਿਸ ਦੇ ਖਜ਼ਾਨੇ ਅਖੁੱਟ ਹਨ। ਇਸੇ ਤੱਥ ਦਾ ਜ਼ਿਕਰ ਗੁਰੂ ਰਾਮਦਾਸ ਅਗਲੀ ਪਉੜੀ ਵਿਚ ਕਰਦੇ ਹਨ ਕਿ ਜਿਸ ਨੂੰ ਪੂਰੇ ਸਤਿਗੁਰੂ ਨੇ ਪਰਮਾਤਮਾ ਦਾ ਸੱਚਾ ਅਤੇ ਕਦੇ ਖ਼ਤਮ ਨਾ ਹੋਣ ਵਾਲਾ ਖਜ਼ਾਨਾ ਆਪ ਖੁਸ਼ ਹੋ ਕੇ ਦਿੱਤਾ ਹੈ, ਉਨ੍ਹਾਂ ਮਨੁੱਖਾਂ ਦੇ ਸਾਰੇ ਫਿਕਰ ਅਤੇ ਡਰ ਮੁੱਕ ਜਾਂਦੇ ਹਨ, ਉਨ੍ਹਾਂ ਦੇ ਅੰਦਰੋਂ ਮੌਤ ਦਾ ਭੈ ਵੀ ਦੂਰ ਹੋ ਜਾਂਦਾ ਹੈ। ਸੰਤਾਂ ਅਰਥਾਤ ਅਕਾਲ ਪੁਰਖ ਦਾ ਨਾਮ ਸਿਮਰਨ ਕਰਨ ਵਾਲਿਆਂ ਦੀ ਸੰਗਤਿ ਵਿਚ ਜਾ ਕੇ ਉਨ੍ਹਾਂ ਦਾ ਸਾਥ ਕਾਮ, ਕਰੋਧ ਆਦਿ ਪਾਪਾਂ ਤੋਂ ਛੁੱਟ ਜਾਂਦਾ ਹੈ, ਉਨ੍ਹਾਂ ਦੇ ਅੰਦਰੋਂ ਕਾਮ, ਕਰੋਧ ਆਦਿ ਵਿਕਾਰਾਂ ਦਾ ਨਾਸ ਹੋ ਜਾਂਦਾ ਹੈ। ਜਿਹੜੇ ਮਨੁੱਖ ਸੱਚੇ ਅਕਾਲ ਪੁਰਖ ਤੋਂ ਬਿਨਾ ਕਿਸੇ ਦੂਸਰੇ ਦਾ ਧਿਆਨ ਧਰਦੇ ਹਨ, ਕਿਸੇ ਦੂਸਰੇ ਦੀ ਸੇਵਾ ਕਰਦੇ ਹਨ, ਉਹ ਮਨੁੱਖ ਨਿਆਸਰੇ ਹੋ ਕੇ ਮਰਦੇ ਹਨ, ਉਨ੍ਹਾਂ ਦਾ ਕੋਈ ਵੀ ਸਹਾਈ ਨਹੀਂ ਹੁੰਦਾ। ਗੁਰੂ ਸਾਹਿਬ ਕਹਿੰਦੇ ਹਨ ਕਿ ਜਿਸ ਮਨੁੱਖ ਉਤੇ ਅਕਾਲ ਪੁਰਖ ਦੀ ਮਿਹਰ ਹੋਈ ਹੈ ਉਸ ਨੂੰ ਅਕਾਲ ਪੁਰਖ ਨੇ ਸੱਚੇ ਨਾਮ ਦੀ ਸੰਗਤਿ ਬਖਸ਼ਿਸ਼ ਕੀਤੀ ਹੈ ਅਤੇ ਉਹ ਸੱਚੇ ਨਾਮ ਵਿਚ ਜੁੜਿਆ ਹੋਇਆ ਹੈ,

ਤੁਸਿ ਦਿਤਾ ਪੂਰੈ ਸਤਿਗੁਰੂ
ਹਰਿ ਧਨੁ ਸਚੁ ਅਖੁਟੁ॥
ਸਭਿ ਅੰਦੇਸੇ ਮਿਟਿ ਗਏ
ਜਮ ਕਾ ਭਉ ਛੁਟੁ॥
ਕਾਮ ਕ੍ਰੋਧ ਬੁਰਿਆਈਆਂ ਸੰਗਿ ਸਾਧੂ ਤੁਟੁ॥
ਵਿਣੁ ਸਚੇ ਦੂਜਾ ਸੇਵਦੇ
ਹੁਇ ਮਰਸਨਿ ਬੁਟੁ॥
ਨਾਨਕ ਕਉ ਗੁਰਿ ਬਖਸਿਆ
ਨਾਮੈ ਸੰਗਿ ਜੁਟੁ॥੨੯॥ (ਪੰਨਾ ੩੧੫)

ਅਗਲੇ ਸਲੋਕ ਵਿਚ ਗੁਰੂ ਰਾਮਦਾਸ ਅਜਿਹੇ ਮਨੁੱਖ ਦਾ ਵਰਣਨ ਕਰ ਰਹੇ ਹਨ ਜੋ ਉਪਰੋਂ ਭਗਤ ਹੋਣ ਦਾ, ਤਪੱਸਵੀ ਹੋਣ ਦਾ ਦਿਖਾਵਾ ਕਰਦਾ ਹੈ ਪਰ ਅਸਲ ਵਿਚ ਅੰਦਰੋਂ ਮਾਇਆ ਦਾ ਭਗਤ ਹੁੰਦਾ ਹੈ, ਲੋਭੀ ਅਤੇ ਲਾਲਚੀ ਹੁੰਦਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜਿਹੜਾ ਮਨੁੱਖ ਅੰਦਰੋਂ ਲਾਲਚੀ ਹੋਵੇ ਅਤੇ ਸਦਾ ਹੀ ਮਾਇਆ ਲਈ ਭਟਕਦਾ ਫਿਰੇ, ਅਜਿਹਾ ਕੋਹਜਾ ਮਨੁੱਖ ਸੱਚਾ ਤਪੱਸਵੀ ਨਹੀਂ ਹੋ ਸਕਦਾ। ਇਥੇ ਇੱਕ ਤਪਾ ਕਹਾਉਣ ਵਾਲੇ ਬੰਦੇ ਦੀ ਗੱਲ ਕਰਦੇ ਹਨ ਜੋ ਸੱਦਣ 'ਤੇ ਤਾਂ ਸਤਿਕਾਰ ਲੈਣ ਵਾਸਤੇ ਆਇਆ ਨਹੀਂ ਪਰ ਪਿੱਛੋਂ ਪਛਤਾਇਆ ਅਤੇ ਆਪਣੇ ਪੁੱਤਰ ਨੂੰ ਲਿਆ ਕੇ ਪੰਗਤਿ ਵਿਚ ਬੈਠਾ ਦਿੱਤਾ। ਸਾਰੇ ਮੁਖੀ ਬੰਦੇ ਉਸ ਦੇ ਇਸ ਕਾਰਨਾਮੇ 'ਤੇ ਹੱਸਣ ਲੱਗ ਪਏ ਕਿ ਤਪਾ ਲੋਭ ਵਿਚ ਕਿਸ ਤਰ੍ਹਾਂ ਲਿਬੜਿਆ ਪਿਆ ਹੈ। ਜਿੱਥੇ ਤਪੇ ਨੂੰ ਲੱਗਦਾ ਹੈ ਕਿ ਮਾਇਆ ਥੋੜੀ ਮਿਲੇਗੀ ਉਥੇ ਤਾਂ ਨੇੜੇ ਨਹੀਂ ਜਾਂਦਾ ਪਰ ਜਿੱਥੇ ਅਹਿਸਾਸ ਹੋਵੇ ਕਿ ਬਹੁਤ ਧਨ ਮਿਲੇਗਾ ਉਥੇ ਤਪਾ ਆਪਣਾ ਧਰਮ ਹਾਰ ਦਿੰਦਾ ਹੈ ਭਾਵ ਮਾਇਆ ਅੱਗੇ ਝੁੱਕ ਜਾਂਦਾ ਹੈ,

ਤਪਾ ਨ ਹੋਵੈ ਅੰਦ੍ਰਹੁ ਲੋਭੀ
ਨਿਤ ਮਾਇਆ ਨੋ ਫਿਰੈ ਜਜਮਾਲਿਆ॥...
ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ
ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ॥

ਸਮਝਦਾਰ ਮਨੁੱਖ ਅਰਥਾਤ ਸੰਗਤਿ ਬੈਠ ਕੇ ਇਹ ਵਿਚਾਰ ਕਰਦੀ ਹੈ ਕਿ ਅਜਿਹਾ ਮਨੁੱਖ ਤਪਾ ਨਹੀਂ ਹੈ ਬਲਕਿ ਪਖੰਡੀ ਹੈ (ਬਗਲੇ ਨਾਲ ਤੁਲਨਾ ਕੀਤੀ ਹੈ ਜੋ ਇੱਕ ਟੰਗ ਦੇ ਭਾਰ ਖੜ੍ਹਾ ਰਹਿੰਦਾ ਹੈ ਮੱਛੀਆਂ ਦਾ ਸ਼ਿਕਾਰ ਕਰਨ ਲਈ)। ਇਹ ਤਪਾ ਚੰਗੇ ਮਨੁੱਖਾਂ ਦੀ ਨਿੰਦਿਆ ਕਰਦਾ ਹੈ ਪਰ ਸੰਸਾਰ ਦੀ ਉਸਤਤਿ ਕਰਕੇ ਖੁਸ਼ ਹੁੰਦਾ ਹੈ, ਇਸੇ ਦੋਸ਼ ਕਰਕੇ ਅਕਾਲ ਪੁਰਖ ਨੇ ਇਸ ਨੂੰ ਆਤਮਕ ਜੀਵਨ ਵੱਲੋਂ ਵਿਰਵਾ ਕੀਤਾ ਹੈ। ਮਹਾਂ ਪੁਰਖਾਂ ਦੀ ਨਿੰਦਿਆ ਕਰਨ ਦਾ ਤਪੇ ਨੂੰ ਇਹ ਫਲ ਮਿਲਿਆ ਹੈ ਕਿ ਇਸ ਦੀ ਸਾਰੀ ਕੀਤੀ ਮਿਹਨਤ ਨਿਹਫਲ ਚਲੀ ਗਈ ਹੈ। ਜਦੋਂ ਬਾਹਰ ਭਲੇ ਲੋਕਾਂ ਵਿਚ ਬੈਠਦਾ ਹੈ ਤਾਂ ਆਪਣੇ ਆਪ ਨੂੰ ਤਪਾ ਅਖਵਾਉਂਦਾ ਹੈ ਪਰ ਅੰਦਰ ਵੜ ਕੇ ਮੰਦੇ ਕੰਮ ਕਰਦਾ ਹੈ। ਇਸ ਦਾ ਅੰਦਰ ਵੜ ਕੇ ਕੀਤਾ ਹੋਇਆ ਪਾਪ ਅਕਾਲ ਪੁਰਖ ਨੇ ਭਲੇ ਪੁਰਸ਼ਾਂ ਵਿਚ ਉਜਾਗਰ ਕਰ ਦਿੱਤਾ ਹੈ,

ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ
ਬਹਿ ਸਾਧ ਜਨਾ ਵੀਚਾਰਿਆ॥...
ਹਰਿ ਅੰਦਰਲਾ ਪਾਪੁ ਪੰਚਾ ਨੋ
ਉਘਾ ਕਰਿ ਵੇਖਾਲਿਆ॥

ਧਰਮਰਾਜ ਨੇ ਆਪਣੇ ਜਮਦੂਤਾਂ ਨੂੰ ਕਹਿ ਦਿੱਤਾ ਹੈ, ਹੁਕਮ ਕੀਤਾ ਹੈ ਕਿ ਇਸ ਤਪੇ ਨੂੰ ਉਸ ਥਾਂ ਸੁਟਿਓ ਜਿੱਥੇ ਵੱਡੇ ਵੱਡੇ ਹਤਿਆਰੇ ਸੁੱਟੇ ਜਾਂਦੇ ਹਨ। ਉਥੇ ਵੀ ਇਸ ਤਪੇ ਦੇ ਮੂੰਹ ਕੋਈ ਨਾ ਲਗਿਓ ਕਿਉਂਕਿ ਇਹ ਸਤਿਗੁਰ ਵੱਲੋਂ ਫਿਟਕਾਰਿਆ ਹੋਇਆ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਇਹ ਸਭ ਕੁਝ ਅਕਾਲ ਪੁਰਖ ਦੀ ਦਰਗਾਹ ਵਿਚ ਵਾਪਰਿਆ ਹੈ ਜੋ ਆਖ ਕੇ ਸੁਣਾ ਦਿੱਤਾ ਹੈ। ਇਸ ਗੱਲ ਨੂੰ ਉਹੀ ਸਮਝ ਸਕਦਾ ਹੈ ਜੋ ਪਰਮਾਤਮਾ ਦਾ ਸਵਾਰਿਆ ਹੋਇਆ ਹੈ,

ਧਰਮਰਾਇ ਜਮਕੰਕਰਾ ਨੋ ਆਖਿ ਛਡਿਆ
ਏਸੁ ਤਪੇ ਨੋ ਤਿਥੈ ਖੜਿ ਪਾਇਅਹੁ
ਜਿਥੈ ਮਹਾ ਮਹਾਂ ਹਤਿਆਰਿਆ॥
ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ
ਏਹੁ ਸਤਿਗੁਰਿ ਹੈ ਫਿਟਕਾਰਿਆ॥
ਹਰਿ ਕੈ ਦਰਿ ਵਰਤਿਆ
ਸੁ ਨਾਨਕਿ ਆਖਿ ਸੁਣਾਇਆ॥
ਸੋ ਬੂਝੈ ਜੁ ਦਯਿ ਸਵਾਰਿਆ॥੧॥
(ਪੰਨਾ ੩੧੫-੧੬)

## ਅਨਿਕ ਜਤਨ ਨਹੀ ਹੋਤ ਛੁਟਾਰਾ

### ਗੁਰਬਾਣੀ ਗਿਆਨ

**ਗਉੜੀ ਗੁਆਰੇਰੀ ਮਹਲਾ ੫**

ਅਨਿਕ ਜਤਨ ਨਹੀ ਹੋਤ ਛੁਟਾਰਾ॥
ਬਹੁਤੁ ਸਿਆਣਪ ਆਗਲ ਭਾਰਾ॥
ਹਰਿ ਕੀ ਸੇਵਾ ਨਿਰਮਲ ਹੇਤ॥
ਪ੍ਰਭ ਕੀ ਦਰਗਹ ਸੋਭਾ ਸੇਤ॥੧॥
ਮਨ ਮੇਰੇ ਗਹੁ ਹਰਿ ਨਾਮ ਕਾ ਓਲਾ॥
ਤੁਝੈ ਨ ਲਾਗੈ ਤਾਤਾ ਝੋਲਾ॥੧॥ਰਹਾਉ॥
ਜਿਉ ਬੋਹਿਥੁ ਭੈ ਸਾਗਰ ਮਾਹਿ॥
ਅੰਧਕਾਰ ਦੀਪਕ ਦੀਪਾਹਿ॥
ਅਗਨਿ ਸੀਤ ਕਾ ਲਾਹਸਿ ਦੂਖ॥
ਨਾਮੁ ਜਪਤ ਮਨਿ ਹੋਵਤ ਸੂਖ॥੨॥
ਉਤਰਿ ਜਾਇ ਤੇਰੇ ਮਨ ਕੀ ਪਿਆਸ॥
ਪੂਰਨ ਹੋਵੈ ਸਗਲੀ ਆਸ॥
ਡੋਲੈ ਨਾਹੀ ਤੁਮਰਾ ਚੀਤੁ॥
ਅੰਮ੍ਰਿਤ ਨਾਮੁ ਜਪਿ ਗੁਰਮੁਖਿ ਮੀਤ॥੩॥
ਨਾਮੁ ਅਉਖਧੁ ਸੋਈ ਜਨੁ ਪਾਵੈ॥
ਕਰਿ ਕਿਰਪਾ ਜਿਸੁ ਆਪਿ ਦਿਵਾਵੈ॥
ਹਰਿ ਹਰਿ ਨਾਮੁ ਜਾ ਕੈ ਹਿਰਦੈ ਵਸੈ॥
ਦੂਖੁ ਦਰਦੁ ਤਿਹ ਨਾਨਕ ਨਸੈ॥੪॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਨ ਨੂੰ ਮੁਖਾਤਬ ਹੁੰਦੇ ਆਖਦੇ ਹਨ- ਹੇ ਮੇਰੇ ਮਨ! ਅਨੇਕਾਂ ਯਤਨ ਕਰ ਕੇ ਵੀ ਜੀਵ ਦਾ ਦੁੱਖਾਂ ਅਤੇ ਕਲੇਸ਼ਾਂ ਤੋਂ ਛੁਟਕਾਰਾ ਨਹੀਂ ਹੋ ਸਕਦਾ ਜੋ ਮਾਇਆ ਦੇ ਮੋਹ ਕਾਰਨ ਜੀਵਨ ਵਿਚ ਪ੍ਰਵੇਸ਼ ਕਰ ਚੁੱਕੇ ਹਨ; ਬਹੁਤੁ ਸਿਆਣਪ ਆਗਲ ਭਾਰਾ, ਬਲਕਿ ਮਾਇਆ ਵਾਸਤੇ ਕੀਤੀ ਜਾਂਦੀ ਬਹੁਤੀ ਸਿਆਣਪ ਵੀ ਹੋਰ ਦੁੱਖਾਂ ਦਾ ਭਾਰ ਸਿਰ ਉਤੇ ਰੱਖ ਦਿੰਦੀ ਹੈ, ਪਰ ਜੋ ਹਰੀ ਪ੍ਰਭੂ ਦੀ ਭਗਤੀ ਪਿਆਰ ਨਾਲ ਕਰੀਏ ਤਾਂ ਦਰਗਾਹਾਂ ਵਿਚ ਸੋਭਾ ਸਹਿਤ ਜਾ ਪਹੁੰਚੀਦਾ ਹੈ।

ਮਨ ਮੇਰੇ ਗਹੁ ਹਰਿ ਨਾਮ ਕਾ ਓਲਾ॥
ਤੁਝੈ ਨ ਲਾਗੈ ਤਾਤਾ ਝੋਲਾ॥੧॥ਰਹਾਉ॥

ਰਹਾਉ ਦੀ ਪੰਕਤੀ ਜੋ ਸ਼ਬਦ ਦਾ ਸਾਰ ਅੰਸ਼ ਹੈ, ਵਿਚ ਗੁਰਦੇਵ ਇਸ ਚੰਚਲ ਮਨ ਜੋ ਮਾਇਆ ਦੇ ਮੋਹ ਵਿਚ ਫਸ ਕੇ ਦੁੱਖਾਂ ਅਤੇ ਕਲੇਸ਼ਾਂ ਨਾਲ ਭਰੀ ਹੋਈ ਜ਼ਿੰਦਗੀ ਵਿਚ ਤੜਫ ਰਿਹਾ ਹੈ, ਨੂੰ ਦੁੱਖਾਂ ਤੋਂ ਬਚਣ ਲਈ ਇਕ ਸੋਹਣਾ ਤਰੀਕਾ ਦੱਸਦੇ ਆਖਦੇ ਹਨ, ਹੇ ਮੇਰੇ ਮਨ! ਤੂੰ ਉਸ ਮਿਹਰਵਾਨ ਪ੍ਰਭੂ ਦੇ ਨਾਮ ਦਾ ਸਹਾਰਾ ਘੁਟ ਕੇ ਫੜ ਲੈ, ਜਦ ਤੂੰ ਉਸ ਦੇ ਨਾਮ ਸਿਮਰਨ ਵਿਚ ਲੱਗ ਜਾਵੇਂਗਾ, ਤਾਂ ਤੈਨੂੰ ਦੁਨਿਆਵੀ ਪੀੜਾਂ ਦੀ ਤੱਤੀ ਹਵਾ ਦਾ ਬੁੱਲਾ ਵੀ ਖੋਹ ਨਹੀਂ ਸਕੇਗਾ।

ਜਿਉ ਬੋਹਿਥੁ ਭੈ ਸਾਗਰ ਮਾਹਿ॥
ਅੰਧਕਾਰ ਦੀਪਕ ਦੀਪਾਹਿ॥
ਅਗਨਿ ਸੀਤ ਕਾ ਲਾਹਸਿ ਦੂਖ॥
ਨਾਮੁ ਜਪਤ ਮਨਿ ਹੋਵਤ ਸੂਖ॥੨॥

ਹੁਣ ਗੁਰਦੇਵ ਜੀ ਉਪਦੇਸ਼ ਕਰਦੇ ਹਨ, ਹੇ ਚੰਚਲ ਮਨ! ਜਿਵੇਂ ਸਮੁੰਦਰ ਦੀਆਂ ਲਹਿਰਾਂ ਵਿਚੋਂ ਜਹਾਜ਼ ਜੀਵ ਨੂੰ ਡੁੱਬਣ ਤੋਂ ਬਚਾ ਲੈਂਦਾ ਹੈ; ਘੋਰ ਸਿਆਹ ਕਾਲੇ ਹਨੇਰੇ ਵਿਚ ਦੀਵੇ ਚਾਨਣ ਬਿਖੇਰ ਦਿੰਦੇ ਹਨ ਅਤੇ ਜੀਵ ਨੂੰ ਠੇਡੇ ਲੱਗਣ ਤੋਂ ਬਚਾ ਲੈਂਦੇ ਹਨ; ਜਿਵੇਂ ਸਰਦੀਆਂ ਦੀ ਰੁੱਤ ਵਿਚ ਅੱਗ ਆਪਣੇ ਸੇਕ ਨਾਲ ਜੀਵ ਨੂੰ ਠੰਢ ਤੋਂ ਬਚਾ ਲੈਂਦੀ ਹੈ, ਇਸੇ ਤਰ੍ਹਾਂ ਉਸ ਮਿਹਰਵਾਨ ਪ੍ਰਭੂ ਦਾ ਨਾਮ ਜਪ ਕੇ ਮਨ ਨੂੰ ਸੁਖ ਮਿਲਦਾ ਹੈ।

ਉਤਰਿ ਜਾਇ ਤੇਰੇ ਮਨ ਕੀ ਪਿਆਸ॥
ਪੂਰਨ ਹੋਵੈ ਸਗਲੀ ਆਸ॥
ਡੋਲੈ ਨਾਹੀ ਤੁਮਰਾ ਚੀਤੁ॥
ਅੰਮ੍ਰਿਤ ਨਾਮੁ ਜਪਿ ਗੁਰਮੁਖਿ ਮੀਤ॥੩॥

ਸਤਿਗੁਰੂ ਪਾਤਸ਼ਾਹ ਬਖਸ਼ਿਸ਼ ਕਰਦੇ ਹਨ, ਹੇ ਜੀਵ! ਤੇਰੇ ਮਨ ਨੂੰ ਜੋ ਮਾਇਆ ਦੀ ਤ੍ਰਿਸ਼ਨਾ ਰੂਪੀ ਪਿਆਸ ਲੱਗੀ ਹੋਈ ਹੈ ਅਤੇ ਦਿਨ-ਰਾਤ ਸਤਾ ਰਹੀ ਹੈ, ਇਹ ਤੇਰੀ ਪਿਆਸ ਵੀ ਮੁੱਕ ਜਾਵੇਗੀ; ਪੂਰਨ ਹੋਵੈ ਸਗਲੀ ਆਸ, ਤੇ ਤੇਰੀ ਟਿਕਾਓ ਵਿਚ ਬੈਠਣ ਦੀ ਆਸ ਵੀ ਪੂਰੀ ਹੋ ਜਾਵੇਗੀ; ਤ੍ਰਿਸ਼ਨਾ ਤੈਨੂੰ ਦੁਖੀ ਨਹੀਂ ਕਰੇਗੀ, ਤੇਰਾ ਮਨ ਵੀ ਨਹੀਂ ਡੋਲੇਗਾ। ਇਸ ਲਈ ਤੂੰ ਗੁਰੂ ਦੀ ਸ਼ਰਨ ਪੈ ਅਤੇ ਉਸ ਪ੍ਰਭੂ ਦਾ ਨਾਮ ਜਪ।

ਨਾਮੁ ਅਉਖਧੁ ਸੋਈ ਜਨੁ ਪਾਵੈ॥
ਕਰਿ ਕਿਰਪਾ ਜਿਸੁ ਆਪਿ ਦਿਵਾਵੈ॥
ਹਰਿ ਹਰਿ ਨਾਮੁ ਜਾ ਕੈ ਹਿਰਦੈ ਵਸੈ॥
ਦੂਖੁ ਦਰਦੁ ਤਿਹ ਨਾਨਕ ਨਸੈ॥੪॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਪਿਤਾ ਆਖਦੇ ਹਨ, ਹੇ ਮਨ! ਇਹ ਹਰੀ ਦੇ ਨਾਮ ਰੂਪੀ ਦਵਾਈ ਤਾਂ ਉਹ ਵੱਡਭਾਗਾ ਜੀਵ ਹੀ ਪ੍ਰਾਪਤ ਕਰ ਸਕਦਾ ਹੈ; ਕਰਿ ਕਿਰਪਾ ਜਿਸੁ ਆਪਿ ਦਿਵਾਵੈ, ਜਿਸ ਨੂੰ ਉਹ ਪ੍ਰਭੂ ਆਪ ਕਿਰਪਾ ਕਰ ਕੇ ਗੁਰੂ ਪਾਸੋਂ ਦਿਵਾਉਂਦਾ ਹੈ; ਨਾਮ ਸਿਮਰਨ ਦੀ ਵਡਿਆਈ ਕਰਦੇ ਸਤਿਗੁਰੂ ਆਖਦੇ ਹਨ, ਜਿਸ ਦੇ ਅੰਦਰ ਹਰੀ ਪ੍ਰਭੂ ਦਾ ਨਾਮ ਵਸ ਜਾਂਦਾ ਹੈ, ਦੂਖੁ ਦਰਦੁ ਤਿਹ ਨਾਨਕ ਨਸੈ, ਉਸ ਦਾ ਸਾਰਾ ਦਰਦ ਮੁੱਕ ਜਾਂਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਸਿੱਖੀ, ਸ਼ਰਧਾ ਤੇ ਸੇਵਾ

## ਸੋਨੇ ਤੇ ਹੀਰਿਆਂ ਜੜੇ ਚੌਰ ਦੀ ਭੇਟਾ ਬਾਰੇ ਵਿਚਾਰ ਚਰਚਾ

***ਸਿੱਖੀ ਦਾ ਇਕ ਸਰੋਕਾਰ ਸਿੱਧਾ ਸਾਦਗੀ ਨਾਲ ਜੁੜਿਆ ਹੋਇਆ ਹੈ। ਇਸੇ ਕਰ ਕੇ ਗੁਰੂਘਰਾਂ ਵਿਚ ਕੀਮਤੀ-ਮਹਿੰਗੇ ਚੜ੍ਹਾਵਿਆਂ ਬਾਰੇ ਅਕਸਰ ਚੁੰਜ-ਚਰਚਾ ਚੱਲਦੀ ਰਹਿੰਦੀ ਹੈ। ਸ. ਸੰਪੂਰਨ ਸਿੰਘ ਨੇ ਆਪਣੇ ਇਸ ਲੇਖ ਵਿਚ ਇਕ ਵੱਖਰੇ ਨੁਕਤਾ-ਨਿਗ੍ਹਾ ਤੋਂ ਇਨ੍ਹਾਂ ਕੀਮਤੀ-ਮਹਿੰਗੇ ਚੜ੍ਹਾਵਿਆਂ ਬਾਰੇ ਵਿਚਾਰ ਕੀਤੀ ਹੈ। ਉਨ੍ਹਾਂ ਨੇ ਇਸ ਲਿਖਤ ਵਿਚ ਸਿੱਖੀ ਦੀ ਸ਼ਰਧਾ ਅਤੇ ਇਸ ਸ਼ਰਧਾ ਵਿਚੋਂ ਨਦੀ ਵਾਂਗ ਵਗਦੀ ਸੇਵਾ ਦੀ ਭਾਵਨਾ ਨੂੰ ਆਧਾਰ ਬਣਾ ਕੇ ਕੁਝ ਗੱਲਾਂ ਉਭਾਰਨ ਦਾ ਯਤਨ ਕੀਤਾ ਹੈ। 'ਪੰਜਾਬ ਟਾਈਮਜ਼' ਦੇ ਪਾਠਕ ਅੰਕ ਨੰਬਰ 32 ਅਤੇ 34 ਵਿਚ ਸਿੱਖਾਂ ਤੇ ਸਿੱਖੀ ਬਾਰੇ ਪ੍ਰੋ. ਬਲਕਾਰ ਸਿੰਘ ਅਤੇ ਬੀਬੀ ਰਾਜਬੀਰ ਕੌਰ ਢੀਂਡਸਾ ਦੀਆਂ ਲਿਖਤਾਂ ਪਹਿਲਾਂ ਹੀ ਪੜ੍ਹ ਚੁੱਕੇ ਹਨ ਜਿਨ੍ਹਾਂ ਵਿਚ ਸਿੱਖੀ ਬਾਰੇ ਕੁਝ ਹੋਰ ਪੱਖਾਂ ਤੋਂ ਵਿਚਾਰਾਂ ਹੋਈਆਂ ਸਨ। ਇਸੇ ਸਿਲਸਿਲੇ ਵਿਚ ਹੀ ਅਸੀਂ ਆਪਣੇ ਪਾਠਕਾਂ ਦੇ ਵਿਚਾਰ ਹਿਤ ਇਹ ਲੇਖ ਛਾਪ ਰਹੇ ਹਾਂ। -ਸੰਪਾਦਕ***

**ਸੰਪੂਰਨ ਸਿੰਘ**
**ਫੋਨ: 281-635-7466**

ਕੁਝ ਸਾਲ ਪਹਿਲਾਂ ਜਲੰਧਰੋਂ ਦਿੱਲੀ ਜਾਣ ਲਈ ਗੱਡੀ ਵਿਚ ਸਫਰ ਦੌਰਾਨ ਪੰਜਾਬੀ ਰਸਾਲਾ ਪੜ੍ਹ ਰਿਹਾ ਸੀ। ਉਸ ਰਸਾਲੇ ਅੰਦਰ ਡਾ. ਮਹੀਪ ਸਿੰਘ ਦਾ ਲੇਖ ਸੀ। ਉਨ੍ਹੀਂ ਦਿਨੀਂ ਦਿੱਲੀ ਦੇ ਗੁਰੂਘਰਾਂ ਦੀ ਸੇਵਾ ਸੰਭਾਲ ਸਰਨਾ ਭਰਾਵਾਂ ਦੀ ਅਗਵਾਈ ਵਾਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਸੀ। ਸਾਡੇ ਵਿਚੋਂ ਜੋ ਵੀ ਬੰਗਲਾ ਸਾਹਿਬ ਗੁਰਦੁਆਰੇ ਪਿਛਲੇ 15-20 ਸਾਲਾ ਤੋਂ ਜਾ ਰਿਹਾ ਹੈ, ਉਸ ਨੇ ਗੁਰੂਘਰ ਦੇ ਸਮੁੱਚੇ ਆਸੇ-ਪਾਸੇ ਅੰਦਰ ਬੜੀ ਵੱਡੀ ਤਬਦੀਲੀ ਮਹਿਸੂਸ ਕੀਤੀ ਹੋਵੇਗੀ। ਗੁਰੂਘਰਾਂ ਦੀ ਅੰਦਰੂਨੀ ਤੇ ਬਾਹਰਲੀ ਖੂਬਸੂਰਤੀ ਤੇ ਸ਼ਾਨੋ-ਸ਼ੌਕਤ ਦੇਖਣ ਤੇ ਵਿਚਾਰਨ ਦਾ ਹਰ ਬੰਦੇ ਦਾ ਆਪੋ-ਆਪਣਾ ਨਜ਼ਰੀਆ ਹੁੰਦਾ ਹੈ। ਕੋਈ ਉਸ ਨੂੰ ਸ਼ਰਧਾ ਦੀ ਭਾਵਨਾ ਨਾਲ ਮਹਿਸੂਸ ਕਰ ਕੇ ਬਲਿਹਾਰੇ ਜਾਂਦਾ ਹੈ ਅਤੇ ਲੋਕਾਂ ਤੇ ਪ੍ਰਬੰਧਕਾਂ ਵੱਲੋਂ ਯੋਗਦਾਨ ਅੱਗੇ ਸਿਰ ਝੁਕਾਉਂਦਾ ਹੈ, ਤੇ ਕੋਈ ਆਲੋਚਕ ਉਸ ਦੇ ਪਲੱਸ-ਮਾਈਨਸ ਦੇ ਹਿਸਾਬ-ਕਿਤਾਬ ਵਿਚ ਉਲਝ ਜਾਂਦਾ ਹੈ।

ਉਨ੍ਹੀਂ ਦਿਨੀਂ ਦਿੱਲੀ ਗੁਰਦੁਆਰਾ ਕਮੇਟੀ ਨੇ ਸੰਗਤਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਸੀ ਕਿ ਉਨ੍ਹਾਂ ਨੇ ਬੰਗਲਾ ਸਾਹਿਬ ਤੇ ਸੀਸਗੰਜ ਗੁਰੂਘਰਾਂ ਦੀਆਂ ਮੁੱਖ ਇਮਾਰਤਾਂ ਉਪਰਲੇ ਕਲਸਾਂ ਉਪਰ ਸੋਨਾ ਚੜ੍ਹਾਉਣ ਦਾ ਫੈਸਲਾ ਕੀਤਾ ਹੈ। ਬੰਗਲਾ ਸਾਹਿਬ ਵਿਚ ਲੰਗਰ ਹਾਲ ਅੰਦਰ ਏਅਰ ਕੰਡੀਸ਼ਨ ਦੀ ਸਹੂਲਤ ਵੀ ਮੁਹੱਈਆ ਕੀਤੀ ਗਈ ਸੀ।

ਕਮੇਟੀ ਦੇ ਇਸ ਐਲਾਨ ਦੇ ਪ੍ਰਤੀਕਰਮ ਵਜੋਂ ਡਾ. ਮਹੀਪ ਸਿੰਘ ਨੇ ਲੇਖ ਲਿਖਿਆ ਸੀ ਜਿਸ ਵਿਚ ਉਨ੍ਹਾਂ ਨੇ ਗੁੰਬਦਾਂ ਉਪਰ ਸੋਨਾ ਚੜ੍ਹਾਉਣ ਤੇ ਲੰਗਰ ਹਾਲ ਨੂੰ ਏਅਰ ਕੰਡੀਸ਼ਨ ਕਰਨ ਉਪਰ ਆਪਣੇ ਨਜ਼ਰੀਏ ਤੋਂ ਕੁਝ ਸਵਾਲ ਉਠਾਏ ਸੀ। ਡਾ. ਮਹੀਪ ਸਿੰਘ ਦੇ ਜਿਹੜੇ ਲੇਖ ਦਾ ਜ਼ਿਕਰ ਮੈਂ ਗੱਡੀ ਵਿਚ ਸਫ਼ਰ ਦੌਰਾਨ ਪੜ੍ਹਨ ਬਾਰੇ ਕਰ ਰਿਹਾ ਹਾਂ, ਉਹ ਲੇਖ ਪਹਿਲੇ ਲੇਖ ਦੇ ਪ੍ਰਤੀਕਰਮ ਉਪਰ ਲੋਕਾਂ ਵਲੋਂ ਮਿਲੇ ਪ੍ਰਸ਼ੰਸਕੀ ਹੁੰਗਾਰੇ ਬਾਰੇ ਸੀ। ਉਨ੍ਹਾਂ ਦੇ ਕਹਿਣ ਮੁਤਾਬਕ, ਪੂਰੀ ਉਮਰ ਦੀ ਲੇਖਣੀ ਦੌਰਾਨ ਉਨ੍ਹਾਂ ਨੂੰ ਕਦੀ ਕਿਸੇ ਕਿਰਤ ਲਈ ਇੰਨਾ ਪ੍ਰਬਲ ਹੁੰਗਾਰਾ ਨਹੀਂ ਮਿਲਿਆ। ਉਸ ਲੇਖ ਵਿਚ ਉਨ੍ਹਾਂ ਸੋਨੇ ਦੇ ਗੁੰਬਦਾਂ ਨੂੰ ਜਾਇਜ਼ ਨਾ ਕਰਾਰ ਦਿੰਦਿਆਂ, ਉਸ ਪੈਸੇ ਨੂੰ ਗਰੀਬਾਂ ਦੀ ਮਦਦ, ਚੰਗੇ ਵਿਦਿਅਕ ਅਦਾਰੇ ਆਦਿ ਉਪਰ ਖਰਚਣ ਬਾਰੇ ਗੱਲ ਕੀਤੀ ਸੀ; ਨਾਲ ਹੀ ਉਨ੍ਹਾਂ ਨੇ ਲੰਗਰ ਨੂੰ ਏ.ਸੀ. ਕਰਨਾ ਗਰੀਬਾਂ ਨਾਲ ਮਜ਼ਾਕ ਕਿਹਾ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਖਾਸ ਮੌਕਿਆਂ ਨੂੰ ਛੱਡ ਕੇ ਉਥੇ ਜ਼ਿਆਦਾਤਰ ਗਰੀਬ ਲੋਕ ਹੀ ਲੰਗਰ ਛਕਦੇ ਹਨ। ਲੰਗਰ ਹਾਲ ਦਾ ਏ.ਸੀ. ਉਨ੍ਹਾਂ ਅੰਦਰ ਹੀਣ-ਭਾਵ ਪੈਦਾ ਕਰੇਗਾ, ਹੋ ਸਕਦਾ ਹੈ ਕਿ ਉਹ ਗਰੀਬ, ਲੰਗਰ ਹਾਲ ਜਾਣੋਂ ਵੀ ਸੰਕੋਚ ਕਰਨ। ਇਤਫਾਕਨ ਉਸੇ ਹੀ ਰਾਤ ਮੈਨੂੰ ਬੰਗਲਾ ਸਾਹਿਬ ਲੰਗਰ ਹਾਲ ਜਾਣ ਦਾ ਮੌਕਾ ਮਿਲਿਆ। ਉਥੇ ਜ਼ਿਆਦਾਤਰ ਗਰੀਬ ਲੋਕ ਹੀ ਨਜ਼ਰ ਆ ਰਹੇ ਸਨ, ਤੇ ਕਾਫੀ ਸਾਰੇ ਮੰਗਤੇ ਲੋਕ। ਮੈਂ ਦੇਖਿਆ, ਉਹ ਮੰਗਤੇ ਲੰਗਰ ਛਕ ਚੁੱਕੇ ਸਨ, ਤੇ ਇਕ ਪਾਸੇ 15-20 ਆਦਮੀ ਬੜੀ ਖੁਸ਼ੀ ਨਾਲ ਆਪਸ ਵਿਚ ਗੱਲਬਾਤ ਕਰ ਰਹੇ ਸਨ। ਉਨ੍ਹਾਂ ਵੱਲ ਦੇਖ ਕੇ ਮੈਨੂੰ ਬਚਪਨ ਦੇ ਦਿਨਾਂ ਦੀ ਯਾਦ ਆਈ ਜਦ ਅਸੀਂ ਕਈ ਵਾਰੀ ਧੁੱਪ ਤੇ ਗਰਮੀ ਤੋਂ ਬਚਣ ਲਈ ਕੁਝ ਪਲ ਦਰਖਤਾਂ ਦੇ ਥੱਲੇ ਸੁੱਖ ਅਨੁਭਵ ਕਰਦੇ ਸੀ। ਲੰਗਰ ਹਾਲ ਦੇ ਏ.ਸੀ. ਨੂੰ ਦੇਖਣ ਦਾ ਇਹ ਵੀ ਤਰੀਕਾ ਹੋ ਸਕਦਾ ਹੈ।

ਇਹ ਘਟਨਾ ਮੈਨੂੰ ਉਦੋਂ ਯਾਦ ਆਈ ਜਦੋਂ ਕੰਮ ਤੋਂ ਵਾਪਿਸ ਆਉਂਦਿਆਂ ਮੇਰੀ ਭਤੀਜੀ ਨੇ ਮੈਨੂੰ ਮੁੰਬਈ ਵਾਸੀ ਬੀਬੀ ਸੁਰਜੀਤ ਕੌਰ ਵੱਲੋਂ ਹੀਰਿਆਂ ਜੜੇ ਸੋਨੇ ਦੀ ਮੁੱਠ ਵਾਲੇ ਚੌਰ ਦੀ ਹਰਿਮੰਦਰ ਸਾਹਿਬ ਭੇਟਾ ਬਾਰੇ ਜਾਣਕਾਰੀ ਦਿੱਤੀ ਤੇ ਨਾਲ ਹੀ ਇਸ ਭੇਟਾ ਬਾਰੇ ਬਹੁਤ ਸਾਰੇ ਲੋਕਾਂ ਦੇ ਨਾਂਹ-ਪੱਖੀ ਪ੍ਰਤੀਕਰਮ ਬਾਰੇ ਵੀ ਦੱਸਿਆ। ਇਸ ਤੋਂ ਬਾਅਦ ਮੈਨੂੰ ਡਾ. ਹਰਜਿੰਦਰ ਸਿੰਘ ਦਿਲਗੀਰ ਦੇ ਨਜ਼ਰੀਏ ਬਾਰੇ ਵੀ ਜਾਣਕਾਰੀ ਮਿਲੀ। ਜਿੱਥੇ ਡਾ. ਦਿਲਗੀਰ ਨੇ ਦਰਬਾਰ ਸਾਹਿਬ ਦੇ ਸਿੰਘ ਸਾਹਿਬਾਨ ਪ੍ਰਤੀ ਬੜੀ ਕੌੜੀ ਤੇ ਰੁੱਖੀ ਸ਼ਬਦਾਵਲੀ ਦੀ ਵਰਤੋਂ ਕੀਤੀ, ਉਥੇ ਉਸ ਸ਼ਰਧਾਵਾਨ ਬੀਬੀ ਨੂੰ ਮਲਕ ਭਾਗੋ ਨਾਲ ਤੁਲਨਾਇਆ। ਸੋਨੇ ਦੇ ਚੌਰ ਦੀ ਭੇਟਾ ਨੂੰ ਧਰਮਹੀਣ ਤੇ ਰੂਹਾਨੀਅਤ ਰਹਿਤ ਕਰਾਰ ਦਿੱਤਾ। ਸਿੱਖ ਧਰਮ ਅੰਦਰ ਸਿਰੋਪਾਓ ਦੀ ਮਹੱਤਤਾ ਨੂੰ ਨਜ਼ਰ ਅੰਦਾਜ਼ ਕਰਦਿਆਂ ਉਸ ਨੂੰ ਸਿਰਫ 2 ਗਜ਼ ਕੱਪੜੇ ਦਾ ਟੋਟਾ ਦੱਸਿਆ।

ਵੱਡੀਆਂ-ਵੱਡੀਆਂ ਡਿਗਰੀਆਂ ਪ੍ਰਾਪਤ ਅਜਿਹੇ ਵਿਦਵਾਨਾਂ ਉਪਰ ਹੈਰਾਨੀ ਹੁੰਦੀ ਹੈ ਜਿਹੜੇ ਧਰਮ ਤੇ ਧਾਰਮਿਕਤਾ ਨੂੰ ਵੀ ਉਸੇ ਹੀ ਅੱਖ ਨਾਲ ਦੇਖਦੇ ਹਨ ਜਿਸ ਅੱਖ ਅਤੇ ਬੁੱਧੀ ਨਾਲ ਉਹ ਆਮ ਦੁਨਿਆਵੀ ਚੀਜ਼ਾਂ ਜਾਂ ਕਦਰਾਂ-ਕੀਮਤਾਂ ਨੂੰ। ਧਰਮ ਨੂੰ ਘੋਖਣ ਵਾਲੀ ਅੱਖ ਜਾਂ ਬੁੱਧੀ, ਜੇ ਬਿਲਕੁਲ ਹੀ ਸ਼ਰਧਾ ਵਿਹੂਣੀ ਹੈ ਤਾਂ ਧਰਮ ਦੇ ਖੇਤਰ ਵਿਚ ਉਹ ਇਨਸਾਫ ਨਹੀਂ ਕਰ ਸਕਦੀ। ਅਕਸਰ ਦੇਖਿਆ ਹੈ ਕਿ ਸ਼ਰਧਾ ਨੂੰ ਆਧਾਰ ਬਣਾ ਕੇ ਕੀਤੇ ਕਿਸੇ ਵੀ ਕਾਰਜ ਪ੍ਰਤੀ ਜ਼ਿਆਦਾ ਨਾਂਹ-ਪੱਖੀ ਪ੍ਰਤੀਕਰਮ ਉਹੀ ਲੋਕ ਕਰਦੇ ਨੇ ਜਿਹੜੇ ਨਿੰਦਨੀਯ ਆਲੋਚਕ ਬਿਰਤੀ ਦੇ ਧਾਰਨੀ ਹਨ। ਆਪਾਂ ਕਈ ਵਾਰ ਦੇਖਿਆ ਹੋਣਾ ਹੈ ਕਿ ਬਹੁਤ ਸੋਹਣੇ ਤੇ ਸਾਫ ਸੁਥਰੇ ਫਰਸ਼ ਪਏ ਹੁੰਦੇ ਹਨ, ਫਿਰ ਵੀ ਕੀੜੀਆਂ ਨੇ ਉਥੇ ਵੀ ਕੋਈ ਨਾ ਕੋਈ ਸੁਰਾਖ ਲੱਭ ਲਿਆ ਹੁੰਦਾ ਹੈ ਜਿੱਥੋਂ ਉਨ੍ਹਾਂ ਦੀ ਆਵਾਜਾਈ ਨਜ਼ਰ ਆਉਣ ਲੱਗਦੀ ਹੈ। ਕਈ ਲੋਕ, ਖਾਸ ਕਰ ਕੇ ਵਿਦਵਾਨ ਵੀ ਅਜਿਹੀ ਕੀੜੀ-ਬਿਰਤੀ ਰੱਖਦੇ ਹਨ ਜਿਨ੍ਹਾਂ ਨੇ ਹਰ ਚੰਗੀ ਲਿਖਤ ਤੇ ਚੰਗੇ ਕਾਰਜ ਵਿਚੋਂ ਕੋਈ ਨਾ ਕੋਈ ਊਣਤਾਈ ਲੱਭਣੀ ਹੀ ਹੁੰਦੀ ਹੈ।

***ਵੱਡੀਆਂ-ਵੱਡੀਆਂ ਡਿਗਰੀਆਂ ਪ੍ਰਾਪਤ ਅਜਿਹੇ ਵਿਦਵਾਨਾਂ ਉਪਰ ਹੈਰਾਨੀ ਹੁੰਦੀ ਹੈ ਜਿਹੜੇ ਧਰਮ ਤੇ ਧਾਰਮਿਕਤਾ ਨੂੰ ਵੀ ਉਸੇ ਹੀ ਅੱਖ ਨਾਲ ਦੇਖਦੇ ਹਨ ਜਿਸ ਅੱਖ ਅਤੇ ਬੁੱਧੀ ਨਾਲ ਉਹ ਆਮ ਦੁਨਿਆਵੀ ਚੀਜ਼ਾਂ ਜਾਂ ਕਦਰਾਂ-ਕੀਮਤਾਂ ਨੂੰ। ਧਰਮ ਨੂੰ ਘੋਖਣ ਵਾਲੀ ਅੱਖ ਜਾਂ ਬੁੱਧੀ, ਜੇ ਬਿਲਕੁਲ ਹੀ ਸ਼ਰਧਾ ਵਿਹੂਣੀ ਹੈ ਤਾਂ ਧਰਮ ਦੇ ਖੇਤਰ ਵਿਚ ਉਹ ਇਨਸਾਫ ਨਹੀਂ ਕਰ ਸਕਦੀ।***

ਬੀਬੀ ਦੀ ਚੌਰ ਬਾਰੇ ਸੇਵਾ ਦੀ ਜਿਹੜੀ ਨੁਕਤਾਚੀਨੀ ਜ਼ਿਆਦਾਤਰ ਲੋਕਾਂ ਨੇ ਕੀਤੀ, ਉਸ ਵਿਚ ਕਿਹਾ ਗਿਆ ਕਿ ਇਹ ਫਜ਼ੂਲ ਖਰਚੀ ਹੈ, ਹਉਮੈ ਦਾ ਪ੍ਰਗਟਾਵਾ ਹੈ, ਉਨ੍ਹਾਂ ਪੈਸਿਆਂ ਨਾਲ ਗਰੀਬਾਂ ਦੀ ਸੇਵਾ ਹੋ ਸਕਦੀ ਸੀ, ਗਰੀਬ ਬਸਤੀ ਵਿਚ ਸਕੂਲਾਂ ਦੀ ਸਹੂਲਤ ਦਿੱਤੀ ਜਾ ਸਕਦੀ ਸੀ, ਆਦਿ। ਆਪਣੇ ਤਜਰਬੇ ਦੇ ਆਧਾਰ ਉਪਰ ਤੇ ਗਿਆਨੀ ਮਹਾਂਪੁਰਸ਼ਾਂ ਦੇ ਅਨੁਭਵਾਂ ਤੋਂ ਮੈਂ ਇਹੀ ਕਹਿਣਾ ਚਾਹਾਂਗਾ ਕਿ ਅਜਿਹੇ ਨਾਂਹ-ਪੱਖੀ ਪ੍ਰਤੀਕਰਮ ਕਰਨ ਵਾਲੇ ਲੋਕਾਂ ਦੀ ਜੀਵਨ ਜਾਚ ਨੂੰ ਦੇਖੀਏ ਤਾਂ ਬਹੁਤੇ ਸਵਾਲਾਂ ਦਾ ਜਵਾਬ ਸਹਿਜੇ ਹੀ ਮਿਲ ਜਾਵੇਗਾ। ਅਜਿਹੀ ਸੋਚ ਵਾਲੇ ਲੋਕਾਂ ਨੂੰ ਕੁਝ ਦੇ ਸਕਣ ਤੋਂ ਮਿਲਣ ਵਾਲਾ ਸੁੱਖ ਕਦੀ ਪ੍ਰਾਪਤ ਹੀ ਨਹੀਂ ਹੋਇਆ ਹੁੰਦਾ। ਕੰਜੂਸ ਤੇ ਲੋਭੀ ਬੰਦੇ ਦੀ ਮਨੋ-ਅਵਸਥਾ ਹੀ ਐਸੀ ਬਣ ਜਾਂਦੀ ਹੈ ਕਿ ਉਹ ਆਪਣੇ ਅੰਦਰਲੀ ਅਜਿਹੀ ਬਿਰਤੀ ਵਾਲੀ ਕਮਜ਼ੋਰੀ ਨੂੰ ਦੂਜਿਆਂ ਦੇ ਗੁਣਾਂ ਵਿਚੋਂ ਔਗੁਣ ਭਾਲ ਕੇ ਛੁਪਾਉਣ ਦੀ ਕੋਸ਼ਿਸ਼ ਕਰਦਾ ਹੈ। ਮੈਂ ਕਿਸੇ ਮਹਾਂਪੁਰਸ਼ ਦੀ ਕਥਾ ਸੁਣ ਰਿਹਾ ਸੀ ਕਿ ਕੰਜੂਸ ਤੇ ਲੋਭੀ ਬੰਦੇ ਦੀ ਸ਼ਕਲ ਵੀ ਅਹਿਸਤਾ-ਅਹਿਸਤਾ ਬਹੁਤ ਪੁਰਾਣੇ ਗਲੇ-ਸੜੇ ਨੋਟ ਵਰਗੀ ਹੋ ਜਾਂਦੀ ਹੈ। ਜਿਵੇਂ ਪੁਰਾਣੇ ਤੇ ਗਲੇ-ਸੜੇ ਨੋਟ ਦੀ ਕੀਮਤ ਤਾਂ ਬਣੀ ਰਹਿੰਦੀ ਹੈ, ਇਸੇ ਤਰ੍ਹਾਂ ਅਜਿਹੇ ਲੋਕ ਸਾਹ ਤਾਂ ਲੈ ਰਹੇ ਹੁੰਦੇ ਹਨ, ਪਰ ਉਨ੍ਹਾਂ ਦੇ ਚਿਹਰਿਆਂ ਤੋਂ, ਉਨ੍ਹਾਂ ਦੀ ਗੱਲਬਾਤ ਤੋਂ, ਉਨ੍ਹਾਂ ਦੇ ਜੀਵਨ ਵਿਹਾਰ ਤੋਂ ਜ਼ਿੰਦਗੀ ਵਾਲਾ ਖੇੜਾ, ਪ੍ਰਫੁੱਲਤਾ ਤੇ ਮੜਕ ਲੋਪ ਹੁੰਦੇ ਹਨ। ਦੂਜੇ ਪਾਸੇ ਦਾਨੀ ਬਿਰਤੀ ਵਾਲੇ ਚਿਹਰੇ ਨੂੰ ਦੇਖੋ, ਚਿਹਰੇ ਉਪਰ ਖੇੜਾ ਹੁੰਦਾ ਹੈ, ਗੱਲਬਾਤ ਵਿਚ ਟਿਕਾਓ, ਠਹਿਰਾਉ ਤੇ ਜੀਵਨ ਦੀ ਝਲਕ ਪ੍ਰਤੀਤ ਹੁੰਦੀ ਹੈ। ਜਿਨ੍ਹਾਂ ਲੋਕਾਂ ਉਪਰ ਗੁਰੂ ਦੀ ਇਹ ਬਖਸ਼ਿਸ਼ ਹੁੰਦੀ ਹੈ, ਉਹ ਆਪ ਤਾਂ ਆਪਣੀ ਕਮਾਈ ਵਿਚੋਂ ਕਿਸੇ ਨਾ ਕਿਸੇ ਭਲੇ ਦੇ ਜਾਂ ਸਾਂਝੇ ਕਾਰਜ ਲਈ ਯੋਗਦਾਨ ਪਾਉਂਦੇ ਹੀ ਹਨ, ਨਾਲ ਹੀ ਉਹ ਦੂਜਿਆਂ ਦੀਆਂ ਭੇਟਾਵਾਂ ਪ੍ਰਤੀ ਸ਼ੰਕੇ ਦੇ ਸਵਾਲ ਨਹੀਂ ਉਠਾਉਂਦੇ।

ਮੈਨੂੰ ਭਾਵੇਂ ਬੀਬੀ ਸੁਰਜੀਤ ਕੌਰ ਬਾਰੇ ਕੋਈ ਜਾਣਕਾਰੀ ਨਹੀਂ, ਫਿਰ ਵੀ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਅਜਿਹੀ ਸ਼ਰਧਾਵਾਨ ਬੀਬੀ ਦੇ ਘਰੋਂ ਕੋਈ ਆਸਵੰਦ ਨਿਰਾਸ਼ ਨਹੀਂ ਮੁੜਿਆ ਹੋਵੇਗਾ; ਕਿਉਂਕਿ ਜਿਹੜਾ ਵਿਅਕਤੀ ਕਿਸੇ ਇੱਕ ਕਾਰਜ ਲਈ ਯੋਗਦਾਨ ਪਾਉਂਦਾ ਹੈ, ਬਹੁਤ ਸੰਭਾਵਨਾ ਹੈ ਕਿ ਉਹ ਹੋਰ ਕਿਸੇ ਵੀ ਸਾਂਝੇ ਜਾਂ ਧਰਮ ਅਰਥ ਦੇ ਕੰਮ ਲਈ ਵੀ ਯੋਗਦਾਨ ਜ਼ਰੂਰ ਪਾਵੇਗਾ। ਉਸ ਕਾਰਜ ਨਾਲ ਭਾਵੇਂ ਉਸ ਦਾ ਕੋਈ ਸਿੱਧਾ ਸਬੰਧ ਬਿਲਕੁਲ ਨਾ ਹੋਵੇ। ਇਸ ਵਿਚ ਵੀ ਕੋਈ ਸ਼ੱਕ ਨਹੀ ਕਿ ਕਈ ਲੋਕ ਆਪਣੀ ਮਾਣ/ਵਡਿਆਈ ਲਈ ਵੀ ਦਾਨ ਦਿੰਦੇ ਹਨ। ਮੇਰੀ ਨਜ਼ਰ ਵਿਚ ਉਹ ਲੋਕ ਵੀ ਵਧਾਈ ਤੇ ਵਾਹਿਗੁਰੂ ਦੀ ਬਖਸ਼ਿਸ਼ ਦੇ ਪਾਤਰ ਹਨ। ਆਪਾਂ ਆਪਣੇ ਆਸੇ-ਪਾਸੇ ਝਾਤੀ ਮਾਰੀਏ ਤਾਂ ਅਨੇਕਾਂ ਲੋਕ ਅਜਿਹੇ ਦਿਸ ਪੈਣਗੇ ਜਿਨ੍ਹਾਂ ਪਾਸ ਧਨ-ਦੌਲਤ ਦਾ ਲੇਖਾ-ਜੋਖਾ ਵੀ ਸੰਭਵ ਨਹੀਂ ਹੁੰਦਾ, ਉਹ ਸਾਰੀ ਉਮਰ ਆਪਣੀਆਂ ਤਿਜੋਰੀਆਂ ਭਾਰੀਆਂ ਕਰੀ ਜਾਂਦੇ ਹਨ। ਆਪਣੇ ਪੈਸੇ ਨੂੰ ਆਪਣੇ ਹੱਥੀਂ ਆਪਣੇ ਸੁੱਖ ਆਰਾਮ ਲਈ ਵੀ ਖਰਚਣਾ ਉਨ੍ਹਾਂ ਦੇ ਨਸੀਬ ਨਹੀਂ ਹੁੰਦਾ। ਜਿਹੜੇ ਪੈਸੇ ਨੂੰ ਅਸੀਂ ਆਪਣੇ ਹੱਥੀਂ ਸਾਂਝੇ ਤੇ ਭਲੇ ਕਾਰਜਾਂ ਲਈ ਖਰਚ ਕਰ ਕੇ ਆਤਮਕ ਸੁੱਖ ਪ੍ਰਾਪਤ ਕਰ ਸਕਦੇ ਸੀ, ਦਾਤਾਂ ਦੇਣ ਵਾਲੇ ਦੀ ਬਖਸ਼ਿਸ਼ ਦੇ ਹੱਕਦਾਰ ਬਣ ਸਕਦੇ ਸੀ, ਉਹੀ ਪੈਸਾ ਸਾਡੀ ਮੌਤ ਤੋਂ ਬਾਅਦ ਸਾਡੀ ਔਲਾਦ ਦੀ ਬਰਬਾਦੀ ਦਾ ਕਾਰਨ ਵੀ ਬਣ ਸਕਦਾ ਹੈ, ਬਸ਼ਰਤੇ ਕਿ ਉਸ ਦੌਲਤ ਦਾ ਮਾਲਕ ਕੋਈ ਸੂਝਵਾਨ ਤੇ ਨੇਕ ਪੁਰਸ਼ ਬਣੇ।

ਕਿੰਤੂ-ਪ੍ਰੰਤੂ ਕਰਨਾ ਬੇਸ਼ਕ ਹਰ ਬੰਦੇ ਦਾ ਬੁਨਿਆਦੀ ਹੱਕ ਹੈ, ਪਰ ਆਪਣੇ ਆਪ ਤੋਂ ਉਪਰ ਉਠ ਕੇ ਭਲੇ ਦੇ ਕਾਰਜਾਂ ਲਈ ਕੁਝ ਕਰ ਸਕਣਾ ਸਾਡਾ ਫ਼ਰਜ਼ ਵੀ ਹੈ। ਜੇ ਆਪਾਂ ਮਹਿਸੂਸ ਕਰਦੇ ਹਾਂ ਕਿ ਅਜਿਹੀਆਂ ਸੇਵਾਵਾਂ (ਜਿਵੇਂ ਬੀਬੀ ਜਾਂ ਉਸ ਵਰਗੇ ਹੋਰ ਲੋਕ ਕਰਦੇ ਹਨ) ਫਜ਼ੂਲ ਤੇ ਬੇਅਰਥ ਹਨ, ਦੂਰ-ਦ੍ਰਿਸ਼ਟੀ ਦੀ ਕਮੀ ਹੈ, ਹਉਮੈ ਦਾ ਪ੍ਰਗਟਾਵਾ ਹੈ, ਤਾਂ ਸਾਨੂੰ ਅਜਿਹੇ ਲੋਕਾਂ ਦੀ ਨੁਕਤਾਚੀਨੀ ਕਰਨ ਦੇ ਨਾਲ-ਨਾਲ, ਆਪਣੇ ਯੋਗਦਾਨ ਰਾਹੀਂ ਕੁਝ ਅਜਿਹੇ ਮਾਪਦੰਡ ਸਥਾਪਤ ਕਰਨੇ ਚਾਹੀਦੇ ਹਨ ਜੋ ਸਾਡੇ ਵੱਲੋਂ ਅਣਜਾਣ ਤੇ ਭੁੱਲੜ ਸਮਝੇ ਜਾਂਦੇ ਲੋਕਾਂ ਦਾ ਕੋਈ ਮਾਰਗ ਦਰਸ਼ਨ ਕਰ ਸਕਣ। ਫੋਕੀ ਆਲੋਚਨਾ ਬੇਅਰਥ ਹੈ। ਨੁਕਤਾਚੀਨੀ ਅਜਿਹਾ ਆਸਾਨ ਕੰਮ ਹੈ ਜਿਸ ਲਈ ਕੋਈ ਉਚੇਚਾ ਉਪਰਾਲਾ ਨਹੀਂ ਕਰਨਾ ਪੈਂਦਾ, ਪਰ ਇਸ ਤਰ੍ਹਾਂ ਦੀ ਸੋਚ ਰੱਖਣ ਵਾਲੇ ਲੋਕਾਂ ਵੱਲੋਂ ਪ੍ਰਸ਼ੰਸਾ ਜ਼ਰੂਰ ਮਿਲ ਜਾਂਦੀ ਹੈ।



*ਦਰਬਾਰ ਸਾਹਿਬ 'ਚ ਸੋਨੇ ਦਾ ਚੌਰ ਸਾਹਿਬ ਭੇਟ ਕਰਦਿਆਂ ਬੀਬੀ ਸੁਰਜੀਤ ਕੌਰ*

ਹਰਿਮੰਦਰ ਸਾਹਿਬ ਨੂੰ ਸਿੱਖ ਕੌਮ ਨੇ ਹਮੇਸ਼ਾ ਜੀਅ ਜਾਨ ਵਾਂਗ ਪਿਆਰ ਕੀਤਾ ਹੈ। ਭਗਤੀ ਤੇ ਸ਼ਕਤੀ ਦਾ ਸਰੋਤ ਸਮਝ ਕੇ ਆਪਣਾ ਮਾਰਗ ਦਰਸ਼ਨ ਕੀਤਾ ਹੈ। ਸਾਨੂੰ ਇਸ ਗੱਲ ਦਾ ਵੀ ਪਤਾ ਹੋਣਾ ਚਾਹੀਦਾ ਹੈ ਕਿ ਜਿਸ ਨੂੰ ਵੀ ਅਸੀਂ ਸਭ ਤੋਂ ਵੱਧ ਪਿਆਰ ਕਰਦੇ ਹਾਂ, ਉਸ ਲਈ ਆਪਣਾ ਸੀਸ ਤੱਕ ਵੀ ਨਿਛਾਵਰ ਕਰਨ ਵਿਚ ਵੀ ਖੁਸ਼ੀ ਮਹਿਸੂਸ ਕਰਦੇ ਹਾਂ। ਹਰਿਮੰਦਰ ਸਾਹਿਬ ਭੇਟਾ ਅਰਪਨ ਕਰਨ ਵਾਲੇ ਲੋਕ ਵੱਧ ਤੋਂ ਵੱਧ ਸੋਹਣੀਆਂ, ਕੀਮਤੀ ਤੇ ਬੇਮਿਸਾਲ ਚੀਜ਼ਾਂ ਫੋਕੀ ਸ਼ੋਹਰਤ ਲਈ ਨਹੀਂ, ਸ਼ਰਧਾ ਭਾਵਨਾ ਤਹਿਤ ਅਰਪਨ ਕਰਦੇ ਹਨ। ਮਹਾਰਾਜਾ ਰਣਜੀਤ ਸਿੰਘ ਨੇ ਅਨੇਕਾਂ ਉਹ ਚੀਜ਼ਾਂ ਭੇਟ ਕੀਤੀਆਂ ਜਿਹੜੀਆਂ ਉਸ ਲਈ ਜਾਂ ਉਸ ਦੇ ਪਰਿਵਾਰ ਲਈ ਸਨ, ਪਰ ਉਹ ਸੋਚਦਾ ਸੀ ਕਿ ਇਹ ਮੇਰੇ ਗੁਰੂ ਦੇ ਦਰਬਾਰ ਵਿਚ ਜ਼ਿਆਦਾ ਸੋਭਣਗੀਆਂ। ਸੋਨੇ ਦੀਆਂ ਪਲੇਟਾਂ ਲੱਗੇ ਚਾਰ ਦਰਵਾਜ਼ੇ, ਸੋਨੇ ਤੇ ਹੀਰਿਆਂ ਨਾਲ ਜੜਿਆ ਛਤਰ, ਸੋਨੇ ਤੇ ਹੀਰਿਆਂ ਨਾਲ ਜੜਿਆ ਸਿਹਰਾ ਜਿਹੜਾ ਕੰਵਰ ਨੌਨਿਹਾਲ ਸਿੰਘ ਲਈ ਬਣਾਇਆ ਸੀ, ਉਹ ਵੀ ਹਰਿਮੰਦਰ ਸਾਹਿਬ ਭੇਟ ਕੀਤਾ। ਨਿਜ਼ਾਮ ਹੈਦਰਾਬਾਦ ਨੇ ਬਹੁਤ ਹੀ ਲਾਜਵਾਬ ਸੋਨੇ ਤੇ ਚਾਂਦੀ ਹੀਰੇ ਜਵਾਹਰਾਂ ਨਾਲ ਜੜੀ ਚਾਨਣੀ ਮਹਾਰਾਜਾ ਨੂੰ ਭੇਟ ਕੀਤੀ, ਪਰ ਮਹਾਰਾਜਾ ਨੇ ਉਸ ਨੂੰ ਵੀ ਗੁਰੂ ਦੇ ਸਥਾਨ ਉਪਰ ਭੇਟ ਕਰ ਦਿੱਤਾ। ਇੱਕ ਬਹੁਤ ਸੋਹਣਾ ਚੌਰ ਅਜਮੇਰ ਸ਼ਰੀਫ ਦੀ ਦਰਗਾਹ ਦੇ ਮੁਖੀ ਨੇ ਭੇਟ ਕੀਤਾ। ਇਸੇ ਤਰ੍ਹਾਂ ਪੰਜਾਬ ਐਂਡ ਸਿੰਧ ਬੈਂਕ ਦੇ ਚੇਅਰਮੈਨ ਨੇ ਵੀ ਭੇਟ ਕੀਤਾ। ਮੁਸਲਮਾਨ ਫਕੀਰ ਹਾਜੀ ਮੁਹੰਮਦ ਮਸਕੀਨ ਨੇ ਚੰਦਨ ਦੀ 9 ਮਣ 14 ਸੇਰ ਲੱਕੜੀ ਵਿਚੋਂ 5 ਸਾਲ 7 ਮਹੀਨੇ ਦੀ ਮਿਹਨਤ ਨਾਲ ਇੱਕ ਲੱਖ 45 ਹਜ਼ਾਰ ਤਾਰਾਂ ਕੱਢ ਕੇ ਚੌਰ ਤਿਆਰ ਕੀਤਾ। ਅਜਿਹੀਆਂ ਕਈ ਤੇ ਬਹੁਤ ਸੋਹਣੀਆਂ ਤੇ ਕੀਮਤੀ ਭੇਟਾਂਵਾਂ ਵੱਖ-ਵੱਖ ਸ਼ਰਧਾਵਾਨਾਂ ਵੱਲੋਂ ਸਮੇਂ-ਸਮੇਂ ਭੇਟ ਕੀਤੀਆਂ ਗਈਆਂ ਜੋ ਦਰਸ਼ਨੀ ਡਿਓਢੀ ਥੱਲੇ ਬਣੇ ਤੋਸ਼ੇਖਾਨੇ ਵਿਚ ਪਈਆਂ ਹਨ ਜਿਨ੍ਹਾਂ ਨੂੰ ਖਾਸ ਸਮਾਗਮਾਂ ਉਪਰ ਸੰਗਤਾਂ ਦੇ ਦਰਸ਼ਨਾਂ ਲਈ ਲਿਆਂਦਾ ਜਾਂਦਾ ਹੈ।

ਜੇ ਆਪਾਂ ਆਪਣੇ ਗੁਰੂ ਇਤਿਹਾਸ ਵੱਲ ਵੀ ਝਾਤੀ ਮਾਰੀਏ ਤਾਂ ਅਨੇਕਾਂ ਸ਼ਰਧਾਵਾਨ ਸਿੱਖਾਂ ਵੱਲੋਂ ਬਹੁਤ ਸੋਹਣੀਆਂ ਤੇ ਕੀਮਤੀ ਭੇਟਾਵਾਂ ਦਾ ਜ਼ਿਕਰ ਮਿਲਦਾ ਹੈ। ਕਈਆਂ ਨੂੰ ਯਾਦ ਹੋਵੇਗਾ, ਦਿੱਲੀ ਗੁਰਦੁਆਰਾ ਕਮੇਟੀ ਤੇ ਸੰਗਤਾਂ ਵੱਲੋਂ ਸੋਨੇ ਦੀ ਪਾਲਕੀ ਤਿਆਰ ਕਰਵਾਈ ਗਈ ਸੀ ਜਿਸ ਨੂੰ ਨਨਕਾਣਾ ਸਾਹਿਬ ਭੇਟ ਕੀਤਾ ਗਿਆ। ਇੰਗਲੈਂਡ ਦੇ ਸਾਊਥਾਲ ਗੁਰਦੁਆਰੇ ਵਿਚ ਸੋਨੇ ਦੀਆਂ ਦੋ ਪਾਲਕੀਆਂ (ਇੱਕ ਪੀਲੇ ਸੋਨੇ ਦੀ ਤੇ ਦੂਜੇ ਹਾਲ ਵਿਚ ਚਿੱਟੇ ਸੋਨੇ ਦੀ) ਸੁਸ਼ੋਭਿਤ ਹਨ। ਅਨੇਕਾਂ ਹੀ ਗੁਰੂਘਰਾਂ ਅੰਦਰ ਅਜਿਹੀਆਂ ਉਦਾਹਰਨਾਂ ਆਮ ਮਿਲ ਜਾਣਗੀਆਂ ਜਿੱਥੋਂ ਸਿੱਖਾਂ ਦੇ ਆਪਣੇ ਗੁਰੂ ਤੇ ਗੁਰੂਘਰਾਂ ਪ੍ਰਤੀ ਨਜ਼ਰ ਆਉਂਦੀ ਸ਼ਰਧਾ ਬੇਮਿਸਾਲ ਹੈ। ਸਿੱਖ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਮੌਜੂਦ ਹੈ, ਉਸ ਦੀ ਖਾਹਿਸ਼ ਹੁੰਦੀ ਹੈ ਕਿ ਉਸ ਦੇ ਗੁਰੂ ਦਾ ਸਥਾਨ ਸਭ ਤੋਂ ਸੁੰਦਰ ਹੋਣਾ ਚਾਹੀਦਾ ਹੈ।

ਮੈਂ ਸਿਰਫ ਤੇ ਸਿਰਫ ਨੁਕਤਾਚੀਨੀ ਕਰਨ ਵਾਲੇ ਵੀਰਾਂ-ਭੈਣਾਂ ਨੂੰ ਇਹੀ ਬੇਨਤੀ ਕਰਾਂਗਾ ਕਿ ਨਾਂਹ-ਪੱਖੀ ਆਲੋਚਨਾ ਨਾਲ ਅਜਿਹੇ ਸ਼ਰਧਾਵਾਨ ਲੋਕਾਂ ਦੀ ਸ਼ਰਧਾ ਤੇ ਭਾਵਨਾ ਨੂੰ ਠੇਸ ਨਾ ਪਹੁੰਚਾਉਣ। ਅਜਿਹੇ ਲੋਕਾਂ ਨੂੰ ਹਾਂ-ਪੱਖੀ ਸੁਝਾਵਾਂ ਨਾਲ ਤੁਸੀਂ ਪ੍ਰੇਰਨਾ ਦੇ ਕੇ ਲੋਕ ਭਲਾਈ ਦੇ ਹੋਰ ਕਾਰਜਾਂ ਲਈ ਵੀ ਉਤਸ਼ਾਹਤ ਕਰ ਸਕਦੇ ਹੋ।

## ਮਿਹਨਤਕਸ਼

*ਪ੍ਰੋ. ਮਨਜੀਤ, ਸ਼ਿਕਾਗੋ*
*ਫੋਨ: 940-602-9151*

ਮਿਹਨਤਾਂ ਮੁਸ਼ੱਕਤਾਂ
ਜ਼ਿੰਦਾ ਸਭ
ਅੱਜ ਦੇ ਦਿਹਾੜੇ।

ਸੁਰਗਾਂ ਦੇ ਬੂਹੇ ਖੁੱਲ੍ਹੇ
ਇਨ੍ਹਾਂ ਦੇ ਇਸ਼ਾਰੇ।

ਸੁੱਚੇ ਮੁੜ੍ਹਕੇ
ਧੋਤੇ ਮੂੰਹ
ਮਜ਼ਦੂਰਾਂ ਦੇ ਸਾਰੇ।

ਫੁੱਲਾਂ ਜਿਹੀ
ਜਿੰਦ ਜਿਨ੍ਹਾਂ ਸਾੜੀ
ਤਪਸ਼ਾਂ ਅੰਗਾਰੇ।

ਜ਼ਿੰਦਗੀ ਦਾ ਚੱਕਾ
ਘੁੰਮ ਰਿਹਾ
ਇਨ੍ਹਾਂ ਹਿੰਮਤਾਂ ਸਹਾਰੇ।

ਹੌਸਲਿਆਂ ਦੇ
ਜੇਰੇ ਬੜੇ
ਤਕ, ਇਨ੍ਹਾਂ ਦੇ ਕਾਰੇ।

ਨਿਰਮਾਣ ਸਾਰਾ
ਹੈ ਖੜ੍ਹਾ
ਇਨ੍ਹਾਂ ਥੰਮਾਂ ਸਹਾਰੇ।

ਭੱਠੀਆਂ ਦਾ ਸੇਕ
ਸਹਿ ਸਹਿ ਜਿਨ੍ਹਾਂ
ਆਪਣੇ ਲਹੂ ਸਾੜੇ।

ਮਜ਼ਦੂਰ ਰੱਤ
ਡੁੱਲ੍ਹਦੀ ਜਦ
ਉਸਰਦੇ
ਮਹਿਲ ਚੁਬਾਰੇ।

ਮਨੁਖਤਾ ਸਿਰ
ਭਾਰੀ ਕਰਜ਼ ਹੈ
ਇਨ੍ਹਾਂ ਜੀਵਨ ਸੰਵਾਰੇ।

ਮਿਹਨਤਾਨਾ ਦੇਣ ਵਕਤ
ਹੱਥ ਕੰਬਣ
ਧਨਾਢਾਂ ਸਾਰੇ।

ਭਰ ਭਰ ਤਿਜੋਰੀਆਂ
ਸਾਂਭਦੇ
ਕਾਲੇ ਧਨ ਭੰਡਾਰੇ।

ਰੱਬ ਦੀਆਂ
ਰਹਿਮਤਾਂ ਵੰਡਦੇ
ਮਿਹਨਤਕਸ਼ ਇਹ ਸਾਰੇ।

ਸਾਰਾ ਜੱਗ
ਅੱਜ ਦਿਨ ਸਲਾਮਾਂ ਕਰੇ
ਜਿਨ੍ਹਾਂ ਰੱਤ ਕਾੜ੍ਹੇ।

ਪੰਜਾਬੀ ਦਾ ਭਵਿੱਖ-6

# ਪੰਜਾਬੀ ਦੀ ਅਮਰਤਾ ਦੀਆਂ ਦਲੀਲਾਂ



ਗੁਰਬਚਨ ਸਿੰਘ ਭੁੱਲਰ
ਫੋਨ: 01191-1165736868
bhullargs@gmail.com

***ਪਰਵਾਸੀਆਂ ਦੇ ਪ੍ਰਸੰਗ ਵਿਚ ਭਾਸ਼ਾ ਬਾਰੇ 'ਪੰਜਾਬ ਟਾਈਮਜ਼' ਵਿਚ ਪਿਛਲੇ ਅੰਕਾਂ ਵਿਚ ਛਪੇ ਮੇਰੇ ਤਿੰਨ ਲੇਖਾਂ ਦੇ ਹਵਾਲੇ ਨਾਲ ਕਈ ਪਾਠਕਾਂ ਨੇ ਸੁਝਾਅ ਦਿੱਤਾ ਹੈ ਕਿ ਇਸ ਦੌਰ ਦੀ ਸਮੁੱਚੀ ਭਾਸ਼ਾਈ ਹਾਲਤ ਦੇ ਚੌਖਟੇ ਵਿਚ ਪੰਜਾਬੀ ਦੇ ਭਵਿੱਖ ਬਾਰੇ ਲਿਖਿਆ ਜਾਵੇ। ਇਸ ਲੇਖ ਨਾਲ ਸ਼ੁਰੂ ਕਰ ਕੇ ਸਰਲ-ਸੌਖੇ ਸ਼ਬਦਾਂ ਵਿਚ ਪੰਜਾਬੀ ਦੀ ਹਾਲਤ ਨੂੰ ਨਿਰੋਲ ਇਤਿਹਾਸਕ, ਭਾਸ਼ਾ-ਵਿਗਿਆਨਕ ਅਤੇ ਸਮਾਜਕ-ਰਾਜਨੀਤਕ ਨਜ਼ਰੀਏ ਤੋਂ ਪੇਸ਼ ਕਰਨ ਦਾ ਯਤਨ ਕੀਤਾ ਜਾਵੇਗਾ। -ਲੇਖਕ***

ਪੰਜਾਬੀ ਦੇ ਰਾਹ ਦੀਆਂ ਰੁਕਾਵਟਾਂ ਦੀ ਦਰਦ-ਕਹਾਣੀ ਜਿੰਨੀ ਮਰਜ਼ੀ ਲੰਮੀ ਕਰ ਲਵੋ। ਹੁਣ ਅਸੀਂ ਉਹ ਦਲੀਲਾਂ ਦੇਖਾਂਗੇ ਜੋ ਪੰਜਾਬੀ ਦੀ ਇਸ ਤਿਲ੍ਹਕਦੀ ਜਾਂਦੀ ਹਾਲਤ ਦੀ ਕਾਟ ਵਜੋਂ ਅਤੇ ਪੰਜਾਬੀ ਦਾ ਭਵਿੱਖੀ ਬੋਲਬਾਲਾ ਦਰਸਾਉਣ ਵਾਸਤੇ ਪੇਸ਼ ਕੀਤੀਆਂ ਜਾਂਦੀਆਂ ਹਨ।

ਪੰਜਾਬੀ ਦੀ ਅਮਰਤਾ ਦੇ ਪੱਖ ਵਿਚ ਪਹਿਲੀ ਦਲੀਲ ਇਹ ਦਿੱਤੀ ਜਾਂਦੀ ਹੈ ਕਿ ਇਹ ਗੁਰੂਆਂ, ਪੀਰਾਂ-ਫਕੀਰਾਂ, ਸੰਤਾਂ-ਭਗਤਾਂ, ਸੂਫ਼ੀਆਂ, ਵਾਰਿਸ ਸ਼ਾਹ ਜਿਹੇ ਕਵੀਆਂ ਦੀ ਬੋਲੀ ਹੋਣ ਕਰਕੇ ਮਰ ਨਹੀਂ ਸਕਦੀ। ਇਸ ਪ੍ਰਸੰਗ ਵਿਚ ਏਨਾ ਚੇਤੇ ਕਰਾਉਣਾ ਹੀ ਕਾਫ਼ੀ ਹੋਵੇਗਾ ਕਿ ਸੰਸਕ੍ਰਿਤ ਰਿਸ਼ੀਆਂ-ਮੁਨੀਆਂ ਦੀ, ਵੇਦਾਂ-ਸ਼ਾਸਤਰਾਂ ਦੀ, ਰਾਮਾਇਣ ਤੇ ਮਹਾਂਭਾਰਤ ਜਿਹੀਆਂ ਸ੍ਰੇਸ਼ਟ ਕਾਵਿ-ਕਥਾਵਾਂ ਦੀ, ਸਮਾਜ, ਰਾਜਨੀਤੀ, ਤਾਰਾ-ਵਿਗਿਆਨ, ਔਸ਼ਧੀ-ਵਿਗਿਆਨ, ਗਣਿਤ, ਆਦਿ ਨਾਲ ਸਬੰਧਿਤ ਕਮਾਲ ਦੇ ਗ੍ਰੰਥਾਂ ਦੀ ਅਤੇ ਪਾਣਿਨੀ ਦੇ ਰਚੇ ਹੋਏ ਸੰਸਾਰ ਦੇ ਪਹਿਲੇ ਵਿਆਕਰਨ ਦੀ ਭਾਸ਼ਾ ਸੀ, ਪਰ ਮਰ ਗਈ! ਇਸ ਤੋਂ ਵੀ ਵਧ ਕੇ ਇਹ ਦੱਸਣਾ ਵਾਜਬ ਹੈ ਕਿ ਜਿਥੇ ਜਿਉਂਦੀ-ਜਾਗਦੀ ਪੰਜਾਬੀ ਨੂੰ ਪੰਜਾਬ ਸਰਕਾਰ ਵੀ ਅਣਡਿੱਠ ਕਰਦੀ ਹੈ, ਸੰਸਕ੍ਰਿਤ ਉਤੇ ਕੇਂਦਰ ਸਰਕਾਰ ਦੀ ਲਗਾਤਾਰ ਕਿਰਪਾ-ਦ੍ਰਿਸ਼ਟੀ ਰਹਿੰਦੀ ਹੈ। ਇਹਦੇ ਨਾਲ ਹੀ ਸੰਸਕ੍ਰਿਤ ਨੂੰ ਭਾਸ਼ਾ ਨਾਲੋਂ ਵੱਧ ਧਰਮ ਦਾ ਅੰਗ ਸਮਝਣ ਵਾਲੇ ਸੱਜਣ ਤੇ ਸੰਗਠਨ ਉਹਦੇ ਹੱਕ ਵਿਚ ਆਵਾਜ਼ ਬੁਲੰਦ ਵੀ ਕਰਦੇ ਰਹਿੰਦੇ ਹਨ ਤੇ ਉਹਦੀ ਸੁਰਜੀਤੀ ਲਈ ਵਾਹ ਵੀ ਲਾਉਂਦੇ ਰਹਿੰਦੇ ਹਨ। ਪਰ ਲੋਕਾਂ ਦੇ ਬੋਲਣ ਦਾ ਵਸੀਲਾ ਨਾ ਰਹਿ ਗਈਆਂ ਭਾਸ਼ਾਵਾਂ ਇਉਂ ਸੁਰਜੀਤ ਨਹੀਂ ਹੁੰਦੀਆਂ। ਨੇੜੇ ਦੀ ਮਿਸਾਲ ਲੈਣੀ ਹੋਵੇ ਤਾਂ ਬੇਮਿਸਾਲ ਸਾਹਿਤਕ ਉਤਮਤਾ ਵਾਲੀ ਉਰਦੂ ਸਾਡੀਆਂ ਅੱਖਾਂ ਸਾਹਮਣੇ ਮਰ ਰਹੀ ਹੈ। ਗ਼ਾਲਿਬ, ਮੀਰ, ਜ਼ੌਕ ਤੋਂ ਲੈ ਕੇ ਇਕਬਾਲ, ਫ਼ੈਜ਼, ਮੰਟੋ, ਕ੍ਰਿਸ਼ਨ ਚੰਦਰ, ਰਾਜਿੰਦਰ ਸਿੰਘ ਬੇਦੀ, ਸਾਹਿਰ ਲੁਧਿਆਣਵੀ, ਕੈਫ਼ੀ ਆਜ਼ਮੀ, ਆਦਿ ਦੀ ਜ਼ਬਾਨ ਹੋਣਾ ਇਹਦੇ ਸਾਹਾਂ ਨੂੰ ਚਲਦੇ ਰੱਖਣ ਲਈ ਕੋਈ ਕਾਰਗਰ ਸਹਾਰਾ ਸਿੱਧ ਨਹੀਂ ਹੋ ਰਿਹਾ।


ਇਸ ਤੱਥ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਬੋਲੀ ਜਾਂਦੀ ਭਾਸ਼ਾ ਮਰਦੀ ਨਹੀਂ। ਪਰ ਗੱਲ ਉਸ ਹਾਲਤ ਵਿਚ ਜ਼ਰੂਰ ਚਿੰਤਾ ਵਾਲੀ ਹੋ ਜਾਂਦੀ ਹੈ ਜਦੋਂ ਉਹਨੂੰ ਬੋਲਣ ਵਾਲਿਆਂ ਦੀ ਗਿਣਤੀ ਤੇਜ਼ੀ ਨਾਲ ਘਟਣ ਲੱਗੇ। ਦੁਨੀਆਂ ਭਰ ਵਿਚ ਬੋਲਣ ਵਾਲੇ ਹੌਲੀ ਹੌਲੀ ਘਟਦੇ ਜਾਣ ਨਾਲ ਸੈਂਕੜੇ ਭਾਸ਼ਾਵਾਂ ਮਰੀਆਂ ਹਨ ਅਤੇ ਸੈਂਕੜੇ ਮਰ ਰਹੀਆਂ ਹਨ। ਪਿਛਲੇ ਕੁਝ ਦਹਾਕਿਆਂ ਤੋਂ ਲੱਖਾਂ ਲੋਕਾਂ ਦੇ ਪੰਜਾਬੀ ਤਿਆਗਣ ਦਾ ਅਮਲ ਜਾਰੀ ਹੈ ਅਤੇ ਇਹ ਜਾਰੀ ਰਹੇਗਾ। ਦਿੱਲੀ ਇਹਦੀ ਉਜਾਗਰ ਮਿਸਾਲ ਹੈ ਜਿਥੇ ਲੱਖਾਂ ਮੂਲ ਪੰਜਾਬੀਆਂ ਦੀ ਤੀਜੀ ਪੀੜ੍ਹੀ ਪੰਜਾਬੀ ਨਾਲੋਂ ਪੂਰੀ ਤਰ੍ਹਾਂ ਟੁੱਟ ਚੁੱਕੀ ਹੈ। ਰਾਜਸਥਾਨ ਦੇ ਪੰਜਾਬੀ ਬੋਲਦੇ ਇਲਾਕਿਆਂ ਨੂੰ ਤਾਂ ਪੰਜਾਬੀ ਬਾਰੇ ਕਿਸੇ ਵਿਚਾਰ-ਚਰਚਾ ਵਿਚ ਸ਼ਾਮਲ ਹੀ ਨਹੀਂ ਕੀਤਾ ਜਾਂਦਾ। ਜਿਨ੍ਹਾਂ ਦੋ ਗੁਆਂਢੀ ਰਾਜਾਂ- ਹਰਿਆਣਾ ਤੇ ਹਿਮਾਚਲ ਵਿਚ ਅਤੇ ਤੀਜੀ ਦਿੱਲੀ ਵਿਚ ਪੰਜਾਬੀ ਦੇ ਦੂਜੀ ਭਾਸ਼ਾ ਬਣਨ ਦਾ ਰੌਲਾ ਪਾਇਆ ਜਾਂਦਾ ਹੈ, ਇਸ ਨਾਲ ਪੰਜਾਬੀ ਦਾ ਕੁਝ ਸੰਵਰਨ ਵਾਲਾ ਨਹੀਂ। ਸਾਰੀ ਗੱਲ ਲੇਖਕਾਂ ਨੂੰ ਸਾਲਾਨਾ ਇਨਾਮ ਦੇਣ ਤੇ ਅਗਲੇ ਦਿਨ ਭੁੱਲ ਜਾਣ ਵਾਲੇ ਸਭਿਆਚਾਰਕ ਪ੍ਰੋਗਰਾਮ ਕਰਾਉਣ ਵਾਸਤੇ ਪੰਜਾਬੀ ਅਕਾਦਮੀਆਂ ਕਾਇਮ ਕਰਨ ਅਤੇ ਸੜਕਾਂ ਦੇ ਮੀਲ-ਪੱਥਰਾਂ ਉਤੇ ਹੋਰ ਭਾਸ਼ਾਵਾਂ ਦੇ ਹੇਠ ਗ਼ਲਤ ਸ਼ਬਦਜੋੜਾਂ ਵਾਲੀ ਪੰਜਾਬੀ ਲਿਖਣ ਤੱਕ ਸਿਮਟ ਕੇ ਰਹਿ ਜਾਵੇਗੀ। ਮੁੱਖ ਤੌਰ ਉਤੇ ਇਹ ਅਕਾਦਮੀਆਂ ਅਸੈਂਬਲੀ ਜਾਂ ਪਾਰਲੀਮੈਂਟ ਵਿਚ ਸਵਾਲ ਪੁੱਛੇ ਜਾਣ ਸਮੇਂ ਪੰਜਾਬੀ ਲਈ ਸਰਕਾਰ ਦੀ ਕਾਰਗੁਜ਼ਾਰੀ ਦੀ ਅਤੇ ਰਾਜੀਵ-ਲੌਂਗੋਵਾਲ ਸਮਝੌਤਾ ਲਾਗੂ ਕੀਤੇ ਜਾਣ ਦੀ ਮਿਸਾਲ ਦਾ ਵਧੀਆ ਕੰਮ ਦਿੰਦੀਆਂ ਹਨ। ਇਨ੍ਹਾਂ ਰਾਜਾਂ ਦਾ ਡੂੰਘਾ ਪੰਜਾਬੀ-ਵਿਰੋਧ ਅਜਿਹੇ ਹਰ ਪੰਜਾਬੀ-ਹਿਤੈਸ਼ੀ ਜਤਨ ਨੂੰ ਠੁੱਸ ਕਰ ਦੇਵੇਗਾ। ਇਨ੍ਹਾਂ ਰਾਜਾਂ ਵਿਚ ਨੌਕਰੀਆਂ, ਕਾਰੋਬਾਰ ਤੇ ਵਿੱਦਿਆ ਦੀ ਅਤੇ ਪੰਜਾਬੀਆਂ ਸਮੇਤ ਬੋਲਚਾਲ ਦੀ ਭਾਸ਼ਾ ਹਿੰਦੀ ਜਾਂ ਅੰਗਰੇਜ਼ੀ ਹੋਣ ਕਰਕੇ ਸਮੇਂ ਨਾਲ ਪੰਜਾਬੀ ਦਾ ਲਗਾਤਾਰ ਸੁੰਗੜਦੇ-ਸਿਮਟਦੇ ਜਾਣਾ ਯਕੀਨੀ ਹੈ।

ਪੰਜਾਬੀ ਦੇ ਵਿਕਾਸ ਦੀ ਇਕ ਟੇਕ ਅਨੁਵਾਦ ਦੱਸੀ ਜਾਂਦੀ ਹੈ। ਸੱਠ ਸਾਲਾਂ ਵਿਚ ਵਿਗਿਆਨ ਅਤੇ ਤਕਨਾਲੋਜੀ ਦੀਆਂ ਵੱਖ ਵੱਖ ਸ਼ਾਖ਼ਾਂ ਲਈ ਮੂਲ ਵਿਗਿਆਨਕ-ਤਕਨੀਕੀ ਨਾਂਵਾਂ ਅਤੇ ਬੋਲਿਆਂ ਦੀ ਵਰਤੋਂ ਨਾਲ ਪੰਜਾਬੀ ਵਿਚ ਪੁਸਤਕਾਂ ਅਤੇ ਵੱਖ ਵੱਖ ਪੱਧਰਾਂ ਦੀਆਂ ਪਾਠ-ਪੁਸਤਕਾਂ ਤਿਆਰ ਕਰਨ ਵਿਚ ਪੂਰੀ ਤਰ੍ਹਾਂ ਅਸਫਲ ਰਹਿ ਕੇ ਸਾਡੀਆਂ ਸੰਸਥਾਵਾਂ ਇਹ ਘਾਟ ਅਨੁਵਾਦ ਰਾਹੀਂ ਪੂਰੀ ਕਰਦਿਆਂ ਪੰਜਾਬੀ ਦੇ ਵਿਕਾਸ ਦਾ ਸੱਦਾ ਦਿੰਦੀਆਂ ਹਨ। ਇਹ ਸੁਝਾਅ ਦੇਣ ਵਾਲੇ 'ਸਿਆਣੇ' ਸ਼ਾਇਦ ਇਹ ਨਹੀਂ ਜਾਣਦੇ ਕਿ ਅਨੁਵਾਦ ਕਿਸ ਲਿਖਤ ਦਾ ਹੋ ਸਕਦਾ ਹੈ ਤੇ ਕਿਸ ਦਾ ਨਹੀਂ। ਉਨ੍ਹਾਂ ਨੂੰ ਅਨੁਵਾਦ ਨਾਲ ਸਬੰਧਿਤ ਸਾਡੀਆਂ ਸੰਸਥਾਵਾਂ ਦੀ ਕਾਰਗੁਜ਼ਾਰੀ ਦਾ ਵੀ ਕੋਈ ਇਲਮ ਨਹੀਂ। ਆਮ ਰੂਪ ਵਿਚ ਅਨੁਵਾਦ ਦੀਆਂ ਮੁਸ਼ਕਲਾਂ ਤੋਂ ਇਲਾਵਾ, ਵਿਗਿਆਨਕ-ਤਕਨੀਕੀ ਵਿਸ਼ਿਆਂ ਦੇ ਅਨੁਵਾਦ ਵਿਚ ਤਾਂ ਸਮਾਂ ਲੰਘਣ ਨਾਲ ਮਿਆਦ ਪੁੱਗਣ ਦੀ ਸਮੱਸਿਆ ਵੀ ਆ ਮਿਲਦੀ ਹੈ।

ਪਹਿਲਾਂ ਤਾਂ ਦੋਵਾਂ ਭਾਸ਼ਾਵਾਂ ਦੀ ਮੁਹਾਰਤ, ਸਬੰਧਿਤ ਵਿਸ਼ੇ ਦੀ ਜਾਣਕਾਰੀ ਅਤੇ ਅਨੁਵਾਦ ਲਈ ਲੋੜੀਂਦੀ ਅਕਲ ਵਾਲੇ ਅਨੁਵਾਦਕ ਲੱਭਣੇ ਹੀ ਔਖੇ ਹਨ। ਤੁਸੀਂ ਅਖ਼ਬਾਰਾਂ, ਰਸਾਲਿਆਂ ਅਤੇ ਪੁਸਤਕਾਂ ਦੇ ਅਨੁਵਾਦ ਪੜ੍ਹ ਕੇ ਦੇਖੋ, ਬਹੁਤੇ ਲੋਕਾਂ ਨੂੰ ਬਿਲਕੁਲ ਸੌਖੀਆਂ ਗੱਲਾਂ ਦਾ ਅਨੁਵਾਦ ਵੀ ਕਰਨਾ ਨਹੀਂ ਆਉਂਦਾ। ਇਕ ਵਾਰ ਕੈਨੇਡਾ ਦੇ ਦੌਰੇ ਸਮੇਂ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਉਥੋਂ ਦੀ ਸੰਸਦ ਦੇ ਭਾਰਤੀ ਮੂਲ ਦੇ ਮੈਂਬਰਾਂ ਨਾਲ ਮਿਲਣੀ ਵਿਚ ਬੋਲਦਿਆਂ ਕਿਹਾ, "ਆਈ ਹੈਵ ਏ ਵਰਡ ਟੂ ਸੇਅ।" ਪੰਜਾਬੀ ਦੇ ਇਕ ਵੱਡੇ ਅਖ਼ਬਾਰ ਨੇ ਲਿਖਿਆ, "ਮੈਂ ਇਕ ਸ਼ਬਦ ਕਹਿਣਾ ਹੈ।" ਅਨੁਵਾਦ ਨਾਲ ਵਾਹ ਰਿਹਾ ਹੋਣ ਕਰਕੇ ਮੈਂ ਸੈਂਕੜੇ ਮਿਸਾਲਾਂ ਦੇ ਸਕਦਾ ਹਾਂ ਜਿਨ੍ਹਾਂ ਨੂੰ ਸੁਣ-ਪੜ੍ਹ ਕੇ ਸਭ ਦਾ ਹੈਰਾਨ, ਤੇ ਨਾਲ ਹੀ ਪ੍ਰੇਸ਼ਾਨ ਹੋਣਾ ਸੁਭਾਵਿਕ ਹੈ। ਸਾਡੇ ਬਹੁਤੇ ਅਨੁਵਾਦਕ ਇੱਲ੍ਹ ਦਾ ਅਨੁਵਾਦ ਕੋਕੋ ਕਰਦੇ ਹਨ।

ਜੇ ਅਨੁਵਾਦ ਹੋ ਵੀ ਜਾਵੇ, ਸਾਡੀਆਂ ਸੰਸਥਾਵਾਂ ਦੀ ਪੁਸਤਕਾਂ ਛਾਪਣ ਦੀ ਕੁਸ਼ਲਤਾ ਦੀਆਂ ਮਿਸਾਲਾਂ ਸੁਣ ਕੇ ਤੁਸੀਂ ਦੰਗ ਰਹਿ ਜਾਉਗੇ। ਕੁਝ ਸਮਾਂ ਪਹਿਲਾਂ ਸੂਚਨਾ-ਅਧਿਕਾਰ ਕਾਨੂੰਨ ਅਧੀਨ ਭਾਸ਼ਾ ਵਿਭਾਗ ਪੰਜਾਬ ਤੋਂ ਅਣਛਪੇ ਪਏ ਖਰੜਿਆਂ ਦੀ ਜਾਣਕਾਰੀ ਮੰਗੀ ਗਈ ਤਾਂ 35 ਪੰਨਿਆਂ ਉਤੇ ਫੈਲੀ ਹੋਈ ਸੈਂਕੜੇ ਖਰੜਿਆਂ ਦੀ ਸੂਚੀ ਆ ਗਈ। ਨਾਲ ਹੀ ਇਹ ਵੀ ਦੱਸਿਆ ਗਿਆ ਕਿ "ਬਜਟ ਉਪਬੰਧ ਨਾ ਹੋਣ ਕਾਰਨ...ਇਹ ਖਰੜੇ ਪ੍ਰੈਸਾਂ ਨੂੰ ਅਲਾਟ ਨਹੀਂ ਕੀਤੇ ਜਾ ਸਕੇ।" (ਅਨੁਵਾਦ ਤਾਂ ਫੇਰ ਦੇਖਾਂਗੇ, ਭਾਸ਼ਾ ਵਿਭਾਗ ਦੇ ਇਸ ਮੂਲ਼ ਪੰਜਾਬੀ ਵਾਕ ਦੀ ਭਾਸ਼ਾ ਹੀ ਦੇਖ ਲਵੋ!) ਬਹੁਤੇ ਖਰੜਿਆਂ ਨਾਲ ਪ੍ਰਾਪਤ ਹੋਣ ਦੀ ਤਾਰੀਖ਼ ਨਹੀਂ ਲਿਖੀ ਹੋਈ ਪਰ ਜਿਨ੍ਹਾਂ ਨਾਲ ਲਿਖੀ ਹੋਈ ਹੈ, ਉਨ੍ਹਾਂ ਵਿਚੋਂ ਸਭ ਤੋਂ ਪੁਰਾਣਾ ਖਰੜਾ 1973 ਦਾ ਹੈ, ਭਾਵ ਉਹ ਪੂਰੇ ਇਕਤਾਲੀ ਸਾਲਾਂ ਤੋਂ ਅਣਛਪਿਆ ਪਿਆ ਹੈ। ਇਹ ਸਾਰੇ ਖਰੜੇ ਸਾਹਿਤਕ ਨਹੀਂ, ਅਨੇਕ ਡਾਕਟਰੀ, ਇੰਜੀਨੀਅਰੀ, ਆਦਿ ਨਾਲ ਵੀ ਸਬੰਧਿਤ ਹਨ। ਉਹ ਹੁਣ ਕਿੰਨੇ ਕੁ ਪ੍ਰਸੰਗਕ ਰਹਿ ਗਏ ਹਨ, ਇਹ ਸਮਝਣਾ ਔਖਾ ਨਹੀਂ।

ਇਸ ਸੂਚੀ ਵਿਚ ਅਜਿਹੇ ਲੇਖਕਾਂ ਬਾਰੇ 'ਜੀਵਨ ਅਤੇ ਰਚਨਾ' ਲੜੀ ਅਧੀਨ ਖਰੜੇ ਵੀ ਸ਼ਾਮਲ ਹਨ ਜੋ ਮਗਰੋਂ ਲੰਮਾ ਸਮਾਂ ਜੀਵਤ ਰਹੇ ਜਾਂ ਅੱਜ ਵੀ ਜੀਵਤ ਹਨ। ਸਪੱਸ਼ਟ ਹੈ ਕਿ ਉਹ ਖਰੜੇ ਹੁਣ ਅਧੂਰੇ ਹੋ ਗਏ ਹਨ। ਇਨ੍ਹਾਂ ਖਰੜਿਆਂ ਦੀ ਹੋਰ ਬੇਅਦਬੀ ਦੇਖੋ। ਇਕ ਸੂਚੀ ਉਨ੍ਹਾਂ ਪੁਸਤਕਾਂ ਦੀ ਹੈ ਜੋ 2000-2010 ਦੇ ਸਮੇਂ ਵਿਚ ਸਿਰਫ਼ 3,30,800 ਰੁਪਏ ਦੀ ਅਦਾਇਗੀ ਨਾ ਕੀਤੇ ਜਾ ਸਕਣ ਕਾਰਨ ਵੱਖ ਵੱਖ ਛਾਪਾਖਾਨਿਆਂ ਵਿਚੋਂ ਚੁੱਕੀਆਂ ਨਹੀਂ ਜਾ ਸਕੀਆਂ ਅਤੇ "ਬਜਟ ਉਪਲਬਧ ਕਰਵਾਉਣ ਲਈ ਸਰਕਾਰ ਨਾਲ ਲਗਾਤਾਰ ਲਿਖਾ-ਪੜ੍ਹੀ ਕੀਤੀ ਜਾ ਰਹੀ ਹੈ।" ਇਕ ਹੋਰ ਸੂਚੀ ਉਨ੍ਹਾਂ 78 ਖਰੜਿਆਂ ਦੀ ਹੈ ਜਿਨ੍ਹਾਂ ਦੇ "ਪ੍ਰਿੰਟ ਆਰਡਰ ਕੈਂਸਲ ਹੋ ਚੁੱਕੇ ਹਨ ਪਰ ਖਰੜੇ ਪ੍ਰੈਸਾਂ ਤੋਂ ਵਾਪਸ ਨਹੀਂ ਆਏ।" ਜੇ ਭਾਸ਼ਾ ਵਿਭਾਗ ਵਾਲੇ ਸਮਝਦੇ ਹਨ




***ਇਸ ਤੱਥ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਬੋਲੀ ਜਾਂਦੀ ਭਾਸ਼ਾ ਮਰਦੀ ਨਹੀਂ। ਪਰ ਗੱਲ ਉਸ ਹਾਲਤ ਵਿਚ ਜ਼ਰੂਰ ਚਿੰਤਾ ਵਾਲੀ ਹੋ ਜਾਂਦੀ ਹੈ ਜਦੋਂ ਉਹਨੂੰ ਬੋਲਣ ਵਾਲਿਆਂ ਦੀ ਗਿਣਤੀ ਤੇਜ਼ੀ ਨਾਲ ਘਟਣ ਲੱਗੇ। ਦੁਨੀਆਂ ਭਰ ਵਿਚ ਬੋਲਣ ਵਾਲੇ ਹੌਲੀ ਹੌਲੀ ਘਟਦੇ ਜਾਣ ਨਾਲ ਸੈਂਕੜੇ ਭਾਸ਼ਾਵਾਂ ਮਰੀਆਂ ਹਨ ਅਤੇ ਸੈਂਕੜੇ ਮਰ ਰਹੀਆਂ ਹਨ। ਪਿਛਲੇ ਕੁਝ ਦਹਾਕਿਆਂ ਤੋਂ ਲੱਖਾਂ ਲੋਕਾਂ ਦੇ ਪੰਜਾਬੀ ਤਿਆਗਣ ਦਾ ਅਮਲ ਜਾਰੀ ਹੈ ਅਤੇ ਇਹ ਜਾਰੀ ਰਹੇਗਾ। ਦਿੱਲੀ ਇਹਦੀ ਉਜਾਗਰ ਮਿਸਾਲ ਹੈ ਜਿਥੇ ਲੱਖਾਂ ਮੂਲ ਪੰਜਾਬੀਆਂ ਦੀ ਤੀਜੀ ਪੀੜ੍ਹੀ ਪੰਜਾਬੀ ਨਾਲੋਂ ਪੂਰੀ ਤਰ੍ਹਾਂ ਟੁੱਟ ਚੁੱਕੀ ਹੈ।***

ਕਿ ਉਨ੍ਹਾਂ ਦੇ ਅਨੇਕ ਸਾਲਾਂ ਅਤੇ ਦਹਾਕਿਆਂ ਤੋਂ ਅਣਛਪਵਾਏ ਅਤੇ ਅਣਗੌਲੇ ਲਾਵਾਰਿਸ ਖਰੜਿਆਂ ਨੂੰ ਸਾਂਭਣ ਲਈ ਛਾਪਾਖਾਨਿਆਂ ਵਾਲਿਆਂ ਨੇ ਸਾਗਵਾਨ ਦੀਆਂ ਅਲਮਾਰੀਆਂ ਬਣਵਾਈਆਂ ਹੋਣਗੀਆਂ, ਉਹ ਕੁਝ ਬਹੁਤੇ ਹੀ ਭੋਲੇ ਹਨ।

ਮੇਰੀ ਇਕ ਆਪਬੀਤੀ ਅਨੁਵਾਦ ਸਬੰਧੀ ਸਾਡੀਆਂ ਸੰਸਥਾਵਾਂ ਦੀ ਗੰਭੀਰਤਾ ਅਤੇ ਜ਼ਿੰਮੇਵਾਰੀ ਦੀ ਭਾਵਨਾ ਨੂੰ ਹੋਰ ਵੀ ਵਧੇਰੇ ਸਪੱਸ਼ਟ ਕਰ ਦੇਵੇਗੀ। ਅਨੁਵਾਦ ਰਾਹੀਂ ਭਾਸ਼ਾਈ ਆਦਾਨ-ਪ੍ਰਦਾਨ ਕਰਨ ਵਾਲੀ ਭਾਰਤ ਸਰਕਾਰ ਦੀ ਸੰਸਥਾ, ਨੈਸ਼ਨਲ ਬੁੱਕ ਟਰੱਸਟ ਨੇ 1990 ਵਿਚ ਮੈਨੂੰ ਪੁਲਾੜ-ਵਿਗਿਆਨ ਦੀ 1986 ਵਿਚ ਛਪੀ ਹੋਈ ਇਕ ਅੰਗਰੇਜ਼ੀ ਪੁਸਤਕ ਪੰਜਾਬੀ ਵਿਚ ਅਨੁਵਾਦ ਕਰਨ ਲਈ ਦਿੱਤੀ। ਮੈਂ ਲਿਖਤੀ ਦੱਸਿਆ ਕਿ "ਇਸ ਪੁਸਤਕ ਵਿਚ ਅਨੇਕ ਥਾਂ ਜ਼ਿਕਰ ਹੈ ਕਿ ਅਗਲੇ ਸਾਲ, ਅਗਲੇਰੇ ਸਾਲ ਅਮਕੇ ਰਾਕਟ ਛੱਡੇ ਜਾਣਗੇ। ਪਤਾ ਨਹੀਂ, ਉਹ ਛੱਡੇ ਗਏ ਹਨ ਕਿ ਨਹੀਂ; ਜੇ ਛੱਡੇ ਗਏ ਹਨ, ਸਫਲਤਾ-ਅਸਫਲਤਾ ਦੇ ਪੱਖੋਂ ਉਨ੍ਹਾਂ ਦਾ ਕੀ ਹਸ਼ਰ ਹੋਇਆ ਹੈ। ਇਉਂ ਇਹ ਪੁਸਤਕ ਵੇਲਾ ਵਿਹਾ ਚੁੱਕੀ ਹੈ।" ਟਰੱਸਟ ਦਾ ਉਤਰ ਮਿਲਿਆ, "ਤੁਸੀਂ ਇਸ ਪੁਸਤਕ ਦਾ ਇਸੇ ਤਰ੍ਹਾਂ ਅਨੁਵਾਦ ਕਰ ਦਿਉ।" ਸਬੱਬ ਨਾਲ ਟਰੱਸਟ ਦੀ ਪੁਸਤਕ-ਸੂਚੀ ਵਿਚੋਂ ਮੈਨੂੰ ਉਸ ਅੰਗਰੇਜ਼ੀ ਪੁਸਤਕ ਦੀ 1989 ਦੀ ਦੂਜੀ ਛਾਪ ਦਾ ਪਤਾ ਲੱਗਿਆ। ਮੈਂ ਲਿਖਿਆ, "ਇਸ ਪੁਸਤਕ ਦੀ ਤੁਹਾਡੀ ਹੀ ਪ੍ਰਕਾਸ਼ਿਤ ਕੀਤੀ ਹੋਈ 1989 ਵਾਲੀ ਦੂਜੀ ਛਾਪ ਦੇ ਹੁੰਦਿਆਂ 1986 ਵਾਲੀ ਪਹਿਲੀ ਛਾਪ ਦਾ ਅਨੁਵਾਦ ਕਰਾਉਣਾ ਬੇਤੁਕੀ ਗੱਲ ਹੈ। ਅਨੁਵਾਦ ਲਈ ਨਵੀਂ ਛਾਪ ਭੇਜ ਦਿੱਤੀ ਜਾਵੇ।" ਟਰੱਸਟ ਨੇ ਤੋਤੇ ਵਾਂਗ ਦੁਹਰਾਉਂਦਿਆਂ ਲਿਖਤੀ ਉਤਰ ਭੇਜਿਆ, "ਤੁਸੀਂ ਭੇਜੀ ਗਈ ਪੁਸਤਕ ਦਾ ਅਨੁਵਾਦ ਸਮੇਂ-ਸਿਰ ਕਰ ਕੇ ਪੁਜਦਾ ਕਰ ਦਿਉ।" ਹੁਣ ਚੌਥਾਈ ਸਦੀ ਮਗਰੋਂ ਇਕ ਦਿਨ ਆਪਣੀਆਂ ਪੁਸਤਕਾਂ ਫਰੋਲਦਿਆਂ ਮੈਂ ਦੇਖਿਆ ਕਿ ਉਸ ਪੁਸਤਕ ਦਾ ਛਪਿਆ ਹੋਇਆ ਪੰਜਾਬੀ ਰੂਪ ਤਾਂ ਟਰੱਸਟ ਨੇ ਮੈਨੂੰ ਭੇਜਿਆ ਹੀ ਨਹੀਂ। ਮੈਂ ਅਨੁਵਾਦਕ ਨੂੰ ਮਿਲਣ ਵਾਲੀਆਂ ਕਾਪੀਆਂ ਲਈ ਬੇਨਤੀ ਕੀਤੀ ਤਾਂ, ਤੁਸੀਂ ਮੰਨੋ ਜਾਂ ਨਾ ਮੰਨੋ, ਟਰੱਸਟ ਦਾ ਲਿਖਤੀ ਉਤਰ ਮਿਲਿਆ, "ਉਹ ਪੁਸਤਕ ਅਜੇ ਛਪੀ ਨਹੀਂ, ਜਦੋਂ ਛਪੀ, ਤੁਹਾਨੂੰ ਭੇਜ ਦੇਵਾਂਗੇ।"

ਇਹ ਹਾਲ ਪੰਜਾਬੀ ਅਨੁਵਾਦ ਨਾਲ ਸਬੰਧਿਤ ਦੋ ਵੱਡੀਆਂ ਸੰਸਥਾਵਾਂ, ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਅਤੇ ਭਾਰਤ ਸਰਕਾਰ ਦੇ ਨੈਸ਼ਨਲ ਬੁੱਕ ਟਰੱਸਟ, ਦਾ ਹੈ। ਤੁਸੀਂ ਸੋਚ ਹੀ ਸਕਦੇ ਹੋ ਕਿ ਅਨੁਵਾਦ ਰਾਹੀਂ ਪੰਜਾਬੀ ਨੂੰ ਗਿਆਨ-ਵਿਗਿਆਨ ਦੀਆਂ ਪੁਸਤਕਾਂ ਨਾਲ ਮਾਲਾਮਾਲ ਕਰਨ ਦਾ ਵਿਚਾਰ ਕਿੰਨਾ ਹਾਸੋਹੀਣਾ ਹੈ। ਜਦੋਂ ਨੂੰ ਕਿਸੇ ਪੁਸਤਕ ਦਾ ਚੰਗਾ-ਮਾੜਾ ਅਨੁਵਾਦ ਹੁੰਦਾ ਹੈ ਅਤੇ ਫੇਰ ਦਫ਼ਤਰੀ ਲਾਲਫ਼ੀਤਾਸ਼ਾਹੀ ਤੇ ਸਰਕਾਰੀ ਬੇਰੁਖੀ ਦੀਆਂ ਔਖੀਆਂ ਘਾਟੀਆਂ ਪਾਰ ਕਰ ਕੇ ਛਪਦਾ ਹੈ, ਉਸ ਪੁਸਤਕ ਵਿਚਲੇ ਗਿਆਨ ਦੀ ਗੱਡੀ ਬਹੁਤ ਦੂਰ ਨਿੱਕਲ ਚੁੱਕੀ ਹੁੰਦੀ ਹੈ! ਅਨੁਵਾਦਿਤ ਪੁਸਤਕਾਂ, ਖਾਸ ਕਰਕੇ ਗਿਆਨ-ਵਿਗਿਆਨ ਨਾਲ ਸਬੰਧਿਤ ਪੁਸਤਕਾਂ ਪਾਠਕ ਨੂੰ ਦੇਣਾ ਉਸ ਨੂੰ ਖਾਣ ਲਈ ਕਈ ਦਿਨ ਬੇਹੀ, ਉਲੀ ਲੱਗੀ ਰੋਟੀ ਦੇਣ ਵਾਂਗ ਹੈ!

*(ਚਲਦਾ)*

## ਮੈਂ ਮਾਂ ਬੋਲੀ ਪੰਜਾਬ ਦੀ

ਮੈਂ ਮਾਂ ਬੋਲੀ ਪੰਜਾਬ ਦੀ ਮੇਰਾ ਸੋਹਣਾ ਵਤਨ ਪੰਜਾਬ
ਮੈਂ ਰਾਣੀ ਆਪਣੇ ਦੇਸ਼ ਦੀ ਮੇਰਾ ਹੁਸਨ ਵਾਂਗ ਮਹਿਤਾਬ
ਮੇਰੇ ਅੱਖਰ ਵਾਂਗਰ ਮੋਤੀਆਂ ਮੇਰੀ ਮਹਿਕ ਹੈ ਵਾਂਗ ਗੁਲਾਬ
ਜਦ ਮਟਕ-ਮਟਕ ਮੈਂ ਚੱਲਦੀ ਮੇਰਾ ਡੁੱਲ੍ਹ-ਡੁੱਲ੍ਹ ਪਵੇ ਸ਼ਬਾਬ
ਮਨ ਟੁਣਕੇ ਵਾਂਗਰ ਸਾਜ਼ ਦੇ ਜਿਉਂ ਵੱਜੇ ਕਿਤੇ ਰਬਾਬ।

ਮੇਰੇ ਸਿਰ 'ਤੇ ਹੱਥ ਅਕਾਲ ਦਾ ਮੈਂ ਗੁਰੂ ਨਾਨਕ ਦਾ ਪਿਆਰ
ਮੈਨੂੰ ਕਲਗੀਧਰ ਦਾ ਥਾਪੜਾ ਮੈਨੂੰ ਭਗਤ ਦੇਣ ਸਤਿਕਾਰ
ਮੇਰਾ ਸਤਿਗੁਰ ਨਾਨਕ ਗਾ ਰਿਹਾ ਬਰਖਾ ਦਾ ਰਾਗ ਮਲ੍ਹਾਰ
ਮੇਰਾ ਬੁੱਲੇਸ਼ਾਹ ਹੁਸੈਨ ਨੇ ਉਚਾ ਕੀਤਾ ਕਿਰਦਾਰ
ਹੀਰੇ ਵਾਂਗ ਦਮਕਾਂ ਮਾਰਦੀ ਮੇਰੇ ਪੰਜ ਦਰਿਆ ਦੀ ਆਬ।
ਮੈਂ ਮਾਂ ਬੋਲੀ ਪੰਜਾਬ ਦੀ ਮੇਰਾ ਸੋਹਣਾ ਵਤਨ ਪੰਜਾਬ।

ਮੇਰੀ ਝੋਲੀ ਦੇ ਵਿਚ ਖੇਡਦੇ ਮੇਰੇ ਧੀਆਂ ਪੁੱਤ ਜਵਾਨ
ਮੈਂ ਧੀਆਂ ਦੇ ਨਾਲ ਧਨੀ ਹਾਂ ਤੇ ਪੁੱਤਰਾਂ ਨਾਲ ਮਹਾਨ
ਗੁਰਬਾਣੀ ਗੁਰੂ ਗ੍ਰੰਥ ਦੀ ਸਭ ਜੱਗ ਨੂੰ ਵੰਡਦੀ ਗਿਆਨ
ਮੇਰੀ ਧਰਤੀ ਭਾਗਾਂ ਵਾਲੜੀ ਜ਼ਿਦੀ ਜੱਗ ਵਿਚ ਉਚੀ ਸ਼ਾਨ
ਝੁਕ ਜਾਵਣ ਨਜ਼ਰਾਂ ਜੱਗ ਦੀਆਂ ਜਦ ਮੂੰਹ ਤੋਂ ਚੁੱਕਾਂ ਨਕਾਬ।
ਮੈਂ ਮਾਂ ਬੋਲੀ ਪੰਜਾਬ ਦੀ ਮੇਰਾ ਸੋਹਣਾ ਵਤਨ ਪੰਜਾਬ।

ਮੈਂ ਮਾਂ ਬੋਲੀ ਪੰਜਾਬ ਦੀ ਪੰਜਾਬਣ ਮੇਰਾ ਨਾਂ
ਮੈਨੂੰ ਇੰਟਰਨੈਟ 'ਤੇ ਵੇਖ ਲਓ ਮੇਰਾ ਸਭ ਤੋਂ ਉਚਾ ਥਾਂ
ਮੇਰੇ ਮਾਖਿਓ ਮਿੱਠੇ ਬੋਲ ਨੇ ਮੈਨੂੰ ਦੁਨੀਆਂ ਆਖੇ ਮਾਂ
ਮੈਂ ਜਿਥੇ ਕਦਮ ਟਿਕਾਂਵਦੀ ਲੋਕੀ ਹੱਥੀਂ ਕਰਦੇ ਛਾਂ
ਅੱਜ ਝੁਕ-ਝੁਕ ਸਿਜਦੇ ਕਰਨ ਮੈਨੂੰ ਖੱਬੀ ਖਾਨ ਨਵਾਬ।
ਮੈਂ ਮਾਂ ਬੋਲੀ ਪੰਜਾਬ ਦੀ ਮੇਰਾ ਸੋਹਣਾ ਵਤਨ ਪੰਜਾਬ।

ਦੁਨੀਆਂ ਦੇ ਸਾਰੇ ਮੁਲਕ ਜੋ ਉਥੇ ਗੂੰਜਣ ਮੇਰੇ ਗੀਤ
ਅਮਰੀਕਾ ਤੇ ਆਸਟ੍ਰੇਲੀਆ ਸਭ ਬਣ ਗਏ ਮੇਰੇ ਮੀਤ
ਹਰ ਥਾਂ ਮੈਂ ਝੰਡੇ ਗੱਡ ਕੇ ਮੰਨਵਾਈ ਆਪਣੀ ਜੀਤ
ਮੈਂ ਸਹਿ ਕੇ ਲੱਖਾਂ ਮੁਸ਼ਕਿਲਾਂ ਹੁਣ ਹੋਈ ਹਾਂ 'ਸੁਰਜੀਤ'
ਮੇਰੇ ਕਦਮਾਂ ਵਿਚ ਭੂਚਾਲ ਨੇ ਅਸਮਾਨੀ ਉਡਣ ਖ਼ਵਾਬ।
ਮੈਂ ਮਾਂ ਬੋਲੀ ਪੰਜਾਬ ਦੀ ਮੇਰਾ ਸੋਹਣਾ ਵਤਨ ਪੰਜਾਬ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

## ਗ਼ਜ਼ਲ

ਹਰ ਪੰਛੀ ਨਾਲ ਰਿਸ਼ਤਾ ਮੇਰਾ,
ਚਾਹੇ ਕਿਸੇ ਵੀ ਜਾਤ ਦਾ ਹੋਵੇ।
ਹਰ ਜੁਗਨੂੰ ਆਪਣਾ ਹੀ ਜਾਪੇ,
ਚਾਹੇ ਕਿਸੇ ਵੀ ਰਾਤ ਦਾ ਹੋਵੇ।

ਦੀਵਾਲੀ ਦੀ ਰਾਤ ਦੇ ਮਗਰੋਂ
ਦੀਵਿਆਂ ਨੇ ਹੈ ਬੁਝਣਾ ਲੇਕਿਨ,
ਹਰ ਬੁਝਿਆ ਦੀਵਾ ਹੈ ਆਪਣਾ
ਕਿਸੇ ਵੀ ਉਹ ਪ੍ਰਭਾਤ ਦਾ ਹੋਵੇ।

ਪਾਰ ਕਰੋ ਅਗਿਆਨ ਦਾ ਸਾਗਰ,
ਬਹਿ ਕੇ ਗਿਆਨ ਦੀ ਕਿਸ਼ਤੀ ਵਿਚ,
ਆਪਣੀ ਬੇੜੀ ਆਪਣੇ ਚੱਪੂ,
ਡਰ ਨਾ ਕਿਸੇ ਵੀ ਬਾਤ ਦਾ ਹੋਵੇ।

ਪਾਣੀ ਪਿਤਾ ਹੈ ਜੀਵਨ ਦਾਤਾ,
ਪਾਣੀ ਦੇ ਏਕੇ ਤੋਂ ਸਿੱਖੋ,
ਪਾਣੀ ਕਦੇ ਵੀ ਵੱਖ ਨਹੀ ਹੁੰਦਾ,
ਖੂਹ ਦਾ ਜਾਂ ਬਰਸਾਤ ਦਾ ਹੋਵੇ।

ਧਾਮਾਂ 'ਚੋਂ ਨਾ ਭਾਲ 'ਸੈਂਪਲੇ',
ਮਿਲਣ ਦੀ ਤਾਂਘ ਤੂੰ ਰੱਖੀਂ ਮਨ ਵਿਚ,
ਕਦੇ ਵੀ ਕਿਧਰੇ ਆਪੇ ਮਿਲ ਜੂ,
ਅਗਰ ਵਕਤ ਮੁਲਾਕਾਤ ਦਾ ਹੋਵੇ।

*-ਨਾਇਬ ਸਿੰਘ 'ਸੈਂਪਲੇ'*
*ਫੋਨ: 91-98724-05203*

# ਕੈਸੀ ਹੈ ਇਹ ਸਮਾਧੀ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਦੁਆਬੇ ਦੇ ਕਸਬੇ ਨੂਰਮਹਿਲ ਸਥਿਤ ਦਿਵਿਆ ਜਿਯੋਤੀ ਜਾਗਰਤੀ ਸੰਸਥਾਨ ਦੇ ਸੰਸਥਾਪਕ ਅਖੌਤੀ ਆਸ਼ੂਤੋਸ ਕੁਮਾਰ ਮਹਾਰਾਜ, ਉਸ ਦੇ ਸ਼ਰਧਾਲੂਆਂ ਅਨੁਸਾਰ ਪਿਛਲੇ ਅੱਠ ਮਹੀਨਿਆਂ ਤੋਂ "ਸਮਾਧੀ" ਵਿਚ ਹਨ ਜਦ ਕਿ ਡਾਕਟਰਾਂ ਅਨੁਸਾਰ ਉਨ੍ਹਾਂ ਦੀ ਡਾਕਟਰੀ ਨਜ਼ਰੀਏ ਤੋਂ ਮੌਤ ਹੋ ਚੁੱਕੀ ਹੈ। ਜੀਵਿਤ ਵਿਅਕਤੀ ਦੇ ਲੱਛਣ ਉਨ੍ਹਾਂ ਦੇ ਸਰੀਰ ਦੀਆ ਤਮਾਮ ਕਿਰਿਆਵਾਂ ਜਿਵੇਂ ਖ਼ੂਨ ਦਾ ਦੌਰਾ, ਨਬਜ਼, ਸਾਹ, ਦਿਮਾਗੀ ਕਿਰਿਆ ਆਦਿ 29 ਜਨਵਰੀ 2014 ਦੀ ਅੱਧਰਾਤ ਤੋਂ ਬੰਦ ਹੋ ਚੁੱਕੇ ਹਨ। ਡਾਕਟਰਾਂ ਅਨੁਸਾਰ ਕਿਸੇ ਦੇ ਦਿਲ ਦੀ ਧੜਕਨ ਜਿਹੀਆਂ ਕਿਰਿਆਵਾਂ ਦਸ ਮਿੰਟ ਤੋਂ ਵੱਧ ਬੰਦ ਰਹਿਣ ਤਾਂ ਉਹ ਮਰਿਆ ਹੁੰਦਾ ਹੈ। ਆਸ਼ੂਤੋਸ਼ ਦੇ ਮੁਰਦਾ ਸਰੀਰ ਨੂੰ ਫਰੀਜ਼ਰ ਵਿਚ ਰੱਖਿਆ ਗਿਆ ਹੈ ਤਾਂ ਕਿ ਉਸ ਦੇ ਸਮਾਧੀ ਵਿਚ ਹੋਣ ਦਾ ਢਕੌਸਲਾ ਕਾਇਮ ਰੱਖਿਆ ਜਾ ਸਕੇ। ਉਸ ਦੇ 1988 ਤੋਂ 1992 ਤੱਕ ਰਹਿ ਚੁੱਕੇ ਇਕ ਡਰਾਈਵਰ ਪੂਰਨ ਸਿੰਘ ਅਨੁਸਾਰ ਉਸ ਦਾ ਅਸਲੀ ਨਾਂ ਮਹੇਸ਼ ਕੁਮਾਰ ਝਾਅ ਹੈ, ਉਹ ਬਿਹਾਰ ਦਾ ਰਹਿਣ ਵਾਲਾ ਹੈ, ਵਿਆਹਿਆ ਤੇ ਬਾਲਬੱਚੇਦਾਰ ਹੈ। ਪੂਰਨ ਸਿੰਘ ਖੁਦ ਉਸ ਦਾ ਸ਼ਰਧਾਲੂ ਸੀ ਪਰ ਉਸ ਦੀ 'ਸਤਿਗੁਰੂ' ਨਾਲ ਇਸ ਕਰਕੇ ਖੜਕ ਪਈ ਕਿਉਂਕਿ ਉਸ ਅਨੁਸਾਰ 'ਸਤਿਗੁਰੂ' ਆਸ਼ਰਮ ਦੀਆਂ ਇਸਤਰੀਆਂ 'ਤੇ ਅੱਖ ਰੱਖਦਾ ਸੀ। ਪੂਰਨ ਸਿੰਘ ਨੇ ਹੀ ਉਸ ਦੇ ਸਰੀਰ ਦੀ ਜਾਂਚ ਕਰਾਉਣ ਲਈ ਪੰਜਾਬ ਹਾਈ ਕੋਰਟ ਵਿਚ ਅਪੀਲ ਦਾਇਰ ਕੀਤੀ ਹੈ। ਇਸੇ ਦੌਰਾਨ ਆਸ਼ੂਤੋਸ਼ ਉਰਫ ਮਹੇਸ਼ ਝਾਅ ਦੇ ਪੁਤਰ ਹੋਣ ਦਾ ਦਾਅਵਾ ਕਰਦੇ ਦਲੀਪ ਝਾਅ ਨੇ ਵੀ ਹਾਈ ਕੋਰਟ ਵਿਚ ਅਪੀਲ ਦਾਇਰ ਕੀਤੀ ਹੈ ਕਿ ਉਸ ਨੂੰ ਆਪਣੇ ਪਿਤਾ ਦਾ ਅੰਤਮ ਸੰਸਕਾਰ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਪੰਜਾਬ ਸਰਕਾਰ ਵਲੋਂ ਆਸ਼ੂਤੋਸ਼ ਦੀ ਮੌਤ ਦੀ ਡਾਕਟਰੀ ਰਿਪੋਰਟ ਹਾਈ ਕੋਰਟ ਵਿਚ ਪੇਸ਼ ਕੀਤੀ ਗਈ ਹੈ ਤੇ ਕੋਰਟ ਨੇ ਆਸ਼ੂਤੋਸ਼ ਦੇ ਮਰੇ ਹੋਣ ਦੀ ਗੱਲ ਸਵੀਕਾਰ ਕਰਦੇ ਹੋਏ ਉਸ ਦੇ ਸੰਸਕਾਰ ਕੀਤੇ ਜਾਣ ਦੀ ਵੈਧਤਾ ਵੀ ਦਰਸਾਈ ਹੈ ਪਰ ਉਹ ਦਲੀਪ ਕੁਮਾਰ ਦੇ ਆਸ਼ੂਤੋਸ਼ ਦੇ ਪੁੱਤਰ ਹੋਣ ਦੇ ਹੋਰ ਸਬੂਤ ਚਾਹੁੰਦੀ ਹੈ।

ਸਾਰਾ ਮਸਲਾ ਅਨੇਕਾਂ ਵਿਰੋਧਤਾਈਆਂ ਨਾਲ ਗੱਥਮਗੁੱਥਾ ਹੋਇਆ ਨਜ਼ਰ ਆਉਂਦਾ ਹੈ। ਆਮ ਸ਼ਰਧਾਲੂਆਂ ਦਾ ਅੰਧ ਵਿਸ਼ਵਾਸ ਏਨਾ ਹਾਸੋਹੀਣਾ ਹੈ ਕਿ ਉਹ ਕਈ ਮਹੀਨਿਆਂ ਤੋਂ ਹੋਈ ਮੌਤ ਨੂੰ ਲੰਮੀ ਸਮਾਧੀ ਸਮਝੀ ਬੈਠੇ ਹਨ। ਦੂਜੇ ਪਾਸੇ ਡੇਰੇ ਦੇ ਸੰਚਾਲਕ ਹਨ ਜਿਨ੍ਹਾਂ ਦੇ ਸਵਾਰਥੀ ਹਿਤ ਇਸ ਗੱਲ ਵਿਚ ਹਨ ਕਿ ਉਹ ਮਰੇ ਆਸ਼ੂਤੋਸ਼ ਨੂੰ ਸਮਾਧੀ ਵਿਚ ਲੀਨ ਦਰਸਾ ਕੇ ਡੇਰੇ 'ਤੇ ਅਨਿਸਚਿਤ ਸਮੇਂ ਲਈ ਕਬਜ਼ਾ ਕਾਇਮ ਰੱਖ ਸਕਣ। ਕਿਹਾ ਜਾਂਦਾ ਹੈ ਕਿ ਦੂਰ ਦੇਸ਼ਾਂ ਤੱਕ ਫੈਲੇ ਇਸ ਡੇਰੇ ਦੀ ਸੰਪਤੀ 3000 ਕਰੋੜ ਤੱਕ ਦੀ ਹੈ। ਫਿਰ ਡੇਰੇ ਤੋਂ ਰਾਜਸੀ ਲਾਭ ਹਾਸਿਲ ਕਰਦੀਆਂ ਰਾਜਸੀ ਸ਼ਕਤੀਆਂ ਹਨ ਜਿਨ੍ਹਾਂ ਦੇ ਹਿੱਤ ਮਸਲੇ ਨੂੰ ਸੁਲਝਾਉਣ ਵਿਚ ਨਹੀਂ ਹਨ। ਕਾਨੂੰਨ ਆਪਣੀਆਂ ਉਲਝਣਾਂ ਵਿਚ ਹੈ। ਇਸ ਨੇ ਇਹ ਤਾਂ ਨਿਰਣਾ ਕਰ ਦਿੱਤਾ ਹੈ ਕਿ ਆਸ਼ੂਤੋਸ਼ ਮਰ ਚੁੱਕਾ ਹੈ ਤੇ ਇਸ ਦਾ ਸੰਸਕਾਰ ਹੋਣਾ ਚਾਹੀਦਾ ਹੈ ਪਰ ਧਾਰਮਿਕ ਕਿਸਮ ਦੀ ਸੰਸਥਾ ਦੀਆਂ ਸਰਗਰਮੀਆਂ ਵਿਚ ਦਖਲ ਦੇਣਾ ਇਸ ਦੇ ਵੱਸ ਤੋਂ ਬਾਹਰ ਹੈ। ਸਰਕਾਰ ਜੇ ਚਾਹੇ ਤਾਂ ਸ਼ਕਤੀ ਦੀ ਵਰਤੋਂ ਕਰਕੇ ਲਾਸ਼ ਹਾਸਿਲ ਕਰ ਸਕਦੀ ਹੈ ਪਰ ਉਹ ਅਜਿਹਾ ਕਰ ਨਹੀਂ ਰਹੀ।

ਵਿਸ਼ਵਾਸ ਵਿਗਿਆਨ ਅਤੇ ਕਿਸੇ ਕਿਸਮ ਦੀ ਨਿਯਮਬੱਧ ਵਿਵਸਥਾ ਨਾਲ ਨਿਰੰਤਰ ਟਕਰਾਅ ਵਿਚ ਰਹਿੰਦਾ ਹੈ। ਇਸ ਨੂੰ ਤਰਕ ਨਾਲ ਕਾਬੂ ਨਹੀਂ ਕੀਤਾ ਜਾ ਸਕਦਾ। ਹਿੰਦੁਤਵ ਸ਼ਕਤੀਆਂ ਅਨੁਸਾਰ ਰਾਮ ਚੰਦਰ ਉਥੇ ਹੀ ਪੈਦਾ ਹੋਇਆ ਜਿਥੇ ਬਾਬਰੀ ਮਸਜਿਦ ਹੈ। ਜਦ ਠੋਸ ਸਬੂਤਾਂ ਦੀ ਮੰਗ ਕੀਤੀ ਜਾਂਦੀ ਹੈ ਤਾਂ ਜਵਾਬ ਮਿਲਦਾ ਹੈ ਕਿ ਐਸਾ ਹਮਾਰਾ ਵਿਸ਼ਵਾਸ ਹੈ। ਇਸ ਵਿਸ਼ਵਾਸ ਦੀ ਪੁਗਾਈ ਖਾਤਿਰ ਸਾਰੇ ਕਾਇਦੇ ਕਾਨੂੰਨ ਤੋੜੇ ਜਾ ਸਕਦੇ ਹਨ, ਸਮਾਜਕ ਜੀਵਨ ਤਹਿਸ-ਨਹਿਸ ਕੀਤਾ ਜਾ ਸਕਦਾ ਹੈ ਤੇ ਘੋਰ ਮਨੁਖੀ ਤ੍ਰਾਸਦੀਆਂ ਹੋਣ ਦਿੱਤੀਆਂ ਜਾ ਸਕਦੀਆਂ ਹਨ। ਦਿਵਿਆ ਜਿਯੋਤੀ ਦੇ ਕਰਤਾ-ਧਰਤਾਵਾਂ ਦਾ ਕਹਿਣਾ ਹੈ ਕਿ ਆਸ਼ੂਤੋਸ਼ ਮਹਾਰਾਜ ਲੰਬੀ ਸਮਾਧੀ 'ਤੇ ਗਏ ਹਨ। ਲੋਕ ਭਲਾਈ ਦੀ ਖਾਤਿਰ ਉਨ੍ਹਾਂ ਦੀ ਆਤਮਾ ਸਰੀਰ ਨੂੰ ਤਿਆਗ ਕੇ ਬ੍ਰਹਮ ਵਿਚ ਲੀਨ ਹੋਈ ਹੈ ਤੇ ਕਿਸੇ ਵੇਲੇ ਵੀ ਸਰੀਰ ਵਿਚ ਦਾਖਿਲ ਹੋ ਸਕਦੀ ਹੈ। ਉਨ੍ਹਾਂ ਅਨੁਸਾਰ ਇਸ ਤੋਂ ਪਹਿਲਾਂ ਵੀ ਆਸ਼ੂਤੋਸ਼ ਮਹਾਰਾਜ ਪੰਜ ਦਿਨ ਤੱਕ ਸਮਾਧੀ ਵਿਚ ਰਹੇ ਹਨ। ਹਿਮਾਲਾ ਪਰਬਤ ਵਿਚ ਤੇਰਾਂ ਸਾਲ ਤਪੱਸਿਆ ਕਰਦੇ ਰਹੇ ਹਨ। ਉਨ੍ਹਾਂ ਦੇ ਇਸ ਦਾਅਵੇ ਦਾ ਵੀ ਨਾ ਕੋਈ ਸਬੂਤ ਹੈ ਤੇ ਨਾ ਹੀ ਵਿਗਿਆਨਕ ਆਧਾਰ। ਦਿਲਚਸਪ ਗੱਲ ਹੈ ਕਿ ਹਿੰਦੂਆਂ ਦੇ ਕੁਝ ਫਿਰਕਿਆਂ ਵਿਚ ਮਿਰਤਕ ਸਰੀਰ ਦੇ ਦਾਹ ਸੰਸਕਾਰ ਦੀ ਥਾਂ ਉਸ ਨੂੰ ਦਫਨਾਉਣ ਦੀ ਪਰੰਪਰਾ ਵੀ ਹੈ ਜਿਸ ਨੂੰ ਸਮਾਧੀ ਦੇਣਾ ਆਖਿਆ ਜਾਂਦਾ ਹੈ। ਡਾਕਟਰੀ ਵਿਗਿਆਨ ਦੇ ਨਜ਼ਰੀਏ ਤੋਂ ਆਤਮਾ ਦਾ ਸਰੀਰ ਤੋਂ ਵੱਖ ਹੋਣਾ ਅਸੰਭਵ ਹੈ, ਬਲਕਿ ਸਰੀਰ ਤੋਂ ਵੱਖ ਆਤਮਾ ਨਾਂ ਦੀ ਕੋਈ ਚੀਜ਼ ਹੀ ਨਹੀਂ। ਆਸ਼ੂਤੋਸ਼ ਦੇ ਮਾਮਲੇ ਵਿਚ ਦਾਅਵਾ ਕੀਤਾ ਗਿਆ ਹੈ ਕਿ ਉਸ ਦੀ ਆਤਮਾ ਕਦੇ ਵੀ ਵਾਪਿਸ ਸਰੀਰ ਵਿਚ ਆ ਸਕਦੀ ਹੈ। ਕੁਝ ਹੋਰ ਕੇਸਾਂ ਵਿਚ ਅਜਿਹੇ ਦਾਅਵੇ ਪਹਿਲਾਂ ਵੀ ਕੀਤੇ ਜਾ ਚੁਕੇ ਹਨ। ਅਮਰੀਕਾ ਵਿਚ ਯੋਗ ਦਾ ਪ੍ਰਚਾਰ ਕਰਨ ਵਾਲੇ ਮੁਕੰਦ ਲਾਲ ਘੋਸ਼ ਉਰਫ ਪਰਮਹੰਸ ਯੋਗਾਨੰਦ ਦੀ 1952 'ਚ ਹਰਟ ਅਟੈਕ ਨਾਲ ਮੌਤ ਹੋ ਗਈ ਸੀ। ਪਿਛੋਂ ਉਸ ਦੇ ਸਮਰਥਕਾਂ ਵਲੋਂ ਉਸ ਦੇ ਸਮਾਧੀ ਵਿਚ ਲੀਨ ਹੋਣ ਦਾ ਦਾਅਵਾ ਕੀਤਾ ਗਿਆ ਸੀ ਕਿਉਂਕਿ ਉਸ ਦਾ ਸਰੀਰ ਵੀਹ ਦਿਨ ਤੱਕ ਵਿਗਠਤ ਨਹੀਂ ਸੀ ਹੋਇਆ। ਪਰ ਜਾਣਕਾਰਾਂ ਦਾ ਕਹਿਣਾ ਹੈ ਕਿ ਲਾਸ਼ ਦਾ ਜੇ ਯੋਗ ਲੇਪਣ ਕੀਤਾ ਜਾਵੇ ਤਾਂ ਇਸ ਨੂੰ ਕਈ ਮਹੀਨੇ



ਤਰੋ ਤਾਜ਼ਾ ਰੱਖਿਆ ਜਾ ਸਕਦਾ ਹੈ। ਮਿਸਰ ਦੀਆਂ ਮੱਮੀਆਂ ਤੋਂ ਇਸ ਤੱਥ ਦੀ ਗਵਾਹੀ ਮਿਲਦੀ ਹੈ।

ਭਾਰਤੀ ਧਰਮਾਂ ਵਿਚ ਸਮਾਧੀ ਨੂੰ ਵੱਖ ਵੱਖ ਤਰ੍ਹਾਂ ਬਿਆਨਿਆ ਗਿਆ ਹੈ। ਕਈ ਵਿਦੇਸ਼ੀ ਟਕੋਰ ਲਾਉਂਦੇ ਹਨ ਕਿ ਦਰਅਸਲ ਭਾਰਤੀ ਸਮਾਜ ਹੀ ਸਮਾਧੀ ਵਿਚ ਹੈ ਕਿਉਂਕਿ ਇਥੇ ਜਨਸੰਖਿਆ ਦੇ ਵਾਧੇ ਤੋਂ ਬਿਨਾ ਕੋਈ ਵਿਕਾਸ ਨਹੀਂ ਹੁੰਦਾ! ਸਮਾਧੀ ਦਾ ਮੂਲ ਆਧਾਰ ਪਤੰਜਲੀ ਦੇ ਯੋਗਸੂਤਰ ਵਿਚ ਮਿਲਦਾ ਹੈ। ਸਮਾਧੀ ਅਸ਼ਟਾਂਗ ਯੋਗ ਦਾ ਅੰਤਮ ਅੰਗ ਹੈ। ਇਸ ਅਨੁਸਾਰ ਜਦੋਂ ਧਿਆਨ ਕਰਦਿਆਂ ਸਾਧਕ ਦਾ ਚਿੱਤ ਲਕਸ਼ਿਤ ਵਿਸ਼ੇ ਦਾ ਆਕਾਰ ਗਹ੍ਰਿਣ ਕਰ ਲੈਂਦਾ ਹੈ ਤਾਂ ਵਿਸ਼ੇ ਅਤੇ ਸਾਧਕ ਵਿਚਕਾਰ ਭੇਦ ਮਿਟ ਜਾਂਦਾ ਹੈ। ਇਸ ਪ੍ਰਕਿਰਿਆ ਵਿਚ ਬਾਹਰਲੇ ਜਗਤ ਨਾਲ ਸਬੰਧ ਟੁੱਟ ਜਾਂਦਾ ਹੈ ਤੇ ਨਿੱਤ-ਪਦ ਦੀ ਪ੍ਰਾਪਤੀ ਹੋ ਜਾਂਦੀ ਹੈ। ਸੰਤ ਤੇ ਭਗਤ ਸਮਾਧੀ ਦੀਆਂ ਜਟਿਲਤਾਈਆਂ ਵਿਚ ਵਿਸ਼ਵਾਸ ਨਾ ਕਰਦੇ ਹੋਏ ਮਧ ਮਾਰਗ ਦੇ ਸਮਰਥਕ ਸਨ। ਸਿੱਖ ਗੁਰੂ ਵੀ ਅਜਿਹੀ ਸਮਾਧੀ ਨੂੰ ਕੋਈ ਮਾਨਤਾ ਨਹੀਂ ਦਿੰਦੇ। ਉਹ ਸਹਿਜ ਸਭਾਵਕ ਸਮਾਧਿ ਲਾਉਣ 'ਤੇ ਬਲ ਦਿੰਦੇ ਹਨ, ਭਾਵੇਂ ਕਿ ਸਹਿਜ ਸਮਾਧੀ ਦਾ ਵੀ ਯੋਗ ਪਰੰਪਰਾ ਵਿਚ ਉਚਾ ਸਥਾਨ ਹੈ। "ਮਾਇਆ ਭੂਲੇ ਸਿਧ ਫਿਰਹਿ ਸਮਾਧਿ ਲਗੈ ਸਬਾਇ॥" -ਗੁਰੂ ਅਮਰ ਦਾਸ। ਗੁਰੂ ਦੀ ਸੇਵਾ ਹੀ ਸਹਿਜ ਸਮਾਧੀ ਹੈ, "ਗੁਰ ਕੀ ਸੇਵਾ ਮੀਠੀ ਲਾਗੀ॥ ਅਨਦਿਨ ਸੂਖ ਸਹਜ ਸਮਾਧੀ॥"

ਸਮਾਧ, ਸਮਾਧਿ ਜਾਂ ਸਮਾਧੀ ਤੋਂ ਆਮ ਭਾਵ ਹੈ- ਮਨ ਦੀ ਸਥਿਰ, ਟਿਕੀ ਹੋਈ ਜਾਂ ਇਕਾਗਰ ਅਵਸਥਾ: "ਗਾਵਹਿ ਸਿਧ ਸਮਾਧੀ ਅੰਦਰਿ ਗਾਵਨ ਸਾਧ ਵਿਚਾਰੇ॥" -ਗੁਰੂ ਨਾਨਕ ਸਾਹਿਬ। ਗੁਰੂ ਸਾਹਿਬਾਨ ਤਾਂ ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾ ਰੱਬ ਨੂੰ ਵੀ ਸੁੰਨ ਸਮਾਧ ਵਿਚ ਲੀਨ ਚਿਤਵਦੇ ਸਨ, "ਨਾ ਦਿਨਿ ਰੈਨੁ ਨ ਚੰਦ ਨ ਸੂਰਜੁ ਸੁੰਨ ਸਮਾਧਿ ਲਗਾਇ"- ਗੁਰੂ ਨਾਨਕ ਦੇਵ। "ਜਬ ਧਾਰੀ ਆਪਨ ਸੁੰਨ ਸਮਾਧਿ॥" -ਗੁਰੂ ਅਰਜਨ ਦੇਵ। ਆਮ ਲੋਕ ਕਬਰ ਲਈ ਵੀ ਸਮਾਧੀ ਜਾਂ ਸਮਾਧ ਸ਼ਬਦ ਦੀ ਵਰਤੋਂ ਕਰਦੇ ਹਨ।

ਸਮਾਧ ਸ਼ਬਦ 'ਸਮਾਧਾਨਮ' ਸ਼ਬਦ ਤੋਂ ਬਣਿਆ ਹੈ। ਇਸ ਦੀ ਚੀਰ ਫਾੜ ਇਸ ਤਰ੍ਹਾਂ ਕੀਤੀ ਜਾ ਸਕਦੀ ਹੈ: ਸਮ=ਆਧਾਨਮ। 'ਸਮ' ਦਾ ਅਰਥ ਸਮਾਨ ਰੂਪ ਵਿਚ ਅਤੇ 'ਆਧਾਨਮ' ਦਾ ਅਰਥ ਹੈ ਉਪਰ ਰੱਖਣਾ, ਪ੍ਰਾਪਤ ਕਰਨਾ, ਮੰਨਣਾ ਆਦਿ। ਭਾਵ ਜਦ ਸਮਾਨ ਰੂਪ ਵਿਚ ਬਹੁਤ ਸਾਰੀਆਂ ਚੀਜ਼ਾਂ ਸਾਹਮਣੇ ਰੱਖੀਆਂ ਜਾਦੀਆਂ ਹਨ ਤਾਂ ਸਭ ਕੁਝ ਨਿੱਖਰਨ ਲਗਦਾ ਹੈ। ਇਹ ਸਮਾਧਾਨ ਹੈ, ਹੱਲ ਹੈ, ਨਤੀਜਾ ਜਾਂ ਫੈਸਲਾ ਹੈ, ਸ਼ੰਕਾ ਨਿਵਾਰਣ, ਤਸੱਲੀ, ਧੀਰਜ ਹੈ। ਪਰ ਇਹ ਸਾਰੀ ਪ੍ਰਕਿਰਿਆ ਮਨ ਵਿਚ ਚਲਦੀ ਹੋਣ ਕਰਕੇ ਤਪੱਸਿਆ ਜਾਂ ਸਮਾਧੀ ਹੈ। ਸਾਡੇ ਦੇਸ਼ ਵਿਚ ਰਿਸ਼ੀ ਮੁਨੀ ਅਜਿਹੀ ਸਮਾਧੀ ਜਾਂ ਤਪੱਸਿਆ ਕਰਦੇ ਸਨ। ਅਜਿਹੇ ਸਾਧਕਾਂ ਦੀ ਮੌਤ ਨੂੰ ਵੀ ਸਮਾਧੀ ਲੱਗਣਾ ਕਿਹਾ ਜਾਂਦਾ ਸੀ। ਬੁਢਾਪੇ ਵਿਚ ਕਈ ਤਪਸਵੀ ਆਪਣੀ ਮੌਤ ਆਪ ਚੁਣਦੇ ਸਨ। ਉਹ ਅਲਪ ਆਹਾਰ ਕਰਕੇ ਚਿੰਤਨ ਵਿਚ ਲੀਨ ਰਹਿੰਦੇ ਸਨ। ਮੌਤ ਉਪਰੰਤ ਇਨ੍ਹਾਂ ਦੇ ਸਰੀਰ ਨੂੰ ਪਦਮਆਸਣ ਵਿਚ ਹੀ ਜ਼ਮੀਨ ਵਿਚ ਦਫਨਾਇਆ ਜਾਂਦਾ ਸੀ। ਇਸ ਲਈ ਅਜਿਹੀ ਕਬਰ ਨੂੰ ਵੀ ਸਮਾਧ ਜਾਂ ਸਮਾਧੀ ਕਿਹਾ ਜਾਣ ਲੱਗਾ। ਹੁਣ ਤਾਂ ਕਿਸੇ ਮਰੇ ਵਿਅਕਤੀ ਦੀ ਯਾਦ ਵਿਚ ਬਣਾਈ ਮਟੀ ਆਦਿ ਨੂੰ ਸਮਾਧ ਕਿਹਾ ਜਾਣ ਲੱਗਾ ਹੈ। 'ਮਹਾਨ ਕੋਸ਼' ਅਨੁਸਾਰ ਸਮਾਧਿ ਇੱਕ ਸ਼ਬਦਾਲੰਕਾਰ ਵੀ ਹੈ। ਹੋਰ ਕਾਰਨਾਂ ਦੇ ਸਬੰਧ ਨਾਲ ਕਿਸੇ ਕਾਰਜ ਦਾ ਅਚਾਨਕ ਸੁਖਾਲਾ ਹੋ ਜਾਣਾ 'ਸਮਾਧਿ' ਅਲੰਕਾਰ ਦਾ ਰੂਪ ਹੈ। ਉਦਾਹਰਣ-

ਖਿਦਰਾਣੇ ਪਰ ਸਿੰਘਾਂ ਨੇ
ਜਦ ਪਾਯਾ ਹੈ ਘਮਸਾਨ,
ਮਹਾਂ ਸਿੰਘ ਅਰ ਭਾਗ ਕੌਰ
ਸੰਗ ਸਿੰਘ ਪਹੂਚੇ ਆਨ,
ਕਰੀ ਮਾਰ ਸ਼ਤ੍ਰੁਨ ਪਰ
ਐਸੀ ਦੀਨੇ ਪੈਰ ਹਿਲਾਯ,
ਘਾਯਲ ਥਕੇ ਤ੍ਰਿਖਾਤੁਰ
ਵੈਰੀ ਭਾਗੇ ਪੀਠ ਦਿਖਾਯ।

ਸਿੰਘਾਂ ਦਾ ਅਚਾਨਕ ਪਹੁੰਚਣਾ ਅਤੇ ਪਾਣੀ ਦਾ ਨਾ ਮਿਲਣਾ ਵੈਰੀਆਂ ਦੇ ਭੱਜਣ ਵਿਚ ਸਹਾਇਕ ਹੋਏ।

ਅਸੀਂ ਦੇਖਿਆ ਹੈ ਕਿ ਸਮਾਧਾਨਮ ਸ਼ਬਦ ਤੋਂ ਸਮਾਧ ਆਦਿ ਸ਼ਬਦ ਬਣੇ ਹਨ। ਪੰਜਾਬੀ ਸਮਾਜ ਨੂੰ ਆਸ਼ੂਤੋਸ਼ ਦੀ ਸਮਾਧੀ ਦਾ ਵਿਵੇਕਪੂਰਨ ਸਮਾਧਾਨ ਕਰਨਾ ਚਾਹੀਦਾ ਹੈ। ਕੁਝ ਆਧਾਨਮ ਸ਼ਬਦ ਦੀ ਚਰਚਾ ਕਰ ਲਈਏ। ਇਹ ਸ਼ਬਦ ਬਣਿਆ ਹੈ ਆ+ਧਾ+ਨਮ। ਆਖਰੀ ਨਮ ਨੂੰ ਸੰਸਕ੍ਰਿਤ ਵਿਆਕਰਣ ਅਨੁਸਾਰ ਲਯੂਟ ਕਿਹਾ ਜਾਂਦਾ ਹੈ। ਇਹ ਇਕ ਵਧੇਤਰ ਦੀ ਤਰ੍ਹਾਂ ਹੈ ਜੋ ਕਿਸੇ ਕਿਰਿਆ ਦੇ ਪਿਛੇ ਲੱਗ ਕੇ ਉਸ ਨੂੰ ਕਰਮ ਬਣਾ ਦਿੰਦਾ ਹੈ। ਲਯੂਟ ਵਾਲੇ ਵਾਕ ਦੀ ਮਿਸਾਲ ਦੇ ਕੇ ਸਪਸ਼ਟ ਕਰਦੇ ਹਾਂ: ਬਾਲਕ ਗਮਨਮ (ਗਮ+ ਲਯੂਟ) ਕਰਿਸਯਤਿ= ਬਾਲਕ ਜਾਣਾ ਕਰੇਗਾ ਅਰਥਾਤ ਬਾਲਕ ਜਾਏਗਾ। ਬਿਨਾ ਲਯੂਟ ਤੋਂ ਕੁਝ ਇਸ ਤਰ੍ਹਾਂ ਦਾ ਵਾਕ ਹੋਵੇਗਾ: ਬਾਲਕ ਗਮਸ਼ਯਤਿ। 'ਧਾ' ਦਾ ਅਰਥ ਹੁੰਦਾ ਹੈ ਰੱਖਣਾ। 'ਧਾ' ਭਾਰੋਪੀ ਪਸਾਰਾਂ ਵਾਲਾ ਬੇਹੱਦ ਸਮਰਥਾਵਾਨ ਧਾਤੂ ਹੈ। ਇਸ ਤੋਂ ਭਾਰਤੀ ਅਤੇ ਹੋਰ ਅਨੇਕਾਂ ਹਿੰਦ-ਯੂਰਪੀ ਭਾਸ਼ਾਵਾਂ ਦੇ ਬੇਸ਼ੁਮਾਰ ਸ਼ਬਦ ਬਣੇ ਹਨ। ਇਨ੍ਹਾਂ ਦੀ ਚਰਚਾ ਅਸੀਂ ਹੋਰ ਲੇਖਾਂ ਵਿਚ ਕਰਾਂਗੇ।

---

## ਸੰਪਾਦਕ ਦੀ ਡਾਕ

### ਤੂੰਬੀ ਵਾਲੇ ਲੇਖ ਦੀ ਗੂੰਜ

'ਪੰਜਾਬ ਟਾਈਮਜ਼' ਵਿਚ ਤੂੰਬੀ ਬਾਰੇ ਮੇਰੇ ਲੇਖ 'ਤੂੰਬੀ, ਸੁਰ ਤੇ ਸੰਗੀਤ' ਤੋਂ ਖਿਝ ਕੇ ਨਿੰਦਰ ਘੁਗਿਆਣਵੀ ਨੇ ਕਿਸੇ ਹੋਰ ਅਖਬਾਰ ਵਿਚ ਬੜੀਆਂ ਬੇਥਵੀਆਂ ਮਾਰੀਆਂ ਹਨ। ਇਸ ਬੰਦੇ ਬਾਰੇ ਸੁਣਿਆ ਸੀ ਕਿ ਜਿਹੜੇ ਘਰੋਂ ਇਹਦਾ ਘਰ ਪੂਰਾ ਹੋ ਜਾਵੇ, ਉਨ੍ਹਾਂ ਨੂੰ ਖੁਸ਼ ਕਰਨ ਲਈ ਇਹ ਦੋ-ਚਾਰ ਸਤਰਾਂ ਅਖ਼ਬਾਰ ਵਿਚ ਲਿਖ ਦਿੰਦਾ ਏ। ਇਹ ਵੀ ਸੁਣਿਆ ਸੀ ਕਿ ਘਰ ਪੂਰਾ ਹੋਣ ਦੀ ਝਾਕ ਵਿਚ ਵੀ ਇਹ ਕਿਸੇ ਬਾਰੇ ਲਿਖ ਲੈਂਦਾ ਏ। ਇਹਦੀਆਂ ਢੇਰ ਸਾਰੀਆਂ ਕਿਤਾਬਾਂ ਲਿਖੀਆਂ ਹੋਈਆਂ ਨੇ। ਦੋ ਕਿਤਾਬਾਂ 'ਸੱਜਣ ਮੇਰੇ ਰਾਂਗਲੇ' ਤੇ 'ਸ਼ਿਵ ਕੁਮਾਰ' ਬਾਰੇ ਕਿਤਾਬਾਂ ਵਿਚ ਇਹਨੇ ਆਪਣੇ ਹੱਥੀਂ ਧੰਨਵਾਦ ਕੀਤਾ ਹੋਇਆ ਏ ਅਤੇ ਮੇਰੇ ਨਿਮਾਣੇ ਜਿਹੇ ਅੱਖਰ ਵੀ ਛਾਪੇ ਹੋਏ ਨੇ। ਇੰਨਾ ਕੁਝ ਜਾਣ ਕੇ ਵੀ ਹੁਣ ਇਹ ਮੇਰਾ ਨਾਂ ਵੀ ਭੁੱਲ ਗਿਆ ਏ। ਲਿਖਦਾ ਹੈ- "ਕੈਲੀਫੋਰਨੀਆ ਵਿਚ ਇਕ ਬੰਦਾ ਰਹਿੰਦੈ (ਕੁਲਦੀਪ ਤੱਖਰ) ਨਾਂ ਲਿਖਣ ਦੀ ਲੋੜ ਨਹੀਂ, ਮੁਫ਼ਤ ਦੀ ਮਸ਼ਹੂਰੀ ਖੱਟੂਗਾ"... ਉਏ ਭਲਿਆ ਲੋਕਾ! ਜੇ ਮੈਨੂੰ ਮਸ਼ਹੂਰੀ ਖੱਟਣ ਦੀ ਲੋੜ ਹੁੰਦੀ, ਤਾਂ ਹੁਣ ਨੂੰ ਤੇਰੇ ਜਿੰਨੀਆਂ ਕਿਤਾਬਾਂ ਲਿਖੀਆਂ ਹੁੰਦੀਆਂ। ਅੱਗੇ ਲਿਖਦਾ ਹੈ- "ਲੋਕਾਂ ਨੇ ਭਰ-ਭਰ ਗਾਲ੍ਹਾਂ ਦੇ ਟੋਕਰੇ ਉਸ ਨੂੰ ਦਿੱਤੇ ਟੈਲੀਫ਼ੋਨ 'ਤੇ।"

ਦੱਸ ਦਿਆਂ ਕਿ ਅਮਰੀਕਾ ਦੀ ਕੋਈ ਸਟੇਟ ਨਹੀਂ, ਜਿਥੋਂ ਮੈਨੂੰ ਟੈਲੀਫੋਨ ਨਹੀਂ ਆਏ। ਲੋਕਾਂ ਨੇ ਉਸ ਲੇਖ ਨੂੰ ਦਿਲੋਂ ਸਲਾਹਿਆ ਏ। ਸਭ ਤੋਂ ਪਹਿਲਾ ਫੋਨ ਮੈਨੂੰ ਅਸ਼ੋਕ ਭੌਰੇ ਦਾ ਆਇਆ। ਉਸ ਨੇ ਲੇਖ ਨੂੰ ਸਲਾਹਿਆ ਵੀ ਬਹੁਤ, ਤੇ ਹੋਰ ਲਿਖਣ ਨੂੰ ਵੀ ਆਖਿਆ। ਕਿਸੇ ਵੀ ਸੱਜਣ ਨੇ ਕੋਈ ਮਾੜਾ ਸ਼ਬਦ ਨਹੀਂ ਆਖਿਆ। ਹਾਂ, ਇਕ-ਦੋ ਸੱਜਣਾਂ ਦੇ ਖਤ 'ਸੰਪਾਦਕ ਦੀ ਡਾਕ' ਵਿਚ ਜ਼ਰੂਰ ਛਪੇ ਹਨ। ਇਕ ਹੈ ਗੁਰਿੰਦਰਜੀਤ ਨੀਟਾ ਮਾਛੀਕੇ ਜੋ ਯਮਲਾ ਜੱਟ ਫਾਊਂਡੇਸ਼ਨ, ਫ਼ਰਿਜ਼ਨੋ ਦਾ ਸਕੱਤਰ ਹੈ। ਉਹ ਲਿਖਦਾ ਹੈ- 'ਤੂੰਬੀ, ਸੁਰ ਤੇ ਸੰਗੀਤ' ਪੜ੍ਹਿਆ, ਮਨ ਨੂੰ ਕਾਫ਼ੀ ਠੇਸ ਪਹੁੰਚੀ। ਬਹੁਤ ਸਾਰੇ ਵੀਰਾਂ ਦੇ ਇਸ ਲੇਖ ਸਬੰਧੀ ਫੋਨ ਵੀ ਆਏ ਕਿ ਇਹਦਾ ਜਵਾਬ ਜ਼ਰੂਰ ਦਿਓ। ਸੋ, ਇਥੋਂ ਪਤਾ ਲਗਦਾ ਹੈ ਕਿ ਲੋਕਾਂ ਦੇ ਆਖਣ 'ਤੇ ਨੀਟਾ ਮਾਛੀਕੇ ਨੂੰ ਇਹ ਜਵਾਬ ਦੇਣਾ ਪਿਆ। ਦੂਜਾ ਖਤ ਦਲਵਿੰਦਰ ਸਿੰਘ ਬੇਕਰਜ਼ਫੀਲਡ ਦਾ ਹੈ ਜਿਸ ਦੇ ਮਨ ਨੂੰ ਵੀ ਠੇਸ ਲੱਗੀ ਹੈ ਪਰ ਹੁਣ ਠੇਸ ਦਾ ਕੀ ਇਲਾਜ ਕੀਤਾ ਜਾਵੇ?

ਅੱਗੇ ਨਿੰਦਰ ਲਿਖਦਾ ਹੈ- "ਤੂੰਬੀ ਸਾਧਾਂ, ਪੀਰਾਂ ਤੇ ਮੰਗਤਿਆਂ ਦਾ ਸਾਜ਼ ਸੀ ਜੋ ਯਮਲਾ ਜੀ ਨੇ ਲੋਕਾਂ ਵਿਚ ਲਿਆਂਦਾ ਤੇ ਇਸ ਦਾ ਮਾਣ ਵਧਾਇਆ।" ਨਿੰਦਰ ਇੱਥੇ ਫਿਰ ਜਾਂ ਤਾਂ ਟਪਲਾ ਖਾ ਗਿਆ ਹੈ, ਜਾਂ ਉਸ ਨੂੰ ਕਿੰਗ ਤੇ ਤੂੰਬੀ ਦੇ ਫਰਕ ਦਾ ਨਹੀਂ ਪਤਾ। ਫ਼ਕੀਰ ਲੋਕ ਪਿੰਡਾਂ ਵਿਚ ਕਿੰਗ ਨਾਲ ਮੰਗਦੇ ਹੁੰਦੇ ਸਨ। ਕਿੰਗ ਦਾ ਕੱਦੂ ਬਹੁਤ ਵੱਡਾ ਹੁੰਦਾ ਸੀ ਤੇ ਕਿੰਗ ਬੜੀ ਹੌਲੀ-ਹੌਲੀ ਵਜਾਈ ਜਾਂਦੀ ਸੀ। ਇਸ ਨਾਲ ਬੜਾ ਹੌਲੀ-ਹੌਲੀ ਮਿੱਠੀ ਸੁਰ ਵਿਚ ਗਾਇਆ ਜਾਂਦਾ ਸੀ। ਕਿੰਗ ਤੂੰਬੀ ਵਾਂਗ ਕੁਤਰਾ ਨਹੀਂ ਸੀ ਕਰਦੀ। ਕਿੰਗ ਨੂੰ ਤੁਸਾਂ ਕਦੇ ਕੋਈ ਤੂੰਬੀ ਆਖਦਿਆਂ ਸੁਣਿਆ ਏ? ਇਸ ਲਈ ਨਿੰਦਰ ਸੰਗੀਤ ਬਾਰੇ ਲਿਖਣ ਤੋਂ ਪਹਿਲਾਂ ਸੰਗੀਤ ਬਾਰੇ ਕੁਝ ਸਿੱਖਣ ਦੀ ਕੋਸ਼ਿਸ਼ ਕਰੇ ਤਾਂ ਚੰਗਾ ਹੈ, ਤੇ ਸੰਗੀਤ ਬਾਰੇ ਲਿਖਣ ਤੋਂ ਪਹਿਲਾਂ ਤੂੰਬੀ ਨੂੰ ਅਲਵਿਦਾ ਕਹਿਣੀ ਪੈਣੀ ਏ।

*-ਕੁਲਦੀਪ ਤੱਖਰ*

---

### ਬਿੱਲੀਏ ਆਈਂ...

ਸ. ਤਰਲੋਚਨ ਸਿੰਘ ਦੁਪਾਲਪੁਰ ਦੇ ਪ੍ਰਕਾਸ਼ਿਤ ਹੋਏ ਲੇਖ ਦੇ ਸਿਰਲੇਖ 'ਬਿੱਲੀਏ ਆਈਂ...ਬਚਾਈਂ ਬਚਾਈਂ...' ਅਤੇ ਉਸ ਵਿਚ ਛਪੀ ਸ਼ੇਰ ਤੇ ਬਿੱਲੀ ਦੀ ਫੋਟੋ ਵੇਖ ਕੇ ਪਹਿਲਾਂ ਤਾਂ ਮੈਂ ਇਹ ਲੇਖ ਪੜ੍ਹਨੋ ਛੱਡ ਦਿੱਤਾ ਕਿ ਸ਼ਾਇਦ ਦੁਪਾਲਪੁਰ ਸਾਹਿਬ ਨੇ ਕੋਈ ਸ਼ੇਰ-ਬਿੱਲੀ ਦੀ ਵਾਰਤਾ ਪਾਈ ਹੈ। ਇਹ ਲੇਖ ਮੈਂ ਕਰੀਬ ਕਰੀਬ ਸਾਰਾ ਅਖਬਾਰ ਪੜ੍ਹਨ ਤੋਂ ਬਾਅਦ ਪੜ੍ਹਿਆ।

ਦੁਪਾਲਪੁਰ ਸਾਹਿਬ ਨੇ ਜਿਸ ਬੇਬਾਕੀ ਨਾਲ ਲਿਖਿਆ ਤੇ ਤੁਸਾਂ ਜਿਸ ਦਲੇਰੀ ਨਾਲ ਛਾਪਿਆ, ਦਾਦ ਦੇਣੀ ਬਣਦੀ ਹੈ। ਜਿਸ ਢੰਗ ਨਾਲ ਸ. ਦੁਪਾਲਪੁਰ ਨੇ ਪੰਜਾਬ ਦੇ ਘਾਗ ਤੇ ਬਜ਼ੁਰਗ ਸਿਆਸਦਾਨ ਸ. ਪ੍ਰਕਾਸ਼ ਸਿੰਘ ਬਾਦਲ ਦੀ ਵਾਰਤਾ ਅਤੇ ਬੁੱਢੇ ਸ਼ੇਰ ਦੀ ਕਹਾਣੀ ਜੋੜੀ ਹੈ, ਬਾਕਮਾਲ ਹੈ। ਪੰਜਾਬ 'ਚ ਸੱਚ ਮੁਚ ਜੰਗਲ ਰਾਜ ਹੀ ਤਾਂ ਹੈ। ਪੰਜਾਬ ਦੇ ਜੋ ਮੌਜੂਦਾ ਹਾਲਾਤ ਹਨ, ਸਭ ਭਲੀ-ਭਾਂਤ ਜਾਣਦੇ ਹਨ। ਕਰੀਬ ਕਰੀਬ ਸਭ ਸਿਆਸਤਦਾਨ ਪੰਜਾਬ ਨੂੰ ਲੁੱਟਣ 'ਤੇ ਤੁਲੇ ਹੋਏ ਹਨ। ਨਿਜ ਸਵਾਰਥਾਂ ਨੇ ਚਿੱਟਕਪੜੀਆਂ ਨੂੰ 'ਭਿੱਜੀ ਬਿੱਲੀ' ਬਣਾ ਦਿੱਤਾ ਹੈ। ਹੁਣ ਤਾਂ ਆਮ ਲੋਕਾਂ ਨੂੰ ਹੀ, ਦੁਪਾਲਪੁਰ ਸਾਹਿਬ ਦੀ ਦੱਸੀ ਕਹਾਣੀ ਵਾਂਗ, ਬਿੱਲੀ ਬਣ ਕੇ ਨਿਤਰਨਾ ਪਊ, ਤਾਂ ਕਿਤੇ ਜਾ ਕੇ ਪੰਜਾਬ ਦੇ ਸੁਧਾਰ ਦੀ ਆਸ ਬੱਝਣੀ ਹੈ। ਨਹੀਂ ਤਾਂ ਰੱਬ ਹੀ ਰਾਖਾ!

*-ਨਿਰੰਜਣ ਸਿੰਘ ਨਿਰਮਾਣ*
*ਬਫਲੋ, ਨਿਊ ਯਾਰਕ।*

---

### ਇਕ ਬੇਨਾਮ ਚਿੱਠੀ

ਬਜ਼ੁਰਗ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਬਾਦਲ ਜੀ, ਮੈਂ ਵੀ ਅਕਾਲੀ ਹਾਂ; ਬੇਨਤੀ ਹੈ ਕਿ ਗੁਰੂਆਂ ਪੀਰਾਂ ਦੀ ਧਰਤੀ ਦੀ ਇਜ਼ਤ ਦੀ ਖਾਤਰ ਕੋਈ ਸਖ਼ਤ ਕਾਨੂੰਨ ਬਣਾਓ ਕਿ ਕੋਈ ਵੀ ਪੰਜਾਬੀ ਗੀਤ ਲਿਖਣ ਵਾਲਾ ਹੋਵੇ ਜਾਂ ਗਾਉਣ ਵਾਲਾ, ਪੰਜਾਬੀ ਜ਼ੁਬਾਨ ਦੇ ਸਿਰ ਤੋਂ ਚੁੰਨੀ ਨਾ ਲਾਹਵੇ। ਸਾਡੇ ਵੀਰ ਗਾਉਣ ਵਾਲੇ ਆਪ ਤਾਂ ਗੁਰੂ ਸਾਹਿਬ ਦੀ ਬਖਸ਼ੀ ਦਸਤਾਰ ਸਜਾਉਂਦੇ ਹਨ ਪਰ ਨੱਚਣ ਵਾਲੀਆਂ ਕੁੜੀਆਂ ਦੇ ਸਰੀਰ ਅਧਨੰਗੇ ਹੁੰਦੇ ਹਨ। ਕੋਈ ਵੀ ਬੰਦਾ ਆਪਣੀ ਧੀ ਭੈਣ ਦੇ ਸਾਹਮਣੇ ਟੀ.ਵੀ. ਨਹੀਂ ਦੇਖ ਸਕਦਾ। ਮੇਰੇ ਪੰਜਾਬੀ ਵੀਰੋ! ਹੱਥ ਜੋੜਦੇ ਹਾਂ... ਪੰਜਾਬੀ ਵਿਰਸੇ ਤੇ ਜ਼ੁਬਾਨ ਦਾ ਹੋਰ ਨਿਰਾਦਰ ਨਾ ਕਰੋ। ਇਹ ਸਾਡੀ ਇਜ਼ਤ ਹੈ, ਇਸ ਨੂੰ ਪੈਰਾਂ ਵਿਚ ਨਾ ਰੋਲੋ। ਜਿਹੜੀਆਂ ਬੱਚੀਆਂ ਅੱਧੇ ਕੱਪੜੇ ਪਾ ਕੇ ਇਨ੍ਹਾਂ ਸਿੰਗਰਾਂ ਨਾਲ ਨੱਚਦੀਆਂ ਹਨ, ਉਨ੍ਹਾਂ ਦੇ ਮਾਪਿਆਂ ਨੂੰ ਵੀ ਬੇਨਤੀ ਹੈ ਕਿ ਆਪਣੀਆਂ ਧੀਆਂ ਨੂੰ ਕਹੋ, ਪੰਜਾਬੀ ਸੂਟ ਪਾ ਕੇ ਨੱਚਣ। ਚੰਦ ਪੈਸਿਆਂ ਖ਼ਾਤਰ ਆਪਣੇ ਆਪ ਅਤੇ ਸੋਹਣੇ ਪੰਜਾਬ ਦੀ ਪੱਗ ਪੈਰਾਂ ਵਿਚ ਨਾ ਰੋਲੀਏ। ਟੀ.ਵੀ. ਚੈਨਲਾਂ- ਜਸ ਪੰਜਾਬੀ, ਈ.ਟੀ.ਸੀ ਪੰਜਾਬੀ, ਪੀ.ਟੀ.ਸੀ. ਪੰਜਾਬੀ, ਜੀ ਪੰਜਾਬ ਵਾਲੇ ਵੀਰਾਂ ਨੂੰ ਵੀ ਬੇਨਤੀ ਹੈ ਕਿ ਚੈਨਲਾਂ 'ਤੇ ਉਹ ਗੀਤ ਹੀ ਲਾਉਣ ਜਿਹਦੇ ਵਿਚ ਧੀਆਂ ਨੇ ਪੰਜਾਬੀ ਸੂਟ ਪਾ ਕੇ ਸਰੀਰ ਪੂਰਾ ਕੱਜਿਆ ਹੋਵੇ।

*-ਇਕ ਦੁਖੀ ਪੰਜਾਬੀ।*

---

### ਪੈਸਾ ਤੇ ਇਖਲਾਕ

'ਪੰਜਾਬ ਟਾਈਮਜ਼' ਦੇ 20 ਸਤੰਬਰ ਵਾਲੇ ਅੰਕ ਵਿਚ ਕਾਨਾ ਸਿੰਘ ਦਾ ਲਿਖਿਆ ਲੇਖ 'ਵੱਡਿਆਂ ਦਾ ਲਾਂਘਾ' ਪੜ੍ਹਿਆ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੈਸੇ ਨੂੰ ਬੜੀ ਸਿਆਣਪ ਨਾਲ ਖਰਚਣਾ ਚਾਹੀਦਾ ਹੈ। ਸਿਆਣਿਆਂ ਦਾ ਕਹਿਣਾ ਹੈ ਕਿ ਚਾਦਰ ਦੇਖ ਕੇ ਪੈਰ ਪਸਾਰਨੇ ਚਾਹੀਦੇ ਹਨ, ਪਰ ਕਾਨਾ ਸਿੰਘ ਨੇ ਜਿਹੜੀ ਇਖਲਾਕ ਦੀ ਪੈਸੇ ਨਾਲ ਤੁਲਨਾ ਕੀਤੀ ਹੈ, ਇਸ ਨਾਲ ਸਹਿਮਤੀ ਨਹੀਂ ਹੋ ਸਕਦੀ। ਸਾਡੇ ਗੁਰੂ ਸਾਹਿਬਾਨ ਨੇ ਪੈਸੇ ਨੂੰ ਨਾਗਣੀ ਕਿਹਾ ਹੈ। ਪੈਸਾ ਮਨੁੱਖ ਦੀ ਮੱਤ ਮਾਰ ਦਿੰਦਾ ਹੈ ਜਿਵੇਂ ਗੁਰੂ ਜੀ ਫਰਮਾਉਂਦੇ ਹਨ ਕਿ ਮਾਇਆਧਾਰੀ ਤਾਂ ਅੰਨ੍ਹਾ-ਬੋਲਾ ਹੋ ਜਾਂਦਾ ਹੈ। ਇਖਲਾਕ ਦਾ ਪੈਸੇ ਨਾਲ ਕੋਈ ਸਬੰਧ ਹੀ ਨਹੀਂ। ਇਖਲਾਕ ਤਾਂ ਸਭ ਤੋਂ ਉਤਮ ਵਸਤੂ ਹੈ। ਗੁਰੂ ਨਾਨਕ ਫਰਮਾਉਂਦੇ ਹਨ- ਸਚ ਕਉਰੈ ਸਭੁ ਕੋ ਸਚੁ ਉਪਰ ਆਚਾਰਿ॥ ਇਸ ਲਈ ਇਸ ਬਾਰੇ ਸਹਿਮਤੀ ਨਹੀਂ ਕਿ 'ਜਿਹੜਾ ਪੈਸੇ ਨੀ ਕਦਰ ਨਹੀਂ ਕਰਨਾ, ਉਸਨਾ ਨਾ ਤੇ ਕੋਈ ਅਸੂਲ ਹੋਨਾ ਵੈ ਤੈ ਨਾ ਹੀ ਇਖਲਾਕ।' ਗੁਰੂ ਨਾਨਕ ਨੇ ਸਾਰੀ ਉਮਰ ਪੈਸੇ ਦੀ ਪ੍ਰਵਾਹ ਨਹੀਂ ਕੀਤੀ। ਗੁਰੂ ਜੀ ਨੂੰ ਪਿਤਾ ਜੀ ਨੇ ਕੋਈ ਵਪਾਰ ਕਰਨ ਲਈ 20 ਰੁਪਏ ਦਿੱਤੇ ਸੀ, ਉਹ ਵੀ ਉਨ੍ਹਾਂ ਭੁੱਖੇ ਸਾਧੂਆਂ ਨੂੰ ਖੁਆ ਦਿੱਤੇ ਤੇ ਇਸ ਦੇ ਬਦਲੇ ਪਿਤਾ ਜੀ ਕੋਲੋਂ ਚਪੇੜਾਂ ਖਾਣੀਆਂ ਪਈਆਂ। ਇਹ ਸਾਖੀ ਸਾਰੇ ਹੀ ਜਾਣਦੇ ਹਨ। ਇਸ ਲਈ ਪਰਮਾਤਮਾ ਦਾ ਪਦਾਰਥ ਨਾਲ, ਸੰਸਾਰ ਦਾ ਨਿਰੰਕਾਰ ਨਾਲ ਕੋਈ ਸਬੰਧ ਨਹੀਂ। ਗੁਰੂ ਨਾਨਕ ਨੇ ਪੈਸੇ ਦੀ ਪ੍ਰਵਾਹ ਨਹੀਂ ਕੀਤੀ, ਤਾਂ ਕੀ ਗੁਰੂ ਜੀ ਦੇ ਅਸੂਲ ਨਹੀਂ ਸਨ, ਤੇ ਕੀ ਉਨ੍ਹਾਂ ਦਾ ਇਖਲਾਕ ਨਹੀਂ ਸੀ?

*-ਮਾਸਟਰ ਨਿਰਮਲ ਸਿੰਘ ਲਾਲੀ*

# ਢਾਹਾਂ ਸਨਮਾਨ ਪੰਜਾਬੀ ਗਲਪ ਲਈ ਇਤਿਹਾਸਕ ਦੇਣ


ਕੈਨੇਡਾ ਇੰਡੀਆ ਐਜੂਕੇਸ਼ਨ ਸੁਸਾਇਟੀ ਵੱਲੋਂ ਪੰਜਾਬੀ ਦੀ ਸਰਵੋਤਮ ਗਲਪ ਰਚਨਾ ਨੂੰ ਲਗਭਗ ਪੰਦਰਾਂ ਲੱਖ ਰੁਪਏ ਦਾ ਮੁੱਖ ਇਨਾਮ ਅਤੇ ਦੋ (ਇਕ ਗੁਰਮੁਖੀ ਅਤੇ ਇਕ ਸ਼ਾਹਮੁਖੀ) ਦੀ ਵਧੀਆ ਕਿਤਾਬ ਲਈ ਤਿੰਨ-ਤਿੰਨ ਲੱਖ ਦੇ ਢਾਹਾਂ ਕੌਮਾਂਤਰੀ ਪੰਜਾਬੀ ਸਾਹਿਤ ਇਨਾਮਾਂ ਦੀ ਸਥਾਪਨਾ ਪੰਜਾਬੀ ਸਾਹਿਤ, ਖਾਸ ਕਰ ਕੇ ਪੰਜਾਬੀ ਗਲਪ ਲਈ ਇਤਿਹਾਸਕ ਘਟਨਾ ਹੈ। ਇਸ ਤੋਂ ਵਧੇਰੇ ਅਹਿਮ ਗੱਲ ਇਹ ਹੈ ਕਿ ਇਹ ਸਨਮਾਨ ਪੰਜਾਬੀ ਭਾਈਚਾਰੇ ਦੀ ਸਾਹਿਤ

**ਗੁਰਪਾਲ ਸਿੰਘ ਸੰਧੂ**

ਸਿਰਜਣਾ ਅਤੇ ਸਾਹਿਤਕਾਰਾਂ ਨੂੰ ਮਾਣ ਦੇਣ ਦੀ ਚੇਤਨਾ ਤੇ ਪ੍ਰਤੀਬੱਧਤਾ ਨੂੰ ਉਜਾਗਰ ਕਰਦਾ ਹੈ। ਪਰਵਾਸੀ ਪੰਜਾਬੀ ਭਾਈਚਾਰੇ ਦੀ ਆਪਣੀਆਂ ਜੜ੍ਹਾਂ, ਪਛਾਣ ਅਤੇ ਭਾਸ਼ਾ ਤੇ ਸਭਿਆਚਾਰ ਨਾਲ ਜੁੜਨ ਤੇ ਜੁੜੇ ਰਹਿਣ ਦੀ ਅਭਿਲਾਸ਼ਾ ਵੀ ਇਸ ਸਨਮਾਨ ਵਿਚੋਂ ਪ੍ਰਗਟ ਹੁੰਦੀ ਵੇਖੀ ਜਾ ਸਕਦੀ ਹੈ। ਇਸੇ ਸਾਲ ਤੋਂ ਸ਼ੁਰੂ ਹੋਏ ਇਸ ਸਨਮਾਨ ਨੂੰ ਸਭ ਤੋਂ ਪਹਿਲਾਂ ਹਾਸਲ ਕਰਨ ਵਾਲੇ ਖੁਸ਼ਨਸੀਬ ਨਾਵਲਕਾਰ ਅਵਤਾਰ ਸਿੰਘ ਬਿਲਿੰਗ, ਕਹਾਣੀਕਾਰ ਜਸਬੀਰ ਭੁੱਲਰ ਤੇ ਐਲਾਨ ਤੋਂ ਪਹਿਲਾਂ ਸ਼ਾਇਦ ਕਿਸੇ ਦੇ ਵੀ ਮਨ ਵਿਚ ਇਹ ਪੁਸਤਕਾਂ ਅਤੇ ਲੇਖਕ ਨਹੀਂ ਸਨ। ਪੰਜਾਬੀ ਵਿਚ ਮਿਲਣ ਵਾਲੇ ਇਨਾਮਾਂ ਅਤੇ ਸਨਮਾਨਾਂ ਦਾ ਆਪਣਾ ਹੀ 'ਤਰੀਕਾਕਾਰ' ਹੈ ਅਤੇ ਵੱਖਰੀ ਕਿਸਮ ਦੇ ਮਿਹਨਤਕਸ਼ ਸਾਹਿਤਕਾਰ ਇਸ 'ਤਰੀਕੇਕਾਰ' ਅਨੁਸਾਰ ਹੀ ਆਪਣੀ 'ਕਿਸਮਤ-ਅਜ਼ਮਾਈ' ਅਤੇ 'ਜ਼ੋਰ-ਅਜ਼ਮਾਈ' ਕਰਦੇ ਹਨ, ਪਰ ਇਹ ਇਨਾਮ ਪ੍ਰਾਪਤ ਕਰਨ ਵਾਲਾ ਨਾਵਲਕਾਰ ਬਿਲਿੰਗ ਭਾਵੇਂ ਆਪਣੇ ਪਹਿਲੇ ਨਾਵਲ 'ਨਰੰਜਣ ਮਸ਼ਾਲਚੀ' ਤੋਂ ਲੈ ਕੇ ਅੱਜ ਤੱਕ ਸੰਜੀਦਾ ਪਾਠਕਾਂ ਦਾ ਧਿਆਨ ਖਿੱਚਦਾ ਰਿਹਾ ਹੈ, ਪਰ ਇਹ 'ਇਨਾਮੀ ਸਨਮਾਨੀ' ਸ਼ਖਸੀਅਤ ਵਾਲੇ ਗੁਣ ਨਹੀਂ ਸੀ ਰੱਖਦਾ। ਉਸ ਦੇ ਨਾਵਲ 'ਵਿਰਤੇ ਸੁਖ ਖੇਤੇ ਸੁਖ' ਅਤੇ 'ਇਹਨਾਂ ਰਾਹਾਂ 'ਤੇ' ਢਾਹੇ ਦੇ ਇਲਾਕੇ ਦੇ ਯਥਾਰਥ ਦੇ ਚਿਤਰਨ ਦੇ ਹਵਾਲੇ ਨਾਲ ਸਮੁੱਚੇ ਪੰਜਾਬੀ ਭਾਈਚਾਰੇ ਵਿਚ ਬਦਲ ਰਹੇ ਜੀਵਨ ਮੁੱਲਾਂ ਅਤੇ ਵਿਗਠਤ ਹੋ ਰਹੀ ਭਾਈਚਾਰਕ ਸੰਵੇਦਨਾ ਦੀ ਬਾਰੀਕਬੀਨੀ ਨਾਲ ਪੇਸ਼ਕਾਰੀ ਕਰਦੇ ਹੋਏ, ਪ੍ਰਭਾਵਸ਼ਾਲੀ ਅਰਥਗਤ ਤਬਦੀਲੀਆਂ ਵੱਲ ਸੰਕੇਤ ਕਰਦੇ ਹਨ। ਉਸ ਦਾ ਨਵਾਂ ਨਾਵਲ 'ਖਾਲੀ ਖੂਹਾਂ ਦੀ ਕਥਾ' ਦੀ ਵਿਲੱਖਣਤਾ ਵੀ ਇਹ ਹੈ ਕਿ ਇਹ ਪੰਜਾਬ ਦੇ



ਜਸਬੀਰ ਭੁੱਲਰ



ਜ਼ੁਬੈਰ ਅਹਿਮਦ

ਜ਼ੁਬੈਰ ਅਹਿਮਦ ਹਨ ਜਿਨ੍ਹਾਂ ਦੀਆਂ ਪੁਸਤਕਾਂ ਕ੍ਰਮਵਾਰ 'ਖਾਲੀ ਖੂਹਾਂ ਦੀ ਕਥਾ' (ਅਵਤਾਰ ਸਿੰਘ ਬਿਲਿੰਗ) ਨੂੰ ਪਹਿਲਾ ਇਨਾਮ ਅਤੇ 'ਇਕ ਰਾਤ ਦਾ ਸਮੁੰਦਰ' (ਜਸਬੀਰ ਭੁੱਲਰ) ਤੇ 'ਕਬੂਤਰ, ਬਨੇਰੇ ਤੇ ਗਲੀਆਂ' (ਜ਼ੁਬੈਰ ਅਹਿਮਦ) ਨੂੰ ਗੁਰਮੁਖੀ ਤੇ ਸ਼ਾਹਮੁਖੀ ਦਾ ਦੂਜਾ ਇਨਾਮ ਮਿਲਿਆ ਹੈ। ਦਿਲਚਸਪ ਗੱਲ ਤਾਂ ਇਹ ਹੈ ਕਿ ਇਹ ਤਿੰਨੇ ਕਿਤਾਬਾਂ ਹੀ ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ ਵਲੋਂ ਪ੍ਰਕਾਸ਼ਿਤ ਹਨ।

ਇਹ ਇਨਾਮ ਤਿੰਨ ਗੱਲਾਂ ਕਰ ਕੇ ਵੱਖਰਾ ਹੈ; ਪਹਿਲੀ ਇਸ ਦੀ ਰਾਸ਼ੀ ਕਰ ਕੇ, ਦੂਜੀ ਲੇਖਕ ਦੀ ਥਾਂ ਕਿਤਾਬ ਕੇਂਦਰਿਤ ਹੋਣ ਕਰ ਕੇ ਅਤੇ ਤੀਜਾ ਇਸ ਲਈ ਕਿ ਇਹ ਇਕੋ ਇਕ ਅਜਿਹਾ ਇਨਾਮ ਹੈ ਜਿਸ ਵਿਚ ਪੂਰੇ ਪੰਜਾਬੀ ਲੇਖਕ ਭਾਵ ਭਾਰਤੀ ਪੰਜਾਬ, ਪਾਕਿਸਤਾਨੀ ਪੰਜਾਬ ਅਤੇ ਪਰਵਾਸੀ ਪੰਜਾਬੀ ਇਕੋ ਮੰਚ ਉਤੇ ਇਕੱਠੇ ਹੁੰਦੇ ਹਨ। ਰਾਸ਼ੀ ਦੇ ਲਿਹਾਜ਼ ਨਾਲ ਇਹ ਇਨਾਮ ਭਾਰਤੀ ਗਿਆਨ ਪੀਠ (11 ਲੱਖ) ਅਤੇ ਪੰਜਾਬ ਸਰਕਾਰ ਦਾ ਸਰਵੋਤਮ ਸਾਹਿਤਕਾਰ (5 ਲੱਖ) ਤੋਂ ਵਧੇਰੇ ਹੈ। ਸਾਹਿਤ ਅਕਾਦਮੀ ਦਾ ਪੁਰਸਕਾਰ ਵੀ ਹਾਲਾਂਕਿ ਪੁਸਤਕ ਨੂੰ ਹੀ ਮਿਲਦਾ ਹੈ, ਪਰ ਉਥੇ ਅਮੂਮਨ ਪੁਸਤਕ ਪਿਛੋਂ ਅਤੇ ਸਾਹਿਤਕਾਰ ਪਹਿਲਾਂ ਵਿਚਾਰਿਆ ਜਾਂਦਾ ਰਿਹਾ ਹੈ। ਗਿਆਨ ਪੀਠ ਅਤੇ ਸਰਵੋਤਮ ਸਾਹਿਤਕਾਰ ਦਾ ਸਨਮਾਨ ਤਾਂ ਹੈ ਹੀ ਸਾਹਿਤਕਾਰ ਕੇਂਦਰਿਤ। ਇਸ ਤਰ੍ਹਾਂ ਇਸ ਇਨਾਮ ਨਾਲ ਚੋਣ ਕਰਤਾ ਅਤੇ ਇਨਾਮ ਦੇਣ ਵਾਲਿਆਂ ਲਈ ਪੁਸਤਕ ਰਚਨਾ ਨੂੰ ਅਹਿਮੀਅਤ ਦੇਣਾ ਹੈ, ਲੇਖਕ ਦੇ ਆਪਣੇ ਬਿੰਬ ਨੂੰ ਨਹੀਂ। ਸਾਰੇ ਪੰਜਾਬੀਆਂ ਲਈ ਸਾਂਝਾ ਮੰਚ ਮੁਹੱਈਆ ਕਰਨਾ ਵੀ ਇਸ ਸਨਮਾਨ ਦੀ ਨਿਵੇਕਲੀ ਵਿਸ਼ੇਸ਼ਤਾ ਹੈ। ਪੱਛਮੀ ਪੰਜਾਬ ਦੇ ਗਲਪ ਲੇਖਕਾਂ ਲਈ ਇਹ ਇਨਾਮ ਨਵੀਂ ਪ੍ਰੇਰਨਾ ਪੈਦਾ ਕਰੇਗਾ ਅਤੇ ਉਹ ਹੋਰ ਚੰਗੀਆਂ ਗਲਪ ਰਚਨਾਵਾਂ ਦੀ ਰਚਨਾ ਕਰਨਗੇ।

ਸੁਸਾਇਟੀ ਦੇ ਪਹਿਲੇ ਇਨਾਮਾਂ ਦੇ ਇਸ ਖਿੱਤੇ ਦੀ ਵਿਸ਼ਾਲ ਤਸਵੀਰ ਨੂੰ ਨਿੱਕੇ-ਨਿੱਕੇ ਵੇਰਵਿਆਂ ਰਾਹੀਂ ਵਿਉਂਤਬੱਧ ਕਰ ਕੇ, ਪੰਜਾਬੀ ਸਭਿਆਚਾਰਕ ਸੰਵੇਦਨਾ ਦੇ ਬਦਲਦੇ ਅਰਥਗਤ ਘੇਰਿਆਂ ਨੂੰ ਰੂਪਮਾਨ ਕਰਨ ਵਿਚ ਸਫਲ ਹੋਇਆ ਹੈ।

ਜਸਬੀਰ ਭੁੱਲਰ ਦਾ ਕਹਾਣੀ ਸੰਗ੍ਰਹਿ 'ਇਕ ਰਾਤ ਦਾ ਸਮੁੰਦਰ' ਦੀਆਂ ਕਹਾਣੀ ਵਿਸ਼ੇ, ਪੇਸ਼ਕਾਰੀ ਅਤੇ ਅਰਥ-ਸਿਰਜਣਾ ਦੇ ਨਜ਼ਰੀਏ ਤੋਂ ਨਿਵੇਕਲੀਆਂ ਕਿਰਤਾਂ ਹਨ। ਇਸ ਇਨਾਮ ਨੇ ਜਸਬੀਰ ਭੁੱਲਰ ਦੇ ਇਸ ਗਿਲੇ ਨੂੰ ਖਤਮ ਕਰ ਦਿੱਤਾ ਹੈ ਕਿ ਉਸ ਨੂੰ ਸਾਹਿਤ ਅਕਾਦਮੀ ਦਾ ਇਨਾਮ ਬਾਲ ਸਾਹਿਤ ਉਤੇ ਨਹੀਂ, ਸਗੋਂ ਕਹਾਣੀਕਾਰ ਦੇ ਰੂਪ ਵਿਚ ਮਿਲਣਾ ਚਾਹੀਦਾ ਸੀ। ਵੈਸੇ ਵੀ ਉਸ ਨੂੰ ਇਤਫ਼ਾਕਨ ਇਨਾਮ ਮਿਲਦੇ ਹੀ ਰਹੇ ਹਨ ਅਤੇ ਇਨ੍ਹਾਂ ਇਨਾਮਾਂ ਵਿਚ ਉਸ ਨੂੰ 'ਇਤਫ਼ਾਕ' ਤੋਂ ਵੱਧ 'ਪਰਖ' ਦੇ ਰਾਹੇ ਤੁਰਨਾ ਪਿਆ ਹੈ। ਇਸ ਸੰਗ੍ਰਹਿ ਦੀਆਂ ਕਹਾਣੀਆਂ ਨਿਸ਼ਚੇ ਹੀ ਉਸ ਦੀਆਂ ਵਧੀਆ ਰਚਨਾਵਾਂ ਦੀ ਕੋਟੀ 'ਚ ਆਉਂਦੀਆਂ ਹਨ। ਇਹੀ ਗੱਲ ਦੂਜੀ ਪੁਸਤਕ 'ਕਬੂਤਰ, ਬਨੇਰੇ ਤੇ ਗਲੀਆਂ' ਅਤੇ ਉਸ ਦੇ ਲੇਖਕ ਜ਼ੁਬੈਰ ਅਹਿਮਦ ਉਪਰ ਵੀ ਢੁੱਕਦੀ ਹੈ। ਨਿਸ਼ਚੈ ਹੀ ਉਹ ਸਮਕਾਲੀ ਪਾਕਿਸਤਾਨੀ ਪੰਜਾਬੀ ਕਹਾਣੀ ਦੇ ਮੁੱਖ ਲੇਖਕਾਂ ਵਿਚ ਗਿਣਿਆ ਜਾਣ ਵਾਲਾ ਕਹਾਣੀਕਾਰ ਹੈ। ਕਹਾਣੀਕਾਰ ਪ੍ਰੇਮ ਪ੍ਰਕਾਸ਼ ਉਸ ਦੀ ਕਥਾਕਾਰੀ ਨੂੰ ਉਰਦੂ ਦੇ ਲਾਸਾਨੀ ਕਹਾਣੀਕਾਰ ਰਾਜਿੰਦਰ ਸਿੰਘ ਬੇਦੀ ਦੇ ਹਵਾਲੇ ਨਾਲ ਵਡਿਆਉਂਦਾ ਹੈ। ਸਾਰ ਅਰਥਾਂ ਵਿਚ ਉਸ ਦੀਆਂ ਕਹਾਣੀਆਂ ਪੰਜਾਬੀ ਹੁਨਰੀ ਕਹਾਣੀ ਦਾ ਅਸਰਦਾਰ ਮੰਜ਼ਰ ਰਚਦੀਆਂ ਦਿਖਾਈ ਦਿੰਦੀਆਂ ਹਨ।

ਇਸ ਇਨਾਮ ਲਈ ਕਿਤਾਬਾਂ ਦੀ ਚੋਣ ਕਰਨੀ ਕਿੰਨੀ ਕੁ ਮੁਸ਼ਕਿਲ ਅਤੇ ਉਲਝਣਾਂ ਭਰਪੂਰ ਰਹੀ ਹੋਵੇਗੀ, ਇਹ ਤਾਂ ਜਿਊਰੀ ਦੇ ਮੈਂਬਰ ਹੀ ਜਾਣਦੇ ਹਨ, ਪਰ ਇਸ ਇਨਾਮ ਦੇ

(ਬਾਕੀ ਅਗਲੇ ਸਫੇ 'ਤੇ)

# ਝੋਰਾ ਉਮਰਾਂ ਦਾ

*ਪਲੇਠਾ 'ਢਾਹਾਂ ਕੌਮਾਂਤਰੀ ਪੰਜਾਬੀ ਸਾਹਿਤ ਇਨਾਮ' ਨਾਵਲਕਾਰ/ਕਹਾਣੀਕਾਰ ਅਵਤਾਰ ਸਿੰਘ ਬਿਲਿੰਗ ਨੂੰ ਉਨ੍ਹਾਂ ਦੇ ਨਾਵਲ 'ਖਾਲੀ ਖੂਹਾਂ ਦੀ ਕਥਾ' ਲਈ ਮਿਲਿਆ ਹੈ। ਅਗਾਂਹ ਤੋਂ ਹਰ ਸਾਲ ਦਿੱਤਾ ਜਾਣ ਵਾਲਾ ਇਹ 25 ਹਜ਼ਾਰ ਕੈਨੇਡੀਅਨ ਡਾਲਰ ਦਾ ਇਨਾਮ ਗਲਪ ਰਚਨਾ ਲਈ ਹੈ। ਇਸ ਤੋਂ ਇਲਾਵਾ 5-5 ਹਜ਼ਾਰ ਦੇ ਦੋ ਇਨਾਮ ਹੋਰ ਵੀ ਸ਼ੁਰੂ ਕੀਤੇ ਗਏ ਹਨ। ਇਹ ਇਨਾਮ ਐਤਕੀਂ ਕਹਾਣੀਕਾਰ ਜਸਬੀਰ ਭੁੱਲਰ ਦੇ ਕਹਾਣੀ ਸੰਗ੍ਰਹਿ 'ਇਕ ਰਾਤ ਦਾ ਸਮੁੰਦਰ' ਅਤੇ ਜ਼ੁਬੈਰ ਅਹਿਮਦ ਦੇ ਕਹਾਣੀ ਸੰਗ੍ਰਹਿ 'ਕਬੂਤਰ, ਬਨੇਰੇ ਤੇ ਗਲੀਆਂ' ਨੂੰ ਦਿੱਤੇ ਗਏ ਹਨ। ਇਸ ਵਾਰ ਅਸੀਂ ਅਵਤਾਰ ਸਿੰਘ ਬਿਲਿੰਗ ਦੇ ਨਾਵਲ 'ਖਾਲੀ ਖੂਹਾਂ ਦੀ ਕਥਾ' ਦਾ ਇਕ ਕਾਂਡ 'ਝੋਰਾ ਉਮਰਾਂ ਦਾ' ਆਪਣੇ ਪਾਠਕਾਂ ਲਈ ਛਾਪ ਰਹੇ ਹਾਂ। ਇਸ ਨਾਵਲ ਵਿਚ ਲੇਖਕ ਨੇ ਕਈ ਪੀੜ੍ਹੀਆਂ ਦਾ ਸੱਚ ਬਿਆਨ ਕੀਤਾ ਗਿਆ ਹੈ। ਹਰ ਪੀੜ੍ਹੀ ਆਪਣੇ ਤੋਂ ਪਹਿਲੀ ਪੀੜ੍ਹੀ ਨਾਲ ਖਹਿੰਦੀ-ਖਹਿਬੜਦੀ ਤੇ ਖੁਰਦੀ-ਜੁੜਦੀ ਆਪੋ-ਆਪਣਾ ਸੱਚ ਉਜਾਗਰ ਕਰਦੀ ਹੈ। ਇਸ ਨਾਵਲ ਵਿਚ ਪੰਜਾਬ ਦਾ ਪਿੰਡ ਬੜੇ ਦਰਸ਼ਨੀ ਰੂਪ ਵਿਚ ਪੇਸ਼ ਹੋਇਆ ਹੈ। ਅਗਲੇ ਅੰਕਾਂ ਵਿਚ ਜਸਬੀਰ ਭੁੱਲਰ ਅਤੇ ਜ਼ੁਬੈਰ ਅਹਿਮਦ ਦੀਆਂ ਰਚਨਾਵਾਂ ਨਾਲ ਵੀ ਜਾਣ-ਪਛਾਣ ਕਰਵਾਈ ਜਾਵੇਗੀ। -ਸੰਪਾਦਕ*

ਅਸੀਂ ਆਪਣੀ ਕਬੀਲਦਾਰੀ ਦੇ ਰੁਝੇਵਿਆਂ ਵਿਚ ਉਲਝ ਗਏ। ਮਿੱਠੀ ਨਾਨੀ ਹੁਣ ਜ਼ਿਆਦਾ ਆਪਣੀ ਧੀ ਕੋਲ ਠੀਕਰੀਵਾਲ ਰਹਿੰਦੀ। ਉਹ ਅਤੇ ਗਿਆਨੋ ਮਾਸੀ ਸਾਨੂੰ ਕਾਫੀ ਅਰਸੇ ਬਾਅਦ ਨਾਨਾ ਚਰਨ ਸਿੰਘ ਦੇ ਭੋਗ ਮੌਕੇ ਹੀ ਮਿਲੀਆਂ। ਵੱਡਾ ਨਾਨਾ ਉਂਜ ਆਪਣੇ ਪੋਤਰੇ ਅਨੂਪੇ ਸਰੂਪੇ ਦੇ ਵਿਆਹ ਵੀ ਵੇਖ ਗਿਆ ਸੀ। ਵਿਆਹਾਂ ਮਗਰੋਂ ਮਾਮਿਆਂ ਨੇ ਅਖੰਡ ਪਾਠ ਕਰਾਇਆ ਸੀ। ਉਹ ਖੁਸ਼ੀ ਦਾ ਅਖੰਡ ਪਾਠ ਨਾਨਾ ਚਰਨ ਸਿੰਘ ਦੀ ਖੁਸ਼ੀ ਦਾ ਸਿਖਰ ਸੀ ਜਿਸ ਤੋਂ ਡੇਢ ਸਾਲ ਮਗਰੋਂ ਉਹ ਚੱਲ ਵਸਿਆ। ਉਸ ਵੱਲੋਂ ਹਫ਼ਤੇ ਦਸ ਦਿਨ ਪਿਛੋਂ ਅਕਸਰ ਲਈ ਜਾਂਦੀ ਛੋਟੀ ਹਰੜ ਤੇ ਸੁੰਢ, ਨਮਕ ਦੀ ਫੱਕੀ ਇਸ ਵਾਰ ਔਸ਼ਧੀ ਦੀ ਥਾਂ ਜ਼ਹਿਰ ਸਾਬਤ ਹੋਈ। ਕਬਜ਼ ਹਟਾਉਂਦੇ ਨਾਨੇ ਨੂੰ ਦਸਤ ਲੱਗ ਗਏ। ਉਸ ਦਾ ਅੰਦਰ ਧੋਤਾ ਗਿਆ। ਉਹ ਨਿਢਾਲ ਰਹਿੰਦਾ। ਛੋਟੀ ਮਾਮੀ ਗੁਰਬਿੰਦਰ ਕੌਰ ਹੀ ਉਸ ਨੂੰ ਨੁਹਾਉਂਦੀ। ਦਲਬੀਰ ਕੌਰ ਤਾਂ ਅਨੂਪੇ ਦੇ ਵਿਆਹ ਮਗਰੋਂ ਹੋਰ ਵੀ ਇਕੱਲੀ ਮਹਿਸੂਸ ਕਰਦੀ। ਦੋ ਦਹਾਕੇ ਪਹਿਲਾਂ ਚੱਲੇ ਮੁਕੱਦਮੇ ਨੇ ਅਸਲ ਵਿਚ ਉਸ ਨੂੰ ਨਿਰਮੋਹੀ ਬਣਾ ਦਿੱਤਾ ਸੀ। ਮਾਮਿਆਂ ਦਾ ਸਮੁੱਚਾ ਪਰਿਵਾਰ ਜਿਵੇਂ ਉਸ ਨਾਲ ਮੁੜ ਕੇ ਮੂਲੋਂ ਭਿੱਜਿਆ ਨਹੀਂ। 'ਸਾਡੀ ਦਲਬੀਰ ਕੌਰ, ਸਾਡੀ ਵੱਡੀ ਨੂੰਹ' ਕਰਦੇ ਹਰ ਇਕ ਸਾਹ ਨਾਲ ਉਸ ਦਾ ਨਾਂ ਲੈਣ ਵਾਲੇ ਦੋਵੇਂ ਨਾਨੇ, ਜਿਵੇਂ ਉਸ ਨਾਲ ਸਦਾ ਲਈ ਰੁੱਸ ਗਏ ਹੋਣ।

ਅਨੂਪੇ ਤੋਂ ਛੋਟੀ ਰੂਪਕੰਵਰ ਕਚਹਿਰੀ ਵਿਚ ਸਮਝੌਤਾ ਹੋਣ ਤੋਂ ਸੱਤ ਵਰ੍ਹੇ ਮਗਰੋਂ ਜਨਮੀ ਸੀ। ਉਂਜ ਮਾਮਾ ਬਚਿੱਤਰ ਸਿੰਘ ਘੱਟ ਹੀ ਘਰ ਵੜਦਾ ਰਿਹਾ ਸੀ। ਜਦੋਂ ਵੇਲੇ-ਕੁਵੇਲੇ ਆਉਂਦਾ ਤਾਂ ਦੁਰਲੱਭ ਸਿੰਘ ਦੇ ਛੋਟੇ ਮੁੰਡੇ ਦਿਲਪ੍ਰੀਤ ਨਾਲ ਖੇਡੇ ਪਿਆ, ਦਲਬੀਰੋ ਮਾਮੀ ਨੂੰ ਆਪਣੀ ਰੂਪੀ ਵੱਲ ਘੱਟ ਤਵੱਜੋ ਦਿਖਾਉਂਦਾ ਪ੍ਰਤੀਤ ਹੁੰਦਾ ਜਿਵੇਂ ਉਹ ਉਸ ਦੀ ਧੀ ਨਾ ਹੋਵੇ। ਖੂਹ ਉਤੇ ਵੱਸਦੀ ਰੇਸ਼ਮਾ ਵੀ ਮਾਮੀ ਨੂੰ ਆਪਣੀ ਸੌਂਕਣ ਜਾਪਦੀ ਜਿਹੜੀ ਵੇਲੇ-ਕੁਵੇਲੇ ਬਚਿੱਤਰ ਸਿੰਘ ਨੂੰ ਰੋਟੀਆਂ ਲਾਹ ਕੇ ਖਵਾਉਂਦੀ, ਉਥੇ ਹੀ ਮੰਜਾ ਡਾਹ ਦਿੰਦੀ। ਦਿਲ ਕਰਦਾ, ਉਹ ਗੁੱਜਰਾਂ ਦੀਆਂ ਛੰਨਾਂ ਵਿਚ ਸੌਂ ਜਾਂਦਾ। ਮੀਟ-ਮੁਰਗੇ ਤੇ ਆਂਡਿਆਂ ਤੋਂ ਮਨ ਅੱਕਿਆ ਜਾਪਦਾ, ਤਾਂ ਹੁਕਮਾ ਕੋਈ ਤਿੱਤਰ-ਬਟੇਰਾ ਫੁੰਡ ਲੈਂਦਾ। ਨਹਿਰ ਤੋਂ ਮੱਛੀਆਂ ਫੜ ਲਿਆਉਂਦਾ। ਚੜ੍ਹਦੇ ਸਿਆਲ ਬਚਿੱਤਰ ਸਿੰਘ ਆਪਣੇ ਸਾਥੀ ਯੂਸਫ਼ ਗੁੱਜਰ ਅਤੇ ਲਾਲਾ ਰਾਮ ਸ਼ਰਨ ਨਾਲ ਦੁਨਾਲੀ ਲਹਿਰਾਉਂਦਾ, ਮੰਡ ਵੱਲ ਸ਼ਿਕਾਰ ਖੇਡਣ ਲਈ ਚੜ੍ਹਦਾ। ਕਰਿਆਨੇ ਦੀ ਹੱਟੀ ਸਮੇਤ ਹਲਵਾਈ ਦਾ ਧੰਦਾ ਚਲਾਉਂਦਾ ਰਾਮ ਸ਼ਰਨ ਖੱਤਰੀ ਕਰਾਰਾ ਮਿਰਚ ਮਸਾਲਾ ਪਾ ਕੇ ਜੰਗਲੀ ਸੂਰ ਦਾ ਅਚਾਰ ਪਾ ਲੈਂਦਾ ਜਿਹੜਾ ਸਾਰਾ ਸਿਆਲ ਨਾ ਮੁੱਕਦਾ।

ਨਾਨਾ ਚਰਨ ਸਿੰਘ ਦੀ ਉਮਰ ਬਾਰੇ ਤਾਂ ਨਹੀਂ, ਮਰਨ ਦੇ ਮੌਕੇ ਬਾਰੇ ਕੀਤੀ ਜੋਤਸ਼ੀ ਦੀ ਭਵਿੱਖਬਾਣੀ ਜ਼ਰੂਰ ਸੱਚੀ ਸਾਬਤ ਹੋਈ ਸੀ। ਅਖੇ, ਮਰਨੇ ਕੀ ਚਿੰਤਾ ਮੱਤ ਕਰਨੀ ਸਰਦਾਰ ਚਰਨ ਸਿਹੁੰ। ਕਿਸੀ ਪੀੜਾ ਕੇ ਬਗੈਰ, ਬਿਨਾਂ 'ਹਾਏ' ਕਹਿਨੇ ਕੇ, ਆਪ ਇਕ ਦਮ ਇਸ ਪਾਂਚ ਭੌਤਿਕ ਸਰੀਰ ਕੋ ਛੋੜ ਜਾਓਗੇ।' ਛੋਟੀ ਮਾਮੀ ਦੇ ਦੱਸਣ ਅਨੁਸਾਰ ਅੰਤ ਇੰਜ ਹੀ ਹੋਇਆ। ਜੇਠ ਦੀ ਕੜਕਦੀ ਦੁਪਹਿਰ ਨੂੰ ਵੱਡੇ ਨਾਨੇ ਨੇ ਖੰਡ ਘਿਓ ਨਾਲ ਰੋਟੀ ਖਾਧੀ। ਕੁਝ ਸਮੇਂ ਬਾਅਦ ਉਹਨੂੰ ਗਰਮੀ ਮਹਿਸੂਸ ਹੋਈ। ਮਾਮੀ ਗੁਰਬਿੰਦਰ ਕੌਰ ਨੇ ਅਨੂਪੇ ਨੂੰ ਹਾਕ ਮਾਰੀ ਤਾਂ 'ਬਾਪੂ' ਨੂੰ ਨੁਹਾਇਆ ਜਾਵੇ।

'ਸਿਆਣੇ ਨੂੰ ਜੇਠ ਦੀ ਤਪਸ਼ ਤੜਫਾਉਂਦੀ

## ਨਾਵਲ ਅੰਸ਼



**ਅਵਤਾਰ ਸਿੰਘ ਬਿਲਿੰਗ**

ਜਾਂ ਪੋਹ ਮਾਘ ਦਾ ਪਾਲਾ' ਆਖਦੀ ਅਨੂਪੇ ਦੀ ਵਹੁਟੀ ਕਿਰਨਬੀਰ ਵੀ ਕੋਲ ਆ ਗਈ। ਤਿੰਨਾਂ ਨੇ ਚਰਨ ਸਿੰਘ ਨੂੰ ਨੁਹਾ ਕੇ ਨੇੜਲੇ ਮੰਜੇ ਉਪਰ ਬਿਠਾਇਆ ਹੀ ਸੀ। ਅਜੇ ਉਸ ਦੇ ਗਿੱਲੇ ਪਿੰਡੇ ਉਤੇ ਤੌਲੀਆ ਫੇਰ ਰਹੇ ਸਨ। ਅਨੂਪੇ ਦੀ ਦੋ ਸਾਲ ਦੀ ਬੇਟੀ ਸੁੱਖ ਮੰਜੇ ਦੀ ਬਾਹੀ ਫੜ ਕੇ 'ਬਾਪੂ-ਬਾਪੂ' ਕਰਦੀ ਉਪਰ ਚੜ੍ਹਨ ਦੀ ਸਿਰਤੋੜ ਕੋਸ਼ਿਸ਼ ਕਰ ਰਹੀ ਸੀ, ਜਦੋਂ ਆਲ-ਮਾਲ ਹੋਇਆ ਵੱਡਾ ਨਾਨਾ ਇਨ੍ਹਾਂ ਤਿੰਨਾਂ ਦੇ ਹੱਥਾਂ ਵਿਚ ਹੀ ਇਕ ਪਾਸੇ ਨੂੰ ਲੁੜਕ ਗਿਆ। ਸਿੱਧਾ ਕਰ ਕੇ, ਮੰਜੇ ਉਪਰ ਪਾਇਆ ਤਾਂ ਭੌਰ ਉਡਾਰੀ ਮਾਰ ਚੁੱਕਾ ਸੀ। ਫੌਜੀ ਮਾਮੇ ਦਾ ਛੋਟਾ ਮੁੰਡਾ ਦਿਲਪ੍ਰੀਤ ਭੱਜ ਕੇ ਕਿਲ੍ਹੇ ਵਾਲੇ ਡਾਕਟਰ ਨੂੰ ਬੁਲਾ ਲਿਆਇਆ ਜਿਸ ਨੇ ਨਬਜ਼ ਫੜਦਿਆਂ ਸਿਰ ਫੇਰ ਦਿੱਤਾ...

... ਨਾਨਾ ਚਰਨ ਸਿੰਘ ਦੇ ਭੋਗ ਮੌਕੇ ਮਿਲੀ ਮਿੱਠੀ ਨੇ ਮੈਨੂੰ ਭੱਜ ਕੇ ਜੱਫ਼ੀ ਪਾ ਲਈ। ਉਹ ਕਾਫੀ ਲਿੱਸੀ ਲੱਗਦੀ ਸੀ, ਸੁੰਦਰ ਚਿਹਰੇ ਦੀ ਚਮਕ ਅਤੇ ਮੁਸਕਣੀ ਬੇਸ਼ੱਕ ਉਵੇਂ ਬਰਕਰਾਰ ਸੀ। ਧਿਆਨ ਨਾਲ ਦੇਖਿਆਂ, ਉਸ ਦੀਆਂ ਖੂਬਸੂਰਤ ਅੱਖਾਂ ਵਿਚੋਂ ਗੁੱਝਾ ਗਮ ਝਲਕਦਾ। ਨਾਨੀ ਦੀ ਗਲਵਕੜੀ ਢਿੱਲੀ ਪਈ ਤਾਂ ਮੈਂ ਕੋਲ ਖੜੋਤੀ ਗਿਆਨੋ ਮਾਸੀ ਦੇ ਪੈਰੀਂ ਹੱਥ ਲਾਇਆ।

"ਮੇਰਾ ਜਨਮ ਤਾਂ ਜਮ੍ਹਾਂ ਨਿਹਫਲ ਗਿਐ ਪਾਸ਼ੀ ਪੁੱਤਰ!" ਨਾਨੀ ਦੀ ਡੁਸਕਦੀ ਆਵਾਜ਼ ਆਈ। "ਧੋਬੀ ਦਾ ਕੁੱਤਾ ਨਾ ਘਰ ਦਾ, ਨਾ ਘਾਟ ਦਾ।" ਉਸ ਦਾ ਅੰਦਰ ਜਿਵੇਂ ਹਉਕਿਆਂ ਨਾਲ ਭਰਿਆ ਹੋਵੇ।

ਪ੍ਰਾਹੁਣਾ ਕੇਵਲ ਸਿੰਘ ਉਸ ਨੂੰ ਦਬੱਲ-ਦੜਕ ਦਿੰਦਾ ਤਾਂ ਉਹ ਰਾਏਪੁਰ ਆ ਕੇ ਆਪਣਾ ਬੰਦ ਕਮਰਾ ਖੋਲ੍ਹਦੀ। ਅੰਦਰ ਬਾਹਰ ਦੀ ਇਕੱਲ ਇਥੇ ਵੀ ਨਾ ਟਿਕਣ ਦਿੰਦੀ, ਤਾਂ ਮੁੜ ਠੀਕਰੀਵਾਲ ਦਾ ਰੁਖ ਕਰਦੀ। ਅੱਜ ਉਹ ਸਾਡੀ ਛੋਟੀ ਮਾਸੀ ਅਤੇ ਮਸੇਰ ਗੁਰਮੋਹਨ-ਗੁਰਸੋਹਨ ਦੀ ਹਾਜ਼ਰੀ ਵਿਚ ਬੇਝਿਜਕ ਉਧੜਦੀ ਗਈ।

ਕੇਵਲ ਸਿੰਘ ਵਿਚ ਜਿਹੜਾ ਭੈੜ ਸੀ, ਉਸ ਬਾਰੇ ਤਾਂ ਗਿਆਨੋ ਮਾਸੀ ਦੇ ਵਿਆਹ ਤੋਂ ਬਾਅਦ ਮੁੜਦੀ ਗੱਡੀ ਆਉਣ ਮੌਕੇ ਹੀ ਚਾਨਣ ਹੋ ਗਿਆ ਸੀ। ਹੁਣ ਤਾਂ ਉਹਦੇ ਮਾਂ ਪਿਓ ਨਛੱਤਰ ਕੌਰ ਅਤੇ ਦਿਆਲ ਸਿੰਘ ਵੀ ਮਰ-ਮੁੱਕ ਚੁੱਕੇ ਸਨ। ਦੋਹਾਂ ਦੇ ਮਰਨੇ ਨੂੰ ਵੱਡਾ ਕਰਨ ਲਈ ਸਾਡੇ ਦੋਵੇਂ ਮਾਮੇ ਗੱਜ-ਵੱਜ ਕੇ ਹਾਜ਼ਰ ਹੋਏ ਅਤੇ ਸਕੇ-ਸੋਧਰਿਆਂ ਨਾਲੋਂ ਵੀ ਵਧ ਕੇ ਕੜੇ-ਮੁੰਦਰੀਆਂ ਪਾ ਆਏ ਸਨ। ਵੱਡੇ ਗੁਰਮੋਹਨ ਦੀ ਨਾਨਕ ਛੱਕ ਪੂਰੇ ਟੌਅਰ ਨਾਲ ਪੂਰੀ ਸੀ। ਵੱਡੇ ਭਾਣਜੇ ਅਤੇ ਭਾਣਜ-ਨੂੰਹ ਨਵਜੋਤ ਨੂੰ ਪਾਏ ਜ਼ੇਵਰਾਂ ਤੋਂ ਇਲਾਵਾ ਆਪਣੀ ਛੋਟੀ ਭੈਣ ਦੀ ਮੰਨ-ਮਨਾਉਤੀ ਕਰਦਿਆਂ ਉਸ ਨੂੰ ਘਰ ਦੀ ਪਾਲੀ ਦਰਸ਼ਨੀ ਝੋਟੀ ਵੀ ਦਿੱਤੀ ਸੀ।

"ਫੇਰ ਹੁਣ ਫਰਕ ਕੀ ਰਹਿ ਗਿਐ ਨਾਨੀ ਜੀ?" ਮੈਂ ਪੁੱਛਿਆ।

"ਵੇ ਕਾਕਾ, ਮੇਰਾ ਹੱਕ ਤਾਂ ਨਹੀਂ ਮਿਲਿਆ। ਏਹ ਤਾਂ ਸਾਰੀ ਲਿੱਪਾ-ਪੋਚੀ ਹੈ। ਤੂੰ ਏਹ ਦੱਸ, ਬਈ ਕਦੇ ਟਾਹਣੀਆਂ ਨੂੰ ਛਿੱਟੇ ਮਾਰਿਆਂ ਤੋਂ ਵੀ ਰੁੱਖ ਸਿੰਜ ਹੋਇਐ?"

ਨਾਨੀ ਦੀ ਤਾਰ ਉਥੇ ਹੀ ਖੜਕਦੀ। ਮੈਂ ਉਸ ਨੂੰ ਨੇੜੇ ਪਏ ਮੰਜੇ ਉਪਰ ਬੈਠਣ ਦਾ ਇਸ਼ਾਰਾ ਕੀਤਾ। ਉਸ ਨੂੰ ਸ਼ਾਂਤ ਕਰਨਾ ਜ਼ਰੂਰੀ ਸੀ।

ਜੇ ਗਿਆਨੋ ਨੂੰ ਉਹਦਾ ਹੱਕ ਮਿਲ ਜਾਂਦਾ ਤਾਂ ਸਹੁਰੇ ਘਰ ਵਿਚ ਉਸ ਦੀ ਸੋਭਾ ਹੋਣੀ ਸੀ। ਕੇਵਲ ਸਿੰਘ ਵੀ ਦਾਰੂ ਪੀਣ ਵੱਲੋਂ ਕੁਝ ਸੰਭਲ ਗਿਆ ਹੁੰਦਾ। ਗੁਰਮੋਹਨ, ਗੁਰਸੋਹਨ ਦੇ ਦਾਦੇ ਨੇ ਵੀ ਰਿਚ-ਰਿਚ ਕੇ ਨਹੀਂ ਸੀ ਮਰਨਾ। ਸੂਬੇਦਾਰ ਨੂੰ ਅਸਲ 'ਚ ਇੱਧਰਲੀ ਝਾਕ ਅਤੇ ਪਛਤਾਵੇ ਨੇ ਖਾ ਲਿਆ ਸੀ। ਇਹ ਮਿੱਠੀ ਨਾਨੀ ਦੀ ਦਲੀਲ ਸੀ।

"ਠੀਕਰੀਵਾਲੀਆਂ ਕੋਲ ਘਾਟਾ ਕਿਸੇ ਚੀਜ਼ ਦਾ ਨਹੀਂ। ਜਾਇਦਾਦ ਆਪਣੀਓ ਬਥੇਰੀ ਹੈ। ਭਾਂਬਰੀ ਤੋਂ ਅਲੱਗ ਆਉਂਦੀ। ਸਿਰਫ ਸਬਰ-ਸੰਤੋਖ ਦੀਓ ਘਾਟ ਮੰਨੀਏ।"

ਅਮਰ ਕੌਰ ਦੇ ਹੱਕ ਵਿਚ ਹੋਣ ਦੇ ਬਾਵਜੂਦ, ਮੈਂ ਉਸ ਦੀਆਂ ਭਾਵਨਾਵਾਂ ਨੂੰ ਭੜਕਾਉਣਾ ਨਹੀਂ ਸੀ ਚਾਹੁੰਦਾ। ਰਤਾ ਕੁ ਉਭਾਰੇ ਨਾਲ ਉਸ ਨੇ ਹੋਰ ਉਚੀ ਬੋਲਣ ਲੱਗ ਜਾਣਾ ਸੀ।

"ਘਰ ਦੀ ਭੌਮਾਂ ਜਿੰਨੀ ਮਰਜ਼ੀ ਹੋਵੇ ਪਾਸ਼ੀ ਪੁੱਤਰਾ, ਆਪਣਾ ਹੱਕ ਦੂਏ ਨੂੰ ਜਾਂਦਾ ਨ੍ਹੀਂ ਜਰਿਆ ਜਾਂਦਾ। ਐਸਾ ਹਿੱਕ-ਧੜੱਕਾ ਵੱਜਦਾ, ਬਈ ਬੰਦਾ ਮੁੜ ਕੇ ਉਠਣ ਜੋਗਾ ਨਹੀਂ ਰਹਿੰਦਾ।"

ਅਮਰ ਕੌਰ ਅਨੁਸਾਰ ਗਿਆਨੋ ਦੇ ਸਹੁਰੇ ਪਰਿਵਾਰ ਨੂੰ ਅਜਿਹੇ ਸਦਮੇ ਨੇ ਹੀ ਮਾਰ ਲਿਆ ਸੀ। ਕਿਸੇ ਜੀਅ ਦਾ ਕੰਮ ਕਰਨ ਨੂੰ ਦਿਲ ਨਾ ਕਰਦਾ। ਰਾਏਪੁਰੀਆਂ ਵੱਲ ਹਾਲੇ ਵੀ ਝਾਕੀ ਜਾਂਦੇ।

"ਹਰਨਾਮੇ ਲੰਬੜਦਾਰ ਦੇ ਪ੍ਰਾਹੁਣੇ ਨੂੰ ਕਿਹੜਾ ਸਦਮਾ ਸੀ? ਉਸ ਦੇ ਕਿਹੜਾ ਹਿੱਕ-ਧੜੱਕਾ ਵੱਜਿਆ? ਉਹ ਕਿਉਂ ਆਪਣੀ ਸਾਰੀਓ ਜੱਦੀ ਜਾਇਦਾਦ ਫੂਕ ਬੈਠਾ? ਉਂਗਲੀ ਵੱਢ ਨੇ ਤਾਂ ਹਾਲੇ ਆਪਣੀ ਜ਼ਮੀਨ ਕਿਸੇ ਹੱਕੀ ਨੂੰ ਨਹੀਂ ਸੀ ਸੰਭਾਲੀ।" ਕੋਲ ਖੜੋਤੇ ਮੇਰੇ ਮਸੇਰ ਗੁਰਦੀਪ ਨੇ ਜਿਰ੍ਹਾ ਕੀਤੀ।

"ਜੀਤਾਂ ਦਾ ਪ੍ਰਾਹੁਣਾ ਆਪਣੇ ਚਾਰੇ ਦਾ ਮੁਤਬੰਨਾ ਤਾ। ਉਹ ਬਾਹਲਾ ਮੀਸਣਾ ਨਿਕਲਿਆ। ਚੋਰੀਓਂ ਪੈਸੇ ਲਈ ਗਿਆ, ਭੋਇੰ ਸੰਭਾਲੀ ਗਿਆ। ਫੇਰ 'ਕੱਠੀਓ ਰਜਿਸਟਰੀ ਕਰਾ ਦਿੱਤੀ। ਉਤ ਜਿਹਾ ਆਪਣੇ ਹੱਥ ਖਬਰੈ, ਕਦੋਂ ਦੇ ਵਢਾਈ ਫਿਰਦਾ ਸੀ", ਨਾਨੀ ਨੇ ਨਫਰਤ ਨਾਲ ਆਖਿਆ।

ਪਰ ਇਕ ਵਾਰੀ ਸੁਚੇਤ ਹੋਏ ਹਰਨਾਮ ਸਿੰਘ ਨੇ ਤਾਂ ਉਸੇ ਵਕਤ ਮੌਕਾ ਸੰਭਾਲ ਲਿਆ। ਦੋਹਾਂ ਦੋਹਤਿਆਂ ਨੂੰ ਆਪਣੇ ਕੋਲ ਲੈ ਆਇਆ, ਅਰ ਇਉਂ ਚੰਡ ਕੇ ਸਿੱਧੇ ਕਰ ਦਿੱਤੇ ਜਿਵੇਂ ਅਹਿਰਨ ਵਿਚ ਪਾ ਕੇ ਲੁਹਾਰ ਫਾਲੇ ਨੂੰ ਡੰਗ ਦਿੰਦੈ..., ਨਾਨੀ ਨੇ ਦੱਸਿਆ। ਉਸ ਅਨੁਸਾਰ, ਇਲਤੀ ਜਵਾਕ ਅਤੇ ਸ਼ਰਾਰਤੀ ਬੰਦੇ ਹਮੇਸ਼ਾ ਚੁਸਤ

(ਬਾਕੀ ਅਗਲੇ ਸਫੇ 'ਤੇ)

ਹੁੰਦੇ। ਉਹ ਕਦੇ ਮਾਰ ਨਹੀਂ ਖਾਂਦੇ।

"ਮਾਰ ਖਾਊਗਾ ਤਾਂ ਥੋਡੇ ਨਾਨੇ ਵਰਗਾ ਸਾਊ ਸ਼ਰੀਫ਼। ਮਾਊਂ ਜਿਹੇ ਨੂੰ ਕਿਸੇ ਦਾ ਵੀ ਭੋਰਾ ਮੋਹ ਤਿਓਹ ਨਹੀਂ।"

ਮੈਂ ਜ਼ਾਹਰਾ ਤੌਰ ਉਤੇ ਮਿੱਠੀ ਦਾ ਹੁੰਗਾਰਾ ਭਰਦਾ, ਮੁਸਕਰਾ ਰਿਹਾ ਸਾਂ, ਜਦੋਂ ਹਰਨਾਮ ਸਿੰਘ ਦੀ ਡੂੰਡ ਉਂਗਲੀ ਮੈਨੂੰ ਹਵਾ ਵਿਚ ਲਹਿਰਾਉਂਦੀ ਜਾਪੀ।... ਇਕ ਵਾਰੀ ਫੇਰ ਉਸ ਨੇ ਸਾਨੂੰ ਤਲਾਅ ਉਪਰ ਘੇਰਿਆ ਹੋਇਆ ਸੀ। ਉਸ ਮੁਤਾਬਕ, ਸਾਡੇ ਛੋਟੇ ਨਾਨੇ ਨੂੰ ਕੀੜੇ-ਮਕੌੜਿਆਂ ਅਤੇ ਚਿੜੀ-ਜਨੌਰਾਂ ਕੋਲੋਂ ਹੀ ਸਬਕ ਸਿੱਖ ਲੈਣਾ ਚਾਹੀਦਾ ਸੀ।

"ਮਖਿਆਲ ਦੀਆਂ ਮੱਖੀਆਂ ਕੰਨੀਓਂ ਦੇਖ ਲਿੰਦਾ, ਕੋਹੜੀ ਇਨਸਾਨ। ਥੋਡੇ ਸਾਹਮਣੇ ਕਿਵੇਂ ਫੁੱਲ-ਫੁੱਲ 'ਤੇ ਘੁੰਮਦੀਆਂ, ਦਿਨ-ਰਾਤ ਮਖਿਆਲ 'ਕੱਠਾ ਕਰੀ ਜਾਂਦੀਆਂ। ਬੱਚ-ਕੱਚ ਪਾਲਣ ਵਿਚ ਲੱਗੀਆਂ ਰਹਿੰਦੀਆਂ। ਦੇਖੋ, ਭਾਈ ਭੈਣ ਆਪਣੇ ਥਾਉਂ ਨੇ, ਪਰ ਵਿਆਹਿਆ-ਵਰਿਆ ਬੰਦਾ ਪੰਛੀ ਚੁਗਾਉਣ ਵਾਲੀ ਖੇਡ ਤੋਂ ਵੀ ਨਹੀਂ ਭੱਜ ਸਕਦਾ। ਇਨਸਾਫ ਕਰਨਾ ਸੋਭਦੈ।"

ਉਂਗਲੀ-ਵੱਢ ਦਾ ਉਪਦੇਸ਼ ਜਾਰੀ ਸੀ। ਜਦੋਂ ਮੈਨੂੰ ਚੁੱਪ ਬੈਠਾ ਦੇਖ ਕੇ ਮੇਰੇ ਬਰਾਬਰੋਂ ਮਿੱਠੀ ਨਾਨੀ ਨੇ ਆਖਿਆ, "ਹੁਣ ਤੂੰ 'ਰਾਮ ਕਰ ਲੈ। ਮੁੜਨਾ ਵੀ ਹੋਣਾ।"

ਵੱਡੇ ਨਾਨੇ ਦਾ ਭੋਗ ਪੈ ਚੁੱਕਾ ਸੀ। ਮੇਰਾ ਸਿਰ ਪਲੋਸਦੀ ਉਹ ਗੇਟ ਅੱਗੇ ਜਾ ਖੜੋਤੀ। ਮੈਂ ਅੰਬ ਹੇਠ ਡਾਹੇ ਮੰਜੇ ਉਪਰ ਟੇਢਾ ਹੋ ਗਿਆ। ਆਪਣਾ ਮੂੰਹ ਮੈਂ ਰੁਮਾਲ ਨਾਲ ਢਕ ਲਿਆ, ਪਰ ਮਰਹੂਮ ਹਰਨਾਮ ਸਿੰਘ ਉਂਗਲੀ-ਵੱਢ ਅਜੇ ਵੀ ਮੇਰਾ ਪਿੱਛਾ ਨਹੀਂ ਸੀ ਛੱਡ ਰਿਹਾ। ਉਸ ਦੀ ਆਵਾਜ਼ ਮੇਰੇ ਕੰਨਾਂ ਵਿਚ ਗੂੰਜਦੀ ਰਹੀ।

... ਜ਼ਿੰਦਗੀ ਦੀ ਖੇਡ ਖੇਡਦਿਆਂ, ਮੈਂ ਜਿਹੜਾ ਮੁੰਡਾ ਆਪਣੀ ਧੀ ਖਾਤਰ ਲੱਭਿਆ, ਉਸ ਕੋਲ ਪੂਰੇ ਇਕ ਹਲ ਦੀ ਜ਼ਮੀਨ ਸੀ- ਪੰਜਾਹ ਵਿੱਘੇ। ਹੈਧਰ ਥੋਡੇ ਢਾਹੇ ਦੇ ਲੋਕਾਂ ਨੂੰ ਅਸੀਂ ਮਿਹਨਤੀ ਗਿਣਦੇ ਤੇ, ਪਰ ਓਸ ਕੰਜਰ ਦੇ ਪੁੱਤ ਨੇ ਪਤਾ ਨਹੀਂ, ਕਿਹੜੇ ਵੇਲੇ ਸਾਰੀ ਭੋਇੰ ਦੀਆਂ ਫੱਕੀਆਂ ਉਡਾ'ਤੀਆਂ।... ਉਂਗਲੀ-ਵੱਢ ਨੂੰ ਘੋਰ ਪਛਤਾਵਾ ਸੀ।

"ਫਸਲ ਜ਼ਰੂਰ ਖੇਤ ਉਪਰ ਜਾਂਦੀ ਐ। ਬੇਸ਼ੱਕ ਕਿਰਸਾਣ ਦੀ ਮਿਹਨਤ ਵੀ ਅਹਿਲੀ ਨਹੀਂ ਜਾ ਸਕਦੀ। ਬਗੈਰ ਸੰਭਾਲ ਤੋਂ ਚੰਗੀ ਭਲੀ ਪੱਕੀ ਫਸਲ ਭੂੰਬਰ ਕੇ ਸੁੱਕ ਜਾਂਦੀ, ਅਰ ਦਾਣਾ ਮਾਜੂ ਪੈ ਜਾਂਦੈ। ਸੋ ਸੀਗਾ, ਬੰਦੇ ਦਾ ਹੈਗਾ। ਚੰਗੀ ਸੁਹਬਤ ਸਮੇਂ ਸਿਰ ਮਿਲ ਜਾਵੇ ਤਾਂ ਉਹ ਕੁਰਾਹੇ ਪੈਣੋਂ ਬਚ ਸਕਦੈ।"

ਉਸ ਨੇ ਚੰਦਨ ਬ੍ਰਿਛ ਦੀ ਮਿਸਾਲ ਦਿੱਤੀ ਜਿਸ ਦੇ ਕੋਲ ਖੜੋਤੇ ਐਰ-ਗੈਰ ਦਰਖਤ ਵੀ ਚੰਦਨ-ਬਾਸ ਨਾਲ ਸਰਸ਼ਾਰ ਹੋ ਜਾਂਦੇ।

ਪਤਾ ਨਹੀ, ਕਿਹੜੇ ਵੇਲੇ ਮਿੱਠੀ ਨਾਨੀ ਦੀ ਮੁਹਾਰਨੀ ਸੁਣਾਈ ਦੇਣ ਲੱਗੀ।

"ਮੈਂ ਕਿਹਾ ਤਾ, ਬਈ ਮਾਰ ਹਮੇਸ਼ਾ ਸਾਊ ਨੂੰ ਪੈਂਦੀ। ਬਦਮਾਸ਼, ਬਦਫੈਲੀਆਂ ਕਰਨ ਵਾਲਾ, ਆਪਣੀ ਖੱਚਰ ਵਿਦਿਆ ਨਾਲੇ ਕਾਮਯਾਬ ਹੋ ਜਾਂਦੈ। ਹਰਨਾਮੇ ਟੁੰਡੀਲਾਟ ਨੇ ਆਪਣੇ ਦੋਹਤਿਆਂ ਨੂੰ ਟੁੱਕ ਪਾ ਦਿੱਤਾ, ਅਰ ਆਪ ਵੀ ਬੁੱਲੇ ਵੱਢਦਾ ਰਿਹੈ।"

ਅਮਰ ਕੌਰ ਜਦੋਂ ਛਿੜਦੀ ਤਾਂ ਅਕਾ ਕੇ ਰੱਖ ਦਿੰਦੀ। ਮਨ ਖਰਾਬ ਹੋ ਜਾਂਦਾ। ਅੱਗੇ ਤੋਂ ਕਦੇ ਵੀ ਨਾਨਕੀਂ ਨਹੀਂ ਆਵਾਂਗਾ, ਮੈਂ ਪ੍ਰਣ ਕਰਦਾ।...

... ਇਨ੍ਹਾਂ ਸੋਚਾਂ ਵਿਚ ਉਲਝਿਆ, ਮੈਂ ਕਿਸੇ ਦੇ ਹੱਥ ਲਾਉਣ ਮਗਰੋਂ ਤ੍ਰਭਕ ਕੇ ਉਠਿਆ। ਸ਼ਾਇਦ ਦੀਪਾ ਆ ਗਿਆ ਸੀ। ਉਹ ਪਰਿਵਾਰ ਸਮੇਤ ਵਾਪਸ ਜਾਣ ਲਈ ਕਾਹਲਾ ਸੀ। ਸਾਰੇ ਰਿਸ਼ਤੇਦਾਰ ਜਾ ਰਹੇ ਹਨ, ਪਰ ਇਹ ਤਾਂ ਗਿਆਨੋ ਮਾਸੀ ਸੀ ਜਿਹੜੀ ਕੱਪੜਿਆਂ ਵਾਲਾ ਲਿਫਾਫਾ ਸੰਭਾਲੀ, ਲੰਘੀ ਜਾਂਦੀ ਮੇਰਾ ਸਿਰ ਪੋਲਸਣ ਲਈ ਰੁਕ ਗਈ ਸੀ। ਮੈਂ ਵੀ ਉਠ ਕੇ ਉਸ ਦੇ ਨਾਲ ਤੁਰ ਪਿਆ।

ਗੁਰਮੋਹਨ ਅਤੇ ਨਾਲ ਆਈ ਉਸ ਦੀ ਪਤਨੀ ਨਵਜੋਤ ਆਪਣੀ ਜੀਪ ਸਟਾਰਟ ਕਰੀਂ, ਜਾਣ ਲਈ ਤਿਆਰ ਖੜ੍ਹੇ ਸਨ।

"ਪੁੱਛ ਨਾ ਦੋਹਤਿਆ! ਜਿਹੜਾ ਨਹੀਂ ਦੇਖਿਆ, ਉਹੀ ਭਲਾ ਹੈ।" ਸਭ ਨੂੰ ਵਿਦਾਅ ਕਰ ਕੇ ਜਦੋਂ ਅਸੀਂ ਪਿਲਕਣ ਦੇ ਰੁੱਖ ਹੇਠੋਂ ਮੁੜੇ ਤਾਂ ਮਿੱਠੀ ਨਾਨੀ ਨੇ ਹੌਲੀ ਦੇ ਕੇ ਆਖਿਆ।

"ਦੇਖਿਐ? ਮੇਰਾ ਬੜਾ ਦੋਹਤਾ ਕਿੱਕਣ ਵੱਢ-ਵੱਢ ਖਾਂਦਾ ਤਾ?" ਉਸ ਨੇ ਗੁਰਮੋਹਨ ਦੇ ਚਿੜਚਿੜੇ ਸੁਭਾਅ ਬਾਰੇ ਸ਼ਿਕਾਇਤ ਕੀਤੀ। ਗੁਰਸੋਹਨ ਇਸ ਤੋਂ ਵੀ ਕੌੜਾ ਸੀ। ਪਿਓ ਵਾਂਗੂੰ ਹੀ ਨਿਰਮੋਹੇ। ਹਰਾਮਖੋਰ ਕਿਸੇ ਥਾਂ ਦੇ।" ਨਾਨੀ ਭਾਵੁਕ ਹੋ ਗਈ।

"ਤੁਸੀਂ ਉਨ੍ਹਾਂ ਤਿੰਨਾਂ ਦੇ ਨਾਲ ਕਿਉਂ ਨਹੀਂ ਗਏ?" ਮੈਂ ਗੱਲ ਬਦਲਣ ਲਈ ਪੁੱਛਿਆ।

"ਏਹ ਕੋਈ ਗੈਲ ਲੈ ਕੇ ਜਾਣ ਵਾਲੇ ਲੱਛਣ ਸੀਗੇ ਦੋਹਤਿਆ? ਨਾਲ ਲੈ ਜਾਣ ਖਾਤਰ ਕੁੱਤੇ ਨੂੰ ਵੀ ਪੁਚਕਾਰਨਾ ਪੈਂਦਾ। ਨਾਲੇ, ਉਥੇ ਏਨ੍ਹਾਂ ਦਾ ਪਿਓ ਹਰ ਸਾਹ ਗੈਲ ਮੈਤੋਂ ਜ਼ਮੀਨ ਮੰਗਦੈ। ਅਖੇ, ਹੁਣ ਤਾਂ ਭਤੀਜਿਆਂ ਨੂੰ ਕਹਿ ਕੇ ਸਾਡੀ ਧਰੋਹਰ ਸਾਨੂੰ ਸੰਭਾਲ ਕੇ ਤੂੰ ਸੁਰਖਰੂ ਹੋ ਜਾਹ। ਉਨ੍ਹਾਂ ਦੀ ਭੁੱਖ ਉਤਰੀ ਨ੍ਹੀਂ ਹਾਲੇ?"

ਨਾਨੀ ਦਾ ਰੁਦਨ ਜਾਰੀ ਸੀ ਜਦੋਂ ਗੁਰਦੀਪ ਦੀਪਾ ਆ ਗਿਆ।

"ਵੇ ਪੁੱਤ! ਥੋਡੇ ਬੱਚਿਤਰ ਮਾਮੇ ਵਾਂਗੂ ਚਾਰੇ ਐਬ ਸ਼ਰਈ ਐ ਥੋਡਾ ਛੋਟਾ ਮਾਸੜ। ਏਹਦੇ ਵਾਂਗੂ ਸਭ ਕੁਛ ਝੁਲਸਦੈ। ਮੰਦੇ-ਚੰਗੇ ਥਾਂਉਂ ਜਾਣੋਂ ਵੀ ਨ੍ਹੀਂ ਝਿਜਕਦਾ। ਘਰ ਆ ਕੇ ਥੋਡੀ ਮਾਸੀ ਨੂੰ ਧੈਂਅ-ਧੈਂਅ ਕੁੱਟ ਸਿੱਟਦੈ। ਅਖੇ, ਆਪਣੇ ਭਾਈਆਂ ਤੋਂ ਹਿੱਸਾ ਲੈ ਕੇ ਕਿਉਂ ਨਹੀਂ ਆਉਂਦੀ?" ਮਿੱਠੀ




ਨਾਨੀ ਨੇ ਆਵਾਜ਼ ਧੀਮੀ ਕਰਦਿਆਂ 'ਫੁਸ-ਫੁਸ' ਜਿਹੀ ਕੀਤੀ। ਫੇਰ ਪੁਰਾਣਾ ਤਵਾ ਧਰ ਦਿੱਤਾ।

"ਥੋਡਾ ਹਿੱਸਾ ਜੇ ਮਿਲ ਜਾਂਦਾ, ਤਾਂ ਮਾਸੜ ਕੇਵਲ ਸਿਹੁੰ ਨੇ ਹੋਰ ਵੱਧ ਅਯਾਸ਼ੀ ਕਰਨੀ ਸੀ।" ਦੀਪੇ ਤੋਂ ਸੁਭਾਅ ਅਨੁਸਾਰ ਆਖਿਆ ਗਿਆ।

ਨਾਨੀ ਪਹਿਲਾਂ ਤੋਂ ਉਸ ਨੂੰ ਮਾਮਿਆਂ ਦਾ ਖੈਰ-ਖੁਆਹ ਮੰਨਦੀ ਸੀ ਜਦੋਂ ਕਿ ਨਾਜਰ ਸਿੰਘ ਮਕਸੂਦੜਾ ਨੂੰ ਵੱਡਾ ਸੂਹੀਆ ਤੇ ਪੂਰਾ ਦਸ ਨੰਬਰੀਆਂ ਬਦਮਾਸ਼। ਜਾਸੂਸ। ਮਾਮਿਆਂ ਦਾ ਮੁਖਬਰ। ਸਿਰਫ ਮੈਂ ਹੀ ਉਸ ਦਾ ਹਮਾਇਤੀ ਸੀ ਜਿਹੜਾ ਮਿੱਠੀ ਦੇ ਹੱਕ ਵਿਚ ਭੁਗਤਦਾ ਕਈ ਵਾਰੀ ਬੁਰਾ ਪਿਆ ਸਾਂ।

"ਅਹਿ ਤੇਰੇ ਬਾਹਲੇ ਲਾਡਲੇ ਮਾਮੇ ਕਿਹੜੇ ਘੱਟ ਗੁਲਛਰਲੇ ਉਡਾਉਂਦੇ ਨੇ, ਬਹੁਤਿਆ ਹਮਾਇਤੀਆ? ਵਿਰਾਸਤ ਵਿਚ ਮਿਲੀ ਆਪਣੀ ਅਮਾਨਤ ਨੂੰ ਉਹ ਚਾਹੇ ਜੋ ਮਰਜ਼ੀ ਕਰਦਾ। ਏਨ੍ਹਾਂ ਦੇ ਸਾਹਮਣੇ ਫੂਕ ਦਿੰਦਾ। ਨਾਨੀ ਕੁੱਦ ਕੇ ਪੈ ਗਈ।

ਜੇ ਉਸ ਦੀ ਧੀ ਨੂੰ ਵੇਲੇ ਸਿਰ ਉਹਦਾ ਹੱਕ ਮਿਲ ਜਾਂਦਾ, ਉਮਰੋਂ ਪਹਿਲਾਂ ਬੁੱਢੀ ਨਾ ਹੁੰਦੀ। ਨਾ ਹੀ ਕੇਵਲ ਸਿੰਘ ਨਸ਼ਿਆਂ ਵਿਚ ਪੈ ਕੇ ਆਪਣੀ ਜ਼ਿੰਦਗੀ ਗਾਲਦਾ। ਮਿੱਠੀ ਦਾ ਤਰਕ ਸੀ।

"ਏਹ ਵੀ ਤੁਹਾਨੂੰ ਭੁਲੇਖਾ ਹੈ ਨਾਨੀ ਜੀ। ਸਭ ਬਹੁਤੀ-ਬਹੁਤੀ ਦੇ ਕਾਰੇ ਨੇ। ਜੇ ਕੋਲ ਮਾਇਆ ਆ ਜਾਂਦੀ ਐ, ਤਾਂ ਬੰਦੇ ਨੇ ਫਜ਼ੂਲ ਖਰਚ ਤਾਂ ਬਣਨਾ ਹੀ ਹੈ। ਬਚਪਨ ਵਿਚ ਗਰੀਬੀ ਹੰਢਾਉਂਦੇ ਰਹੇ ਜਵਾਕ, ਸਗੋਂ ਅਮੀਰੀ 'ਚ ਪਲਣ ਵਾਲਿਆਂ ਨਾਲੋਂ ਵੱਧ ਤਰੱਕੀ ਕਰਦੇ। ਬਹੁਤੇ ਮਿਹਨਤੀ ਹੁੰਦੇ।" ਗੁਰਦੀਪ ਦੀ ਤੁਰਸ਼-ਮਿਜ਼ਾਜ ਘਰਵਾਲੀ ਨੇ ਦਲੀਲ ਦਿੱਤੀ।

ਪਰ ਸਾਡੀ ਭਰਜਾਈ ਦੀ ਇਹ ਰਾਇ ਵੀ ਨਾਨੀ ਨੂੰ ਕਾਇਲ ਨਾ ਕਰ ਸਕੀ।

"ਸਾਰੀ ਉਮਰ ਨੰਗ-ਭੁੱਖ ਨਾਲ ਝਗੜਦਾ ਰਿਹਾ ਕਾਲੂ ਬਾਹਮਣ ਅਤੇ ਉਹਦਾ ਮੁੰਡਾ ਰਮੇਸ਼ ਸਗੋਂ ਹੋਰ ਕੰਗਾਲ ਬਣ ਕੇ ਰਹਿ ਗਏ ਸਨ। ਉਨ੍ਹਾਂ ਦੇ ਕਿਹੜੇ ਝੰਡੇ ਝੂਲਦੇ? ਯੂਸਫ਼ ਗੁੱਜਰ ਉਥੇ ਦਾ ਉਥੇ ਸੀ। ਉਹਦੀ ਘਰ ਵਾਲੀ ਜੁਲੈਖਾਂ ਜੱਟਾਂ ਜ਼ਿਮੀਂਦਾਰਾਂ ਦੀਆਂ ਬੁੱਤੀਆਂ ਵਗਾਰਾਂ ਕਰਦੀ, ਟੱਬਰ ਪਾਲਦੀ।"

ਸਾਡੀ ਪੜ੍ਹੀ-ਲਿਖੀ ਭਰਜਾਈ ਕੋਲ ਮਿੱਠੀ ਨਾਨੀ ਦੇ ਅਜਿਹੇ ਪ੍ਰਸ਼ਨਾਂ ਦਾ ਕੋਈ ਉਤਰ ਨਹੀਂ ਸੀ। ਗੁਰਦੀਪ ਦੀਪਾ ਤਾਂ ਮੁਸਕੜੀਆਂ ਹੱਸਦਾ ਪਰੇ ਖਿਸਕ ਗਿਆ।

"ਤੁਸੀਂ ਹੁਣ ਰੱਬ-ਰੱਬ ਕਰਿਆ ਕਰੋ ਨਾਨੀ ਜੀ। ਆਪਣਾ ਖੂਨ ਫੂਕਣ ਦਾ ਭਲਾ ਕੋਈ ਫਾਇਦੈ?" ਸਾਹਮਣੇ ਖੜੋਤੇ ਮਾਮਾ ਬਚਿੱਤਰ ਸਿੰਘ ਵੱਲ ਦੇਖਦਿਆਂ ਮੈਂ ਮਿੱਠੀ ਨੂੰ ਧੀਰਜ ਦੇਣਾ ਚਾਹਿਆ। ਅਜਿਹੇ ਮੌਕੇ ਨਾਨੀ ਦਾ ਹੁੰਗਾਰਾ ਭਰ ਕੇ ਮੈਂ ਮਾਮਿਆਂ ਨਾਲੋਂ ਮੂਲੋਂ ਟੁੱਟਣਾ ਨਹੀਂ ਸੀ ਚਾਹੁੰਦਾ।

"ਫੈਦੇ-ਕੁਫੈਦੇ ਦਾ ਮੈਨੂੰ ਨ੍ਹੀਂ ਪਤਾ। ਮੈਨੂੰ ਭੱਠੀ ਵਿਚ ਤਪਾਉਣ ਵਾਲਿਓ! ਥੋਨੂੰ ਮਰ ਕੇ ਵੀ ਟੇਕ ਨਾ ਆਵੇ।" ਨਾਨੀ ਭੜਕ ਗਈ।

ਸਾਡੀ ਦੋਹਾਂ ਮਸੇਰਾਂ ਦੀ ਹਾਲਤ ਇੰਜ ਬੜੀ ਕਸੂਤੀ ਹੋ ਜਾਂਦੀ ਜਦੋਂ ਨਾਨਕੇ ਪਿੰਡ ਮਿਲਣ ਆਇਆਂ ਨੂੰ ਅਮਰੋ ਨਾਨੀ ਕੌੜੇ ਸਲੋਕ ਸੁਣਾਉਣ ਲੱਗ ਪੈਂਦੀ, ਪਰ ਦੋਵੇਂ ਮਾਮੇ ਮਚਲੇ ਹੋਏ ਸੁਣੀ ਜਾਂਦੇ, ਜਿਵੇਂ ਹੱਥ-ਪੈਰ ਜਕੜ ਕੇ ਸੁੱਟੇ ਕਿਸੇ ਮੁਲਜ਼ਮ ਨੂੰ ਗੰਦੀਆਂ ਗਾਲ੍ਹਾਂ ਕੱਢਦਾ ਦੇਖ ਕੇ ਤਫਤੀਸ਼ੀ ਪੁਲਸੀਏ ਮੁਸਕਰਾਈ ਜਾਂਦੇ ਹੋਣ।

ਨਾਨਾ ਬਚਨ ਸਿੰਘ ਵੀ ਮਾਊਂ ਬਣਿਆ ਜਿਵੇਂ ਕੰਨਾਂ ਵਿਚ ਰੂੰਈਂ ਤੁੰਨ ਲੈਂਦਾ। ਅੱਜ ਮੈਨੂੰ ਬੈਠਾ ਦੇਖ ਕੇ ਉਹ ਆਪੇ ਆ ਫਸਿਆ ਤਾਂ ਮਿੱਠੀ ਦੀਆਂ ਖਾ ਜਾਣ ਵਾਲੀਆਂ ਨਜ਼ਰਾਂ ਉਸ ਵੱਲ ਸੇਧੀਆਂ ਗਈਆਂ।

"ਸਾਰੀ ਇੱਲਤ ਦੀ ਜੜ੍ਹ ਆਹ ਤੇਰਾ ਨਿਹੰਗੜਾ ਨਾਨਾ ਹੈਗ੍ਹਾ। ਏਹਦੀ ਅਰਥੀ ਕੰਨੀਂ ਜੇ ਮੈਂ ਥੁੱਕ ਵੀ ਗਈ, ਤਾਂ ਝਾਟਾ ਫੂਕ ਦੇਈਂ ਮੇਰਾ... ਏਸ ਦਾ ਮਰੇ ਦਾ ਮੂੰਹ ਦੇਖਣਾ ਤਾਂ ਦੂਰ ਰਿਹਾ।" ਉਹ ਬਚਨ ਸਿੰਘ ਦੇ ਪਿਛੇ ਪੈ ਗਈ।

"ਜੇ ਨਹੀਂ ਥੁੱਕੇਂਗੀ, ਚੰਗਾ ਹੀ ਹੋਊ। ਦੇਹ ਪਲੀਤ ਨਹੀਂ ਹੋਊਗੀ ਮੇਰੀ। ਤੇਰੇ ਦੇਖਿਆਂ ਕਿਹੜਾ ਮੈਂ ਉਠ ਕੇ ਬਹਿ ਜਾਣਾ, ਸਗੋਂ ਨਾ ਦੇਖੇਂ ਤਾਂ ਮੇਰੀ ਰੂਹ ਨੂੰ ਜਾਂਦੀ ਬਾਰ ਦੀ ਸ਼ਾਂਤੀ ਤਾਂ ਨਸੀਬ ਹੋ ਜੂ। ਸਾਰੀ ਉਮਰ ਤੈਂ ਟਿਕਣ ਨਹੀਂ ਦਿੱਤਾ।" ਛੋਟਾ ਨਾਨਾ ਟਿੱਚਰਾਂ ਕਰਨ ਲੱਗਿਆ। ਉਸ ਦੇ ਦੱਸਣ ਅਨੁਸਾਰ, ਉਹਦੇ ਭੌਰ ਨੇ ਤਾਂ ਪੰਜ ਭੌਤਿਕ ਕਲਬੂਤ ਦਾ ਖਹਿੜਾ ਛੱਡਦੇ ਸਾਰ, ਆਪਣੇ ਵੱਡੇ ਬਾਈ ਦੇ ਪਿੱਛੇ ਸਿੱਧਾ ਮਥਰਾ-ਬਿੰਦਰਾਵਣ ਜਾ ਉਤਰਨਾ ਸੀ। ਇੱਥੇ ਰਹੀ ਲੋਥ ਉਪਰ ਕੋਈ ਭਾਵੇਂ ਥੁੱਕੀ ਜਾਵੇ ਜਾਂ ਅਤਰ ਫੁਲੇਲ ਛਿੜਕਦਾ ਫਿਰੇ।

"ਮਖਿਆ, ਛਿੜਕੂੰਗੀ ਮੈਂ ਇਤਰ ਫੁਲੇਲਾਂ। ਤੂੰ ਅਤਰ-ਸੁਗੰਧੀਆਂ ਦਾ ਭਾਗੀ ਬਣਿਆ ਕਿੱਦਣ ਹੈਂ?" ਮਿੱਠੀ ਨਾਨੀ ਲਗਾਤਾਰ ਜ਼ਹਿਰ ਦੇ ਫਰਾਟੇ ਮਾਰ ਰਹੀ ਸੀ।

---

## ਢਾਹਾਂ ਸਨਮਾਨ ਪੰਜਾਬੀ ਗਲਪ ਲਈ ਇਤਿਹਾਸਕ ਦੇਣ

*(ਪਿਛਲੇ ਸਫੇ ਦੀ ਬਾਕੀ)*

ਐਲਾਨ ਤੋਂ ਪੰਜਾਬੀ ਪਾਠਕ ਅਤੇ ਸਾਹਿਤ ਵਿਚ ਦਿਲਚਸਪੀ ਰੱਖਣ ਵਾਲੇ ਲੋਕ ਖੁਸ਼ ਹੋਣੇ ਚਾਹੀਦੇ ਹਨ। ਸ਼ਾਇਦ ਇਸ ਇਨਾਮ ਨਾਲ ਪੰਜਾਬੀ ਗਲਪ ਵਿਚ ਹੋਰ ਸੰਜੀਦਾ ਅਤੇ ਮਿਆਰੀ ਕਿਸਮ ਦੀਆਂ ਰਚਨਾਵਾਂ ਹੋਣੀਆਂ ਸ਼ੁਰੂ ਹੋ ਜਾਣਗੀਆਂ; ਖ਼ਾਸ ਕਰ ਕੇ ਪੱਛਮੀ ਪੰਜਾਬ ਦੇ ਗਲਪਕਾਰਾਂ ਲਈ ਤਾਂ ਇਹ ਇਨਾਮ ਵਧੇਰੇ ਅਹਿਮੀਅਤ ਰੱਖਦਾ ਹੈ। ਇਸ ਇਨਾਮ ਨਾਲ ਸ਼ਾਹਮੁਖੀ ਦੀ ਕਾਫ਼ੀ ਸਾਰੀ ਗਲਪ ਰਚਨਾ ਨੂੰ ਗੁਰਮੁਖੀ ਵਿਚ ਲਿਪੀਅੰਤਰ ਕਰਨ ਦੀ ਰਵਾਇਤ ਨੂੰ ਵੀ ਹੁੰਗਾਰਾ ਮਿਲੇਗਾ। ਸ਼ਾਇਦ ਇਸ ਸਨਮਾਨ ਨਾਲ ਪੰਜਾਬੀ ਦੇ ਇਨਾਮਾਂ ਦੇ 'ਮਿਹਨਤਕਸ਼' ਅਤੇ 'ਤਲਬਗਾਰ' ਲੇਖਕਾਂ ਨੂੰ ਆਪਣੇ ਅਤੇ ਆਪਣੀ ਕਾਰਜ-ਸ਼ੈਲੀ ਬਾਰੇ ਫਿਰ ਤੋਂ ਵਿਚਾਰ ਕਰਨਾ ਪਵੇ। ਕੁਝ ਵੀ ਹੋਵੇ, ਫਿਲਹਾਲ ਇਸ ਇਨਾਮ ਲਈ ਇਨਾਮ ਦੇਣ ਵਾਲੀ ਸੰਸਥਾ, ਪੁਸਤਕਾਂ ਦੇ ਲੇਖਕ ਅਤੇ ਪ੍ਰਕਾਸ਼ਕ- ਤਿੰਨੇ ਧਿਰਾਂ ਹੀ ਵਧਾਈ ਦੀਆਂ ਹੱਕਦਾਰ ਹਨ।

## ਕਾਵਿ-ਕਿਆਰੀ

### ਉਤਸ਼ਾਹ

ਮੈਂ ਢਲਦੇ ਸੂਰਜ ਦੀ
ਲਾਲੀ 'ਚੋਂ ਰੰਗ ਫੜ੍ਹ ਲੈਂਦੀ ਹਾਂ
ਸੱਜਰੀ ਸਵੇਰ ਦੀ ਕੋਸੀ ਧੁੱਪ
ਉਸ ਵਿਚ ਜੜ ਲੈਂਦੀ ਹਾਂ
ਜੁਗਨੂੰ ਚੁਰਾ ਕੇ ਕੋਈ
ਪੂਰਨਮਾਸ਼ੀ ਦੀ ਰਾਤ ਦੀ
ਆਸ ਧਰ ਲੈਂਦੀ ਹਾਂ
ਤੇ ਇਸ ਤਰ੍ਹਾਂ ਜ਼ਿੰਦਗੀ ਨੂੰ
ਜਿਉਣ ਜੋਗੀ ਕਰ ਲੈਂਦੀ ਹਾਂ।

ਜ਼ਿੰਦਗੀ ਸਦਾ ਹੀ
ਜਿਉਣ ਦਾ ਨਾਂ ਹੁੰਦੀ ਏ
ਕਦੀ ਮਾਰੂਥਲ ਵਿਚ ਤਪਦੀ
ਕਦੀ ਬੋਹੜਾਂ ਦੀ ਛਾਂ ਹੁੰਦੀ ਏ
ਕਦੀ ਸੁੰਨਸਾਨ ਰਾਹਾਂ 'ਚ ਭਟਕਦੀ
ਕਦੀ ਕਾਰਵਾਨ ਹੁੰਦੀ ਏ
ਕਦੀ ਸੜਦੀ ਪਾਪਾਂ ਦੀ ਭੱਠੀ ਵਿਚ
ਕਦੀ ਬੇਗੁਨਾਹ ਹੁੰਦੀ ਏ
ਕਦੀ ਨਫਰਤ ਦੇ ਪੂਲੇ ਬਾਲਦੀ
ਕਦੀ ਮਿਹਰਬਾਨ ਹੁੰਦੀ ਏ।

ਮੈਂ ਜ਼ਿੰਦਗੀ ਦੇ ਸਮੁੰਦਰ 'ਚੋਂ
ਕਈ ਰੰਗਾਂ ਦੇ ਮੋਤੀ ਚੁਣੇ ਨੇ
ਦਰੀਆਂ ਤੇ ਖੇਸਾਂ ਵਾਂਗ
ਪੀਡੇ ਖੁਆਬ ਬੁਣੇ ਨੇ
ਮੇਰੇ ਖੁਆਬ ਮੇਰੀ
ਉਮਰਾਂ ਤੋਂ ਲੰਮੇ ਨੇ
ਮੈਂ ਪ੍ਰਸੂਤ ਦੀਆਂ ਪੀੜਾਂ ਵਾਂਗ
ਰੋ ਰੋ ਕੇ ਜੰਮੇ ਨੇ
ਹਾਂ, ਮੇਰੇ ਸੁਪਨੇ ਮੇਰੇ ਹਮਸਾਏ ਨੇ
ਇਸ ਤਰ੍ਹਾਂ ਲੱਗਣ, ਅੰਮੜੀ ਜਾਏ ਨੇ।

*-ਦੇਵਿੰਦਰ ਕੌਰ ਗੁਰਾਇਆ*
*ਫੋਨ: 571-315-9543*

---

### ਰੱਬ ਨੇ ਘੜਿਆ ਜੱਗ ਨੂੰ

ਰੱਬ ਨੇ ਘੜਿਆ ਜੱਗ ਨੂੰ ਇਹ ਗੱਲ ਸੱਚੀ ਹੈ।
ਆਪਣੇ ਹੱਥਾਂ ਨਾਲ ਜਿਸ ਨੇ ਕੁਦਰਤ ਰਚੀ ਹੈ।

ਘਟ ਘਟ ਵਿਚ ਤੇਰਾ ਵਾਸਾ ਕਣ ਕਣ ਵਿਚ ਤੂੰ।
ਚਲਦਾ ਜਾਵੇ ਚੱਕਰ ਤੇਰਾ ਕੁਦਰਤ ਹੈ ਇਕ ਤੂੰ।
ਸਭ 'ਚ ਤੇਰੀ ਜੋਤ ਹੈ ਦਾਤਾ ਗੱਲ ਇਹ ਪੱਕੀ ਹੈ।
ਰੱਬ ਨੇ ਘੜਿਆ ਜੱਗ ਨੂੰ ਇਹ ਗੱਲ ਸੱਚੀ ਹੈ।

ਜਿਸ 'ਤੇ ਤੇਰੀ ਕਿਰਪਾ ਹੋ'ਜੇ ਉਹਦੇ ਵਾਰੇ ਨਿਆਰੇ।
ਜੋ ਕਰਦੇ ਨੇ ਤੇਰੀ ਭਗਤੀ, ਉਹ ਨੇ ਤੇਰੇ ਪਿਆਰੇ।
ਤੂੰ ਹੈਂ ਵੱਡਾ ਤੇਰੀ ਹਰ ਇਕ ਗੱਲ ਵੀ ਵੱਡੀ ਹੈ।
ਰੱਬ ਨੇ ਘੜਿਆ ਜੱਗ ਨੂੰ ਇਹ ਗੱਲ ਸੱਚੀ ਹੈ।

ਦਿਲ-ਮੰਦਰ 'ਚ ਤੈਨੂੰ ਰੱਖ ਕੇ ਜੋਤ ਤੇਰੀ ਜਗਾਵਾਂ।
ਮੈਨੂੰ ਦੇ ਵਰਦਾਨ ਦਾਤਾ ਇਕ ਤੇਰਾ ਨਾਮ ਧਿਆਵਾਂ।
ਤੇਰੀ ਕਿਰਪਾ ਨਾਲ ਮਨ-ਮੰਦਰ 'ਚ ਪ੍ਰੀਤ ਵੱਸੀ ਹੈ।
ਰੱਬ ਨੇ ਘੜਿਆ ਜੱਗ ਨੂੰ ਇਹ ਗੱਲ ਸੱਚੀ ਹੈ।

*-ਦਿਲਪ੍ਰੀਤ ਮਾਨ, ਕੈਲੀਫੋਰਨੀਆ*
*ਫੋਨ: 559-291-7116*

---

### ਚਾਂਦਨੀ ਚੌਕ

ਪੰਜਾਬ ਦੇ ਪੁੱਤ
ਚਾਂਦਨੀ ਚੌਕ ਗਏ
ਲੋਕਾਂ ਸਿਰੋਂ ਜ਼ਹਿਰੀ ਡੰਗ ਲਾਹੁਣ।

ਪੰਜਾਬ ਉਦੋਂ
ਖਬਰਾਂ 'ਚ ਸੀ
'ਹਿੰਦ ਦੀ ਚਾਦਰ' ਕਰਕੇ।

ਪੰਜਾਬ ਦੇ ਪੁੱਤ
ਚਾਂਦਨੀ ਚੌਕ ਗਏ ਨੇ
ਸਿਰਾਂ ਨੂੰ ਜ਼ਹਿਰੀ ਡੰਗ ਲੁਆਉਣ!

ਪੰਜਾਬ ਹੁਣ
ਖਬਰਾਂ 'ਚ ਹੈ
ਪੁਰਖਿਆਂ ਦੇ ਨਿਰਾਦਰ ਕਰਕੇ।

*-ਉਂਕਾਰਪ੍ਰੀਤ, ਕੈਨੇਡਾ*

---

### ਹਾਲ ਪੰਜਾਬ ਦਾ

ਲੈ ਸੁਣ ਲੈ ਹਾਲ ਪੰਜਾਬ ਦਾ,
ਉਥੇ ਵਧਦੇ ਜਾਣ ਗੁਨਾਹ।
ਇੱਜ਼ਤਾਂ ਲੁੱਟੀਆਂ ਜਾ ਰਹੀਆਂ,
ਨਹੀਂ ਰਾਜੇ ਨੂੰ ਪਰਵਾਹ।

ਕੁੱਖ 'ਚ ਧੀਆਂ ਮਾਰਦੇ,
ਮਾਪੇ-ਡਾਕਟਰ ਬੇਪਰਵਾਹ।
ਦਿਨ ਦੀਵੀਂ ਰਾਖਾ ਮਾਰਿਆ,
ਜੋ ਰਿਹਾ ਸੀ ਇੱਜ਼ਤ ਬਚਾ।

ਨਾਹਰਾ ਮਾਰਨ ਵਾਲੇ ਉਤੇ ਹੀ
ਗੋਲੀ ਚੱਲੇ ਅੰਨ੍ਹੇਵਾਹ।
ਕਿਸ ਨਾਕੇ ਕੋਲੋਂ ਲੰਘਣਾ,
ਸਾਰੇ ਹੀ ਨੇ ਮਾੜੇ ਰਾਹ।

ਉਥੇ ਲੱਚਰ ਗਾਇਕੀ ਵਾਲਿਆਂ,
ਦਿੱਤਾ ਗੰਦ ਫੈਲਾਅ।
ਉਨ੍ਹਾਂ ਕੁੜੀਆਂ ਬੇਪਤ ਕੀਤੀਆਂ,
ਦਿੱਤੇ ਕੱਪੜੇ ਲਾਹ।

ਰੁੜ੍ਹੀ ਜਵਾਨੀ ਵਿਚ ਨਸ਼ੇ,
ਰਿਹਾ ਦੇਸ ਕੁਰਲਾਅ।
ਨਿਰਮਲ ਜਲ ਦਰਿਆ ਦਾ
ਹੰਝੂ ਰਿਹਾ ਵਹਾਅ।

ਉਥੇ ਵਿਹਲੜ ਮੁੰਡੇ ਘੁੰਮਦੇ,
ਵਿਦੇਸ਼ੀ ਲੈਣ ਪਨਾਹ।
ਡਰਾਈਵਰ-ਵੇਟਰ ਬਣ ਕੇ ਹੀ
ਉਹ ਖੁਸ਼ੀ ਰਹੇ ਮਨਾ।

ਆਮ ਆਦਮੀ ਫੇਲ੍ਹ ਹੋ ਕੇ,
ਵੇਖਦੈ ਵੱਲ ਖੁਦਾ।
ਉਤਰ ਕਾਟੋ ਮੇਰੀ ਵਾਰੀ,
ਨੇਤਾ ਖੇਡਣ ਦਾਅ।
ਇਨ੍ਹਾਂ ਕੋਲੋ 'ਗਿੱਲਾ'
ਹੁਣ ਹੋਊ ਕਿਵੇਂ ਬਚਾਅ।

*-ਜੁਗਰਾਜ ਗਿੱਲ, ਸ਼ਾਰਲਟ*
*ਫੋਨ: 704-257-6693*

---

### ਗਜ਼ਲ

ਬੇਖਬਰੀਆਂ ਦਾ ਕਰਦੇ,
ਨਿੱਸਫਲ ਟੱਸ਼ਨ ਕਿਉਂ ਹੋ।
ਉਤਰ ਤੇ ਜਾਣਦੇ ਓ,
ਕਰਦੇ ਪ੍ਰਸ਼ਨ ਕਿਉਂ ਹੋ।

ਆਖਰ ਦਿਲ ਤੇ ਦਿਲ ਹੈ,
ਸੜ ਬਲ ਨਾ ਜਾਏ ਕੀਕਰ,
ਨਿੱਕਲਦੇ ਸਾਰਿਆਂ ਦਾ
ਬਣ ਬਣ ਕੇ ਚੰਨ ਕਿਉਂ ਹੋ।

ਹੈ ਸਫਰ ਜ਼ਿੰਦਗੀ ਦਾ,
ਤੁਰੀਏ ਮਟਕ ਮਟਕ ਕੇ,
ਟੈਂਟਾ ਨਬੇੜਨੇ ਵਿਚ,
ਏਨੇ ਵੀ ਮਗਨ ਕਿਉਂ ਹੋ।

ਮਨਸਾ ਜੇ ਹੈ ਕਿ ਜਾਵਣ,
ਉਤਰ 'ਸਗਲ ਵਿਸੂਰੇ',
ਪਾਪਾਂ ਦੇ ਨੀਂਗਰਾਂ ਨੂੰ,
ਲਾਉਂਦੇ ਸ਼ਗਨ ਕਿਉਂ ਹੋ।

ਸੁੰਦਰਵ ਆਪਣੇ ਦਾ,
ਕਰਨਾ ਹੈ ਜੇ ਪਰੀਖਣ,
ਅੰਦਰ ਨੂੰ ਝਾਤ ਮਾਰੋ,
ਤਕਦੇ ਦਰਪਨ ਕਿਉਂ ਹੋ।

ਦਿਲ ਹੋ ਗਿਆ ਹੈ ਟੋਟੇ,
ਫਰਿਆਦ ਖੇਰੂੰ ਖੇਰੂੰ,
ਹਰ ਵਾਰ ਕਰਕੇ ਜਾਂਦੇ,
ਇਹ ਤੋੜ ਭੰਨ ਕਿਉਂ ਹੋ।

'ਕੁਲਬੀਰ' ਦੀ ਕਹੀ ਵਿਚ,
ਜੇ ਬਾਤ ਹੀ ਨਹੀਂ ਹੈ,
ਪੜ੍ਹ ਪੜ੍ਹ ਕੇ ਗੁਣ ਗੁਣਾਂਦੇ,
ਉਹਦੇ ਸੁਖਨ ਕਿਉਂ ਹੋ।

*-ਕੁਲਬੀਰ ਪੱਡਾ*

# ਮਾਂਵਾਂ ਹੁੰਦੀਆਂ ਰੱਬ ਦਾ ਰੂਪ

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਫੱਗਣ ਮਹੀਨੇ ਦੇ ਅੱਧ ਵਿਚ ਦਿਨ, ਕਪਾਹ ਦੀ ਫੁੱਟੀ ਵਾਂਗ ਖਿੜਨ ਲੱਗਦੇ ਹਨ। ਜਾਨਵਰ, ਪਸ਼ੂ, ਪੰਛੀ, ਠੰਢ ਦੀ ਸਜ਼ਾ ਕੱਟ ਕੇ ਤਰੋ-ਤਾਜ਼ਾ ਵੀ ਇਨ੍ਹਾਂ ਦਿਨਾਂ ਵਿਚ ਹੀ ਹੁੰਦੇ ਹਨ। ਕਿਸਾਨ ਵੀ ਕਣਕ ਦੇ ਹਰਿਆਲੇ ਸਿੱਟੇ ਦੇਖ ਕੇ ਹੱਥ ਮੁੱਛ 'ਤੇ ਲੈ ਜਾਂਦਾ ਹੈ। ਭਰਿਆ ਖੇਤ ਦੇਖ ਕੇ ਘਰਾਂ ਵਿਚ ਅਨਾਜ ਰੱਖਣ ਲਈ ਥਾਂ ਬਣਾਉਣੀ ਇਨ੍ਹਾਂ ਦਿਨਾਂ ਦੇ ਹਿੱਸੇ ਹੀ ਆਈ ਹੈ। ਵਿਆਹ-ਸ਼ਾਦੀਆਂ ਦੀਆਂ ਸ਼ਹਿਨਾਈਆਂ ਇਨ੍ਹਾਂ ਦਿਨਾਂ ਵਿਚ ਹੀ ਜ਼ਿਆਦਾ ਵੱਜਦੀਆਂ ਹਨ। ਕਿਸਾਨ ਆਪਣਾ ਸਾਰਾ ਕੁਝ ਖੇਤ ਵਿਚ ਖਿਲਾਰ ਚੁੱਕਿਆ ਹੁੰਦਾ ਹੈ ਤੇ ਰੱਬ ਅੱਗੇ ਹੱਥ ਜੁੜੇ ਰਹਿੰਦੇ ਹਨ- 'ਦੇਖੀਂ ਦਾਤਿਆ! ਗਰੀਬ ਮਾਰ ਨਾ ਕਰ ਦੇਈਂ। ਚਾਰ ਮਣ ਦਾਣੇ ਇਕੱਠੇ ਕਰ ਲੈਣ ਦੇ।'

ਇਨ੍ਹਾਂ ਦਿਨਾਂ ਦੀ ਇਕ ਯਾਦ ਅੱਖਾਂ ਅੱਗੇ ਘੁੰਮ ਗਈ ਹੈ...

"ਕੁੜੇ ਘਰੇ ਹੀ ਹੋ? ਅੰਦਰ ਲੰਘ ਆਵਾਂ? ਜਗੀਰੋ ਤਾਈ ਨੇ ਬੂਹਾ ਟੱਪਦਿਆਂ ਪੁੱਛਿਆ।

"ਆ ਜਾ ਭੈਣ ਜੀ! ਘਰ ਹੀ ਆਂ। ਹੋਰ ਆਪਾਂ ਕਿਹੜਾ ਮੇਲੇ ਜਾਣਾ।" ਬੀਬੀ ਨੇ ਹੱਸਦਿਆਂ ਉਤਰ ਦਿੱਤਾ।

"ਬਹੂ ਨੇ ਖੇਤੋਂ ਸਾਗ ਤੋੜ ਕੇ ਲਿਆਂਦਾ ਸੀ। ਜਦੋਂ ਦੇਖਿਆ ਤਾਂ ਅੱਲ੍ਹਣ ਪਾਉਣ ਲਈ ਮੱਕੀ ਦਾ ਆਟਾ ਹੈ ਨਹੀਂ ਸੀ। ਮੈਂ ਕਿਹਾ, ਤੇਰੀ ਚਾਚੀ ਤੋਂ ਲਿਆ ਕੇ ਦਿੰਨੀ ਆਂ।" ਜਗੀਰੋ ਤਾਈ ਨੇ ਪੀੜ੍ਹੀ 'ਤੇ ਬਹਿੰਦਿਆਂ ਕਿਹਾ।

"ਅੱਜ ਕੱਲ੍ਹ ਤਾਂ ਭੈਣੇ ਸਰੋਂ ਪੱਕ ਜੋ ਜਾਂਦੀ ਆ, ਕਣਕ ਦੀਆਂ ਔਲੀਆਂ ਵਿਚ ਭਲਾ ਕਿਤੇ ਗੰਦਲ ਜੁੜ ਜਾਵੇ... ਜਾਂ ਕਿਸੇ ਦੀ ਪਛੇਤੀ ਸਰੋਂ ਬੀਜੀ ਹੋਵੇ, ਤਾਂ ਸਾਗ ਤੋੜ ਹੁੰਦਾ।" ਬੀਬੀ ਨੇ ਕਿਹਾ।

"ਭੈਣ ਜੀ! ਚਾਹ ਬਣਾਵਾਂ, ਕਿ ਲੱਸੀ ਵਿਚ ਲੂਣ ਪਾ ਕੇ ਦੇਵਾਂ।" ਤਾਈ ਦੇ ਬੋਲਣ ਤੋਂ ਪਹਿਲਾਂ ਹੀ ਬੀਬੀ ਨੇ ਪੁੱਛ ਲਿਆ।

"ਨਹੀਂ ਭੈਣ ਜੀ, ਮੈਂ ਤਾਂ ਖੜ੍ਹੀ-ਖੜ੍ਹੀ ਨੇ ਈ ਮੁੜ ਜਾਣਾ।" ਤਾਈ ਨੇ ਬੈਠਿਆਂ-ਬੈਠਿਆਂ ਕਿਹਾ।

ਲੱਸੀ ਦੇ ਗਲਾਸ ਵਿਚ ਲੂਣ ਪਾ ਕੇ ਬੀਬੀ ਨੇ ਤਾਈ ਨੂੰ ਫੜਾ ਦਿੱਤਾ, ਤੇ ਮੈਨੂੰ ਹਾਕ ਮਾਰੀ, "ਵੇ ਤੈਂ ਵੀ ਪੀਣੀ ਆ ਲੱਸੀ ਵੱਡਿਆ ਕਿਰਸਾਨਾ?" ਮੈਂ ਥੋੜ੍ਹੀ ਜਿਹੀ ਦੂਰੀ 'ਤੇ ਦਾਤੀਆਂ ਦਾ ਢੇਰ ਲਾਈ ਬੈਠਾ ਸੀ। ਉਨ੍ਹਾਂ ਵਿਚੋਂ ਚੰਗੀਆਂ ਦਾਤੀਆਂ ਛਾਂਟ ਕੇ ਵਾਢੀ ਦੀ ਤਿਆਰੀ ਲਈ ਤਿਆਰ ਹੋ ਰਿਹਾ ਸੀ।

"ਨਹੀਂ ਮੈਂ ਨਹੀਂ ਪੀਣੀ ਲੱਸੀ।" ਮੈਂ ਅੱਖਾਂ ਦਾਤੀਆਂ ਦੇ ਦੰਦਿਆਂ ਉਤੇ ਗੱਡ ਲਈਆਂ, ਤੇ ਕੰਨ ਮਾਈਆਂ ਵੱਲ ਸਿੱਧੇ ਕਰ ਲਏ। ਮੈਂ ਸੋਚਿਆ... ਦੇਖਦੇ ਆਂ ਮਾਈਆਂ ਦੀ ਇਹ ਪੀੜ੍ਹੀ ਕਿੱਦਾਂ ਦੀ ਚੂੰਝ-ਚਰਚਾ ਕਰਦੀ ਹੈ।

"ਭੈਣ ਜੀ! ਦੇਖ ਲੈ ਕੀ ਜ਼ਮਾਨਾ ਆ ਗਿਆ। ਜੰਮਣ ਤੋਂ ਪਹਿਲਾਂ ਹੀ ਗੱਲ ਘੁੱਟਣ ਲੱਗ ਪਏ। ਪਾਸ਼ੋ ਨੇ ਆਪਣੀ ਨੂੰਹ ਦਾ ਫਿਰ ਪੇਟ ਸਾਫ਼ ਕਰਾ'ਤਾ। ਡਾਕਟਰ ਦੇ ਲੈ ਕੇ ਗਈ ਸੀ, ਕਹਿੰਦੇ ਕੁੱਖ ਵਿਚ ਪੱਥਰ ਐ। ਬੱਸ ਫ਼ਿਰ ਕੀ ਸੀ, ਪਾਸ਼ੋ ਨੇ ਪੈਸੇ ਦੇ ਕੇ ਉਸੇ ਵਕਤ ਕੱਢਵਾ ਦਿੱਤਾ।" ਤਾਈ ਨੇ ਲੱਸੀ ਦਾ ਗਲਾਸ ਚੁੱਕਦਿਆਂ ਕਿਹਾ।

ਮੇਰੇ ਕੰਨਾਂ ਨੇ ਸੁਣਿਆ, ਤਾਂ ਅੱਖਾਂ ਤਾਈ ਵੱਲ ਘੁੰਮ ਗਈਆਂ। ਮੈਂ ਹੈਰਾਨ ਕਿ ਪੇਟ ਵਿਚ ਪੱਥਰੀ ਤਾਂ ਕਈ ਵਾਰ ਸੁਣੀ ਸੀ, ਆਹ ਪੱਥਰ ਪਹਿਲੀ ਵਾਰ ਸੁਣਿਆ ਹੈ। ਕੰਨ ਅਤੇ ਅੱਖਾਂ ਮਾਈਆਂ ਵੱਲ ਹੋਣ ਕਰ ਕੇ, ਦਾਤੀ ਦੇ ਦੰਦੇ ਨੇ ਉਂਗਲੀ 'ਤੇ ਹਲਕਾ ਜਿਹਾ ਚੀਰ ਪਾ ਦਿੱਤਾ।

"ਵਾਹਿਗੁਰੂ, ਵਾਹਿਗੁਰੂ ਭੈਣ ਜੀ! ਐਨਾ ਵੱਡਾ ਪਾਪ। ਧੀ ਨੂੰ ਜੰਮਣ ਤੋਂ ਪਹਿਲਾਂ ਹੀ ਵੱਢ ਸੁੱਟਿਆ!" ਬੀਬੀ ਨੇ ਹੈਰਾਨ ਹੁੰਦਿਆਂ ਆਪਣਾ ਸਾਹ ਹੀ ਉਤਾਂਹ ਚਾੜ੍ਹ ਲਿਆ।

ਮੇਰੇ ਕੰਨਾਂ ਨੇ ਸੁਣਿਆ ਤੇ ਸਮਝ ਲਿਆ, ਕਿ ਇਥੇ ਪਿੱਤੇ ਵਾਲੀ ਪੱਥਰੀ ਜਾਂ ਪੱਥਰ ਦੀ ਗੱਲ ਨਹੀਂ ਹੋ ਰਹੀ, ਸਗੋਂ ਅਣਜੰਮੀ ਧੀ ਦੇ ਕਤਲ ਦੀ ਗੱਲ ਹੋ ਰਹੀ ਹੈ। ਮੈਂ ਦਾਤੀਆਂ ਵੱਲੋਂ ਧਿਆਨ ਹਟਾ ਕੇ ਮਾਈਆਂ ਵੱਲ ਲਗਾ ਲਿਆ। ਉਨ੍ਹਾਂ ਨੂੰ ਕੋਈ ਪਤਾ ਨਹੀਂ ਸੀ ਕਿ ਮੁੰਡਾ ਉਨ੍ਹਾਂ ਦੀਆਂ ਗੱਲਾਂ ਸੁਣਦਾ ਹੈ।

"ਭੈਣ ਜੀ! ਮੈਂ ਤਾਂ ਸੁਣਿਆ, ਪਾਸ਼ੋ ਦੀ ਨੂੰਹ ਦੇ ਕੋਈ ਭਰਾ ਵੀ ਨਹੀਂ। ਚਾਰ ਭੈਣਾਂ ਹੀ ਆ। ਰੱਬ ਸਭ ਨੂੰ ਪੁੱਤ ਦੇ ਦੇਵੇ ਤਾਂ ਕੋਈ ਡਾਕਟਰਾਂ ਅੱਗੇ ਢਿੱਡ ਨਾ ਨੰਗਾ ਕਰੇ।" ਬੀਬੀ ਨੇ ਲਸਣ ਦੀ ਗੱਠੀ ਦੋਵਾਂ ਹੱਥਾਂ ਵਿਚ ਘੁੱਟਦਿਆਂ ਕਿਹਾ।

"ਭੈਣ ਜੀ! ਹੁਣ ਪਾਸ਼ੋ ਵੀ ਕੀ ਕਰੇ... ਪਹਿਲਾਂ ਆਪਣੀਆਂ ਤਿੰਨ ਧੀਆਂ ਮਸਾਂ ਤੋਰੀਆਂ। ਚੌਥਾ ਪੁੱਤ ਵਿਆਹਿਆ ਤਾਂ ਅੱਗਿਉਂ ਦੋ ਪੋਤੀਆਂ ਹੋ ਗਈਆਂ। ਆਹ ਤੀਜੀ ਫਿਰ ਹੋ ਗਈ ਸੀ। ਮੈਂ ਤਾਂ ਕਹਿਨੀ ਆਂ ਪਾਸ਼ੋ ਦਾ ਕਸੂਰ ਨਹੀਂ, ਰੱਬ ਦਾ ਕਸੂਰ ਐ ਜਿਹੜਾ ਕਾਣੀ ਵੰਡ ਕਰਦੈ। ਪਾਸ਼ੋ ਦੀ ਜੇਠਾਣੀ ਦੇ ਚਾਰ ਪੁੱਤਰ ਨੇ, ਤੇ ਧੀ ਇਕ ਵੀ ਨਹੀਂ। ਤੇ ਉਹ ਚਾਰੇ ਜਣੇ ਤਿੰਨ ਕਿੱਲਿਆਂ ਪਿਛੇ ਲੜੀ ਜਾਂਦੇ ਨੇ। ਰੱਬ ਚੰਗਾ ਹੁੰਦਾ ਤਾਂ ਦੋ-ਦੋ ਪੁੱਤ ਦੋਹਾਂ ਜਣੀਆਂ ਨੂੰ ਦੇ ਦਿੰਦਾ।" ਤਾਈ ਨੇ ਖਾਲੀ ਗਲਾਸ ਥੱਲੇ ਰੱਖਦਿਆਂ ਚੁੰਨੀ ਦੇ ਲੜ ਨਾਲ ਮੂੰਹ ਪੂੰਝਦਿਆਂ ਕਿਹਾ।

"ਆਹ ਜਦੋਂ ਦੀ ਕਰਤਾਰੀ ਦੀ ਧੀ ਦਾਜ ਦੀ ਬਲੀ ਚੜ੍ਹੀ ਐ, ਉਦੋਂ ਤੋਂ ਬਾਹਲਾ ਡਰ ਲੱਗਦਾ ਕੁੜੀਆਂ ਜੰਮਣ ਤੋਂ।" ਤਾਈ ਨੇ ਕਿਹਾ।

"ਨੀ ਭੈਣ ਜੀ! ਤੂੰ ਕਿਥੇ ਵਿਚਾਰੀ ਗਊ ਨੂੰ ਯਾਦ ਕਰਾ'ਤਾ। ਬੁੱਚੜਾਂ ਨੇ ਅੱਗ ਲਾ ਕੇ ਮਚਾ ਦਿੱਤੀ। ਨੀ ਸਾਡੇ ਦਰ ਅੱਗੇ ਦੀ ਲੰਘਦੀ ਹੁੰਦੀ ਸੀ... ਐਨੀ ਸੋਹਣੀ ਸੁਨੱਖੀ ਕੁੜੀ... ਘਰ ਦਾ ਸਾਰਾ ਕੰਮ ਕਰਨਾ, ਫਿਰ ਸਕੂਲ ਜਾਣਾ। ਮੁੜ ਕੇ ਆ ਕੇ ਫ਼ਿਰ ਘਰ ਦਾ ਸਾਰਾ ਧੰਦਾ ਕਰਨਾ। ਨੀ ਉਹ ਤਾਂ ਪੁੱਤਾਂ ਨਾਲੋਂ ਵੀ ਵਧ ਕੇ ਸੀ। ਉਹਨੂੰ ਤਾਂ ਦਾਜ ਦਾ ਦੈਂਤ ਨਿਗਲ ਗਿਆ।" ਬੀਬੀ ਨੇ ਅੱਖਾਂ ਵਿਚੋਂ ਅੱਥਰੂ ਵਹਾਉਂਦਿਆਂ ਗੱਲ ਮਸਾਂ ਸਿਰੇ ਲਾਈ।



"ਕੀ ਚੁਗਲੀਆਂ ਵੱਢੀ ਜਾਂਦੀਆਂ ਤੁਸੀਂ ਸਵੇਰੇ-ਸਵੇਰੇ।" ਦਿਆਲੋ ਮਾਈ ਨੇ ਅੰਦਰ ਵੜਦਿਆਂ ਹੀ ਪੁੱਛ ਲਿਆ।

"ਬੇਬੇ ਜੀ, ਪੈਰੀਂ ਪੈਂਦੀ ਆਂ।" ਦੋਵਾਂ ਨੇ ਵਾਰੋ-ਵਾਰੀ ਦਿਆਲੋ ਮਾਈ ਦੇ ਪੈਰਾਂ ਨੂੰ ਹੱਥ ਲਾਉਂਦਿਆਂ ਕਿਹਾ।

"ਜਿਉਂਦੀਆਂ ਰਹੋ... ਬੁੱਢ ਸੁਹਾਗਣਾਂ ਹੋਵੋ... ਭਾਈ ਜੀਣ, ਭਤੀਜੇ ਜੀਣ... ਖੁਸ਼ੀਆਂ ਮਾਣੋ।" ਦਿਆਲੋ ਮਾਈ ਨੇ ਅਸੀਸਾਂ ਦੀ ਝੜੀ ਲਾ ਦਿੱਤੀ।

"ਆ ਜਾ ਬੇਬੇ ਜੀ, ਬੈਠ ਜਾਹ।" ਬੀਬੀ ਨੇ ਕੰਧ ਨਾਲ ਖੜ੍ਹਾ ਮੰਜਾ ਡਾਹ ਲਿਆ।

"ਨੀ ਮੈਂ ਤਾਂ ਕੂੜਾ ਸੁੱਟਣ ਬਾਹਰ ਨਿਕਲੀ ਸੀ, ਜਾਗਰ ਅਮਲੀ ਕਰਦਾ ਜਾ ਰਿਹਾ ਸੀ... ਆਓ ਭਾਈ ਜੀਹਨੇ ਧੁਰ ਦੀ ਟਿਕਣ ਕਟਾਉਣੀ ਆ, ਸੇਮ 'ਤੇ ਜਹਾਜ਼ ਉਤਰਿਆ। ਮੈਂ ਕਿਹਾ- 'ਵੇ ਕਿਹੜਾ ਜਹਾਜ਼ ਉਤਰਿਆ?' ਕਹਿੰਦਾ- 'ਮਾਈ ਤੋਂ ਪੁੱਛ, ਬਕਲੀਆਂ ਲੈਣੀਆਂ ਨੇ ਤੂੰ, ਰੱਬ-ਰੱਬ ਕਰਿਆ ਕਰ'।" ਦਿਆਲੋ ਮਾਈ ਮੰਜੇ 'ਤੇ ਬੈਠਦੀ ਬੋਲੀ।

"ਬੇਬੇ ਜੀ! ਜਹਾਜ਼ ਤਾਂ ਡੋਡਿਆਂ ਵਾਲੇ ਭਾਈ ਨੂੰ ਕਹਿੰਦੇ ਆ ਜਾਗਰ ਹੁਰੀਂ ਆਪਣੀ ਬੋਲੀ ਵਿਚ। ਅਗਲਾ ਸਾਰੇ ਅਮਲੀਆਂ ਨੂੰ ਸੁਨੇਹਾ ਦੇ ਗਿਆ। ਹੁਣ ਦੇਖੀਂ ਕਿਵੇ ਸੇਖੂਪੁਰੇ ਵਾਲਾ ਰਾਹ ਭਰਿਆ ਜਾਂਦਾ। ਜਾਂਦੇ ਹੋਏ ਬੰਦਿਆਂ ਨੂੰ ਦੇਖ ਕੇ ਪਤਾ ਲੱਗ ਜਾਂਦਾ ਹੈ ਕਿ ਕਿਹੜਾ-ਕਿਹੜਾ ਅਮਲੀ ਤੇ ਭੁੱਕੀ ਖਾਂਦਾ।" ਤਾਈ ਨੇ ਕਿਹਾ।

"ਨੀ ਕੁੜੇ! ਤੈਨੂੰ ਕਿਵੇਂ ਪਤਾ?" ਮਾਈ ਦਿਆਲੋ ਨੇ ਹੈਰਾਨੀ ਨਾਲ ਪੁੱਛਿਆ।

"ਬੇਬੇ ਜੀ! ਪਿਛਲੇ ਅੱਸੂ ਅਸੀਂ ਸੇਮ ਵਾਲੇ ਖੇਤ ਨਰਮਾ ਚੁਗਦੀਆਂ ਸੀ। ਦੋ ਸਕੂਟਰਾਂ 'ਤੇ ਚਾਰ ਬੰਦੇ ਆਏ। ਵਿਚਾਲੇ ਉਨ੍ਹਾਂ ਦੇ ਬੋਰੀਆਂ ਰੱਖੀਆਂ ਹੋਈਆਂ। ਆਹ ਅਮਲੀਆਂ ਨੂੰ ਪਤਾ ਨਹੀਂ ਕਿਥੋਂ ਸੂਹ ਮਿਲੀ, ਸਾਰਿਆਂ ਨੇ ਜਾ ਉਨ੍ਹਾਂ ਅੱਗੇ ਝੋਲੀਆਂ ਅੱਡੀਆਂ। ਕਿਸੇ ਨੇ ਸੌ ਦੀ, ਕਿਸੇ ਨੇ ਚਾਰ ਸੌ ਦੀ ਭੁੱਕੀ ਪੁਆ ਲਈ। ਮਸਾਂ ਵੀਹ ਮਿੰਟ ਖੜ੍ਹੇ ਹੋਣਗੇ, ਦੋਵੇਂ ਭੋਰੀਆਂ ਖਾਲੀ ਕਰ ਕੇ ਅਹੁ ਗਏ ਅਹੁ ਗਏ। ਇਕੱਠ ਐਨਾ ਜਿੱਦਾਂ ਕੋਈ ਮੇਲਾ ਹੋਵੇ।" ਤਾਈ ਨੇ ਅੱਖੀਂ ਦੇਖੀ ਸੁਣਾਈ।

"ਨੀ ਜਗੀਰੋ, ਉਨ੍ਹਾਂ ਨੂੰ ਪੁਲਿਸ ਨਹੀਂ ਫੜਦੀ?" ਮਾਈ ਦਿਆਲੋ ਨੇ ਪੁੱਛਿਆ।

"ਬੇਬੇ ਜੀ! ਜਦੋਂ ਕੁੱਤੀ ਚੋਰਾਂ ਨਾਲ ਰਲ ਜਾਵੇ, ਫਿਰ ਕੁਝ ਨਹੀਂ ਹੁੰਦਾ। ਫਿਰ ਤਾਂ ਦਿਨ-ਦਿਹਾੜੇ ਈ ਕਾਲੀ ਰਾਤ ਪੈ ਜਾਂਦੀ ਆ।" ਤਾਈ ਨੇ ਜਵਾਬ ਦਿੱਤਾ।

"ਸੱਚ ਗੱਲ ਏ ਤੇਰੀ, ਇਥੇ ਮਾੜੇ ਲਈ ਕਾਇਦਾ-ਕਾਨੂੰਨ ਐ... ਤਕੜੇ ਲਈ ਨਹੀਂ। ਬਲੈਕੀਏ ਵੀ ਪੈਸਾ ਝੋਕ ਦਿੰਦੇ ਆ। ਤਾਂ ਹੀ ਤਾਂ ਪੁਲਿਸ ਨਹੀਂ ਆਉਂਦੀ।" ਬੀਬੀ ਵੀ ਆਪਣੀ ਸੁਣਾ ਗਈ।

"ਹੋਰ ਸੁਣਾ ਜਗੀਰੋ... ਐਤਕੀਂ ਨਰਮੇ ਨੇ ਝਾੜ ਵਧੀਆ ਦਿੱਤਾ ਕਿ ਨਹੀਂ?" ਮਾਈ ਦਿਆਲੋ ਨੇ ਗੱਲ ਪਲਟੀ।

"ਬੇਬੇ ਜੀ! ਕਿਥੇ ਵਧੀਆ ਝਾੜ ਦਿੱਤਾ। ਦੋ ਵਾਰੀਆਂ ਵੀ ਨਹੀਂ ਲੱਗੀਆਂ, ਸਾਰਾ ਟਿੰਡਾ ਝੜ ਗਿਆ। ਮਹਿੰਗੀਆਂ ਸਪਰੇਆਂ ਵੀ ਕੀਤੀਆਂ। ਸੁੰਡੀ ਤਾਂ ਰਾਤੋ-ਰਾਤ ਕਾਲੇ ਕੱਛਿਆਂ ਵਾਲਿਆਂ ਵਾਂਗ ਸਾਰੇ ਖੇਤ ਵਿਚ ਫਿਰ ਜਾਂਦੀ ਆ। ਸੱਚ ਜਾਣੀ ਬੇਬੇ ਜੀ! ਹੁਣ ਤਾਂ ਜ਼ਹਿਰ ਵੀ ਨਕਲੀ ਆਉਣ ਲੱਗ ਪਿਆ। ਪਹਿਲਾਂ ਮੁੰਡਿਆਂ ਨੇ ਸਪਰੇਆਂ ਕਰਨੀਆਂ, ਤਾਂ ਕਿੱਲੇ ਬਾਅਦ ਦਵਾਈ ਸਿਰ ਨੂੰ ਚੜ੍ਹਨ ਲੱਗ ਜਾਣੀ। ਹੁਣ ਤਾਂ ਦੁਪਹਿਰ ਤੱਕ ਪੰਜਾਂ ਕਿੱਲਿਆਂ 'ਤੇ ਸਪਰੇਅ ਕਰ ਦਿੰਦੇ ਆ, ਤੇ ਸਿਰ ਨੂੰ ਪਤਾ ਹੀ ਨਹੀਂ ਲੱਗਦਾ।" ਤਾਈ ਨੇ ਨਕਲੀ ਕੀੜੇਮਾਰ ਦਵਾਈਆਂ ਦੀ ਅਸਲੀਅਤ ਦੱਸੀ।

"ਭਾਈ ਹੁਣ ਤਾਂ ਖੇਤੀ ਵੀ ਕਰਮਾਂ ਸੇਤੀ ਬਣ ਕੇ ਰਹਿ ਗਈ। ਖਾਦਾਂ ਸਪਰੇਆਂ ਮਹਿੰਗੀਆਂ ਆਂ, ਜਿਣਸਾਂ ਦੇ ਭਾਅ ਸਰਕਾਰ ਵਧਾਉਂਦੀ ਨਹੀਂ। ਜ਼ਿਮੀਦਾਰ ਕੀ ਕਰਨ ਵਿਚਾਰੇ। ਕਰਜ਼ਾ ਚੁੱਕ ਕੇ ਫ਼ਸਲਾਂ ਪਾਲਦੇ ਆ। ਕੁਝ ਸ਼ਾਹੂਕਾਰ ਦਾ ਵਿਆਜ ਮਾਰ ਜਾਂਦਾ, ਰਹਿੰਦੀ ਕਸਰ ਰੱਬ ਕੱਢ ਦਿੰਦਾ... ਪੱਕੀ 'ਤੇ ਮੀਂਹ ਪਾ ਕੇ।" ਮਾਈ ਦਿਆਲੋ ਵੀ ਆਪਣੇ ਦਿਲ ਦੀ ਕਹਿ ਗਈ।

"ਨੀ ਸੱਚ ਮੈਂ ਤਾਂ ਗੱਲੀਂ ਲੱਗ ਗਈ... ਮੈਨੂੰ ਫ਼ੜਾ ਕੌਲੀ ਮੱਕੀ ਦੇ ਆਟੇ ਦੀ, ਮੈਂ ਜਾਵਾਂ।" ਤਾਈ ਪੀੜ੍ਹੀ ਤੋਂ ਉਠ ਖਲੋਤੀ।

ਬੀਬੀ ਨੇ ਕੌਲਾ ਆਟੇ ਦਾ ਭਰ ਕੇ ਫੜਾ ਦਿੱਤਾ। ਤਾਈ ਤੁਰਨ ਲੱਗੀ ਤਾਂ ਮੈਂ ਕਿਹਾ, "ਤਾਈ ਬਹਿ ਤਾਂ ਜਾਂਦੀ, ਤੂੰ ਤਾਂ ਖੜ੍ਹੀ-ਖੜ੍ਹੀ ਹੀ ਮੁੜ ਚੱਲੀ।"

"ਚੱਲ ਵੇ ਪਰ੍ਹਾਂ... ਕਿਵੇਂ ਮਾਂ ਨਾਲ ਮਸ਼ਕਰੀਆਂ ਕਰਦਾ।" ਤਾਈ ਜਾਂਦੀ ਹੋਈ ਪੁੱਤ ਬਣਾ ਕੇ ਬੂਹਾ ਟੱਪ ਗਈ।

"ਤਾਈ ਕੌਲੀ ਸਾਗ ਦੀ ਭੇਜ ਦੇਈਂ।" ਮੈਂ ਜਾਂਦੀ ਹੋਈ ਤਾਈ ਨੂੰ ਕਿਹਾ।

ਮੈਂ ਦਾਤੀਆਂ ਦੀ ਛਾਂਟ-ਛਟਾਈ ਕਰ ਕੇ ਬੋਰੀ ਵਿਚ ਪਾ ਦਿੱਤੀਆਂ ਤੇ ਦਿਆਲੋ ਮਾਈ ਕੋਲ ਬੈਠ ਗਿਆ। ਫਿਰ ਪੁੱਛਿਆ, "ਬੇਬੇ! ਜਦੋਂ ਤੁਸੀਂ ਦੋ-ਤਿੰਨ ਜਣੀਆਂ ਇਕੱਠੀਆਂ ਹੋ ਜਾਂਦੀਆਂ ਓ, ਤਾਂ ਇਹੀ ਗੱਲਾਂ ਕਰਦੀਆਂ ਹੁੰਦੀਆਂ ਹੋ, ਕਿ ਕੋਈ ਗੁਰੂ ਘਰ ਦੀ ਗੱਲ ਵੀ ਕਰਦੀਆਂ ਹੋ।"

"ਮੈਂ, ਤੇਰੀ ਮਾਂ, ਤਿੰਨ ਹੋਰ ਬੀਬੀਆਂ ਸਵੇਰੇ ਅੰਮ੍ਰਿਤ ਵੇਲੇ ਗੁਰੂ ਘਰ ਜਾ ਕੇ ਆਉਂਦੀਆਂ। ਫ਼ਿਰ ਆ ਕੇ ਚੁੱਲ੍ਹੇ ਅੱਗ ਪਾਈਦੀ ਹੈ।" ਬੇਬੇ ਨੇ ਕਿਹਾ।

ਗੱਲ ਸੁਣ ਕੇ ਮੇਰਾ ਹਾਸਾ ਨਿਕਲ ਗਿਆ, "ਗੁਰਦੁਆਰਾ ਤੇ ਤੁਸੀਂ? ਮੈਂ ਨਹੀਂ ਮੰਨਦਾ।"

"ਪੁੱਛ ਆਪਣੀ ਮਾਂ ਨੂੰ।" ਬੇਬੇ ਨੇ ਤਲਖੀ ਨਾਲ ਕਿਹਾ।

ਮੈਂ ਮਾਂ ਵੱਲ ਅੱਖਾਂ ਘੁੰਮਾਈਆਂ, ਤਾਂ ਮਾਂ ਨੇ 'ਹਾਂ' ਵਿਚ ਹੁੰਗਾਰਾ ਭਰਿਆ। ਮੈਂ ਮਾਂ ਦੇ ਪੈਰੀਂ ਡਿੱਗ ਪਿਆ- "ਮਾਂ ਤੂੰ ਧੰਨ ਹੈਂ ਜਿਹੜੀ ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰ ਆਉਂਦੀ ਆਂ, ਤੇ ਸਾਨੂੰ ਸੁੱਤਿਆਂ ਪਿਆਂ ਨੂੰ ਕਦੇ ਪਤਾ ਹੀ ਨਹੀਂ ਲੱਗਿਆ।" ਮਾਂ ਨੇ ਘੁੱਟ ਕੇ ਬੁੱਕਲ ਵਿਚ ਲੈ ਲਿਆ।

ਅੱਜ ਮਾਈ ਦਿਆਲੋ ਵੀ ਤੁਰ ਗਈ, ਤੇ ਜਗੀਰੋ ਤਾਈ ਵੀ, ਪਰ ਮਾਂ ਲਗਾਤਾਰ ਗੁਰਦੁਆਰੇ ਜਾਂਦੀ ਹੈ। ਅੱਜ ਹਰਿਆ-ਭਰਿਆ ਸਾਡਾ ਬਾਗ-ਬਗੀਚਾ ਮਾਂ ਦੀ ਬਦੌਲਤ ਹੀ ਹੈ। ਧੰਨ ਨੇ ਮਾਈਆਂ ਜਿਨ੍ਹਾਂ ਵਿਚ ਦਿਖਾਵਾ ਭੋਰਾ ਭਰ ਵੀ ਨਹੀਂ ਸੀ, ਪਰ ਮਨ ਅੰਦਰ ਸੇਵਾ ਭਾਵਨਾ ਤੇ ਸਤਿਕਾਰ ਪੂਰਾ ਸੀ। ਸੱਚੀਂ... ਮਾਂ ਰੱਬ ਦਾ ਦੂਜਾ ਰੂਪ ਹੈ!

# ...ਤੇ ਬਬਲੀ ਹਾਰ ਕੇ ਜਿੱਤ ਗਈ!

*(ਸਫਾ 25 ਦੀ ਬਾਕੀ)*

ਨਹੀਂ ਸੀ, ਮੱਝ ਸੰਗਲ ਤੁੜਾ ਕੇ ਭੱਜ ਪਈ ਜਦੋਂ ਅਮਰੀਕ ਪਿੱਠ ਭਾਰ ਤੂਤ ਦੇ ਖੁੰਡ 'ਤੇ ਆਣ ਡਿਗਿਆ। "ਮਰ ਗਿਆ ਉਏ!" ਤੋਂ ਬਾਅਦ ਸਰੀਰ ਦੋ ਹਿੱਸਿਆਂ ਵਿਚ ਵੰਡਿਆ ਗਿਆ। ਰੀੜ੍ਹ ਦੀ ਹੱਡੀ ਨੂੰ ਵਿਚਾਲਿਓਂ ਮੋਛਾ ਪੈ ਗਿਆ।

ਗੁਆਂਢੀ ਅਮਰੀਕ ਤੋਂ ਦੁਖੀ ਤਾਂ ਰੱਜ ਕੇ ਸਨ, ਫ਼ਿਰ ਵੀ ਰਹਿਮ ਦਿਲ ਬੱਕਰੀਆਂ ਵਾਲਾ ਜੈਲਾ ਉਹਨੂੰ ਹਸਪਤਾਲ ਲੈ ਗਿਆ। ਬਬਲੀ ਅਗਲੇ ਦਿਨ ਪਹੁੰਚੀ, ਤਾਂ ਅਮਰੀਕ ਦੀਆਂ ਅੱਖਾਂ ਨੇ ਉਹਦੇ ਅੱਗੇ ਇਸ਼ਾਰਿਆਂ 'ਚ ਗੁਨਾਹ ਕਬੂਲ ਕਰ ਲਿਆ ਸੀ।

ਫ਼ਿਰ ਹਸਪਤਾਲੋਂ ਮੰਜਾ ਘਰ ਦੇ ਵਿਹੜੇ ਵਿਚ ਪੱਕੇ ਤੌਰ 'ਤੇ ਟਿਕ ਗਿਆ। ਲੂਸ-ਲੂਸ ਕਰਨ ਵਾਲਾ ਇਸ਼ਕ ਦਾ ਸ਼ਿਕਾਰੀ, ਪਤਨੀ ਦੇ ਹੱਥਾਂ ਵਿਚ ਖਿਡੌਣਾ ਵੀ ਬਣ ਗਿਆ, ਲਾਚਾਰ ਤੇ ਬੇਵੱਸ ਵੀ ਹੋ ਗਿਆ।

ਕੱਚੀ ਨੌਕਰੀ ਪੱਕੇ ਤੌਰ 'ਤੇ ਤਸਦੀਕ ਨਾ ਹੋਣ ਕਰ ਕੇ ਹੱਥੋਂ ਨਿਕਲ ਗਈ।

ਮਨੁੱਖ ਕਿੱਥੇ ਜਾਣਦੈ ਕਿ ਦੂਜਿਆਂ 'ਤੇ ਫ਼ਾਰਮੂਲੇ ਲਾਗੂ ਕਰਨ ਵਾਲਾ ਕਦੇ ਖੁਦ ਹੀ ਇਨ੍ਹਾਂ ਫ਼ਾਰਮੂਲਿਆਂ ਦੇ ਵੱਸ ਪੈ ਜਾਂਦਾ ਹੈ!

ਰਿਸ਼ਤੇਦਾਰੀ ਵਿਚੋਂ ਭਰਾ ਲਗਦੇ ਹਰਜੀਤ ਦਾ ਅਮਰੀਕ ਨੂੰ ਚੇਤਾ ਉਦੋਂ ਆਇਆ ਜਦੋਂ ਘਰ ਦੀਆਂ ਕੰਧਾਂ ਵੀ ਸਾਥ ਦੇਣੋਂ ਹਟ ਗਈਆਂ। ਬਬਲੀ ਉਹਨੂੰ ਸੰਭਾਲੇ ਕਿ ਬਾਦਸ਼ਾਹ ਦੀ ਧੀ ਲੋਕਾਂ ਦੇ ਭਾਂਡੇ ਮਾਂਜੇ! ਉਦੋਂ ਉਹਨੂੰ ਅਹਿਸਾਸ ਹੋ ਰਿਹਾ ਸੀ ਕਿ ਜਵਾਨੀ ਵਿਚ ਅੱਖਾਂ ਦੇ ਆਖੇ ਲੱਗ ਕੇ ਕੀਤੀਆਂ ਇਸ਼ਕ ਦੀਆਂ ਵਾਰਦਾਤਾਂ ਔਖੀਆਂ ਕਿੰਨੀਆਂ ਕਰਦੀਆਂ ਹਨ!

ਉਧਰ ਹਰਜੀਤ ਡਾਲਰਾਂ ਦੇ ਪੈਸੇ ਬਣਾ ਕੇ ਸ਼ਾਇਦ ਇਸ ਕਰ ਕੇ ਭੇਜਣ ਲੱਗ ਪਿਆ ਸੀ ਕਿਉਂਕਿ ਹਰ ਵਾਰ ਫੋਨ 'ਤੇ ਅਮਰੀਕ ਆਖ ਦਿੰਦਾ, "ਮਿੱਤਰਾਂ ਆਪਣੀ ਹੀਰ ਵਰਗੀ ਭਰਜਾਈ ਦਾ ਹੀ ਖਿਆਲ ਕਰ ਲੈ।"

ਘਰ ਦਾ ਗੁਜ਼ਾਰਾ ਤਾਂ ਚੱਲ ਰਿਹਾ ਸੀ, ਪਰ ਬਬਲੀ ਲਈ ਹਰ ਰੋਜ਼, ਮਰਨ ਵਰਗਾ ਹੋ ਜਾਂਦਾ ਜਦੋਂ ਅਮਰੀਕ ਹਰ ਗੱਲ ਨਾਲ ਆਖ ਦਿੰਦਾ, "ਹਰਜੀਤ ਆ ਰਿਹੈ, ਉਹਦਾ ਖਿਆਲ ਰੱਖੀਂ। ਪੂਰੀ ਸੇਵਾ ਕਰੀਂ।" ਉਹਦੀਆਂ ਨਜ਼ਰਾਂ ਵਿਚ ਮਰਦ ਚੂਹਾ ਬਣ ਰਿਹਾ ਸੀ।

...ਤੇ ਹਰਜੀਤ ਆ ਹੀ ਗਿਆ। ਦੁਪਹਿਰ ਦੇ ਦੋ ਕੁ ਵਜੇ ਉਹ ਪੁੱਜਿਆ। ਭੁੱਖੇ ਘਰ ਵਿਚ ਓਪਰੇ ਪੈਸਿਆਂ ਦਾ ਲਿਆਂਦਾ ਮੁਰਗਾ ਰਿੱਝਿਆ। ਹਰਜੀਤ ਦੀ ਬਾਹਰਲੀ ਸ਼ਰਾਬ ਮੁਰਗੇ ਆਸਰੇ ਕਈ ਘੰਟੇ ਦੋ ਗਲਾਸੀਆਂ ਵਿਚ ਪੈਂਦੀ ਰਹੀ। ਅਮਰੀਕ ਲਾਸ਼ ਬਣਿਆ ਅੰਦਰ ਸੁੱਟਦਾ ਗਿਆ।

ਆਂਗਣ ਵਿਚ ਪਏ ਅਮਰੀਕ ਨੇ ਹਰਜੀਤ ਦਾ ਮੰਜਾ ਵੀ ਅੰਦਰ ਹੀ ਡਹਾ ਦਿੱਤਾ। ਦਿਨ ਦੀਆਂ ਹਰਕਤਾਂ ਤੋਂ ਭਾਵੇਂ ਬਬਲੀ ਦੁਖੀ ਸੀ, ਤੇ ਉਹ ਵੀ ਜਾਣਦੀ ਸੀ ਕਿ ਇਹ ਉਹੀ ਮਰਦ ਸਮਾਜ ਹੈ ਜੋ ਦਰੋਪਤੀ ਦਾ ਚੀਰ ਹਰਨ ਵੀ ਕਰਦਾ ਰਿਹਾ ਹੈ।

ਅੱਧੀ ਰਾਤ ਦੀ ਚੁੱਪ ਵਿਚ ਚੁਪੇੜਾਂ ਦਾ ਖੜਾਕ ਥਾਣੇ ਵਿਚ ਵੱਜਦੇ ਪਟਿਆਂ ਵਾਂਗ ਹੋਇਆ, "ਲੁੱਚਿਆ! ਬਾਹਰ ਨਿਕਲ। ਤੇਰੀ ਅਮਰੀਕਾ ਦੀ ਕਮਾਈ ਅੱਗ ਲਾ ਕੇ ਨਾ ਫੂਕ ਦਿਆਂ।"

ਤਪੀ ਹੋਈ ਬਬਲੀ ਜਦੋਂ ਬਾਹਰ ਨਿਕਲੀ ਤਾਂ ਅਮਰੀਕ ਮਰੀ ਹੋਈ ਜ਼ਮੀਰ ਨਾਲ ਬੋਲਿਆ, "ਐਨੇ ਪੈਸੇ ਭੇਜਦਾ ਬਾਹਰੋਂ, ਘਰ ਚੱਲਦੈ, ਤੇ ਤੂੰ ਇਹਦੇ ਚੁਪੇੜਾਂ ਮਾਰ'ਤੀਆਂ ਜਾ ਕੇ।"

"ਜਾ ਕੇ ਨਹੀਂ, ਇਹਨੇ ਮੇਰੇ ਕੋਲ ਆ ਕੇ ਖਾਧੀਆਂ ਨੇ। ਇਹ ਪੈਸੇ ਤੇਰੇ ਲੁੱਚੇ ਦੇ ਇਲਾਜ ਲਈ ਭੇਜਦੈ, ਮੈਂ ਇੱਜ਼ਤ ਵਿਕਣ 'ਤੇ ਨਹੀਂ ਲਾਈ ਹੋਈ।"

"ਕੰਧ ਬਾਹਰ ਨੂੰ ਨਾ ਸੁੱਟ ਬਬਲੀ।"

ਤੇ ਆਪੇ ਤੋਂ ਬਾਹਰ ਹੋਈ, ਅੱਗ ਦੀਆਂ ਲਾਟਾਂ ਬਣੀ ਬਬਲੀ ਚੰਡੀ ਬਣ ਗਈ, "ਮੈਂ ਤੈਨੂੰ ਜਿਉਂਦਿਆਂ ਰੱਖਣ ਲਈ ਆਪ ਰੋਜ਼ ਮਰਦੀ ਰਹੀ ਲੁੱਚਿਆ! ਤੂੰ ਜਿਉਂਦਾ ਕਿਉਂ ਏ? ਔਰਤ ਨੂੰ ਬੇਵਫ਼ਾ ਕਹਿਣ ਵਾਲਿਓ! ਔਰਤ ਬੇਵਫਾ ਨਹੀਂ ਹੁੰਦੀ। ਉਹ ਸਮਾਜ ਦੀਆਂ ਜ਼ੰਜੀਰਾਂ ਨਹੀਂ ਤੋੜ ਸਕਦੀ, ਇਸ ਲਈ ਇਹ ਇਲਜ਼ਾਮ ਝੱਲ ਰਹੀ ਹੈ। ਮੈਂ ਤੈਨੂੰ ਮੰਜੇ 'ਤੇ ਪਏ ਨੂੰ ਮਰਦ ਵਾਂਗ ਪੂਜਦੀ ਸੀ। ਕੰਜਰ ਨੂੰ ਵੀ ਸਾਧ ਮੰਨਦੀ ਰਹੀ, ਪਰ ਅੱਜ ਪਤਾ ਲੱਗਾ... ਆਪਣੀ ਇੱਜ਼ਤ ਆਪ ਲੁਟਾਉਣ ਦੇ ਯਤਨ ਕਰਨ ਵਾਲਾ ਮਰਦ ਨਹੀਂ ਹੋ ਸਕਦਾ।"

"ਚੁੱਪ ਕਰ ਕੇ ਤਾਂ ਸੁਣ।" ਅਮਰੀਕ ਨੇ ਤਰਲਾ ਕੀਤਾ।

"ਹੁਣ ਸਭ ਕੁਝ ਹੀ ਚੁੱਪ ਹੋ ਜਾਵੇਗਾ। ਆਪਣੀ ਧੀ ਲੈ ਕੇ ਚੱਲੀ ਆਂ, ਹੁਣ ਤੂੰ ਪਲ-ਪਲ ਮਰੇਂਗਾ, ਤੇਰੇ ਮੂੰਹ ਵਿਚ ਬੂੰਦ ਨਹੀਂ ਪਾਵੇਗਾ ਕੋਈ। ਅੱਜ ਮੈਨੂੰ ਪਤਾ ਲੱਗਾ, ਬਾਪ ਦੀਆਂ ਪੱਗਾਂ ਲਾਹੁਣ ਵਾਲੀਆਂ ਧੀਆਂ ਨੂੰ ਮੁੱਲ ਕੀ ਦੇਣਾ ਪੈਂਦਾ।"

ਤੇ ਇਕ ਜਿਉਂਦੀ ਲਾਸ਼ ਛੱਡ ਕੇ ਬਬਲੀ ਉਨ੍ਹਾਂ ਰਾਹਾਂ ਵੱਲ ਨਿਕਲ ਗਈ ਸੀ ਜਿਨ੍ਹਾਂ ਰਾਹਾਂ 'ਤੇ ਕੋਈ ਵੀ ਮੀਲ ਪੱਥਰ ਨਹੀਂ ਲੱਗਾ ਹੁੰਦਾ।

#

## ਭੂੰਡ-ਆਸ਼ਕ

ਭੂੰਡ-ਆਸ਼ਕ ਵੀ ਤੁਸੀਂ, ਦੇਖੇ ਹੋਣਗੇ ਬਥੇਰੇ।
ਹਰ ਗ਼ਲੀ ਤੇ ਮੁਹੱਲੇ ਵਿਚ, ਮਾਰਦੇ ਨੇ ਗੇੜੇ।
ਪਿੱਛਾ ਕੁੜੀਆਂ ਦਾ ਜੋ ਕਰਦੇ ਹੈ ਰਹਿਣ ਜੀ,
ਹੋਵੇ ਛਿੱਤਰ-ਪਰੇਡ ਜਦੋਂ, ਕਹਿਣ ਭੈਣ ਜੀ।
ਵਿਹਲੇ ਘੁੰਮਦੇ ਨੇ ਸਾਰੇ, ਨਹੀਂ ਕਰਦੇ ਪੜ੍ਹਾਈ।
ਜਾਂਦੇ ਆਪਣੀ ਜਵਾਨੀ ਪੁੱਠੇ ਕੰਮੀ ਹੈ ਗਵਾਈ।
ਜਿਹੜੇ ਕੁੜੀਆਂ ਨੂੰ ਟੋਟੇ, ਪੁਰਜ਼ੇ ਹੈ ਕਹਿਣ ਜੀ,
ਹੋਵੇ ਛਿੱਤਰ-ਪਰੇਡ ਜਦੋਂ, ਕਹਿਣ ਭੈਣ ਜੀ।
ਪਟੇ ਆਪਣੇ ਸਵਾਰ ਕਾ਼ਲੀ ਐਨਕ ਹੈ ਲਾ ਕੇ।
ਕੁੜੀਆਂ ਦੇ ਸਕੂਲ ਅੱਗੇ, ਖੜ੍ਹਦੇ ਨੇ ਜਾ ਕੇ।
ਜਦੋਂ ਬੋਲਦੇ ਕਬੋਲ, ਹੁੰਦੇ ਨਹੀਂ ਸਹਿਣ ਜੀ,
ਹੋਵੇ ਛਿੱਤਰ-ਪਰੇਡ ਜਦੋਂ, ਕਹਿਣ ਭੈਣ ਜੀ।
ਜਦ ਕਰਦੇ ਸਵਾਰੀ ਹੁੰਦੀ ਕਈਆਂ ਨੂੰ ਬੀਮਾਰੀ।
ਭਸ ਹੋਵੇ ਚਾਹੇ ਕਾਰ, ਭਾਵੇਂ ਹੋਣ ਵਿਚ ਲਾਰੀ।
ਸੁਹਣੀ ਦੇਖ ਕੇ ਜਨਾਨੀ, ਢੁਕ-ਢੁਕ ਬਹਿਣ ਜੀ,
ਹੋਵੇ ਛਿੱਤਰ-ਪਰੇਡ ਜਦੋਂ, ਕਹਿਣ ਭੈਣ ਜੀ।
ਨਸ਼ੇ ਵਿਚ ਟੁੱਲ ਹੋ ਕੇ 'ਰਾਠੀ' ਕਰਦੇ ਖ਼ਰਾਬੀ।
ਧੀ-ਭੈਣ ਭੁੱਲ ਜਾਂਦੇ, ਜਦੋਂ ਹੁੰਦੇ ਨੇ ਸ਼ਰਾਬੀ।
ਪੰਗਾ ਰੋਕਿਆਂ ਵੀ ਹੈ ਨੇ ਵਾਰ-ਵਾਰ ਲੈਣ ਜੀ,
ਹੋਵੇ ਛਿੱਤਰ-ਪਰੇਡ ਜਦੋਂ, ਕਹਿਣ ਭੈਣ ਜੀ।

-ਰਾਠੇਸ਼ਵਰ ਸਿੰਘ ਸੂਰਾਪੁਰੀ
ਫੋਨ: 916-969-9337

# ਖੂਬਸੂਰਤ ਖੂਬਸੂਰਤ ਹੈ...

ਅਦਾਕਾਰਾ ਸੋਨਮ ਕਪੂਰ ਦੀ ਫਿਲਮ 'ਖ਼ੂਬਸੂਰਤ' ਨੇ ਚਾਰੇ ਪਾਸੇ ਸਫ਼ਲਤਾ ਦੇ ਝੰਡੇ ਗੱਡ ਦਿੱਤੇ ਹਨ। ਪਹਿਲੇ ਹੀ ਹਫ਼ਤੇ ਵਿਚ ਇਸ ਨੇ ਬਾਕਸ ਆਫ਼ਿਸ 'ਤੇ 19 ਕਰੋੜ ਰੁਪਏ ਕਮਾ ਲਏ। ਇਸ ਤੋਂ ਵੀ ਵੱਧ ਕਮਾਈ ਇਸ ਫਿਲਮ ਨੇ ਦਰਸ਼ਕਾਂ ਦੀ ਪ੍ਰਸ਼ੰਸਾ ਤੋਂ ਹਾਸਿਲ ਕੀਤੀ ਹੈ। ਦਰਸ਼ਕਾਂ ਨੂੰ ਇਹ ਹਲਕੀ-ਫੁਲਕੀ ਰੁਮਾਂਟਿਕ ਫਿਲਮ ਬਹੁਤ ਪਸੰਦ ਆਈ ਹੈ।



ਸੋਨਮ ਕਪੂਰ ਨੂੰ ਆਪਣਾ ਫਿਲਮ ਕਰੀਅਰ ਅਗਾਂਹ ਰੇੜ੍ਹਨ ਲਈ ਅਜਿਹੀ ਹੀ ਕਿਸੇ ਫਿਲਮ ਦੀ ਜ਼ਰੂਰਤ ਸੀ। ਇਸ ਫਿਲਮ ਨਾਲ ਉਸ ਦੀ ਗਿਣਤੀ ਚੋਟੀ ਦੀਆਂ ਅਭਿਨੇਤਰੀਆਂ ਵਿਚ ਹੋਣ ਲੱਗ ਪਈ ਹੈ। ਸੋਨਮ ਨੇ ਆਪਣੇ ਕਰੀਅਰ ਦੀ ਸ਼ੁਰੂਆਤ 2007 ਵਿਚ 'ਸਾਂਵਰੀਆ' ਫਿਲਮ ਤੋਂ ਕੀਤੀ ਸੀ ਅਤੇ ਹੁਣ ਤੱਕ ਉਸ ਦੀਆਂ ਜਿੰਨੀਆਂ ਵੀ ਫਿਲਮਾਂ ਆਈਆਂ ਹਨ, ਉਹ ਬੜੀਆਂ ਚਰਚਿਤ ਰਹੀਆਂ ਹਨ। ਇਨ੍ਹਾਂ ਫਿਲਮਾਂ ਦੇ ਵਿਸ਼ੇ-ਵਸਤੂ ਵੀ ਬੜੇ ਵੱਖਰੇ ਅਤੇ ਸੰਵੇਦਨਸ਼ੀਲ ਹਨ। ਅਗਲੇ ਸਾਲ ਉਸ ਦੀਆਂ ਦੋ ਫਿਲਮਾਂ 'ਡੌਲੀ ਕੀ ਡੋਲੀ' ਅਤੇ 'ਪ੍ਰੇਮ ਰਤਨ ਧਨ ਪਾਇਓ' ਰਿਲੀਜ਼ ਹੋ ਰਹੀਆਂ ਹਨ। ਸਭ ਤੋਂ ਵੱਡੀ ਗੱਲ, ਉਹ ਆਪਣੀ ਚਰਚਾ ਕਰਵਾਉਣ ਲਈ ਕਦੀ ਉਲਟੀਆਂ-ਸਿੱਧੀਆਂ ਗੱਲਾਂ ਕਰਦੀ ਹੈ। ਉਹ ਆਮ ਕੁੜੀ ਵਾਂਗ ਵਿਚਰਦੀ ਹੈ।




# ਇਕ ਵਾਰ ਫਿਰ ਆਮਿਰ ਖਾਨ ਮੁਮਕਿਨ ਹੈ...

ਅਦਾਕਾਰ ਆਮਿਰ ਖਾਨ ਇਕ ਵਾਰ ਫਿਰ ਆਪਣੇ ਪਾਪੂਲਰ ਟੀ.ਵੀ. ਸ਼ੋਅ 'ਸਤਯਾਮੇਵ ਜਯਤੇ' ਨਾਲ ਦਰਸ਼ਕਾਂ ਦੇ ਰੂ-ਬ-ਰੂ ਹੋ ਰਿਹਾ ਹੈ। 'ਸਤਯਾਮੇਵ ਜਯਤੇ' ਦਾ ਇਹ ਤੀਜਾ ਸੀਜ਼ਨ 5 ਅਕਤੂਬਰ 2014 ਨੂੰ ਸ਼ੁਰੂ ਹੋ ਰਿਹਾ ਹੈ। ਦੂਜਾ ਸੀਜ਼ਨ ਇਸੇ ਸਾਲ 2 ਮਾਰਚ ਅਤੇ ਪਲੇਠਾ ਸੀਜ਼ਨ 2 ਸਾਲ ਪਹਿਲਾਂ 6 ਮਈ 2012 ਨੂੰ ਸ਼ੁਰੂ ਹੋਇਆ ਸੀ। ਇਸ ਤੋਂ ਪਹਿਲਾਂ 'ਸਤਯਾਮੇਵ ਜਯਤੇ' ਦੀ ਰੱਜ ਕੇ ਤਾਰੀਫ਼ ਅਤੇ ਉਤਨੀ ਹੀ ਤਿੱਖੀ ਨੁਕਤਾਚੀਨੀ ਵੀ ਹੋਈ ਹੈ, ਪਰ ਇਕ ਗੱਲ ਸਪਸ਼ਟ ਹੈ ਕਿ ਇਸ ਪ੍ਰੋਗਰਾਮ ਨੇ ਵੱਖ-ਵੱਖ ਸਮਾਜਕ ਮੁੱਦਿਆਂ ਬਾਰੇ ਜਿੰਨੀ ਲੋਕ ਚੇਤਨਾ ਸੰਸਾਰ ਭਰ ਵਿਚ ਪੈਦਾ ਕੀਤੀ ਹੈ, ਹੋਰ ਕੋਈ ਪ੍ਰੋਗਰਾਮ ਅਜਿਹਾ ਕ੍ਰਿਸ਼ਮਾ ਕਰ ਨਹੀਂ ਸਕਿਆ। ਇਸ ਪ੍ਰੋਗਰਾਮ ਵਿਚ ਜਿਹੜੇ ਸਮਾਜਕ ਮੁੱਦੇ ਉਠਾਏ ਗਏ ਹਨ, ਉਨ੍ਹਾਂ ਬਾਰੇ ਪੇਸ਼ ਕੀਤੇ ਗਏ ਤੱਥ, ਲੋਕਾਂ ਦੇ ਜ਼ਿਹਨ ਵਿਚ ਬਹੁਤੇ ਡੂੰਘੇ ਲਹਿ ਗਏ ਹਨ। ਇਸ ਪ੍ਰੋਗਰਾਮ ਨੇ ਲੋਕਾਂ ਨੂੰ ਇਨ੍ਹਾਂ ਸੰਵੇਦਨਸ਼ੀਲ ਮੁੱਦਿਆਂ ਬਾਰੇ ਸੋਚਣ ਲਈ ਮਜਬੂਰ ਕੀਤਾ, ਤੇ ਇਹ ਕਿਸੇ ਪ੍ਰੋਗਰਾਮ ਦੀ ਕੋਈ ਘੱਟ ਪ੍ਰਾਪਤੀ ਨਹੀਂ। ਇਸ ਪ੍ਰੋਗਰਾਮ ਨਾਲ ਅਦਾਕਾਰ ਆਮਿਰ ਖਾਨ ਦੀ ਵੱਖਰੀ ਹੀ ਪਛਾਣ ਬਣ ਗਈ ਹੈ। ਆਪਣੀ ਨਵੀਂ ਫਿਲਮ 'ਪੀ.ਕੇ.' ਦੀ ਸ਼ੂਟਿੰਗ ਲਈ ਜਦੋਂ ਉਹ ਵੱਖ-ਵੱਖ ਥਾਂਵਾਂ 'ਤੇ ਜਾ ਰਿਹਾ ਸੀ, ਤਾਂ ਉਸ ਦੀ ਫਿਲਮ 'ਧੂਮ-3' ਰਿਲੀਜ਼ ਹੋਣ ਵਾਲੀ ਸੀ। ਸ਼ੂਟਿੰਗ ਦੌਰਾਨ ਉਸ ਨੂੰ ਮਿਲਣ ਵਾਲੇ ਕਿਸੇ ਵੀ ਬੰਦੇ ਨੇ ਉਸ ਤੋਂ 'ਧੂਮ-3' ਬਾਰੇ ਕੋਈ ਸਵਾਲ ਨਹੀਂ ਸੀ ਪੁੱਛਿਆ। ਸਾਰੇ ਹੀ ਉਸ ਨੂੰ ਇਹ ਪੁੱਛ ਰਹੇ ਸਨ ਕਿ 'ਸਤਯਾਮੇਵ ਜਯਤੇ' ਦਾ ਅਗਲਾ ਸੀਜ਼ਨ ਕਦੋਂ ਸ਼ੁਰੂ ਹੋ ਰਿਹਾ ਹੈ ਅਤੇ ਉਸ ਵਿਚ ਕਿਹੜੇ-ਕਿਹੜੇ ਮੁੱਦੇ ਉਠਾਏ ਜਾ ਰਹੇ ਹਨ। ਬਹੁਤ ਸਾਰੇ ਲੋਕ ਤਾਂ ਆਪਣੇ ਦੁੱਖ-ਤਕਲੀਫ਼ਾਂ ਦੇ ਆਧਾਰ ਉਤੇ ਮੁੱਦੇ ਦੱਸਣ ਦੀ ਕੋਸ਼ਿਸ਼ ਵੀ ਕਰਦੇ ਸਨ ਅਤੇ ਜ਼ੋਰ ਪਾ ਕੇ ਕਹਿੰਦੇ ਸਨ ਕਿ ਇਨ੍ਹਾਂ ਮੁੱਦਿਆਂ ਬਾਰੇ ਵੀ ਪ੍ਰੋਗਰਾਮ ਵਿਚ ਚਰਚਾ ਕੀਤੀ ਜਾਵੇ। ਇਹ ਚੇਤਨਾ ਹਰ ਉਮਰ ਵਰਗ ਦੇ ਜੀਆ-ਜੰਤ ਵਿਚ ਦੇਖਣ ਨੂੰ ਮਿਲੀ। ਆਮਿਰ ਖਾਨ ਇਸ ਮਾਮਲੇ ਵਿਚ ਆਪਣੇ-ਆਪ ਨੂੰ ਬੜਾ ਭਾਗਾਂ ਵਾਲਾ ਮੰਨਦਾ ਹੈ। ਉਂਜ ਵੀ ਉਸ ਨੇ ਤਕਰੀਬਨ ਸਾਰੀਆਂ ਫਿਲਮਾਂ ਕਿਸੇ ਨਾ ਕਿਸੇ ਸਰੋਕਾਰ ਨਾਲ ਜੁੜੀਆਂ ਹਨ। ਉਸ ਮੁਤਾਬਕ ਕਈ ਵਾਰ ਸਮਝੌਤਾ ਵੀ ਕਰਨਾ ਪੈਂਦਾ ਹੈ, ਪਰ ਤੁਹਾਨੂੰ ਇਸ ਬਾਰੇ ਬਾਕਾਇਦਾ ਇਲਮ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਤੁਸੀਂ ਜ਼ਿੰਦਗੀ ਵਿਚ ਕਦੀ ਥਿੜਕਦੇ ਨਹੀਂ ਹੋ।



# ਸਿਦਕ ਦਿਲ ਕਲਾਕਾਰ ਇਕੱਤਰ ਸਿੰਘ



ਇਕੱਤਰ ਦਾ ਜਨਮ ਜ਼ਿਲ੍ਹਾ ਮੁਕਤਸਰ ਦੇ ਪਿੰਡ ਆਲਮ ਵਾਲਾ ਵਿਚ ਹੋਇਆ। ਮੁੱਢਲੀ ਸਿੱਖਿਆ ਉਹ ਬਹੁਤੀ ਨਹੀਂ ਹਾਸਲ ਕਰ ਸਕਿਆ। ਸਕੂਲ ਦੀਆਂ ਬਾਲ ਸਭਾਵਾਂ ਵਿਚ ਗੀਤ ਗਾਉਂਦਾ ਅਤੇ ਪਿੜਾਂ ਵਿਚ ਕਬੱਡੀ ਖੇਡਦਾ ਘਰ ਦੀ ਵਿਤੀ ਤੰਗੀ ਨਾਲ ਵੀ ਘੁਲਦਾ ਰਿਹਾ। ਨਾਲ ਹੀ ਫਿਲਮਾਂ ਦੇ ਸ਼ੌਕੀਨ ਇਕੱਤਰ ਦੇ ਅੰਦਰਲੇ ਕਲਾਕਾਰ ਨੇ ਸਿਰ ਚੁੱਕਣਾ ਸ਼ੁਰੂ ਕੀਤਾ। ਉਹ ਅਦਾਕਾਰੀ ਦਾ ਹੁਨਰ ਨਿਖਾਰਨ ਲਈ ਸੰਨ 2002 ਵਿਚ ਮੁਹਾਲੀ ਵਿਚ ਖੁੱਲ੍ਹੇ ਫਿਲਮ ਸਕੂਲ ਵਿਚ ਦਾਖਲ ਹੋ ਗਿਆ। ਸਕੂਲ ਵਿਚੋਂ ਨਿਕਲਣ ਤੋਂ ਬਾਅਦ ਸੰਨ 2003 ਵਿਚ ਉਹ ਬਾਬੇ ਗੁਰਸ਼ਰਨ ਦੇ ਸੰਪਰਕ ਵਿਚ ਆ ਗਿਆ। ਇੱਥੋਂ ਉਹਦੇ ਨਾਟਕ ਜੀਵਨ ਦੀ ਸ਼ੁਰੂਆਤ ਹੋਈ। ਸੰਨ 2006 ਤੱਕ ਉਹ ਬਾਬੇ ਦੀ ਨਾਟਕ ਟੀਮ ਦੇ ਮੋਹਰੀ ਅਦਾਕਾਰਾਂ ਅਤੇ ਪ੍ਰਬੰਧਕਾਂ ਵਿਚ ਗਿਣਿਆ ਜਾਣ ਲੱਗਿਆ। ਇਕੱਤਰ ਨੇ ਤਨ-ਮਨ ਨਾਲ ਭਾਜੀ ਗੁਰਸ਼ਰਨ ਸਿੰਘ ਦੀ ਸੇਵਾ ਕੀਤੀ। ਸੰਨ 2007 ਤੱਕ ਟੀਮ ਦੀ ਪ੍ਰਬੰਧਕੀ ਜ਼ਿੰਮੇਵਾਰੀ ਇਕੱਤਰ ਸਿਰ ਆ ਗਈ। ਨਾਲ ਹੀ ਉਹ ਚੰਗੇ ਅਦਾਕਾਰ ਵਜੋਂ ਉਭਰਿਆ। ਬਾਬੇ ਗੁਰਸ਼ਰਨ ਨਾਲ ਉਹਦੇ ਰਿਸ਼ਤੇ ਦੀਆਂ ਅਣਗਿਣਤ ਕਹਾਣੀਆਂ ਇਕੱਤਰ ਅਤੇ ਲੋਕਾਂ ਦੀ ਜ਼ੁਬਾਨ 'ਤੇ ਹਨ। ਉਹਨੇ ਭਾਜੀ ਦੀ ਟੀਮ ਨਾਲ ਪੰਜਾਬ ਦੇ ਕੋਨੇ-ਕੋਨੇ ਅਤੇ ਮੁਲਕ ਦੇ ਹੋਰ ਸੂਬਿਆਂ ਵਿਚ ਨਾਟਕ ਕੀਤੇ। ਮੁਲਕ ਤੋਂ ਬਾਹਰ ਉਹ ਕੈਨੇਡਾ, ਸਿੰਗਾਪੁਰ ਅਤੇ ਪਾਕਿਸਤਾਨ ਵਿਚ ਨਾਟਕ ਕਰਦਾ ਰਿਹਾ ਹੈ। ਇਕੱਤਰ ਦੇ ਕੀਤੇ ਨਾਟਕਾਂ ਦੀਆਂ ਅਣਗਿਣਤ ਪੇਸ਼ਕਾਰੀਆਂ ਹਨ।

ਬਾਬੇ ਦੇ ਸਦੀਵੀ ਵਿਛੋੜੇ ਤੋਂ ਬਾਅਦ ਉਹ ਭਾਜੀ ਦੀ ਟੀਮ 'ਚੰਡੀਗੜ੍ਹ ਸਕੂਲ ਆਫ ਡਰਾਮਾ' ਨੂੰ ਪੂਰੀ ਤਨਦੇਹੀ ਅਤੇ ਜ਼ਿੰਮੇਵਾਰੀ ਨਾਲ ਸੰਭਾਲ ਰਿਹਾ ਹੈ। ਇਕੱਤਰ ਸੰਨ 2007 ਵਿਚ ਭਗਤ ਸਿੰਘ ਦੀ ਜਨਮ ਸ਼ਤਾਬਦੀ ਨੂੰ ਸਮਰਪਤ ਸਮਾਰੋਹ ਵਿਚ ਬਾਬੇ ਗੁਰਸ਼ਰਨ ਦੇ ਕਹੇ ਸ਼ਬਦਾਂ ਨੂੰ ਯਾਦ ਕਰਦਾ ਹੈ। ਬਾਬੇ ਨੇ ਕਿਹਾ ਸੀ ਕਿ ਅੱਜ ਭਗਤ ਸਿੰਘ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਅਸੀਂ ਦਲਿਤਾਂ ਅਤੇ ਔਰਤਾਂ ਦੀ ਮੁਕਤੀ ਦੇ ਸਵਾਲ ਨੂੰ ਤਰਜੀਹ ਦਈਏ, ਉਨ੍ਹਾਂ ਤੱਕ ਆਪਣੀ ਆਵਾਜ਼ ਪਹੁੰਚਾਈਏ। ਹੁਣ ਇਕੱਤਰ ਉਸੇ ਆਵਾਜ਼ ਨੂੰ ਪਿੰਡਾਂ-ਸ਼ਹਿਰਾਂ ਤੱਕ ਪਹੁੰਚਾ ਰਿਹਾ ਹੈ।

ਨਾਟਕਾਂ ਤੋਂ ਬਿਨਾਂ ਲੜੀਵਾਰਾਂ ਅਤੇ ਫਿਲਮਾਂ ਵਿਚ ਉਹ ਲਗਾਤਾਰ ਕੰਮ ਕਰਦਾ ਹੈ। ਫਿਲਮਾਂ ਵਿਚ ਕੰਮ ਕਰਨ ਦਾ ਉਹਦਾ ਮਕਸਦ ਇਸ ਪੈਸੇ ਨਾਲ ਨਾਟਕ ਦੇ ਕੰਮ ਨੂੰ ਅੱਗੇ ਵਧਾਉਣਾ ਹੈ। ਉਹਦੀਆਂ ਕੀਤੀਆਂ ਫਿਲਮਾਂ ਵਿਚ ਸਿਆਸਤ, ਮਿੱਟੀ, ਫ਼ਤਹਿ, ਡਿਸਕੋ ਸਿੰਘ, ਪੰਜਾਬ 1984, ਸਨ ਆਫ ਸਰਦਾਰ, ਏਕਮ, ਮੋਗਾ ਟੂ ਮੈਲਬਰਨ, ਬਾਈ ਜੀ ਤੁਸੀਂ ਗ੍ਰੇਟ ਹੋ ਅਤੇ ਸ਼ਬਾਨਾ ਆਜ਼ਮੀ ਨਾਲ 'ਦੀ ਡੀਸੈਂਟ, ਪਰਫੈਕਟ ਲਾਈਫ' ਸ਼ਾਮਲ ਹਨ। ਇਸ ਤੋਂ ਬਿਨਾਂ ਉਹਨੇ ਲੜੀਵਾਰਾਂ ਜਿਵੇਂ ਅੱਖੀਆਂ ਤੋਂ ਦੂਰ ਜਾਈਂ ਨਾ, ਕੱਚ ਦੀਆਂ ਵੰਗਾਂ, ਤਰਕ ਦੀ ਸਾਣ 'ਤੇ ਅਤੇ ਦੂਰਦਰਸ਼ਨ ਲਈ ਪੰਜ ਕਹਾਣੀਆਂ ਵਿਚ ਕੰਮ ਕੀਤਾ ਹੈ। ਸੰਨ 2013 ਵਿਚ ਹੋਏ 'ਕੌਮਾਂਤਰੀ ਦੱਖਣੀ-ਏਸ਼ੀਆਈ ਲਘੂ ਅਤੇ ਦਸਤਾਵੇਜ਼ੀ ਫਿਲਮ ਮੇਲੇ' ਵਿਚ ਉਹਨੂੰ ਫਿਲਮ 'ਬਲਵਾ' ਲਈ ਬਿਹਤਰੀਨ ਅਦਾਕਾਰ ਦਾ ਖ਼ਿਤਾਬ ਮਿਲਿਆ। ਇਹ ਫਿਲਮ ਕੌਮਾਂਤਰੀ ਪੰਜਾਬੀ ਫਿਲਮ ਮੇਲਾ ਟੋਰਾਂਟੋ, ਕੌਮਾਂਤਰੀ ਵਿਦਿਆਰਥੀ ਫਿਲਮ ਮੇਲਾ ਕੋਲਕਾਤਾ, ਇੰਡੋ-ਅਮਰੀਕਨ ਸ਼੍ਰੀ ਪ੍ਰੋਜੈਕਟ ਮੇਲੇ ਅਤੇ ਹਾਰਟਬੀਟ ਕਠਮੰਡੂ (ਨੇਪਾਲ) ਵਿਚ ਖ਼ੂਬ ਸਰਾਹੀ ਗਈ।

*-ਜਤਿੰਦਰ ਮੌਹਰ*
*ਫੋਨ: 91-97799-34747*


Live On
GLOBAL PUNJAB
Dish Network Channel 739.
ਤੂੰਬੀ ਦੀ ਟੁਣਕਾਰ
TUMBI DI TUNKAR
Free Entry
ਦਾਖਲਾ ਮੁਫਤ
ਉਸਤਾਦ ਲਾਲ ਚੰਦ ਯਮਲਾ ਜੱਟ
14 ਵਾਂ ਸਲਾਨਾ ਯਾਦਗਾਰੀ ਮੇਲਾ 2014.
on October 12, 2014 Sunday, Sharp 1:00 PM
ਸਥਾਨ: ਕਰਮਨ ਕਮਿਊਨਟੀ ਸੈਂਟਰ (ਨਜ਼ਦੀਕ ਕਰਮਨ ਲਾਇਬਰੇਰੀ)
ਪਤਾ: "Kerman Community Center" 15101 West Kearney Boulevard Kerman, CA. 93630.
ਜਸਦੇਵ ਯਮਲਾ
ਜੀਤਾ ਗਿੱਲ
ਧਰਮਵੀਰ ਥਾਂਦੀ
ਨਰਿੰਦਰ ਮਾਵੀ
ਅਵਤਾਰ ਗਰੇਵਾਲ
ਬਹਾਦਰ ਗਿੱਲ
ਸੁਲਤਾਨ ਅਖਤਰ
ਰਾਜ ਬਰਾੜ
ਗੋਰਾ ਚੱਕਵਾਲਾ
ਬੀਬਾ ਜੀ
ਪੱਪੀ ਭਦੌੜ
ਮਨਜੀਤ ਪੱਤੜ
ਕਲਾਕਾਰ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਅਤੇ ਸਪਾਂਸਰਸਿਪ ਕਰਨ ਵਾਲੇ ਪ੍ਰਬੰਧਕਾ ਨਾਲ ਸੰਪਰਕ ਕਰ ਸਕਦੇ ਹਨ।
Host: Kulwant Dhalian
ਗੈਰੀ ਢੇਸੀ
ਅਜਮੇਰ ਸੰਧੂ
GRAND SPONSER: Vinay Vohra & Vikram Vohra
ਗੁਰਜੀਤ ਸਿੰਘ
GOLD SPONSER
DEEPA CHOHAN
Co-Host: Neeta Machhike
ਪ੍ਰਬੰਧਕੀ ਕਮੇਟੀ: ਰਾਜ ਬਰਾੜ ਯਮਲਾ (ਪ੍ਰਧਾਨ), ਜਗਤਾਰ ਗਿੱਲ (ਮੀਤ ਪ੍ਰਧਾਨ), ਗੈਰੀ ਢੇਸੀ (ਸਰਪ੍ਰਸਤ), ਬੰਮੀ ਧਾਲੀਵਾਲ (ਮੀਡੀਆਂ ਸਲਾਹਕਾਰ), ਅਮਰਜੀਤ ਸਿੰਘ ਦੌਧਰ (ਖਜ਼ਾਨਚੀ), ਅਵਤਾਰ ਸਿੰਘ ਢਿੱਲੋਂ (ਸਹਾਇਕ ਖਜ਼ਾਨਚੀ), ਪ੍ਰੋ. ਅਵਤਾਰ ਸਿੰਘ ਗਿੱਲ ਘੋਲੀਆਂ (ਟੈਕਨੀਕਲ ਸਲਾਹਕਾਰ), ਅਵਤਾਰ ਗਰੇਵਾਲ, ਰਣਮੇਘ ਢੇਸੀ ਅਤੇ ਮਿੰਟੂ ਉਪਲੀ (ਕੋਆਰਡੀਨੇਟਰ), ਕੁਲਵੰਤ ਉੱਭੀ ਧਾਲੀਆਂ (ਸੈਕਟਰੀ), ਗੁਰਿੰਦਰਜੀਤ ਨੀਟਾ ਮਾਛੀਕੇ
ਵਧੇਰੇ ਜਾਣਕਾਰੀ ਲਈ:
ਰਾਜ ਬਰਾੜ: (559) 824-9028, ਕੁਲਵੰਤ ਧਾਲੀਆਂ (559) 473-9264, ਨੀਟਾ ਮਾਛੀਕੇ (559) 333-5776, ਜਗਤਾਰ ਗਿੱਲ (408) 857-4455, ਅਵਤਾਰ ਗਰੇਵਾਲ (559) 352-6025, ਗੁਰਬਖਸ ਢਿੱਲੋ (408) 859-7049, ਗੈਰੀ ਢੇਸੀ (559) 567-8033, ਬੰਸੀ ਲਾਲ ਬੰਗੜ (559) 285-2012.
ਇਸ ਪ੍ਰੋਗਰਾਮ ਦੀ ਕੋਈ ਵੀ ਦਾਖਲਾ ਫੀਸ ਨਹੀਂ ਹੈ। ਪਰ ਤੁਸੀਂ ਇਸ ਨਾਨ-ਪਰਾਫਟ ਸੰਸਥਾ ਲਈ ਗਾਇਕੀ ਦੇ ਬਾਬਾ ਬੋਹੜ ਦੇ ਯਾਦਗਾਰੀ ਪ੍ਰੋਗਰਾਮ ਨੂੰ ਹੋਰ ਵੀ ਵਧੇਰੇ ਸਫਲ ਬਣਾਉਣ ਲਈ ਆਪਣੇ ਕੀਮਤੀ ਸੁਝਾਅ ਅਤੇ ਮਾਇਕ ਸਹਾਇਤਾ ਪ੍ਰਬੰਧਕਾ ਨਾਲ ਸੰਪਰਕ ਕਰਕੇ ਪਹਿਲਾ ਜਾਂ ਮੇਲੇ ਸਮੇਂ ਦੇ ਸਕਦੇ ਹੋ। ਪ੍ਰੋਗਰਾਮ ਦੀ ਸਫਲਤਾ ਲਈ ਸ਼ਕਿਊਰਟੀ ਦਾ ਸਖਤ ਪ੍ਰਬੰਧ ਹੋਵੇਗਾ।
ਜਰੂਰੀ ਨੋਟ:- ਸਮੁੱਚੇ ਪ੍ਰੋਗਰਾਮ ਦੌਰਾਨ ਸਰਾਬ ਜਾਂ ਕਿਸੇ ਹੋਰ ਨਸ਼ੇ ਆਦਿਕ ਦੀ ਸਖਤ ਮਨਾਹੀ ਹੈ। ਫਰੀ ਕਾਰ ਪਾਰਕਿੰਗ ਅਤੇ ਲੰਗਰਾ ਦਾ ਪ੍ਰਬੰਧ ਹੋਵੇਗਾ। ਇਹ 'ਗਲੋਬਲ ਪੰਜਾਬ' ਟੀ.ਵੀ. (ਡਿਸ਼ ਨੈੱਟਵਰਕ ਚੈਨਲ 739) ਉਪਰ ਲਾਈਵ ਪ੍ਰੋਗਰਾਮ ਆਪਣੇ ਠੀਕ ਮਿੱਥੇ ਸਮੇਂ ਅਨੁਸਾਰ ਸੁਰੂ ਹੋਵੇਗਾ। ਜੋ ਪਹਿਲਾ ਤੋਂ ਤਿਆਰ ਸੂਚੀ ਅਨੁਸਾਰ ਗਾਇਕਾ ਨੂੰ ਆਪਣੇ ਮਿਲੇ ਸਮੇਂ ਅਨੁਸਾਰ ਆਪਣੀ ਕਲਾ ਦਾ ਖੁੱਲਾ ਪ੍ਰਦਰਸ਼ਨ ਕਰਨ ਦੀ ਆਗਿਆ ਹੋਵੇਗੀ।
DIRECTIONS: From 99 Freeway: Exit on Fwy 180 (west toward Kerman), at 145 Fwy make Left and Right at Kearney Blvd you will find Community Hall behind the Fresno County Library.
ਸ਼ਪੈਸ਼ਲ ਸਨਮਾਨ: ਕਾਲਮ ਨਵੀਸ ਮੇਜਰ ਸਿੰਘ ਕੁਲਾਰ
Video By: Omni Video Bakersfield. Music By: Pappi Bhadur. Sound: Bittu Devgan. T.V. Live By Mr. Jagdev S. Bhandal.
ਨਿਊਜ਼ ਮੀਡੀਆਂ ਸਪਾਂਸ਼ਰ: ਕੁਲਵੰਤ ਧਾਲੀਆਂ ਅਤੇ ਨੀਟਾ ਮਾਛੀਕੇ
Dhalian and Machhike Media Group Fresno, California, USA.
ਵਿਸ਼ੇਸ਼ ਧੰਨਵਾਦ: ਸਮੂਹ ਪੰਜਾਬੀ ਰੇਡੀਓ ਹੋਸਟ ਅਤੇ ਅਖਬਾਰ ਰਿਪੋਟਰ
Special Thanks to 'Radio 900 AM' Fresno, CA. Designed by: Kulwant Dhalian.

ਕਾਮਾਗਾਟਾ ਮਾਰੂ ਦੀ ਸੌਵੀਂ ਵਰ੍ਹੇਗੰਢ ਮੌਕੇ ਅਤੇ
ਸਮੁੱਚੀ ਗਦਰ ਲਹਿਰ ਨੂੰ ਸਮਰਪਿਤ

# ਗਦਰੀ ਬਾਬਿਆਂ ਦਾ ਮੇਲਾ

## 19 ਅਕਤੂਬਰ 2014 (ਐਤਵਾਰ)

*ਦੁਪਹਿਰ ਇਕ ਵਜੇ ਤੋਂ ਸ਼ਾਮ 6 ਵਜੇ ਤੱਕ*

## ਸਥਾਨ: ਰੋਇਡਿੰਗ ਪਾਰਕ, ਫਰਿਜ਼ਨੋ

**(Roeding Park, Hwy 99 & Belmont Ave., Fresno, CA)**

***Direction: From Hwy 99, exit on Belmont or Olive and go east.***









ਗਦਰ ਲਹਿਰ ਦੇ ਮਹਾਨ ਸੂਰਬੀਰ ਗਦਰੀ ਬਾਬਿਆਂ ਨੇ ਆਪਣੇ ਦੇਸ਼ ਨੂੰ ਆਜ਼ਾਦ ਵੇਖਣ ਲਈ ਬਹੁਤ ਵੱਡੀਆਂ ਕੁਰਬਾਨੀਆਂ ਦਿੱਤੀਆਂ ਹਨ। ਇਹ ਅਦੁੱਤੀ ਕੁਰਬਾਨੀਆਂ ਭਾਰਤ ਦੀ ਆਜ਼ਾਦੀ ਲਹਿਰ ਦੇ ਇਤਿਹਾਸ ਦਾ ਗੌਰਵਮਈ ਅੰਗ ਹਨ। ਹਰ ਸਾਲ ਵਾਂਗ ਫਿਰ ਇੰਡੋ-ਯੂ.ਐਸ. ਹੈਰੀਟੇਜ ਐਸੋਸੀਏਸ਼ਨ-ਫਰਿਜ਼ਨੋ ਗਦਰੀ ਬਾਬਿਆਂ ਦੀ ਸੋਚ ‘ਤੇ ਪਹਿਰਾ ਦਿੰਦੀ ਹੋਈ ਗਦਰੀ ਮੇਲਾ ਮਨਾ ਰਹੀ ਹੈ। ਸਮੂਹ ਫਰਿਜ਼ਨੋ ਨਿਵਾਸੀਆਂ ਅਤੇ ਭਰਾਤਰੀ ਜਥੇਬੰਦੀਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਆਓ ਰਲ ਕੇ ਗਦਰ ਲਹਿਰ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰੀਏ।



**ਮੁੱਖ ਮਹਿਮਾਨ: ਕੰਵਰ ਸੰਧੂ**

*(Executive Editor ‘The Tribune Group’ Chandigarh and Ex-Managing Editor Day & Night TV)*

- ਨਾਟਕ: ਦਵਿੰਦਰ ਦਮਨ ਦਾ ਨਾਟਕ ‘ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ’ (ਨਿਰਦੇਸ਼ਕ: ਅਸ਼ੋਕ ਟਾਂਗਰੀ)
- ਸਨਮਾਨ: ਡਾ. ਹਰਚਰਨ ਸਿੰਘ ਚੰਨ ਅਤੇ ਜੈਕਾਰਾ ਮੂਵਮੈਂਟ
- ਕੋਰੀਓਗ੍ਰਾਫੀ, ਸਕਿੱਟ, ਗਿੱਧਾ ਤੇ ਭੰਗੜਾ
- 4.0 ਤੋਂ ਵੱਧ GPA ਵਾਲੇ ਹਾਈ ਸਕੂਲ ਦੇ ਬੱਚਿਆਂ ਨੂੰ ਨਕਦ ਇਨਾਮ
- ਬੱਚਿਆਂ ਦੀਆਂ ਦਿਲਕਸ਼ ਆਈਟਮਾਂ
- ਫੋਟੋ ਪ੍ਰਦਰਸ਼ਨੀ, ਚਾਹ-ਪਾਣੀ ਅਤੇ ਲੰਗਰ
- ਸੰਸਥਾ ਦਾ ਸੋਵੀਨਰ ਮੁਫਤ ਵੰਡਿਆ ਜਾਵੇਗਾ





ਲੋਕ ਗਾਇਕ: ਸਤਵਿੰਦਰ ਬਿੱਟੀ, ਪ੍ਰੀਤਮ ਸੋਹੀ ਅਤੇ ਰਾਜ ਬਰਾੜ

**ਮੁਫਤ ਮੈਡੀਕਲ ਕੈਂਪ**

**Free Parking**

**ਪ੍ਰਬੰਧਕ ਕਮੇਟੀ:** ਪ੍ਰਿੰਸੀਪਲ ਪ੍ਰੀਤਮ ਸਿੰਘ ਨਾਹਲ (ਪ੍ਰਧਾਨ), ਸਾਧੂ ਸਿੰਘ ਸੰਘਾ (ਮੀਤ ਪ੍ਰਧਾਨ), ਸੰਤੋਖ ਸਿੰਘ ਮਿਨਹਾਸ (ਜਨਰਲ ਸਕੱਤਰ), ਪਾਲ ਧਾਲੀਵਾਲ (ਸਹਾਇਕ ਸਕੱਤਰ), ਰਜਿੰਦਰ ਬਰਾੜ ਵੈਰੋਕੇ (ਵਿੱਤ ਸਕੱਤਰ), ਮਨਜੀਤ ਕੁਲਾਰ (ਵਿੱਤ ਸਕੱਤਰ), ਰਣਜੀਤ ਗਿੱਲ ਜੱਗਾ, ਗੁਰਦੀਪ ਸਿੰਘ ਨਿੱਜਰ, ਆਤਮਾ ਸਿੰਘ ਚਾਹਲ, ਨਿਰਮਲ ਸਿੰਘ ਗਿੱਲ, ਗੁਰਨੇਕ ਸਿੰਘ ਰਾਏ, ਹਾਕਮ ਸਿੰਘ ਢਿੱਲੋਂ, ਸਤਵੰਤ ਸਿੰਘ ਵਿਰਕ, ਸੁਲੱਖਣ ਸਿੰਘ ਗਿੱਲ, ਬਿਕਰਮਜੀਤ ਸਿੰਘ ਕਾਹਲੋਂ, ਪੁਸ਼ਪਿੰਦਰ ਕੁਮਾਰ, ਹੈਰੀ ਮਾਨ, ਸੰਤੋਖ ਸਿੰਘ ਢਿੱਲੋਂ, ਮਨਧੀਰ ਸਿੰਘ ਤੁੰਗ, ਅਵਤਾਰ ਗੋਂਦਾਰਾ।

## ਹੋਰ ਜਾਣਕਾਰੀ ਲਈ ਸੰਪਰਕ ਕਰੋ

**559-707-2270, 559-283-6376 ਜਾਂ 559-457-8552**

# ਇੰਡੋ-ਯੂ.ਐਸ. ਹੈਰੀਟੇਜ ਐਸੋਸੀਏਸ਼ਨ (ਫਰਿਜ਼ਨੋ)





**Important Terms and Conditions: Hindi 3 Months Free:** Valid for activation and installation of qualifying DISH service between 3/13/14 and 10/21/14. Requires subscription to a qualifying American or DishLATINO package in addition to qualifying Hindi package. You will receive a monthly credit of $34.99 for the first 3 months. You will be responsible for any monthly or upfront costs beyond the value of the credit. After 3 months, then-current everyday monthly price will apply unless you downgrade. **Promotional Offers:** Requires activation of new qualifying DISH service. All prices, fees, charges, packages, programming, features, functionality and offers subject to change without notice. **ETF:** If you cancel service during first 24 months, early termination fee of $20 for each month remaining applies. **Activation fee may apply.**

**Additional Requirements: Hopper:** Monthly fees: Hopper, $12; Joey, $7; Super Joey, $10. **Installation/Equipment Requirements:** Free Standard Professional Installation only. Certain equipment is leased and must be returned to DISH upon cancellation or unreturned equipment fees apply. Upfront and additional monthly fees may apply. **Miscellaneous:** Offers available for new and qualified former customers, and subject to terms of applicable Promotional and Residential Customer agreements. State reimbursement charges may apply. Additional restrictions and taxes may apply. **Offer ends 10/21/14.**

© 2014 DISH Network L.L.C. All rights reserved.